ੴ ਸਤਿਗੁਰ ਪ੍ਰਸਾਦਿ ॥

# ਗੁਰਸਿੱਖੀ ਬਾਰੀਕ ਹੈ

(ਭਾਗ ਦੂਜਾ)

ਲੇਖਕ-ਭਗਵੰਤ ਸਿੰਘ 'ਦਲਾਵਰੀ'

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

ਸਭ ਹੱਕ ਰਾਖਵੇਂ ਹਨ।

**ਜੂਨ 2018 ਨੂੰ ਛਪੀ 10,000**
**ਕੁੱਲ ਛਪੀ 15,000**

**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ, ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।

# ਗੁਰਸਿੱਖੀ ਬਾਰੀਕ ਹੈ

(ਭਾਗ ਦੂਜਾ)

# ਤਤਕਰਾ


| ਕ੍ਰਮ ਅੰਕ: | ਪੰਨਾ ਨੰ: |
|---|---|
| ਭੂਮਿਕਾ | 5 |
| **ਸ-ਅੰਮ੍ਰਿਤ ਦਾ ਸਰੂਪ ਤੇ ਮਹਾਨਤਾ** | |
| ੧. ਅੰਮ੍ਰਿਤ | 11 |
| ੨. ਅੰਮ੍ਰਿਤ ਗੁਰੂ ਕਾ ਬਚਨ ਵਸੇ ਜੀ ਨਾਲੇ | 20 |
| ੩. ਅੰਮ੍ਰਿਤ ਸੁਖ ਦਾ ਸੋਮਾ ਤੇ ਜ਼ੁਲਮ ਵਿਰੁੱਧ ਲਲਕਾਰ | 32 |
| ੪. "ਅੰਮ੍ਰਿਤ" ਦੇ ਕ੍ਰਿਸ਼ਮੇ ਤੇ ਉਹਦੀ ਬਰਕਤ | 40 |
| ੫. ਅੰਮ੍ਰਿਤ ਦੀਆਂ ਕਰਾਮਾਤਾਂ | 48 |
| ੬. ਬੀਜੇ ਬਿਖੁ ਮੰਗੈ ਅੰਮ੍ਰਿਤ ਵੇਖਹੁ ਏਹੁ ਨਿਆਉ॥ | 54 |
| ੭. ਵੈਸਾਖੀ ਭਾਗਾਂ ਭਰੀ | 58 |
| ੮. ਖ਼ਾਲਸਾ ਮੇਰੋ ਰੂਪ ਹੈ ਖ਼ਾਸ | 65 |
| ੯. ੨੫ ਵਰ੍ਹਿਆਂ ਦੇ ਆਪਣੇ ਅੰਮ੍ਰਿਤਧਾਰੀ ਜੀਵਨ 'ਤੇ ਇਕ ਝਾਤ | 72 |
| **ਹ-ਗੁਰੂ ਸਾਹਿਬਾਨਾਂ ਦੇ ਚਰਣਾਂ 'ਚ** | |
| ੧੦. ਇਕ ਸਿੱਖ ਦੀਆਂ ਰੀਝਾਂ ਗੁਰੂ ਨਾਨਕ ਦੀ ਯਾਦ ਵਿੱਚ | 84 |
| ੧੧. ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ | 91 |
| ੧੨. ਸੱਚਾ ਪਾਤਿਸ਼ਾਹ ਗੁਰੂ ਅਮਰਦਾਸ ਸਾਹਿਬ | 98 |
| ੧੩. ਸਾਰੀ ਇਨਸਾਨੀਅਤ ਦਾ ਸਾਂਝਾ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ | 105 |
| ੧੪. ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ | 111 |
| ੧੫. ਗੁਰੂ ਤੇਗ਼ ਬਹਾਦਰ ਸਾਹਿਬ ਦਾ ੩੦੦ ਸਾਲਾ ਸ਼ਹੀਦੀ ਪੁਰਬ | 117 |
| ੧੬. ਅੰਮ੍ਰਿਤ ਕਾ ਦਾਤਾ ਗ਼ਰੀਬ ਨਿਵਾਜ | 125 |
| ੧੭. ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ ਵਿੱਚ ਇਕ ਅਲਪੱਗ ਦੀਆਂ ਲਿਲ੍ਹਕਾਂ | 131 |
| ੧੮. ਗੁਰ ਪੂਰਾ ਭੇਟਿਓ ਵਡਭਾਗੀ | 143 |
| **ਕ—ਸਿੱਖ ਦਾ ਗੁਰੂ ਪਿਆਰ** | |
| ੧੯. ਮਾਧੋ ਹਮ ਐਸੇ ਤੂ ਐਸਾ | 150 |
| ੨੦. ਗੁਰੂ ਸਿੱਖ ਦੇ ਪਿਆਰ ਵਿੱਚ ਇਕ ਪ੍ਰੇਮ ਕਹਾਣੀ ਦੀ ਯਾਦ | 154 |
| ੨੧. ਇਕ ਗ਼ਰੀਬ ਸਿੱਖ ਦਾ ਸੁਪਨਾ | 161 |
| ੨੨. ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ | 166 |
| ੨੩. ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ | 174 |
| ੨੪. ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ | 181 |
| ੨੫. ਹਮਰੋ ਸੁਹਾਉ ਸਦਾ ਸਦਾ ਸਦ ਭੂਲਨ | 190 |
| ੨੬. ਸਤਿਗੁਰ ਜੇਵਡੁ ਦਾਤਾ ਕੋ ਨਹੀ | 194 |
| ੨੭. 'ਸੱਚ' ਦੀ ਦੇਹ-ਗੁਰੂ ਗ੍ਰੰਥ ਸਾਹਿਬ ਮਹਾਰਾਜ | 203 |

# ਗੁਰਸਿੱਖੀ ਬਾਰੀਕ ਹੈ

## ਭੂਮਿਕਾ

ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ—ਮਨੁੱਖ, ਪਸ਼ੂ, ਪੰਛੀ, ਦਰਿਆ, ਪਹਾੜ, ਸਮੁੰਦਰ ਬਣਾਏ ਹਨ—ਇਹ ਉਸ ਦਾ ਹੀ ਸਰਗੁਣ ਸਰੂਪ ਹੈ । ਮਨੁੱਖ ਨੂੰ ਸਭ ਤੋਂ ਸ੍ਰੇਸ਼ਟ ਬਣਾਇਆ ਹੈ, ਬੁੱਧੀ ਦਿੱਤੀ ਹੈ ਅਤੇ ਇਹ ਦੱਸਿਆ ਹੈ ਕਿ ਇਹ ਮਨੁੱਖਾ ਦੇਹੀ ਕਿਸ ਲਈ ਦਿੱਤੀ ਹੈ; ਜਿਵੇਂ ਹੇਠ ਲਿਖੇ ਸ਼ਬਦ ਵਿੱਚੋਂ ਸਾਫ਼ ਪ੍ਰਤੀਤ ਹੁੰਦਾ :-

**ਭਈ ਪਰਾਪਤਿ ਮਾਨੁਖ ਦੇਹੁਰੀਆ ॥**<br>
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** (ਅੰ:੩੭੮)

**ਇਸ ਦੇਹੀ ਕਉ ਸਿਮਰਹਿ ਦੇਵ ॥**<br>
**ਸੋ ਦੇਹੀ ਭਜੁ ਹਰਿ ਕੀ ਸੇਵ ॥** (ਅੰ: ੧੧੫੯)

ਤਾਂ ਤੇ ਅਕਾਲ ਪੁਰਖ ਨੇ ਕੁਝ ਅਵਤਾਰ ਸੰਸਾਰ ਵਿੱਚ ਭੇਜੇ ਜਿਹਨਾਂ ਨੇ ਸਾਨੂੰ ਜੀਵਨ ਦਾ ਉਹ ਰਾਹ ਦਿਖਾਇਆ ਜਿਸ ਨਾਲ ਕਰਤਾ ਪੁਰਖ ਦੇ ਦਰਸ਼ਨ ਕਰ ਸਕੀਏ, ਉਹਦੇ ਚਰਨਾਂ ਵਿੱਚ ਰਹਿ ਸਕੀਏ, ਜਿਸ ਨੂੰ ਵੱਖ-ਵੱਖ ਲੋਕਾਂ ਨੇ ਧਰਮ ਦਾ ਨਾਂਅ ਦਿੱਤਾ । ਸੋ ਵੱਖਰੇ-ਵੱਖਰੇ ਧਰਮਾਂ ਦਾ ਅਸਲ ਮੰਤਵ ਇਹ ਹੈ ਕਿ ਇਨਸਾਨ ਨੂੰ ਕਿਹੋ ਜਿਹੇ ਕੰਮ ਕਰਨੇ ਚਾਹੀਦੇ ਹਨ, ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ, ਕਿਹੋ ਜਿਹੀ ਜ਼ਿੰਦਗੀ ਜਿਊਣੀ ਚਾਹੀਦੀ ਹੈ ਕਿ ਉਹ ਪ੍ਰਮਾਤਮਾ ਦੇ ਨੇੜੇ ਹੋ ਸਕੇ, ਪ੍ਰਮਾਤਮਾ ਨਾਲ ਉਸ ਦਾ ਮਿਲਾਪ ਹੋ ਸਕੇ; ਤਾਂ ਤੇ ਸਭ ਧਰਮ ਸਤਿਕਾਰ ਦੇ ਪਾਤਰ ਹਨ ਤੇ ਸਾਨੂੰ ਸਾਰੇ ਧਰਮਾਂ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਹੈ । ਸਾਰੇ ਧਰਮ ਸਾਨੂੰ ਚੰਗੀ ਸਿੱਖਿਆ ਹੀ ਦਿੰਦੇ ਹਨ । ਜੇ ਸਾਡੇ ਕੋਲ ਐਨਾ ਸਮਾਂ ਨਹੀਂ ਤਾਂ ਕੋਈ ਇਕ ਧਰਮ ਦੇ ਗ੍ਰੰਥਾਂ ਦਾ ਤਾਂ ਅਧਿਐਨ ਕਰਨਾ ਬਹੁਤ ਹੀ ਜ਼ਰੂਰੀ ਹੈ । ਪਹਿਲਾਂ ਅਧਿਐਨ ਕਰੋ, ਫਿਰ ਜੋ ਕੁਝ ਸਿੱਖਿਆ ਹੈ ਉਹਦੇ ਮੁਤਾਬਕ ਜਿਊਣ ਦੀ ਪੂਰੀ ਕੋਸ਼ਿਸ਼ ਕਰੋ ।

ਭਗਵੰਤ ਸਿੰਘ ਦਲਾਵਰੀ ਜੀ ਜਿਹਨਾਂ ਨੂੰ ਪਿਆਰ ਨਾਲ ਸਾਰੇ ਪਾਪਾ ਜੀ ਕਹਿੰਦੇ ਹਨ, ਅਕਾਲ ਪੁਰਖ ਦੀ ਮਿਹਰ ਦੇ ਪਾਤਰ ਹਨ । ਜਦੋਂ ਉਸ ਦੀ ਮਿਹਰ ਹੋ ਗਈ ਗੁਰਬਾਣੀ ਸਮਝ ਆਉਣ ਲੱਗ ਪਈ, ਜਦੋਂ ਸਮਝ ਆਉਣ ਲੱਗੀ ਬਹੁਤ ਪਿਆਰੀ ਲੱਗਣ ਲੱਗ ਪਈ । ਅੰਦਰੋਂ ਉਮਾਹ ਹੋਣ ਲੱਗ ਪਿਆ ਉਸ ’ਤੇ ਚੱਲਣ ਦਾ; ਜਿਉਂ-ਜਿਉਂ ਮਾਰਗ ’ਤੇ ਤੁਰੇ ਤਾਂ ਅਨੰਦ ਦਾ ਅਨੁਭਵ ਹੋਣ ਲੱਗ ਪਿਆ । ਉਹਨਾਂ ਦੀ ਦਿਲੀ ਇੱਛਾ ਹੈ ਕਿ ਵਾਹਿਗੁਰੂ ਦੇ ਸਾਰੇ ਧੀਆਂ-ਪੁੱਤਰ ਹੋਣ ਕਰਕੇ ਸਾਰੀ ਦੁਨੀਆਂ ਦੇ ਇਨਸਾਨ ਉਹਨਾਂ ਦੇ ਭੈਣ-ਭਰਾ



ਹਨ । ਇਸ ਲਈ ਉਹਨਾਂ ਦਾ ਮਨ ਹੈ ਕਿ ਇਸ ਅਨੰਦ ਦੀ ਅਵਸਥਾ ਦਾ ਸਾਰੇ ਰਸ ਮਾਣਨ । ਉਹ ਆਪਣੀ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬੇ ਲੋਕਾਂ ਨਾਲ ਸਾਂਝੇ ਕਰਦੇ ਹਨ—ਵੱਖਰੀਆਂ-ਵੱਖਰੀਆਂ ਹਾਲਤਾਂ ਵਿੱਚ ਜਦੋਂ ਕਿ ਮਨ ਡੋਲਦਾ ਹੈ ਤਾਂ ਗੁਰਬਾਣੀ ਕਿਵੇਂ ਸੱਚ ਦਾ ਰਾਹ ਵਿਖਾ ਕੇ ਇਨਸਾਨਾਂ ਦੇ ਦਿਲਾਂ ਨੂੰ ਠੁੰਮ੍ਹਣਾ ਦਿੰਦੀ ਹੈ ।

ਉਹਨਾਂ ਦੇ ਲਿਖੇ ਕੁਝ ਲੇਖ ਹਨ ਜਿਹਨਾਂ ਨੂੰ ਇਸ ਕਿਤਾਬ ***‘ਗੁਰਸਿੱਖੀ ਬਾਰੀਕ ਹੈ’*** ਵਿੱਚ ਪ੍ਰਕਾਸ਼ਤ ਕਰਨ ਨਾਲ ਬੜੀ ਖ਼ੁਸ਼ੀ ਅਨੁਭਵ ਹੋ ਰਹੀ ਹੈ । ਇਸ ਨੂੰ ਤਿੰਨਾਂ ਭਾਗਾਂ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ । ਇਹ ਦੂਜਾ ਭਾਗ ਹੈ । ਉਹਨਾਂ ਦੀ ਇਹ ਕਿਤਾਬ ਉਹਨਾਂ ਦੇ ਅਨੁਭਵ ਹਨ । ਇਸ ਵੇਲੇ ਸੰਸਾਰ ਵਿੱਚ ਮਾਇਆ ਦਾ ਬਹੁਤ ਪਸਾਰਾ ਹੈ । ਇਨਸਾਨ ਨਾਲੋਂ ਵੱਧ ਪੈਸੇ ਦੀ ਮਹੱਤਤਾ ਹੈ । ਮਾਇਆ ਕਾਰਨ ਭਰਾ ਭਰਾ ਦਾ ਕਤਲ ਕਰ ਰਿਹਾ ਹੈ, ਲੁੱਟ-ਖਸੁੱਟ ਅਤੇ ਰਿਸ਼ਵਤ-ਖੋਰੀ ਜ਼ੋਰਾਂ ’ਤੇ ਹੈ । ਧਰਮ ਤੋਂ ਸਹੀ ਦਿਸ਼ਾ ਲੈਣ ਦੀ ਬਜਾਏ, ਧਰਮ ਦੇ ਨਾਮ ’ਤੇ ਆਪਣੇ ਸਵਾਰਥ ਲਈ ਖ਼ੂਨ-ਖ਼ਰਾਬਾ ਕਰਵਾਇਆ ਜਾਂਦਾ ਹੈ । ਇਸ ਦੇ ਨਾਲ-ਨਾਲ ਪਖੰਡੀ ਧਰਮ ਵੀ ਵਧਿਆ ਹੈ । ਬਹੁਤ ਜਗਰਾਤੇ ਹੁੰਦੇ ਹਨ, ਅਖੰਡ ਪਾਠ ਹੁੰਦੇ ਹਨ; ਪਰ ਇਹ ਸਭ ਕੁਝ ਧਨ ਦੇ ਵਿਖਾਵੇ ਲਈ ਕੀਤਾ ਜਾਂਦਾ ਹੈ, **Status** ਲਈ ਕੀਤਾ ਜਾਂਦਾ ਹੈ ਜਾਂ ਰਾਜਨੀਤਕ ਚਾਲ ਹੁੰਦੀ ਹੈ । ਨੌਜਵਾਨ ਇਸ ਪਖੰਡੀ ਧਰਮ ਨੂੰ ਦੇਖ ਕੇ ਗੁਮਰਾਹ ਹੋ ਰਿਹਾ ਹੈ । ਸੋ ਲੋੜ ਹੈ ਧਰਮ ਦੀ ਸਹੀ ਵਿਆਖਿਆ ਦੀ ।

‘ਦਲਾਵਰੀ ਜੀ ਲਿਖਦੇ ਹਨ, “ਧਰਮ ਤਾਂ ਰਹਿਮਤ ਹੈ, ਇਨਸਾਫ਼ ਹੈ, ਸੱਚ ਹੈ, ਪਿਆਰ ਹੈ, ਨਿਰਵੈਰਤਾ ਹੈ, ਨਿਰਭੈਤਾ ਹੈ, ਇਨਸਾਨੀਅਤ ਹੈ ਅਤੇ ਸਾਂਝੀਵਾਲਤਾ ਹੈ ।” ਅੱਗੇ ਲਿਖਦੇ ਹਨ, “ਰੋਜ਼ਾਨਾ ਜ਼ਿੰਦਗੀ ਵਿੱਚ ਆਕੜ ਬਗੈਰ ਦੁਨੀਆਂ ਦਾ ਭਲਾ ਕਰਦਿਆਂ ਹੋਇਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਦਿਆਂ ਹੋਇਆਂ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਣਾ ਇਹ ਧਰਮ ਹੈ । ਧਰਮ ਨਿਰਾ ਗੁਰਦੁਆਰਿਆਂ, ਮਸਜਿਦਾਂ ਜਾਂ ਮੰਦਰਾਂ ਵਿੱਚ ਜਾਣਾ ਨਹੀਂ ਹੈ; ਸਗੋਂ ਬਗੈਰ ਲੋਕ-ਲਾਜ ਦੇ ਗੁਰੂ ਦੇ ਹੁਕਮ ਵਿੱਚ ਚੱਲਣਾ ਧਰਮ ਹੈ ।” ਇਸ ਪਰਥਾਇ ਗੁਰਬਾਣੀ ਵਿੱਚ ਇੰਵ ਲਿਖਿਆ ਹੈ :-

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**<br>
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ**<br>
**ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ**<br>
**ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥**

**(ਅੰਗ ੭੪੭)**

**ਕਰਮ ਕਾਂਡ ਬਹੁ ਕਰਹਿ ਅਚਾਰ ॥**
**ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ (ਅੰਗ ੧੬੨)**

ਧਰਮ ਸਾਡੀ ਜ਼ਿੰਦਗੀ ਲਈ ਜ਼ਰੂਰੀ ਹੈ । ਧਰਮ ਪਲਦਾ ਹੈ ਮੁਸ਼ਕਲਾਂ ਵਿੱਚ ਅਤੇ ਪਰਖਣਾ ਹੁੰਦਾ ਹੈ ਮੁਸੀਬਤਾਂ ਵਿੱਚ । ਕਈਆਂ ਨੂੰ ਇਹ ਭਰਮ ਹੈ ਕਿ ਸਿਰਫ਼ ਧਰਮ ਦੇ ਚਿੰਨ੍ਹ ਹੀ ਜ਼ਰੂਰੀ ਹਨ ਬਾਕੀ ਜੋ ਮਰਜ਼ੀ ਕਰੀ ਜਾਓ; ਜਿਵੇਂ ਝੂਠ, ਬੇਈਮਾਨੀ, ਇਨਕਮ ਟੈਕਸ ਦੀ ਚੋਰੀ ਆਦਿ । ਪਰ ਪ੍ਰਮੇਸ਼ਵਰ ਫੋਕੇ ਕਰਮਕਾਂਡਾਂ ਜਾਂ ਨਿਰੇ ਚਿੰਨ੍ਹਾਂ ’ਤੇ ਨਹੀਂ ਰੀਝਦਾ । ਉਸ ਨੂੰ ਤਾਂ ਉਹ ਪਸੰਦ ਹੈ ਜੋ ਗੁਰੂ ਦੀ ਸਿੱਖਿਆ ਮੁਤਾਬਕ ਦੁਨੀਆਂ ਵਿੱਚ ਕਾਰ-ਵਿਹਾਰ ਕਰਦਾ ਹੈ; ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੭੮੫ ’ਤੇ ਇਹ ਵਾਕ ਹੈ:

**“ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥**
**ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥”**

ਦਲਾਵਰੀ ਜੀ ਇਸ ਪੁਸਤਕ ਰਾਹੀਂ ਗੁਰੂ ਦੇ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ । ਕਹਿੰਦੇ ਹਨ: ਯਾਦ ਰੱਖੋ—ਸੇਵਾ ਕਰਦਿਆਂ, ਸਿਮਰਨ ਕਰਦਿਆਂ ਕਦੇ ਹੰਕਾਰ ਵਿੱਚ ਨਹੀਂ ਹੋਣਾ, ਕਿਉਂਕਿ ਹੰਕਾਰ ਸਾਨੂੰ ਪ੍ਰਭੂ ਨਾਲ ਕਦੇ ਮਿਲਣ ਨਹੀਂ ਦਿੰਦਾ । ਜੇ ਕੋਈ ਤੁਹਾਡੀ ਵਡਿਆਈ ਕਰੇ ਤਾਂ ਸਮਝੋ ਗੁਰੂ ਦੀ ਵਡਿਆਈ, ਜੇ ਨਿੰਦਾ ਕਰੇ ਤਾਂ ਸਮਝੋ ਇਸ ਵਿੱਚ ਵੀ ਗੁਰੂ ਦਾ ਛੁਪਿਆ ਹੋਇਆ ਕੋਈ ਹੁਕਮ ਹੈ । ਹਮੇਸ਼ਾਂ ਸ਼ੁਕਰਾਨੇ ਵਿੱਚ ਰਹੋ । ਇਸ ਪਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੰਞ ਸਮਝਾਇਆ ਹੈ :

**ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥**
**(ਅੰਗ ੭੫੭)**

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**
**(ਅੰਗ ੧੨੬੩)**

ਸਾਂਝੀਵਾਲਤਾ ਦਾ ਉਪਦੇਸ਼ ਜੋ ਗੁਰੂ ਜੀ ਨੇ ਦਿੱਤਾ ਹੈ ਉਹ ਵੀ ਦਲਾਵਰੀ ਜੀ ਨੇ ਕਈ ਉਦਾਹਰਣਾਂ ਦੇ ਕੇ ਸਮਝਾਇਆ ਹੈ । ਗੁਰਸਿੱਖੀ ਵਿੱਚ ਸਾਰੇ ਭੇਦ ਖ਼ਤਮ ਹੋ ਜਾਂਦੇ ਹਨ; ਜਿਵੇਂ ਕਿ—

**1.** ਗ਼ਰੀਬ ਅਮੀਰ ਦਾ ਭੇਦ । **2.** ਧਰਮ ਦੇ ਵੱਖਰੇਪਣ ਦਾ ਭੇਦ ।
**3.** ਨਸਲ ਤੇ ਦੇਸ਼ ਦਾ ਭੇਦ । **4.** ਛੋਟੇ ਵੱਡੇ ਦਾ ਭੇਦ ।

ਗੁਰੂ ਜੀ ਫ਼ਰਮਾਉਂਦੇ ਹਨ :

**ਬਿਸਰਿ ਗਈ ਸਭ ਤਾਤਿ ਪਰਾਈ**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ਰਹਾਉ॥**



**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥ (ਅੰਗ ੧੨੯੯)**

ਜਨਮ ਦਿਨ, ਰੱਖੜੀ, ਵਿਆਹ-ਸ਼ਾਦੀਆਂ ਵੇਲੇ, ਮਰਨ ਵੇਲੇ ਦੀ ਰਸਮ ਵੇਲੇ, ਰਸਮਾਂ-ਰਿਵਾਜਾਂ ਵਿੱਚ ਨਹੀਂ ਪੈਣਾ ਚਾਹੀਦਾ । ਗੁਰੂ ਦੀ ਦਿੱਤੀ ਮਤਿ ਅਨੁਸਾਰ ਦੁੱਖ-ਸੁੱਖ ਵਿੱਚ ਸਹਿਜ ਅਵਸਥਾ ਵਿੱਚ ਰਹੋ ਅਤੇ ਹਰ ਵੇਲੇ ਵਾਹਿਗੁਰੂ ਦਾ ਸ਼ੁਕਰਾਨਾ ਹੀ ਕਰੋ । ਅੰਦਰੋਂ ਬਾਹਰੋਂ ਇੱਕੋ ਜਿਹਾ ਵਰਤੋ । ਜਿਹੜੇ ਲੋਕ ਬਾਹਰੋਂ ਨਿਰਮਲ ਹੋਣ ਦਾ ਵਿਖਾਵਾ ਕਰਦੇ ਹਨ ਪਰ ਅੰਦਰੋਂ ਮੈਲੇ ਹੁੰਦੇ ਹਨ, ਉਹਨਾਂ ਲਈ ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿੱਚ ਇਉਂ ਫ਼ਰਮਾਉਂਦੇ ਹਨ :

**ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ**
**ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥ ਏਹ**
**ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ**
**ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ**
**ਤਿਨੀ ਜਨਮੁ ਜੂਐ ਹਾਰਿਆ ॥** (ਅੰਗ ੯੧੯)

ਸੋ, ਵਾਹਿਗੁਰੂ ਬੇਅੰਤ ਹੈ, ਉਸ ਦੀ ਮਹਿਮਾ ਵੀ ਬੇਅੰਤ ਹੈ । ਉਸ ਦੀ ਸਿੱਖਿਆ ਮਹਾਨ ਹੈ ਅਤੇ ਸਾਨੂੰ ਜੀਵਨ ਵਿੱਚ ਸੇਧਾਂ ਵੀ ਗੁਰਬਾਣੀ ਵਿੱਚੋਂ ਮਿਲਦੀਆਂ ਹਨ ਕਿ ਆਪਣੀਆਂ ਖ਼ਾਹਿਸ਼ਾਂ ਨੂੰ, ਤ੍ਰਿਸ਼ਨਾ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਕਿਵੇਂ ਨੱਥ ਪਾਉਣੀ ਹੈ, ਸੰਸਾਰ ਵਿੱਚ ਰਹਿੰਦਿਆਂ ਕਿਵੇਂ ਨਿਰਲੇਪ ਰਹਿਣਾ ਹੈ, ਸਤਿ-ਸੰਤੋਖ ਅਤੇ ਦਇਆ ਦੀ ਰਾਸ ਪਾਉਣਾ ਹੀ ਅਤੇ ਸਰਬੱਤ ਦੇ ਭਲੇ ਲਈ ਤੱਤਪਰ ਰਹਿਣਾ ਹੈ । ਸੋ ਭਾਈ ਗੁਰਦਾਸ ਜੀ ਵਾਰ ੯ਵੀਂ, ਪਉੜੀ ੨ ਵਿੱਚ ਠੀਕ ਹੀ ਫ਼ਰਮਾਉਂਦੇ ਹਨ :

**ਗੁਰ ਸਿਖੀ ਬਾਰੀਕ ਹੈ ਸਿਲ ਚਟਣੁ ਫਿਕੀ ।**
**ਤ੍ਰਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ ।**

ਸੰਗਤ ਧੰਨ ਹੈ ਜੋ ਮਾਇਆ ਦੇ ਗੱਫ਼ੇ ਭੇਜਦੀ ਹੈ ਅਤੇ ਉਹਨਾਂ ਦੀ ਮਾਇਆ ਸਫਲ ਹੋ ਕੇ ਮਹਾਂਪੁਰਖਾਂ ਦੀ ਸਿੱਖਿਆ ਦੇ ਰੂਪ ਵਿੱਚ ਉਹਨਾਂ ਕੋਲ ਪਹੁੰਚ ਜਾਂਦੀ ਹੈ ।

**ਡਾ. ਇੰਦਰਜੀਤ ਕੌਰ, ਪ੍ਰਧਾਨ,**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ।**

# ਸ-ਅੰਮ੍ਰਿਤ ਦਾ ਸਰੂਪ ਤੇ ਮਹਾਨਤਾ



ਅੰਮ੍ਰਿਤ ਖੇਡ ਨਹੀਂ, ਰਿਵਾਜ ਨਹੀਂ, ਵਿਖਾਵਾ ਨਹੀਂ, ਅਤੇ ਨਾ ਹੀ ਇਹ ਸਿੱਖ ਹੋਣ ਦੀ ਇਕੋ ਨਿਸ਼ਾਨੀ ਹੈ । ਇਹ ਤਾਂ ਮਰ ਕੇ ਜੀਵਣ ਲਈ ਪ੍ਰੇਰਨਾ ਹੈ ਅਤੇ ਕੇਵਲ ਵਾਹਿਗੁਰੂ ਦੇ ਨਾਂ ਤੋਂ ਕੁਰਬਾਨ ਹੋ ਕੇ ਸਵਾਸ-ਸਵਾਸ ਨਾਮ ਜੱਪ ਕੇ ਅਤੇ ਇਕੋ ਨਾਲ ਦੋਸਤੀ ਪਾ ਕੇ ਗੁਰੂ ਦਾ ਪੁੱਤਰ ਬਣਨ ਦਾ ਸਾਧਨ ਹੈ ।

# ਅੰਮ੍ਰਿਤ

ਇਹ ਭੇਟਾ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨਾਂ ਵਿੱਚ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਕਿਰਪਾ ਦਾ ਸਦਕਾ ਉਸ ਪਵਿੱਤਰ ਧਰਤੀ ਤੋਂ ਅੰਮ੍ਰਿਤ ਵੇਲੇ ਸਵਾ ਇਕ ਵਜੇ ਕਰ ਰਿਹਾ ਹਾਂ, ਜਿਸ ਦੇ ਚੱਪੇ-ਚੱਪੇ ਉੱਤੇ ਗੁਰੂ ਗੋਬਿੰਦ ਸਿੰਘ ਦੇ ਘੋੜੇ ਦੇ ਟਾਪਾਂ ਦੀ ਛਾਪ ਹੈ, ਜਿਸ ’ਤੇ ਉਹ ਹੁਣ ਵੀ ਹਾਜ਼ਰਾ-ਹਜ਼ੂਰ ਵੱਸਦਾ ਹੈ, ਜਿਸ ਦੀ ਸਰਜ਼ਮੀਨ ਉਹਦੇ ਮਰਦ ਅਗੰਮੜਾ ਹੋਣ ਦਾ ਐਲਾਨ ਕਰਦੀ ਹੈ, ਜਿਸ ਵਿੱਚੋਂ ਪ੍ਰੇਮ, ਪਿਆਰ, ਸੰਤੋਖ, ਸਹਿਜ, ਖ਼ਿਮਾਂ ਤੇ ਖ਼ਾਮੋਸ਼ੀ ਤੇ ਖ਼ਾਲਸੇ ਨਾਲ ਕੀਤੇ ਲਾਡਾਂ ਦੀ ਝੁਣਕਾਰ ਅਨਹਦ ਸ਼ਬਦ ਬਣ ਕੇ ਹਿਰਦੇ ਵਿੱਚੋਂ ਗੁਰੂ ਚਰਨਾਂ ਦਾ ਭਰੋਸਾ ਟਪਕਦਾ ਹੈ । ਅੱਜ ਆਪਣੇ ਪਵਿੱਤਰ ਅੰਮ੍ਰਿਤ ਦਿਵਸ ਦੀ ਯਾਦ ਤਾਜ਼ਾ ਕਰਨ ਲਈ ਗੁਰੂ ਸਾਹਿਬ ਨੂੰ ਜੋਦੜੀਆਂ ਕਰਨ ਬੈਠ ਗਿਆ ਹਾਂ । ਅੱਠ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪ ਕਿਰਪਾ ਕਰਕੇ

੧. ਮੇਰੇ ਗੁਨਾਹਾਂ ਦੇ ਢੇਰ ਨੂੰ ਇਕੋ ਨਜ਼ਰ ਨਾਲ **Ignore** ਕਰਕੇ ਮੈਨੂੰ ਅੰਮ੍ਰਿਤ ਬਖ਼ਸ਼ਿਆ ਸੀ ।

੨. ਮੇਰੇ ਰੋਮ-ਰੋਮ ਵਿੱਚ ਭਰੀ ਚਤੁਰਾਈ ਨੂੰ ਆਪਣੇ ਪਿਆਰ ਨਾਲ ਰੰਗ ਕੇ ਉਲਟ-ਪੁਲਟ ਕਰ ਦਿੱਤਾ ਸੀ ।

੩. ਮੇਰੇ ਜਿਸਮ ਦੇ ਹਰ ਹਿੱਸੇ ਵਿੱਚ ਗ਼ੰਦਗੀ ਦੀ ਬਦਬੂ ਨੂੰ ਆਪਣੇ ਚਰਨਾਂ ਦੀ ਖ਼ੁਸ਼ਬੂ ਨਾਲ ਕੱਜ ਲਿਆ ਸੀ ।

੪. ਮੇਰੇ ਲੂਣ-ਹਰਾਮੀ ਤੇ ਹਰਾਮਖ਼ੋਰ ’ਤੇ ਆਪ ਤਰੁੱਠ ਕੇ ਕਿਰਪਾ ਸਾਗਰ ਹੋਣ ਦਾ ਸਬੂਤ ਦੇ ਕੇ ਮੇਰੇ ਤਨ ਮਨ ਵਿੱਚੋਂ ਬੁਰਿਆਈਆਂ ਕੱਢ ਕੇ ਅੰਮ੍ਰਿਤ ਭਰਿਆ ਸੀ ।

੫. ਆਪਣੀ ਪਵਿੱਤਰ ਚਰਨਧੂੜ ਦਾ ਸਦਕਾ, ਆਪਣੇ ਪੰਜ ਪਿਆਰਿਆਂ, ਚਾਰੇ ਸਾਹਿਬਜ਼ਾਦਿਆਂ ਦੇ ਕਦਮਾਂ ਵਿੱਚ ਖੜ੍ਹਾ ਕਰਕੇ ਆਪਣਾ ਪੁੱਤਰ ਬਣਾਇਆ ਸੀ ।

ਇਹ ਖੇਡ ੨੫-੧੨-੭੧ ਨੂੰ ਵਰਤੀ ਸੀ। ਗੁਰੂ ਗੋਬਿੰਦ ਸਿੰਘ ਦਾ ਜਨਮ ਦਿਹਾੜਾ ਮੇਰਾ ਪਵਿੱਤਰ ਅੰਮ੍ਰਿਤ ਦਿਹਾੜਾ ਬਣ ਗਿਆ । ਹਜ਼ਰਤ ਈਸਾ ਦਾ ਜਨਮ ਦਿਨ ਵੀ ਸੀ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਵੀ ਆਸੇ-ਪਾਸੇ ਹੀ ਸਨ, ਤਿੰਨ ਵਜੇ ਦਾ ਅੰਮ੍ਰਿਤ ਵੇਲਾ ਵੀ ਸੀ ਜਦੋਂ ਮੇਰੇ ਗੁਰੂ ਗ੍ਰੰਥ ਸਾਹਿਬ ਨੇ ਵਾਜਾਂ ਮਾਰ ਕੇ ਬੁਲਾ ਘੱਲਿਆ ਸੀ, ‘ਆ ਜਾ ਤੇਰੇ ਘਾਟੇ



ਪੂਰੇ ਕੀਤੇ, ਤੇਰੀਆਂ ਤਿਆਰੀਆਂ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਮਤ ਨਾਲ ਪੂਰੀਆਂ ਹੋਈਆਂ, ਤੇਰਾ ਚਾਅ ਪੰਜ ਪਿਆਰਿਆਂ ਦੀ ਆਪਾ ਵਾਰੂ ਜ਼ਿੰਦਗੀ ਦਾ ਸਦਕਾ ਪੂਰਾ ਕੀਤਾ, ਤੇਰਾ ਸਿਰ ਦੇਣਾ ਕਬੂਲ ਕੀਤਾ, ਤੇਰੀ ਨਿਗੁਰੇ ਵਾਲੀ ਜ਼ਿੰਦਗੀ ਦਾ ਭੋਗ ਪੈ ਗਿਆ ਹੈ, ਆ ਜਾ ਅੰਮ੍ਰਿਤ ਬਖ਼ਸ਼ਿਆ ਜਾਏਗਾ ।’ ਇਕ ਮਹਾਨ ਪਵਿੱਤਰ ਪਰ ਛੁਪੇ ਰਹਿਣ ਵਾਲੀ ਹਸਤੀ ਦੀ ਰਹਿਬਰੀ ਹੇਠ, ਪੰਜ ਪਿਆਰਿਆਂ ਦੀ ਫ਼ੌਜ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਮੈਨੂੰ ਤਿੰਨ ਘੰਟੇ, ਛੇ ਵਜੇ ਤਕ ਘੜੀ-ਘੜੀ ਦ੍ਰਿੜ੍ਹ ਕਰਾਇਆ ਗਿਆ ਸੀ ਕਿ

੧. ਕੀ ਮੈਂ ਸਿਰ ਵੇਚਣ ਦਾ ਪ੍ਰਣ ਕਰ ਲਿਆ ਹੈ?

੨. ਕੀ ਮੈਂ ਇਹ ਪ੍ਰਣ ਕਿਸੇ ਜ਼ਬਰਦਸਤੀ, ਜ਼ੋਰ ਜ਼ਬਰ ਨਾਲ ਤਾਂ ਨਹੀਂ ਕੀਤਾ?

੩. ਕੀ ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਪਿਤਾ ਤੇ ਮਾਤਾ ਸਾਹਿਬ ਕੌਰ ਨੂੰ ਮਾਤਾ ਕਬੂਲ ਕਰਦਾ ਹਾਂ?

੪. ਕੀ ਮੇਰੀ ਆਪਣੀ ਮਰਜ਼ੀ ਹੁਣ ਗੁਰੂ ਦੀ ਮਰਜ਼ੀ ਤੇ ਰਜ਼ਾ ਵਿੱਚ ਆਪਣਾ ਆਪ ਗਵਾਏਗੀ?

੫. ਕੀ ਮੈਂ ਸਵਾਸ-ਸਵਾਸ ਸਿਮਰਨ ਕਰਾਂਗਾ, ਰਹਿਤਾਂ ਰੱਖਾਂਗਾ, ਪੰਜ ਕਕਾਰਾਂ ਦੇ ਇਲਾਵਾ ਬੱਜਰ ਕੁਰਹਿਤਾਂ ਤੋਂ, ਝੂਠ ਤੋਂ, ਨਿੰਦਾ ਤੋਂ, ਚੁਗ਼ਲੀ, ਈਰਖਾ ਤੋਂ, ਵੈਰ-ਵਿਰੋਧ ਤੋਂ ਬਚਣ ਦਾ ਪੂਰਾ ਵਾਹ ਲਾਵਾਂਗਾ?

ਮੇਰੀ ਗਰਦਨ ’ਤੇ ਨੰਗੀ ਤਲਵਾਰ ਲੈ ਕੇ ਉਹ ਪਵਿੱਤਰ ਹਸਤੀ ਜਥੇਦਾਰ ਦੀ ਸ਼ਕਲ ਵਿੱਚ ਖੁੱਭੀ ਜਾ ਰਹੀ ਸੀ, ਮੇਰੇ ਤਨ ਮਨ ਵਿੱਚ ਉਹ ਹਰਿਆਵਲ ਸੀ ਜਿਹੜੀ ਇਕ ਭੁੱਖੇ ਨੰਗੇ ਨੂੰ ਛੱਤੀ ਪ੍ਰਕਾਰ ਦੇ ਭੋਜਨ ਤੇ ਮਹਿਲ ਮਾੜੀਆਂ, ਮੋਟਰਕਾਰਾਂ ਦੀ ਹੋਂਦ ਨਾਲ ਮਿਲ ਸਕਦੀ ਹੈ । ਉਹ, ਨਹੀਂ ਨਹੀਂ, ਕਈ ਗੁਣਾਂ ਵਾਧੂ ਖੇੜਾ, ਕਈ ਗੁਣਾਂ ਵਾਧੂ ਚੜ੍ਹਦੀ ਕਲਾ ਸੀ; ਪਰ ਮੇਰਾ ਰੋਮ-ਰੋਮ ਡਰਦਿਆਂ-ਡਰਦਿਆਂ ਸਾਰੇ ਜਵਾਬ ਸਿਰ ਨਿਵਾ ਕੇ ਜੀ ਹਾਂ, ਜੀ ਹਾਂ, ਜੀ ਹਾਂ, ਜੀ ਹਾਂ, ਕਹਿ ਕੇ ਦੇ ਰਿਹਾ ਸੀ । ਅੱਥਰੂ ਸਨ ਸੰਪੂਰਨ ਗੁਣਹੀਣਤਾ ਦੇ, ਅਵਾਜ਼ ਸੀ ਮੱਤਹੀਣਤਾ ਦੀ, ਪ੍ਰੇਮ ਸੀ ਅੱਲ੍ਹੜ ਤੇ ਝੱਲਾ, ਅੱਖਾਂ ਵਿੱਚ ਅਗਿਆਨਤਾ ਸੀ, ਹੱਥਾਂ ਵਿੱਚ ਬੇਤਰਤੀਬੀ ਸੀ—ਤੇ ਪੂਰਾ ਸਰੂਪ ਮੇਰਾ ਉਸ ਕੰਗਾਲ ਵਾਲਾ ਸੀ ਜਿਸ ਨੂੰ ਅਣਗਿਣਤ ਖ਼ਜ਼ਾਨਿਆਂ ਦੀ ਦੌਲਤ ਦਿੱਤੀ ਜਾਣ ਵਾਲੀ ਹੋਵੇ । ਅੰਦਰੋਂ ਅਵਾਜ਼ ਕਹਿ ਰਹੀ ਸੀ ਸਾਹਿਬ ਤੂੰ ਹੀ ਸਭ ਕੁਝ ਕੀਤਾ ਹੈ, ਕੀਤਾ ਸੀ, ਕਰ ਰਿਹਾ ਹੈਂ ਤੇ ਅੱਗੋਂ ਕਰੇਂਗਾ । ਮੈਂ ਤਾਂ

ਉਹ ਬੋਲੀ ਜਾ ਰਿਹਾ ਹਾਂ ਜੋ ਤੂੰ ਬੁਲਾ ਰਿਹਾ ਹੈਂ, ਮੇਰੇ ਵਿੱਚ ਕਿੱਥੋਂ ਆਈ ਹਿੰਮਤ ਵਾਇਦੇ ਕਰਨ ਦੀ, ਮੇਰੇ ਵਿੱਚ ਕਿੱਥੋਂ ਆਇਆ ਜ਼ੋਰ ਤੇਰੀ ਝਾਲ ਝੱਲਣ ਦਾ, ਮੇਰੇ ਵਿੱਚ ਕਿੱਥੋਂ ਆਈ ਗ਼ਰੀਬੀ ਗੁਰੂ ਨਾਨਕ ਦੇ ਸ਼ਿਸ਼ ਹੋਣ ਜੋਗੀ, ਮੇਰੇ ਵਿੱਚ ਕਿੱਥੋਂ ਆਇਆ ਸਰੂਰ ਸਮਦਰਸ਼ੀ ਬਣਨ ਦਾ, ਮੇਰੇ ਵਿੱਚ ਕਿੱਥੋਂ ਆਈ ਦ੍ਰਿੜ੍ਹਤਾ ਸ਼ਹੀਦ ਹੋਣ ਦੀ, ਮੇਰੇ ਵਿੱਚ ਕਿੱਥੋਂ ਆਇਆ ਜੋਸ਼ ਤੇ ਦਲੇਰੀ ਚਮਕੌਰ ਦੇ ਮੈਦਾਨ ਵਿੱਚ ਜਾਂ ਨੀਂਹਾਂ ਵਿੱਚ ਚਿਣੇ ਜਾਣ ਦੀ; ਪਰ ਮੈਨੂੰ ਯਕੀਨ ਹੈ ਤੇਰੀ ਰਹਿਮਤ ਦਾ, ਮੈਨੂੰ ਸਿਦਕ ਹੈ, ਪ੍ਰੇਮ ਹੈ, ਇਹ ਸਾਰੇ ਦਾ ਸਾਰਾ ਤੇਰੇ ਚਰਨਾਂ 'ਚੋਂ ਨਿਕਲਿਆ ਹੈ । ਇਸ ਲਈ ਤੂੰ ਹੀ ਸਭ ਕੁਝ ਹੈਂ, ਹੁਣ ਸਵਾਲਾਂ ਦਾ ਜਵਾਬ ਆਪੇ ਹੀ ਦੇ, ਵਾਇਦੇ ਆਪੇ ਹੀ ਕਰ, ਆਪੇ ਹੀ ਸੁਣ, ਬੱਸ ਮੇਰੇ ਮੂੰਹ ਵਿੱਚ ਅੰਮ੍ਰਿਤ ਦੀ ਬੂੰਦ, ਮੇਰੀਆਂ ਅੱਖਾਂ ਵਿੱਚ, ਮੇਰੇ ਕੇਸਾਂ ਵਿੱਚ ਉਹ ਛੱਟੇ ਮਾਰ ਦੇ ਕਿ ਮੋਇਆ ਹੋਇਆ ਜੀ ਪਵਾਂ, ਗਿੱਦੜੋਂ ਸ਼ੇਰ ਬਣ ਜਾਵਾਂ, ਚਿੜੀਉਂ ਬਾਜ ਤੋੜਨ ਜੋਗਾ ਹੋ ਜਾਵਾਂ, ਭਾਈ ਘਨੱਈਆ, ਭਾਈ ਭਿਖਾਰੀ, ਭਾਈ ਦਿਆਲਾ, ਭਾਈ ਮਤੀਦਾਸ, ਭਾਈ ਮੰਝ ਦੇ ਕਦਮਾਂ ਦਾ ਸਦਕਾ, ਪੰਜ ਪਿਆਰਿਆਂ ਦਾ ਥਾਪੜਾ ਲੈ ਕੇ ਬੱਸ ਤੇਰਾ ਬਣ ਜਾਵਾਂ ।

ਅਰਦਾਸ ਸੁਣ ਲਈ, ਅੰਮ੍ਰਿਤ ਦੇਣ ਲਈ ਤਿਆਰ ਹੋ ਗਿਆ, ਸਾਹਿਬ ਚੱਜ ਆਚਾਰ ਵੱਲ ਨਾ ਤੱਕਿਆ, ਗੁਣ ਔਗੁਣ ਨਾ ਚਿਤਾਰਿਆ, ਬਾਂਹ ਪਕੜ ਕੇ ਸੇਜੇ ਲੈ ਆਇਆ, ਮੱਥੇ 'ਤੇ ਹੱਥ ਧਰ ਕੇ ਗ਼ਰੀਬ ਨਿਵਾਜ ਨੇ ਬੁਰਿਆਈਆਂ ਕੱਢੀਆਂ, ਮੇਰੇ ਸੁਹਾਗ ਦਾ ਪੱਕਾ ਚਿੰਨ੍ਹ ਬਣ ਕੇ ਉਸ ਮੈਨੂੰ ਅੰਮ੍ਰਿਤ ਬਖ਼ਸ਼ ਦਿੱਤਾ । ਦੁੱਖ ਸੰਤਾਪ ਤਾਂ ਪਹਿਲਾਂ ਹੀ ਕੱਟ ਚੁੱਕਾ ਸੀ, ਕੰਤ ਨੇ ਪਕੜ ਕੇ ਰਾਣੀ ਤਾਂ ਪਹਿਲਾਂ ਹੀ ਬਣਾ ਲਿਆ ਸੀ, ਬਸ ਹੁਣ ਗੁਣਹੀਣਤਾ ਦੇਖ ਕੇ ਜੋ ਅੰਮ੍ਰਿਤ ਸੁਰਨਰ ਖੋਜਦੇ ਰਹਿੰਦੇ ਹਨ, ਆਪਣੀ ਕਿਰਪਾ ਦੁਆਰਾ ਮੈਨੂੰ ਆਪਣੇ ਆਪ ਬਖ਼ਸ਼ ਦਿੱਤਾ । ਮੈਨੂੰ ਦੁਹਾਗਣ ਤੋਂ ਸੁਹਾਗਣ ਬਣਾ ਕੇ ਰੂਪ ਰੰਗ ਬਖ਼ਸ਼ਿਆ, ਆਪ ਸਵਾਰਿਆ ਸ਼ਿੰਗਾਰਿਆ ਤੇ ਮੇਰੇ ਰੋਮ-ਰੋਮ ਵਿੱਚ ਡਰ ਦੀ ਥਾਂ ਵਾਹਿਗੁਰੂ ਦਾ ਪ੍ਰੇਮ, ਮਨੁੱਖ ਜ਼ਾਤੀ ਦਾ ਦਰਦ, ਨਿਰਵੈਰਤਾ, ਚਾਅ ਤੇ ਸਾਰੀ ਇਨਸਾਨੀਅਤ ਦਾ ਸਾਂਝਾ ਮਿੱਤਰ, ਸਾਰੀ ਜਨਤਾ ਦੀ ਚਰਨ-ਧੂੜ ਬਣ ਕੇ ਜੀਣ ਦਾ ਲਾਲਚ ਪੈਦਾ ਕਰ ਦਿੱਤਾ । ਕਿਸ ਨੂੰ ਹੋਸ਼ ਸੀ ਉਸ ਵੇਲੇ ਆਪਣੀਆਂ ਚਤੁਰਾਈਆਂ ਦੀ, ਆਪਣੀ **Position** ਦੀ, ਆਪਣੀ ਵਡਿਆਈ ਦੀ, ਆਪਣੀ ਹੋਂਦ ਦੀ । ਬੱਸ ਇਕੋ ਖ਼ਿਆਲ ਸੀ, ਇਕੋ ਵਿਚਾਰ ਸੀ, ਇਕੋ ਲਗਨ ਸੀ, ਇਕੋ ਦਰਦ ਸੀ, ਇਕੋ ਪੁਕਾਰ ਸੀ—ਨਿਭ ਜਾਇ, ਨਿਭ ਜਾਇ । ਹਾਂ, ਇਤਨੀ ਹੋਸ਼ ਸੀ ਕਿ ਕੰਗਾਲੋਂ ਮਾਲਾ-ਮਾਲ ਕਰ ਦਿੱਤਾ



ਗਿਆ ਹਾਂ, ਨਿਮਾਣਿਉਂ ਮਾਣਯੋਗ, ਨਿਤਾਣਿਉਂ ਤਾਣ ਵਾਲਾ, ਨਿਗੁਰਿਉਂ ਗੁਰੂ ਵਾਲਾ, ਨਿਘਰਿਉਂ ਘਰ ਵਾਲਾ, ਯਤੀਮੋਂ ਮਾਤਾ-ਪਿਤਾ ਵਾਲਾ ਬਣ ਗਿਆ ਹਾਂ । ਬੇਹੋਸ਼ਾਂ ਵਾਲੀ ਮਸਤੀ ਵਿੱਚ ਜਿੱਥੇ ਸਾਹਿਬਾਂ ਦੀ ਰਹਿਮਤ ਨਾਲ "ਸਭ ਕੁਝ" ਬਣਾਏ ਜਾਣ ਦਾ ਅਹਿਸਾਸ ਸੀ, ਉੱਥੇ ਸਭ ਕੁਝ ਨਹੀਂ ਬਣਨ ਦੀ ਰੀਝ ਵੀ ਸੀ । ਮੇਰੀ ਪਤਨੀ ਨਾਲ ਸੀ, ਮੇਰੀ ਭੈਣ ਤੇ ਉਹਦਾ ਪਤੀ ਨਾਲ ਸਨ; ਪਰ ਮੈਂ "ਬੇਹੋਸ਼" ਹੋਸ਼ ਵਿੱਚ ਸਾਂ ।

ਇਸ ਸਾਲ ਵਿੱਚ ਵੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਜਨਮ ਦਿਹਾੜਾ ੨੫-੧੨-੭੯ ਨੂੰ ਹੈ । ਮੈਨੂੰ ਸੋਚਾਂ ਪੈ ਰਹੀਆਂ ਹਨ ਕਿ ਸਾਹਿਬ ਪੁੱਛਣਗੇ 'ਸੁਣਾ ਬਈ ਇਤਨੀਆਂ ਬਖ਼ਸ਼ਿਸ਼ਾਂ ਲੈ ਕੇ ਵੀ ਤੂੰ ਕੁਝ ਨਹੀਂ ਕੀਤਾ।' ਮੈਂ ਹੱਥ ਬੰਨ੍ਹ ਕੇ ਖਲੋ ਜਾਵਾਂਗਾ—'ਕਰਨ ਕਰਾਵਨ ਵਾਲਾ ਤੂੰ ਆਪ ਹੈਂ, ਜੋ ਕਰਾਇਆ ਈ ਕੀਤਾ ਹੈ, ਜੋ ਨਹੀਂ ਠੀਕ ਹੁਣ ਠੀਕ ਕਰ ਦੇ, ਪਰ ਕਦੇ ਵੀ ਚਰਨਾਂ ਤੋਂ ਨਾ ਵਿਛੋੜੀਂ । ਮੇਰੇ ਵਿੱਚ ਭੈ ਹੈ ਗੁਰੂ ਦਾ, ਇਸ ਲਈ ਨਿਰਭੈ ਹਾਂ; ਪਿਆਰ ਹੈ ਗੁਰੂ ਦਾ ਇਸ ਲਈ ਨਿਰਵੈਰ ਹਾਂ; ਮੈਂ ਕੀੜੇ ਦਾ ਕੀੜਾ ਹਾਂ, ਪਰ ਜੋ ਸਾਹਿਬ ਕੋਲ ਹੈ ਉਹ ਮੇਰਾ ਹੈ; ਕਿਉਂਕਿ ਮੈਂ ਸਾਹਿਬਾਂ ਦਾ ਹਾਂ । ਹਜ਼ੂਰ ਸਾਹਿਬ ਦੀ ਧਰਤੀ 'ਤੇ ਇਹ ਲਿਖਦਿਆਂ ਮਨ ਹੋਰ ਖੇੜੇ ਵਿੱਚ ਹੈ, ਮਨ ਹੋਰ ਠਾਠਾਂ ਮਾਰਦਾ ਹੈ ਕਿਉਂਕਿ ਬਾਕੀ ਤਾਂ ਪਤਾ ਨਹੀਂ ਕਿਸਦੀ ਨੌਕਰੀ ਕਰਦੇ ਹਨ, ਮੈਂ ਨੌਕਰੀ ਕਰਦਾ ਹਾਂ ਸਮਰੱਥ ਦੀ । ਸੁਣੋ, ਉਹ ਮਾਲਕ ਵੀ ਹੈ ਪਿਤਾ ਵੀ, ਉਹ ਭੈਣ ਵੀ ਹੈ ਵੀਰ ਵੀ, ਉਹ ਪੁੱਤਰ ਵੀ ਹੈ ਯਾਰ ਵੀ । ਫਿਰ ਕਿਉਂ ਨਾ ਖਿੜਾਂ? ਆਪ ਪੁੱਛਦਾ ਹੈ—ਲਾਉਣਾ ਈ ਜਨਮ ਲੇਖੇ ਸੇਵਾ ਵਿੱਚ, ਸਿਮਰਨ ਵਿੱਚ; ਛੇਤੀ ਕਰ ਮੈਂ ਦਾਨ ਦੇਣਾ ਹੈ। ਮੈਂ ਫਿਰ ਬੋਲ ਵਿੱਚ ਆਖਦਾ ਹਾਂ ਜੋ ਦੇਣਾ ਈਂ ਦੇਂਦਾ ਜਾ ਤੇ ਕਿਰਪਾ ਕਰ ਮੈਂ ਲੈਂਦਾ ਜਾਵਾਂ । ਕਦੇ ਮੁੱਖ ਨਾ ਮੋੜਾਂ, ਕਦੇ ਹੁਕਮ ਅਦੂਲੀ ਨਾ ਕਰਾਂ, ਕਦੇ ਆਪਣੀ ਚਤੁਰਾਈ ਨਾ ਕਰ ਬੈਠਾਂ, ਕਦੇ ਆਪਣਾ ਆਪ ਨਾ ਜਤਾ ਬੈਠਾਂ, ਕਦੇ ਕੁਝ ਬਣ ਨਾ ਜਾਵਾਂ, ਕਦੇ ਮੱਤ ਨਾ ਮਾਰੀ ਜਾਵੇ । ਬਸ ਇਤਨੀ ਮੰਗ ਹੈ ਮੇਰੀ—ਉਹੋ ਹੀ, ਜਿਹੜੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪੰਨਾ ਇਕ ਹਜ਼ਾਰ 'ਤੇ ਹੈ—'**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥**' ਤੇਰੇ ਚਰਨ ਕਮਲਾਂ ਦਾ ਪ੍ਰੇਮ ਬਣਿਆ ਰਹੇ, ਸੁਰਗ ਨਰਕ ਦੀ ਇੱਛਾ, ਸੋਨੇ ਰੁਪਏ ਦੀ ਇੱਛਾ, ਵਡਿਆਈ ਦੀ ਭੁੱਖ, ਮੇਰੇ ਨੇੜੇ ਨਾ ਆਵੇ ਤੇ ਨਿਸ਼ਕਾਮ ਭਗਤੀ ਪ੍ਰੇਮ ਤੇ ਨਿਸ਼ਕਾਮ ਸੇਵਾ ਦਾ ਚਾਅ ਬਣਿਆ ਰਹੇ, ਵੱਸਦਾ ਰਹੇ ਤੇ ਤੇਰੇ ਚਰਨ ਘੁੱਟ ਕੇ ਪਕੜ ਕੇ ਸਾਰੀ ਖ਼ਲਕਤ ਦੀ ਸੇਵਾ ਕਰਾਂ । ਮੈਨੂੰ ਕੋਈ ਨਾ ਜਾਣੇ, ਤੇਰੀ ਵਡਿਆਈ ਚਮਕੇ, ਹਮੇਸ਼ਾਂ ਚਮਕੇ । ਕੋਹੜ ਦੇ

ਮਰੀਜ਼ਾਂ ਦਾ ਅਸਲੀ ਮਿੱਤਰ ਤੇ ਸੰਬੰਧੀ ਬਣ ਜਾਵਾਂ, ਉਨ੍ਹਾਂ ਵਿੱਚ ਤੈਨੂੰ ਤੱਕਾਂ, ਉਨ੍ਹਾਂ ਦੇ ਰੋਗ ਦੁੱਖ ਤੇਰੀ ਰਹਿਮਤ (ਜੋ ਤੂੰ ਮੇਰੇ 'ਤੇ ਕੀਤੀ ਹੈ, ਉਹ) ਵੰਡ ਕੇ ਕੱਟਾਂ ਤੇ ਕਦੇ ਵੀ ਆਪਣਾ ਆਪ ਨਾ ਜਤਾਵਾਂ, ਆਪਣੀ ਸੇਵਾ ਆਪੇ ਲਉ, ਆਪਣਾ ਨਾਮ ਆਪੇ ਜਪਾ—ਤੇ ਸੇਵਾ ਸਿਮਰਨ ਦੇ ਇਲਾਵਾ ਦੂਜੀ ਗੱਲ ਚਿੱਤ ਵਿੱਚ ਵੀ ਨਾ ਆਵੇ । ਅੱਖਾਂ ਵਿੱਚ ਤੇਰਾ ਰੰਗ, ਕੰਨਾਂ ਵਿੱਚ ਤੇਰੀ ਅਵਾਜ਼, ਹੱਥਾਂ ਨਾਲ ਤੇਰੀ ਸੇਵਾ, ਪੈਰਾਂ ਨਾਲ ਤੇਰਾ ਰਾਹ ਭਾਲਦਾ ਰਹਾਂ ਤੇ ਬੁਰੇ ਦਾ ਭਲਾ ਕਰਕੇ ਮੁੱਕੇ ਮਾਰਨ ਵਾਲਿਆਂ ਦੇ ਚਰਨ ਪਕੜਾਂ, ਵੈਰ ਕਰਨ ਵਾਲੇ ਨਾਲ ਪਿਆਰ ਕਰਾਂ, ਨਿੰਦਾ ਕਰਨ ਵਾਲੇ ਤੋਂ ਸਦਕੇ ਜਾਵਾਂ ਤੇ ਆਪੇ ਨਿੰਦਾ ਨਾ ਕਰਾਂ ਨਾ ਸੁਣਾ, ਤੇਰੇ ਤੋਂ ਨਿਛਾਵਰ ਹੁੰਦਾ ਰਹਾਂ ਦਿਨ ਵਿੱਚ ਕਈ-ਕਈ ਵਾਰ । ਇਹ ਵਰ ਬਖ਼ਸ਼ੋ ਕਿ ਮੁੱਖ ਵਿੱਚ ਨਾਮ, ਚਿੱਤ ਵਿੱਚ ਅਨਿਆਇ ਵਿਰੁੱਧ ਯੁੱਧ, ਜ਼ੁਲਮ ਵਿਰੁੱਧ ਤਲਵਾਰ ਤੇ ਬੇ-ਕਸਾਂ ਦੀ ਯਾਰੀ ਵਿੱਚ ਤਤਪਰ ਹੁੰਦਿਆਂ ਹੋਇਆਂ ਸ਼ਹੀਦ ਹੋ ਜਾਵਾਂ । ਜਿਤਨੀ ਦੇਰ ਜੀਵਾਂ ਸੇਵਾ ਸਿਮਰਨ ਦੇ ਚਾਅ ਵਿੱਚ ਜੀਵਾਂ । ਕਰੋ ਨਾ ਕਿਰਪਾ, ਹੋਵੋ ਨਾ ਦਿਆਲ, ਤਰੁਠੋ ਨਾ ਆਪੇ, ਦੇਵੋ ਨਾ ਸੋਝੀ, ਰੱਖੋ ਨਾ ਹੱਥ ਮੇਰੇ ਮੱਥੇ 'ਤੇ, ਨਾਲੇ ਹੋਵੋ ਨਾ ਮੱਤ-ਪੱਤ ਦੇ ਰਾਖੇ, ਸਦਾ, ਸਦਾ, ਸਦਾ । ਕਦੇ ਉਂਗਲ ਨਾ ਛੱਡੋ । ਹਾਜ਼ਰਾ ਹਜ਼ੂਰ ਰਹੋ ਤੇ ਮੈਂ ਚਰਨ ਘੁੱਟ-ਘੁੱਟ ਕੇ ਠੰਢਾ ਹੁੰਦਾ ਰਹਾਂ ।'

## ਹਜ਼ੂਰ ਸਾਹਿਬ ਵਿੱਚ ਅੰਮ੍ਰਿਤ

ਇਕ ਮੇਰੇ ਵੀਰ ਨੇ ਇੱਥੇ ਅੰਮ੍ਰਿਤ ਛਕਿਆ ਹੈ, ਉਹ ਕੁਝ ਦਿਨਾਂ ਤੋਂ ਮੇਰੇ ਨਾਲ ਹੈ । ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਨ ਗਿਆ ਸਾਂ ਤਾਂ ਉਸ ਦੱਸਿਆ ਕਿ ਮੈਂ ਅੱਜ ਹੀ ਅੰਮ੍ਰਿਤ ਛਕਿਆ ਹੈ, ਮੈਨੂੰ ਕੁਝ ਦੱਸੋ । ਮੈਂ ਮੱਤਹੀਣ ਨੇ ਕੀ ਦੱਸਣਾ ਸੀ; ਪਰ ਮੈਂ ਪੁੱਛਿਆ—

੧. ਕਦੋਂ ਦੀ ਤਿਆਰੀ ਸੀ ਅੰਮ੍ਰਿਤ ਛਕਣ ਦੀ ਤੁਹਾਡੀ? ਉਨ੍ਹਾਂ ਕਿਹਾ ਖ਼ਿਆਲ ਕੋਈ ਨਹੀਂ ਸੀ ਪਰ ਇੱਥੇ ਛਕ ਲਿਆ ਹੈ; ਕਿਉਂਕਿ ਵਪਾਰ ਲਈ ਇਧਰ ਆਇਆ ਸਾਂ ਤਾਂ ਮੈਂ ਸੋਚਿਆ ਚਲੋ ਅੰਮ੍ਰਿਤ ਛਕ ਲਓ, ਹਜ਼ੂਰ ਸਾਹਿਬ ਪਵਿੱਤਰ ਜਗ੍ਹਾ ਹੈ ।
੨. ਤੁਸਾਂ ਸਿਰ ਵੇਚ ਦਿੱਤਾ ਹੈ ਸਾਹਿਬਾਂ ਨੂੰ, ਮਤਲਬ ਇਹ ਕਿ ਇਕ ਝੂਠ ਬੋਲਿਆ ਜਾਂ ਇਕ ਵਾਰ ਵੈਰ ਕੀਤਾ ਤਾਂ ਬੇਮੁੱਖ ਹੋਵੋਗੇ ਤੇ ਇਕ ਮੁਆਫ਼ੀ ਮੰਗ ਕੇ ਮੁੜ ਚੱਲੋਗੇ । ਕੀ ਇਹ ਦ੍ਰਿੜ੍ਹਤਾ ਬਣਾ ਲਈ ਹੈ? ਉਨ੍ਹਾਂ ਕਿਹਾ ਇਹ ਠੀਕ ਹੈ, ਪਰ ਮੈਂ ਕਦੇ ਇਹ ਸੋਚਿਆ ਹੀ ਨਹੀਂ ਸੀ ।



੩. ਤੁਸਾਂ ਇਹ ਫ਼ੈਸਲਾ ਕੀਤਾ ਹੈ ਕਿ ਹੁਣ ਮਾਂ, ਭੈਣ, ਪਿਉ—ਪਤਨੀ, ਭਰਾ ਜਾਂ ਹੋਰ ਲੋਕਾਂ ਦੀਆਂ ਗੱਲਾਂ ਤੋਂ ਹਮੇਸ਼ਾਂ ਸਾਹਿਬ ਦੀ ਗੱਲ ਉੱਚੀ ਲੱਗੇਗੀ ਤੇ ਲੋਕ-ਲਾਜ ਸਾੜ ਦਿਉਗੇ । ਕਹਿਣ ਲੱਗੇ ਠੀਕ ਹੈ, ਪਰ ਇਹ ਵੀ ਕਦੇ ਨਹੀਂ ਸੀ ਸੋਚਿਆ ।
੪. ਤੁਸੀਂ ਯਾਦ ਕੀਤਾ ਹੈ ਕਿ ਪੰਜ ਪਿਆਰਿਆਂ ਨੇ ਸਿਰ ਵੇਚ ਕੇ ਅੰਮ੍ਰਿਤ ਲਿਆ ਸੀ, ਮੌਤ ਨੂੰ ਮਨਜ਼ੂਰ ਕਰਕੇ ਜਿਊਣਾ ਸਿੱਖਿਆ ਸੀ । ਕੀ ਤੁਸਾਂ ਮੌਤ ਨੂੰ ਜੱਫ਼ਾ ਮਾਰਨ ਦਾ ਫ਼ੈਸਲਾ ਕੀਤਾ ਹੈ ? ਸ਼ਹੀਦ ਹੋਣ ਲਈ ਤਿਆਰ ਹੈਂ ? ਫਿਰ ਕਿਹਾ ਠੀਕ ਤਾਂ ਹੈ ਪਰ ਇਹ ਤਾਂ ਕਦੇ ਵਿਚਾਰਿਆ ਹੀ ਨਹੀਂ ਸੀ ।
੫. ਪੰਜ ਬਾਣੀਆਂ, ਸਵਾਸ-ਸਵਾਸ ਸਿਮਰਨ, ਦਇਆ, ਸੰਤੋਖ ਧਰਮ, ਖਿਮਾਂ, ਨਿਰਵੈਰਤਾ, ਨਿਰਭੈਤਾ ਪੰਜ ਚੋਰਾਂ ਦਾ ਤੇ ਸਾਕਤ ਦਾ ਤਿਆਗ, ਦਸਵੰਧ—ਇਹ ਸਭ ਕੁਝ ਦ੍ਰਿੜ੍ਹ ਹੋਇਆ ਹੈ । ਕਹਿਣ ਲੱਗੇ ਸੱਚ ਪੁੱਛੋ ਤਾਂ ਜੋ ਵੀ ਆਪ ਪੁੱਛਦੇ ਹੋ ਪੁੱਛੀ ਚੱਲੋ, ਮੈਂ ਤਾਂ ਕੁਝ ਵੀ ਨਹੀਂ ਜਾਣਦਾ, ਕਿਉਂਕਿ ਮੈਂ ਤਾਂ ਇਹੀ ਸੋਚਿਆ ਸੀ—

**ਚਲੋ ਅੰਮ੍ਰਿਤ ਵੀ ਛਕ ਲਉ**

ਫਿਰ ਪਤਾ ਲੱਗਾ ਕਿ ਕੁਝ ਕੁ ਮਿੰਟਾਂ ਵਿੱਚ ਹੀ ਅੰਮ੍ਰਿਤ ਛਕਾ ਦਿੱਤਾ ਗਿਆ । ਕਿਸੇ ਨੇ ਉਨ੍ਹਾਂ ਨਾਲ ਵਿਚਾਰ ਜਾਂ ਉਪਦੇਸ਼ ਦੀ ਸਾਂਝ ਨਹੀਂ ਕੀਤੀ ਤੇ ਉਨ੍ਹਾਂ ਨੂੰ ਕੁਝ ਵੀ ਨਹੀਂ ਦੱਸਿਆ ਗਿਆ ਸਿਵਾਏ ਪੰਜ ਕਕਾਰਾਂ ਤੇ ਚਾਰ ਕੁਰਹਿਤਾਂ ਦੇ । ਛਕਾਉਣ ਵਾਲਿਆਂ ਨੂੰ ਨਾ ਜ਼ਿੰਮੇਵਾਰੀ ਮਹਿਸੂਸ ਹੋ ਰਹੀ ਸੀ ਤੇ ਨਾ ਹੀ ਉਹਨਾਂ ਨੂੰ ਕੋਈ ਚਾਅ ਸੀ । ਡਿਊਟੀ ਵਿੱਚ ਭਾੜੇ ਦੇ ਬੰਦੇ ਸਨ ਤੇ ਛਕਾਉਣ ਦੀ ਪਵਿੱਤਰਤਾ ਤਾਂ ਇਕ ਪਾਸੇ ਇਕ ਡਿਊਟੀ ਦਾ ਭਾਰ ਮਹਿਸੂਸ ਕਰਦਿਆਂ ਉਹਨਾਂ ਪੰਜਾਂ ਪਿਆਰਿਆਂ ਨੇ ਬਾਣੇ ਇਕ ਦਮ ਲਾਹ ਦਿੱਤੇ, ਬਗੈਰ ਸਿੱਖੀ ਪ੍ਰੇਮ, ਪਿਆਰ ਜਤਾਉਣ ਦੇ ।

ਮੇਰਾ ਸ਼ਰਮ ਨਾਲ ਸਿਰ ਝੁਕਦਾ ਹੈ । ਜੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਕੁਰਬਾਨੀਆਂ ਦਾ, ਪਵਿੱਤਰ ਅਸਥਾਨ ਤੋਂ ਇਕ ਖੇਡ ਦੀ ਸ਼ਕਲ, ਫਿਰ ਮਜ਼ਾਕ ਉਡਾਉਂਦੇ ਹਾਂ ਤਾਂ ਸਾਡਾ ਜੀਵਨ ਕਿਹੋ ਜਿਹਾ ਹੋਵੇਗਾ । ਇਹ ਇਕ ਹੋਰ ਸੱਜਣ ਜਿਸ ਨੇ ਨਾਲ ਅੰਮ੍ਰਿਤ ਛਕਿਆ ਸੀ ਕਹਿ ਰਹੇ ਸਨ, **"ਆਪੇ ਹੁਣ ਟਿਕਾਣੇ ਜਾ ਕੇ ਦੇਖੀ ਜਾਊ ਬਾਣੀ ਪੜ੍ਹ ਹੁੰਦੀ ਹੈ ਕਿ ਨਹੀਂ, ਮੈਂ ਤਾਂ ਛਕਣਾ ਹੀ ਨਹੀਂ ਸੀ ਐਵੇਂ ਬਦੋ-ਬਦੀ ਮਜਬੂਰ ਕਰਕੇ ਲੈ ਗਏ ਸਾਥੀ । ਵੇਖੋ-ਵੇਖੀ ਛਕ ਲਿਆ ।"** ਸੋ ਛਕਣ ਵਾਲੇ ਤੇ ਛਕਾਉਣ ਵਾਲੇ 'ਸੁਭ ਅਮਲਾਂ

ਬਾਝੋਂ ਦੋਨੋਂ ਰੋਈ ।'

ਕਦੇ ਕਦੇ ਮੈਂ ਸੋਚਦਾ ਹਾਂ ਕਿ ਜੇ ਗੁਰੂ ਨਾਨਕ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਕਦੇ ਹੁਣ ਸਰੀਰਕ ਰੂਪ ਵਿੱਚ ਆ ਜਾਣ ਤਾਂ ਸਾਨੂੰ ਛਿਊਣੀ ਵਿੱਚ ਪਾਣੀ ਪਾ ਕੇ ਡੁੱਬ ਮਰਨਾ ਪਵੇਗਾ । ਮੇਰੇ ਵਰਗੇ ਅਕਿਰਤਘਣਾਂ ਨੂੰ ਉਹ ਮਸੰਦਾਂ ਵਾਂਗੂ ਸਾੜ ਦੇਣਗੇ, ਮਲਕ ਭਾਗੋ ਵਾਂਗ ਸਾਡੀ ਰੋਟੀ ਵਿੱਚੋਂ ਲਹੂ ਕੱਢ ਵਿਖਾਉਣਗੇ, ਭਾਵੇਂ ਗੁਰਦੁਆਰਿਆਂ ਦੇ ਫ਼ਰਸ਼ਾਂ ਤੇ ਕੰਧਾਂ 'ਤੇ, ਭਾਵੇਂ ਪੱਖਿਆਂ ਤੇ ਦਰੀਆਂ 'ਤੇ, ਭਾਵੇਂ ਸਾਰੇ ਖੰਡ-ਬ੍ਰਹਿਮੰਡ ਵਿੱਚ ਸਾਡੀ ਮਾਇਆਧਾਰੀ ਵਡਿਆਈ ਹੋ ਰਹੀ ਹੋਵੇਗੀ ਸਾਡੀ ਕੋਈ ਵਾਤ ਨਹੀਂ ਪੁੱਛੇਗਾ ।

ਇਕ ਹੋਰ ਸ਼ਰਮਨਾਕ ਕਿੱਸਾ । ਮੈਂ ਸੱਚਖੰਡ ਸਾਹਿਬ ਵਿੱਚ ਇਕ ਸਰਦਾਰ ਤੇ ਉਹਦੀ ਪਤਨੀ ਨੂੰ ਚਮਕਦੇ-ਚਮਕਦੇ ਰੁਮਾਲਿਆਂ ਦਾ ਸਿਰੋਪਾ ਮਿਲਦਿਆਂ ਵੇਖਿਆ ਤਾਂ **Curiosity** ਹੋ ਗਈ ਪੁੱਛਣ ਲਈ ਕਿ ਇਹ ਕਿਤਨੇ ਪੈਸੇ ਦੇਣ ਨਾਲ ਮਿਲਦੇ ਹਨ । ਕਿਉਂਕਿ ਹੁਣ ਸਭ ਕੁਝ ਪੈਸੇ ਨਾਲ ਮਿਲਦਾ ਹੈ ਸਿਰੋਪਾ ਤੇ ਪ੍ਰਸ਼ਾਦ, ਮਾਣ ਤੇ ਵਡਿਆਈ, ਕਿਉਂਕਿ ਹੁਣ ਸਭ ਕੁਝ ਪੈਸੇ ਨਾਲ......। ਕਬੀਰ ਸਾਹਿਬ ਤੇ ਕਹਿੰਦੇ ਸਨ:

**"ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ"॥**

**(ਅੰਗ ੩੨੭)**

ਪਰ ਇੱਥੇ ਹਜ਼ੂਰ ਸਾਹਿਬ ਵਿੱਚ ਕੇਵਲ ਪੈਸੇ ਨਾਲ ਹੀ ਨਹੀਂ ਸਗੋਂ ਵਾਕਫ਼ੀਅਤ ਨਾਲ । ਸੇਵਾਦਾਰ ਨੂੰ ਪੁੱਛਿਆ ਪਿਆਰੇ ਇਹ ਚਮਕਦਾ ਸਿਰੋਪਾ ਕਿਵੇਂ ਮਿਲਦਾ ਹੈ, ਕਿਤਨੇ ਪੈਸੇ ਭੇਟਾ ਕਰਾਉਣ ਨਾਲ । ਉਸ ਕਿਹਾ ਇਹ ਮੈਨੇਜਰ ਸਾਹਿਬ ਦੇ ਕੋਈ ਮਹਿਮਾਨ ਹੋਣਗੇ । ਇਹ ਤਾਂ ਮਿਲਦਾ ਹੈ ਜੇ ਮੈਨੇਜਰ ਸਾਹਿਬ ਹੁਕਮ ਦੇਣ, ਇਹਦੀ ਭੇਟਾ ਕੋਈ ਨਹੀਂ । ਮੈਨੂੰ ਕਹਿਣ ਲੱਗਾ ਜੇ ਤੂੰ ਵੀ ਲੈਣਾ ਹੈ ਤਾਂ ਮੈਨੇਜਰ ਨੂੰ ਮਿਲ ਲਉ ।

ਸ਼ਰਮ ਨਾਲ ਮੂੰਹ ਨੀਵਾਂ ਹੋ ਗਿਆ, ਮੈਂ ਸੰਗਤਾਂ ਦੇ ਜੋੜੇ ਝਾੜਨ ਵਾਲਾ ਕੂਕਰ, ਕੀ ਕਮਾਯਾ ਸਿਰੋਪੇ ਨੂੰ; ਪਰ ਸਿੱਖੀ ਦਾ ਇਤਨਾ ਦਰਦਨਾਕ ਮਜ਼ਾਕ । ਰਹਿ ਨਾ ਸਕਿਆ ਮੈਂ, ਜਿਨ੍ਹਾਂ ਨੂੰ ਇਹ ਸਿਰੋਪਾ ਮਿਲਿਆ ਸੀ ਪਤਨੀ ਸਮੇਤ ਉਨ੍ਹਾਂ ਨੂੰ ਪੁੱਛਿਆ—'ਆਪ ਕੀ ਕਰਦੇ ਹੋ, ਕਿੱਥੋਂ ਆਏ ਹੋ ਤੇ ਇਹ ਸਿਰੋਪਾ ਕਿਸ ਸੇਵਾ ਬਦਲੇ ਮਿਲਿਆ ਹੈ?' ਉਨ੍ਹਾਂ ਕਿਹਾ ਮੈਂ ਤਾਂ ਇਸ ਕਾਬਲ ਨਹੀਂ । ਮੈਂ ਤਾਂ ਕੋਈ ਭੇਟ ਨਹੀਂ ਦਿੱਤੀ ਤੇ ਨਾ ਹੀ ਕੋਈ ਉੱਘਾ ਕੰਮ ਕੀਤਾ ਹੈ, ਪਰ ਮੇਰੇ ਮੈਨੇਜਰ ਸਾਹਿਬ ਪਛਾਣ ਵਾਲੇ ਹਨ । ਹਲੀਮੀ ਨਾਲ



ਮੈਂ ਕਿਹਾ ਚਲੋ ਸ਼ਾਇਦ ਹੁਣ ਸਾਹਿਬਾਂ ਨੇ ਕੋਈ ਕਿਰਪਾ ਕੀਤੀ ਹੋਵੇ । ਇਹ ਸਰਦਾਰ ਸਾਹਿਬ ਕਿਸੇ ਕੰਪਨੀ ਵਿੱਚ ਵੱਡੇ ਅਫ਼ਸਰ ਹਨ । ਮੈਂ ਪਿੱਛੋਂ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀ; ਭਾਵੇਂ ਮੇਰੀ ਸ਼ਕਲ ਅਨਪੜ੍ਹਾਂ, ਮੂਰਖਾਂ ਵਾਲੀ ਹੈ, ਮੈਂ ਬੀ.ਏ. ਪਾਸ ਵਾਲੀ ਅੰਗਰੇਜ਼ੀ ਬੋਲ ਕੇ ਉਨ੍ਹਾਂ ਨੂੰ ਪੁੱਛਿਆ ਕਿ ਜਿਸ ਕੰਪਨੀ ਦੇ ਤੁਸੀਂ ਅਫ਼ਸਰ ਹੋ ਉੱਥੇ ਜੇ ਤੁਹਾਡਾ ਜਾਣ-ਪਛਾਣ ਦਾ ਆਣ ਨਿਕਲਾਂ, ਤਾਂ ਕੀ ਮੈਨੂੰ ਆਪ ਕੰਪਨੀ ਦੇ ਸਟੋਰ ਵਿੱਚੋਂ ਕੁਝ ਮਾਲ ਦੇ ਸਕਦੇ ਹੋ । ਕਹਿਣ ਲੱਗੇ—'ਨਹੀਂ'। ਫੇਰ ਮੈਂ ਹੱਸ ਕੇ ਪੁੱਛਿਆ ਤੁਹਾਨੂੰ ਮਹਿਸੂਸ ਨਹੀਂ ਹੁੰਦਾ ਕਿਤਨੀ **Degeneration** (ਅਧੋਗਤੀ) ਆ ਗਈ ਹੈ ਸਿੱਖੀ ਵਿੱਚ ਕਿ ਕਿਸੇ ਗੁਰਦੁਆਰੇ, (ਕਿਸੇ ਗੁਰਦੁਆਰੇ ਨਹੀਂ, ਸੱਚਖੰਡ ਸਾਹਿਬ ਵਿੱਚ) ਮੈਨੇਜਰ ਆਪਣੀ ਪਛਾਣ ਵਾਲਿਆਂ ਨੂੰ ਸੱਚਖੰਡ ਸਾਹਿਬ ਦੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰੋਪਾ ਦਿਵਾਏ । ਉਨ੍ਹਾਂ ਮਹਿਸੂਸ ਕੀਤਾ ਤੇ ਕਹਿਣ ਲੱਗੇ ਇਹ ਬਿਲਕੁਲ ਠੀਕ ਹੈ, ਪਰ ਮੈਂ ਤਾਂ ਸਨਮਾਨ ਸਮਝ ਕੇ ਲੈ ਲਿਆ ਹੈ; ਪਰ ਤੁਸੀਂ ਗੱਲ ਠੀਕ ਕਹੀ ਹੈ । ਸੋ ਇਹ ਸਾਡਾ ਅੰਮ੍ਰਿਤ ਦਾ ਮਜ਼ਾਕ, ਅੰਮ੍ਰਿਤ ਦੇ ਦਾਤੇ ਦੇ ਅਸਥਾਨ 'ਤੇ ਵਡਿਆਈ ਦੀ ਭੁੱਖ ਦਾ ਪ੍ਰਗਟਾਵਾ ਤੇ ਅੰਦਰੋਂ ਹੋਰ ਬਾਹਰੋਂ ਹੋਰ ਹੋਣ ਦੀ ਮਿਸਾਲ ।

ਚਾਹੀਦਾ ਤਾਂ ਸੀ ਕਿ ਅੰਮ੍ਰਿਤ ਛਕਣ ਵਾਲੇ ਨੂੰ, ਛਕਾਉਣ ਵਾਲੇ ਹਮੇਸ਼ਾਂ ਇਹ ਦ੍ਰਿੜ੍ਹ ਕਰਾਉਂਦੇ ਕਿ ਅੰਮ੍ਰਿਤ ਖੇਡ ਨਹੀਂ, ਰਸਮੀ ਤੌਰ 'ਤੇ ਅੰਮ੍ਰਿਤ ਛਕਣ ਵਾਲਾ, ਗੁਰੂ ਵਾਲਾ ਆਪਣੇ ਆਪ ਨਹੀਂ ਬਣ ਜਾਂਦਾ ਜਦ ਤਕ ਉਹ ਭਾਵਨਾ ਤੇ ਭਾਉ ਭਗਤੀ ਤੇ ਪ੍ਰੇਮ ਨਹੀਂ ਰੱਖਦਾ ।

ਮੈਨੂੰ ਨਾਜ਼ ਹੈ ਆਪਣੀ ਮਦਰਾਸੀ ਬੱਚੀ 'ਤੇ ਜਿਸ ਅੰਮ੍ਰਿਤ ਨਹੀਂ ਛਕਿਆ ਹੋਇਆ, ਅੰਮ੍ਰਿਤ ਵੇਲਾ, ਸੇਵਾ ਦਾ ਚਾਅ, ਪ੍ਰੇਮ ਤੇ ਆਪਾਵਾਰਨ ਦੀ ਰੁਚੀ ਤੇ ਜ਼ਬਾਨੀ ਸ਼ਬਦ ਯਾਦ ਕਰਕੇ ਸੰਗਤਾਂ ਨੂੰ ਨਿਹਾਲ ਕਰਦੀ ਹੈ । ਅੱਖਾਂ ਨਹੀਂ ਹਨ ,ਪਰ ਅੰਦਰੋਂ ਸਾਹਿਬਾਂ ਦੀ ਵਡਿਆਈ ਤੱਕਦੀ ਤੇ ਮਹਿਸੂਸ ਕਰਦੀ ਹੈ; ਜਦ ਉਹ ਸੁਣੇਗੀ ਕਿ ਅੰਮ੍ਰਿਤ ਦਾ ਇਵੇਂ ਮਜ਼ਾਕ ਉਡਾਉਂਦੇ ਹਾਂ ਅਸੀਂ, ਤਾਂ ਕੀ ਉਹ ਅੰਮ੍ਰਿਤ ਛਕਣ ਲਈ ਉਤਾਵਲੀ ਹੋਵੇਗੀ? ਅਸੀਂ ਭੁੱਲ ਬੈਠੇ ਹਾਂ ਕਿ ਅੰਮ੍ਰਿਤ ਇਕ ਮਿਸਾਲ ਹੈ, ਇਕ ਦ੍ਰਿੜ੍ਹਤਾ ਹੈ ਆਪਾਵਾਰਨ ਦੀ । ਮੇਰੀ ਬੱਚੀ ਤੇ ਇਕ ਮੇਰੀ ਭੈਣ ਜਿਸ ਨਾਲ ਮੇਰਾ ਵਾਸਤਾ ਕੇਵਲ ਤੇ ਕੇਵਲ ਹਰਿ ਪ੍ਰੀਤਮ ਦੀਆਂ ਗੱਲਾਂ ਸੁਣਾਉਣ ਵਾਲੇ ਵੀਰ ਦਾ ਹੈ। ਸਾਹਿਬਾਂ ਕੋਲੋਂ ਹਰ ਘੜੀ ਸੇਵਾ ਤੇ ਸਿਮਰਨ ਦਾ ਦਾਨ ਮੰਗਦੇ ਹਾਂ ਤੇ ਚਾਹੁੰਦੇ ਹਾਂ ਕਿ ਜੇ ਅੰਮ੍ਰਿਤ ਛਕਣ ਦਾ ਚਾਅ ਚੜ੍ਹੇ ਤਾਂ ਪਹਿਲਾਂ ਮਰਨਾ ਕਬੂਲਣਾ ਪਵੇਗਾ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਵਰੋਸਾਏ ਹੋਏ ਅਖੰਡ ਕੀਤਰਨੀ ਜਥੇ ਵਾਲੇ ਅੰਮ੍ਰਿਤ ਦੀ ਵਡਿਆਈ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਾਮ ਬਾਣੀ ਦੀ ਦਾਤ ਦਾ ਪੂਰਾ-ਪੂਰਾ ਭਰੋਸਾ ਰੱਖ ਕੇ ਦ੍ਰਿੜ੍ਹਤਾ ਨਾਲ ਉਹ ਸਿੰਘ ਬਣਾਉਂਦੇ ਹਨ ਜਿਹੜਾ ਗੁਰੂ ਸਾਹਿਬ ਨੇ ਖ਼ਾਲਸਾ ਸਾਜ ਕੇ ਕਿਰਪਾ ਕੀਤੀ ਸੀ; ਪਰ ਅਫ਼ਸੋਸ ਕਿ ਐਸੀ ਕਮਾਲ ਦੀ ਕਿਰਪਾ ਵੀ ਅਸੀਂ ਆਪਣੀ ਆਕੜ, ਵਾਧੂ ਵਡਿਆਈ, ਪ੍ਰਗਟਾਵੇ ਤੇ ਦੂਜਿਆਂ ਨੂੰ ਨੀਵਾਂ ਸਮਝ ਕੇ ਗਵਾ ਦਿੰਦੇ ਹਾਂ । ਸਭ ਨਾਲ ਪਿਆਰ ਕਰਨਾ ਤੇ ਕਿਤੇ ਰਿਹਾ ਅੱਜ ਦੂਸਰੇ ਅੰਮ੍ਰਿਤਧਾਰੀ ਸਿੰਘਾਂ ਨੂੰ ਵੀ ਨੀਵਾਂ ਸਮਝਦੇ ਹਾਂ ।

ਆਉ ਇਕ ਵੇਦਨ ਭਰੀ ਚੀਕ ਮਾਰ ਕੇ ਸਾਹਿਬਾਂ ਅੱਗੇ ਜੋਦੜੀ ਕਰੀਏ, 'ਪਾਤਿਸ਼ਾਹ ਜੀਉ, ਇਸ ਗੁਰਪੁਰਬ 'ਤੇ ਆਪਣੇ ਮਤਹੀਣ ਬੱਚਿਆਂ ਨੂੰ ਪਿਤਾ ਵਾਂਗ ਫਿਰ ਸਮਝਾ ਜਾ, ਤਾਂ ਜੋ ਅਸੀਂ ਇਹ ਜਾਣ ਸਕੀਏ ਕਿ ਅਸੀਂ ਕੌਣ ਹਾਂ, ਕਿਸਦੀ ਔਲਾਦ ਹਾਂ ਤੇ ਸੇਵਾ, ਸਿਮਰਨ ਤੇ ਮਰ ਕੇ ਜੀਣਾ ਸਾਡੀ ਜਾਇਦਾਦ ਹੈ ।

ਮੈਂ ਸਭ ਤੋਂ ਨਿੱਕਾ ਕੀੜਾ ਹਾਂ, ਮੈਨੂੰ ਤੂੰ ਪਾਲਿਆ ਹੈ, ਪਾਲਦਾ ਰਹੀਂ ਹਮੇਸ਼ਾਂ, ਹਮੇਸ਼ਾਂ । ਪਾਲੇਂਗਾ ਨਾ ?'



## ਅੰਮ੍ਰਿਤ
## ਗੁਰੂ ਕਾ ਬਚਨ ਵਸੇ ਜੀ ਨਾਲੇ

ਜਦੋਂ ਭਾਈ ਮਤੀ ਦਾਸ ਦੇ ਤਨ 'ਤੇ ਆਰਾ ਚੱਲਿਆ ਹੋਵੇਗਾ ਤਾਂ ਭਾਈ ਮਤੀ ਦਾਸ ਤਾਂ ਉੱਥੇ ਹੋਵੇਗਾ ਹੀ ਨਹੀਂ, ਉਹ ਤਾਂ ਜੁੜਿਆ ਹੋਵੇਗਾ ਗੁਰੂ ਤੇਗ਼ ਬਹਾਦਰ ਦੇ ਚਰਨਾਂ ਵਿੱਚ ਗੁਰੂ ਦੇ ਬਚਨ ਨੂੰ ਹਿਰਦੇ ਵਿੱਚ ਵਸਾ ਕੇ—ਇਹ ਹੈ ਅੰਮ੍ਰਿਤ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਜੇ ੧੬੯੯ ਵਾਲੀ ਵਿਸਾਖੀ ਵਾਲਾ ਖੰਡੇ ਦਾ ਅੰਮ੍ਰਿਤ ਆਰੰਭ ਕਰਨਾ ਸੀ । ਭਾਈ ਦਇਆਲੇ ਜਦ ਆਪਣਾ ਤਨ ਦੇਗ਼ ਵਿੱਚ ਉਬਲਦਿਆਂ ਦੇਖਿਆ ਹੋਵੇਗਾ ਤਾਂ ਉਸ ਕਿਹਾ ਹੋਵੇਗਾ ਕਿ '**ਮਨ ਨ ਡਿਗੈ ਤਨੁ ਕਾਹੇ ਕਉ ਡਰਾਇ ॥**' ਭਾਵੇਂ ਇਹ ਬੋਲੀ ਕਬੀਰ ਜੀ ਦੀ ਹੈ । ਅੰਮ੍ਰਿਤ ਦਾ ਮਤਲਬ ਹੀ ਇਹ ਹੈ ਕਿ ਮਨ ਜਿਸਮ ਨਾਲੋਂ ਵੱਖਰਾ ਜੀਵੇ ਤੇ ਐਸੇ ਵਿਅਕਤੀ ਕੋਲ ਕੁਝ ਵੀ ਨਾ ਹੋਵੇ ਸਿਵਾਇ ਗੁਰੂ ਦੇ ਬਚਨ ਦੇ ।

## ਅੰਮ੍ਰਿਤ ਦੀ ਖੇਡ

ਓ ਬੇਸ਼ਰਮੋ ! ਸੰਤ ਅਖਵਾਉਣ ਵਾਲਿਓ, ਪਿਆਰ-ਹੀਣ ਸ਼ਸਤਰ ਸਜਾਉਣ ਵਾਲਿਓ, ਭਾਵਨਾ-ਰਹਿਤ ਗੁਰਦੁਆਰਿਆਂ ਦੀਆਂ ਕਮੇਟੀਆਂ ਵਿੱਚ ਵਡਿਆਈ ਦੀ ਭੁੱਖ ਲਈ ਅੰਮ੍ਰਿਤਧਾਰੀ ਸਿੰਘਾਂ ਦੀ ਗਿਣਤੀ ਵਧਾਉਣ ਵਾਲਿਓ, ਵੱਡੇ-ਵੱਡੇ ਤਖ਼ਤਾਂ 'ਤੇ ਲੋਕਾਂ ਨੂੰ ਬੁਲਾ ਕੇ ਅੰਮ੍ਰਿਤ ਛਕਵਾਉਣ ਵਾਲਿਓ, ਪੂਜਾ-ਧਨ ਖਾ ਕੇ ਪਾਗਲ ਹੋ ਜਾਣ ਵਾਲਿਓ, ਪ੍ਰਚਾਰਕੋ ਤੇ ਹੋਰ ਝੂਠ ਦੇ ਅਡੰਬਰ ਵਿੱਚ ਸੱਚ ਨੂੰ ਪਕੜਣ ਵਾਲੇ ਮਾਇਆ ਧਾਰੀਓ, ਜ਼ਰਾ ਮੇਰੀ ਗੱਲ ਸੁਣ ਜਾਓ, ਕਦੇ ਪੁੱਛਿਆ ਜੇ ਗੁਰੂ ਨਾਨਕ ਸਾਹਿਬ ਦੇ ਸਿੱਖ ਭਾਈ ਤਾਰਾ ਨੂੰ ਕਿ ਅੰਮ੍ਰਿਤ ਕੀ ਹੁੰਦਾ ਹੈ, ਉਸ ਬਾਬਰ ਦੇ ਹੁਕਮ ਨਾਲ ਸਾਰੇ ਸ਼ਹਿਰ ਵਿੱਚ ਲਾਈ ਅੱਗ ਨੂੰ ਆਪਣੀ ਮਸ਼ਕ ਨਾਲ ਅੱਗ ਬੁਝਾਉਣ ਬਦਲੇ ਆਪਣੇ ਤਨ ਨੂੰ ਅੱਗ ਵਿੱਚ ਸਾੜਨਾ ਕਬੂਲ ਕੀਤਾ, ਭਾਵੇਂ ੧੬੯੯ ਦੀ ਵਿਸਾਖੀ ਦਾ ਅਦੁੱਤੀ ਅੰਮ੍ਰਿਤ ਅਜੇ ਪੀਣਾ ਸੀ । ਅੰਮ੍ਰਿਤਧਾਰੀ ਦੇ ਸਵਾਲ-ਜਵਾਬ ਸੁਣੋ—

ਹਕੂਮਤ ਦਾ ਸਵਾਲ—ਕਿਸਦੇ ਹੁਕਮ ਨਾਲ ਅੱਗ ਬੁਝਾ ਰਿਹਾ ਏਂ, ਤੈਨੂੰ ਪਤਾ ਨਹੀਂ ਮਰਵਾ ਦਿੱਤਾ ਜਾਏਂਗਾ? ਇਹ ਅੱਗ ਬਾਬਰ ਦੇ ਹੁਕਮ ਨਾਲ ਲਗਾਈ ਗਈ ਹੈ ।

ਭਾਈ ਤਾਰਾ ਦਾ ਜਵਾਬ—ਮੈਂ ਜਾਣਦਾ ਹਾਂ, ਪਰ ਮੈਂ ਉਸ ਦੇ ਹੁਕਮ ਨਾਲ ਬੁਝਾ ਰਿਹਾ ਹਾਂ ਅੱਗ ਜਿਹੜਾ ਨਿਰੰਕਾਰ ਦਾ ਰੂਪ ਹੈ; ਬਾਬਰ ਤਾਂ ਦੁਨੀਆਂ ਦਾ ਬਾਦਸ਼ਾਹ ਹੈ । ਮੈਂ ਗੁਰੂ ਨਾਨਕ ਦਾ ਹੁਕਮ ਵਜਾ ਰਿਹਾ ਹਾਂ । ਮੇਰੇ ਸਰੀਰ ਨੂੰ ਕੀ ਹੋਵੇਗਾ, ਕੋਈ ਪਰਵਾਹ ਹੀ ਨਹੀਂ ਤੇ ਹੁਣ ਆਓ ਵੇਖੀਏ ਕਿ ਅੰਮ੍ਰਿਤ ਦੀ ਦਾਤ ਲੈਣ ਲੱਗਿਆਂ ਭਾਈ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਹੋਰਾਂ ਨੇ **exactly** ਇਹੀ ਸੋਚਿਆ ਹੋਣਾ ਹੈ ਕਿ ਸਾਡੇ ਸਰੀਰ ਨੂੰ ਕੀ ਹੋਵੇਗਾ, ਸਾਨੂੰ ਪਰਵਾਹ ਨਹੀਂ; ਸਾਡਾ ਸਿਰ ਗੁਰੂ ਦੀ ਭੇਟਾ ਹੈ, ਮਨ ਗੁਰੂ ਦੇ ਚਰਨਾਂ ਵਿੱਚ ਅਨੰਦ ਲੈ ਰਿਹਾ ਹੈ । ਇਹ ਹੈ ਅੰਮ੍ਰਿਤ ।

ਹਜ਼ੂਰ ਸਾਹਿਬ ਵਿੱਚ ਵੀ ਅੰਮ੍ਰਿਤ ਨੂੰ ਕੇਵਲ ਪੰਜ ਕਕਾਰਾਂ ਦੀ ਖੇਡ ਬਣਾ ਦਿੱਤਾ ਗਿਆ ਹੈ—ਤੇ ਹੋਰ ਕਿਤੇ ਤਾਂ ਹਾਲ ਸੁਣ ਕੇ ਮਨ ਦੁੱਖ ਨਾਲ ਕਹਿੰਦਾ ਹੈ, ਕਿਉਂ ਪੰਜਾਂ ਪਿਆਰਿਆਂ ਦੀ ਪਵਿੱਤਰ ਕਮਾਈ ਦਾ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਪਵਿੱਤਰ ਅਗਵਾਈ ਦਾ ਮਜ਼ਾਕ ਉਡਾਉਂਦੇ ਹੋ—ਤੇ ਮਜ਼ਾਕ ਉਡਾਉਣ ਵਾਲੇ ਧਰਮੀ ਬੰਦੇ, 'ਸੰਤ', 'ਬਾਬਾ ਜੀ' ਤੇ ਸਭ ਤੋਂ ਵੱਡੀਆਂ ਜਥੇਬੰਦੀਆਂ ਦੇ ਪ੍ਰਧਾਨ, ਸਕੱਤਰ ਜਿਹੜੇ ਆਪਸ ਵਿੱਚ ਹਮੇਸ਼ਾਂ ਲੜਦੇ ਹਨ, ਲੋਕਾਂ ਨੂੰ ਦਿਖਾਉਂਦੇ ਹਨ ਸਾਡੇ ਦਰ ਵਿੱਚ ਇਤਨੇ ਆਦਮੀਆਂ ਨੇ ਅੰਮ੍ਰਿਤ ਛਕਿਆ, ਇਨ੍ਹਾਂ ਪਾਖੰਡ ਦੇ ਵਿਉਪਾਰੀਆਂ ਦਾ ਅੰਮ੍ਰਿਤ ਛਕਣ ਛਕਾਉਣ ਦਾ ਢੰਗ ਸੁਣੋ:

੧. ਜੇ ਪੰਜ ਬਾਣੀਆਂ ਦਾ ਪਾਠ ਨਹੀਂ ਹੁੰਦਾ ਤਾਂ ਕੋਈ ਗੱਲ ਨਹੀਂ ।
੨. ਜੇ ਕਦੇ-ਕਦੇ ਸ਼ਰਾਬ ਪੀਣੋ ਨਹੀਂ ਰੁਕ ਸਕਦੇ ਤਾਂ ਕੋਈ ਗੱਲ ਨਹੀਂ ।
੩. ਇਸ ਜਥੇ ਦਾ ਅੰਮ੍ਰਿਤ ਛਕ ਕੇ ਦੂਜੇ ਸਿੱਖਾਂ ਨਾਲ ਮਿਲ ਕੇ ਆਪਣੀ ਪਵਿੱਤਰਤਾ ਨਹੀਂ ਖ਼ਰਾਬ ਕਰਨੀ ।
੪. ਦਸਵੰਧ ਨਹੀਂ ਕੱਢ ਹੁੰਦਾ ਤਾਂ ਕੋਈ ਗੱਲ ਨਹੀਂ ।
੫. ਮੈਂ ਜਿਹੜਾ ਕੰਨ ਵਿੱਚ ਮੰਤਰ ਦਿੰਦਾ ਹਾਂ ਇਸ ਨੂੰ ਜਪਹੁ ।

ਹਾਲ ਇਹ ਹੈ ਕਿ ਸਿੱਖ ਕੌਮ ਕੋਲ ਪੈਸਾ ਤਾਂ ਅੰਨ੍ਹਾ ਹੈ, ਗੁਰਦੁਆਰੇ ਬਹੁਤ ਹੀ ਤੇ ਵੱਡੇ-ਵੱਡੇ, ਪਰ ਧਰਮ ਹੈ ਹੀ ਨਹੀਂ । ਗੁਰਦੁਆਰਿਆਂ ਵਿੱਚ ਧਰਮ ਦਾ ਨਾਂ ਤਾਂ ਹੈ ਪਰ ਉੱਥੇ ਵੀ ਅੰਮ੍ਰਿਤ ਵਰਗੀ ਸ਼ਾਂਤੀ ਨਹੀਂ, ਆਖਰ ਕਿਉਂ? ਪਰ **Natural** ਹੈ ਕਿ ਜੇ ਆਗੂ ਇਹੋ ਜਿਹੇ ਸਨ ਤਾਂ ਸਿੱਖ ਕਿਹੋ



ਜਿਹੇ ਹੋਣਗੇ । ਬੇਈਮਾਨੀ ਦਾ ਪੈਸਾ ਖਾ ਕੇ, ਮਾਇਆ ਦੀ ਨੌਕਰੀ ਕਰਕੇ ਹੋਰ ਕੀ ਨਿਕਲੇਗਾ?

ਹੁਣ ਤਾਂ ਇਉਂ ਜਾਪਦਾ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਵੱਈਏ ਸਾਡੇ ਸਿੱਖਾਂ ਦਾ ਹਾਲ ਹੀ ਦੱਸਦੇ ਹਨ ।

੧) **ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ।**
੨) **ਏਕ ਰਤੀ ਬਿਨੁ ਏਕ ਰਤੀ ਕੇ ।**
੩) **ਏਕ ਰਤੀ ਬਿਨੁ ਏਕ ਨ ਲੇਖੈ ।**
੪) **ਤਿਆਗਿ ਜਹਾਨੁ ਨਿਦਾਨ ਚਲੈਂਗੇ ।**
੫) **ਲੋਕ ਗਇਓ ਪਰਲੋਕ ਗਵਾਇਓ ।**
੬) **ਬਾਸੁ ਕੀਓ ਬਿਖਿਆਨ ਸੋਂ ਬੈਠ ਕੇ ਐਸੇ ਹੀ ਐਸ ਸੋ ਬੈਸ ਬਿਤਾਇਓ । ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ।**

**ਨਹੀਂ ਤਾਂ**

**ਕੂਰ ਕ੍ਰਿਆ ਉਰਝਿਓ ਸਭ ਹੀ ਜਗੁ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ।**

ਅਫ਼ਸੋਸ, ਖ਼ਾਲਸਾ ਸਾਜਣ ਲਈ ਸਰਬੰਸ ਮਿਟਾ ਕੇ ਤੇ ਮੋਇਆਂ ਹੋਇਆਂ ਵਿੱਚ ਜੀਵਨ ਦੀ ਰੂਹ ਭਰ ਜਾਣ ਵਾਲੇ ਦੀ ਬਾਣੀ ਜਿਹੜੀ ਦੂਜੇ ਪਖੰਡੀਆਂ ਲਈ ਵਰਤੀ ਗਈ ਹੈ, ਉਹ ਸਾਡੇ 'ਤੇ ਢੁੱਕਦੀ ਹੈ ।

ਇਹ ਲੇਖ ਦੋ ਵਜੇ ਸਵੇਰੇ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਦੂਜੇ ਦਿਨ ਲਿਖਿਆ ਜਾ ਰਿਹਾ ਹੈ । ਜਾਗ ਖੁੱਲ੍ਹੀ ਤਾਂ ਬੇਇਖ਼ਤਿਆਰ ਨਿਕਲ ਗਿਆ ਮੂੰਹੋਂ, "**ਮਿਟੀ ਧੁੰਧੁ ਜਗਿ ਚਾਨਣੁ ਹੋਆ**" ਪਰ ਬਿਸਤਰੇ ਤੋਂ ਉੱਠ ਕੇ ਕਲਮ ਲੈ ਕੇ ਬਹਿ ਗਿਆ ਹਾਂ, ਪਾਤਿਸ਼ਾਹ ਹੁਣ ਤਾਂ ਵੱਡੀ ਧੁੰਦ ਛਾਈ ਹੋਈ ਹੈ—ਪੈਸੇ ਦੀ—ਵਡਿਆਈ ਦੀ—ਬੇਈਮਾਨੀ ਦੀ—ਅੰਦਰੋਂ ਹੋਰ, ਬਾਹਰੋਂ ਹੋਰ ਦੀ, ਤੇ ਸਭ ਤੋਂ ਵੱਡੀ ਧੁੰਦ ਅਧਰਮ ਨੂੰ ਧਰਮ ਵਿੱਚ ਪਰਗਟ ਕਰਨ ਦੀ ।

ਮੈਨੂੰ ੯ ਸਾਲ ਹੋਣਗੇ ਅੰਮ੍ਰਿਤ ਛਕਿਆਂ ਅਗਲੇ ਮਹੀਨੇ। ਜਦ ਇਹ ਦਿਹਾੜਾ ਆਉਂਦਾ ਹੈ, ਇਕ ਪਾਸੇ ਤਾਂ ਸ਼ੁਕਰ-ਸ਼ੁਕਰ ਨਿਕਲਦਾ ਹੈ ਤੇ ਦੂਜੇ ਪਾਸੇ ਥਰ-ਥਰ ਕੰਬਦਾ ਹਾਂ । ਸ਼ੁਕਰ ਇਸ ਲਈ ਕਿ ਨਾਲੀ ਵਿੱਚ ਰੁਲਦਾ ਪਿਆ ਸਾਂ, ਚੁੱਕ ਕੇ ਆਪੇ ਹੀ ਅੰਮ੍ਰਿਤ ਪਿਲਾ ਦਿੱਤਾ ਤੂੰ, ਤਾਂ ਮੇਰਾ ਸਭ ਕੁਝ ਕੱਜਿਆ

ਗਿਆ । ਡਰ ਇਸ ਲਈ ਕਿ ਜੋ ਅੰਮ੍ਰਿਤ ਦੇ ਨਾਂ ਹੇਠ ਹੋ ਰਿਹਾ ਹੈ ਮੇਰੀ ਨਿੱਕੀ ਜਿਹੀ ਜਾਨ ਨੂੰ ਕਿਤੇ ਮਾਇਆ ਦੀ ਲਪੇਟ ਵਿੱਚ ਲੈ ਕੇ ਤੇਰੇ ਤੋਂ ਬੇਮੁੱਖ ਨਾ ਕਰ ਦੇਵੇ । ਵੱਡੇ-ਵੱਡੇ ਅੰਮ੍ਰਿਤਧਾਰੀ ਪ੍ਰਚਾਰਕ, ਰਾਗੀ ਜੱਥੇ, ਪ੍ਰੈਜ਼ੀਡੈਂਟ, ਸਕੱਤਰ ਤੇ ਵੱਡੇ-ਵੱਡੇ ਸਿੰਘ ਅਖਵਾਉਣ ਵਾਲੇ ਨਿੱਕੇ-ਨਿੱਕੇ ਲਾਲਚਾਂ ਵਿੱਚ, ਨਿੱਕੇ-ਨਿੱਕੇ ਭਰਮਾਂ ਵਿੱਚ, ਨਿੱਕੇ-ਨਿੱਕੇ ਸਿਆਪਿਆਂ ਵਿੱਚ ਪਾ ਕੇ, ਬਾਹਰੋਂ ਤਾਂ ਪੰਜ ਕਕਾਰ ਰੱਖ ਰਹੇ ਹਨ ਪਰ ਤੇਰੀ ਸੁੱਚਤਾ ਗਵਾ ਬੈਠੇ ਹਨ । ਹੁਣ ਤਾਂ ਅੱਖਾਂ ਸੁੱਕ ਜਾਂਦੀਆਂ ਹਨ ਇਸ ਰੀਝ ਵਿੱਚ ਕਿ ਕਦੇ ਤੇਰਾ ਕੋਈ ਉਹ ਸਿੱਖ ਮਿਲੇ ਜਿਹੜਾ ਅੰਮ੍ਰਿਤ ਛਕਣ ਦਾ ਮਤਲਬ ਨੀਂਹਾਂ ਵਿੱਚ ਚਿਣਵਾਏ ਜਾਣਾ ਦੱਸੇ ।

**ਜਿਨ੍ਹਾਂ ਅਜੇ ਅੰਮ੍ਰਿਤ ਨਹੀਂ ਛਕਿਆ ਉਹ ਇਕ ਅੰਮ੍ਰਿਤਧਾਰੀ ਸਿੰਘ ਦਾ ਸਾਥ ਕਰਕੇ ਜਦ ਹੇਠਲੀਆਂ ਗੱਲਾਂ ਦੱਸਦੇ ਹਨ ਤਾਂ ਮੈਂ ਅੰਮ੍ਰਿਤ ਛਕ ਕੇ ਵੀ ਮਹਿਸੂਸ ਕਰਦਾ ਹਾਂ ਕਿ ਮੈਂ ਕੁਝ ਨਹੀਂ ਸਿੱਖਿਆ ।**

੧) ਦੁਕਾਨਦਾਰ ਬੱਚਾ ਘੱਟ ਤੋਲਣਾ ਬੰਦ ਕਰਕੇ ਤੋਬਾ ਕਰਦਾ ਹੈ, ਅੱਗੋਂ ਨਹੀਂ ਕਰਾਂਗਾ ।

੨) ਸੁਨਾਰ ਬੱਚਾ ਕਹਿੰਦਾ ਹੈ ਮੈਂ ਆਪਣੀ ਮਜ਼ਦੂਰੀ ਤੇ ਸ਼ਾਕਰ ਚਾਹਵਾਂਗਾ, ਸੋਨੇ ਦਾ ਖੋਟ ਨਹੀਂ ਕਰਾਂਗਾ ।

੩) ਇਕ ਅਮੀਰ ਵੱਡੀ ਦੁਕਾਨ ਵਾਲਾ ਬੱਚਾ ਕਹਿੰਦਾ ਹੈ ਦੁਕਾਨ 'ਤੇ ਬੇਈਮਾਨੀ ਹੁੰਦੀ ਹੈ ਤੇ ਮੈਂ ਦੁਕਾਨ ਨਹੀਂ ਕਰਾਂਗਾ, ਨਿੱਕੀ ਜਿਹੀ ਸੁੱਚਤਾ ਦੀ ਨੌਕਰੀ ਕਰਾਂਗਾ ।

੪) ਇਕ ਡਾਕਟਰ ਕੁੜੀ ਕਹਿੰਦੀ ਹੈ ਅੱਗੇ ਐਵੇਂ ਟੀਕਾ ਲਾ ਕੇ ਪੈਸੇ ਬਟੋਰਦੀ ਸਾਂ, ਹੁਣ ਇੰਝ ਨਹੀਂ ਕਰਾਂਗੀ ।

੫) ਇਕ ਸਕੂਲ ਪੜ੍ਹਾਈ ਬੱਚੀ ਕਹਿੰਦੀ ਹੈ—ਸਿੱਖ—**TRUE REAL SIKH**—ਬਣ ਸਕਾਂ ਭਾਵੇਂ ਖਾਣ ਨੂੰ ਮਿਲੇ ਜਾਂ ਨਾ ।

ਇਹ ਜੇ ਅੰਮ੍ਰਿਤ ਦਾ ਪ੍ਰਭਾਵ। ਕਾਸ਼! ਮੈਨੂੰ ਅੰਮ੍ਰਿਤਧਾਰੀ ਜਾਣ ਕੇ ਲੋਕੀਂ ਅੰਮ੍ਰਿਤ ਦੀ **Significance** ਜਾਣਦੇ; ਪਰ ਮੈਂ ਕੜਾਹ ਖਾਣ ਵਾਲਾ, ਸੰਤ ਅਖਵਾਉਣ ਵਾਲਾ ਬੇਈਮਾਨ ਹਾਂ ਜਿਸ ਅੰਮ੍ਰਿਤ ਛਕ ਕੇ ਪੰਜਾਂ ਚੋਰਾਂ ਦੀ ਯਾਰੀ ਕੀਤੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਉੱਤਲੇ ਬੱਚਿਆਂ ਦੀਆਂ ਮਿਸਾਲਾਂ ਕੇਵਲ ਸਿੱਖ ਬੱਚਿਆਂ ਦੀਆਂ ਨਹੀਂ—ਤੇ ਨਾ ਹਨ ਪੰਜਾਬੀਆਂ ਦੀਆਂ ।

**ਇਹ ਹਿੰਦੂ ਸਿੱਖ ਹਨ ਕਈ ਵੱਖੋ-ਵੱਖ ਪ੍ਰਾਂਤਾਂ ਦੇ ।**



## ਅੰਮ੍ਰਿਤ ਦੀਆਂ ਲਿਸ਼ਕਾਂ

ਅੰਮ੍ਰਿਤ ਇਕ ਖਿਡੌਣਾ ਨਹੀਂ, ਇਹ ਤਾਂ ਸਿਰਧੜ ਦੀ ਬਾਜ਼ੀ ਹੈ । ਇਸ ਦਾ ਮਤਲਬ ਹੈ ਕਿ **from now oh, I don't exist, only my Guru exists**, ਦੂਜੇ ਲਫ਼ਜ਼ਾਂ ਵਿੱਚ ਜਿਵੇਂ ਭਗਤ ਰਵਿਦਾਸ ਨੇ ਕਿਹਾ ਸੀ, **"ਜਬ ਹਮ ਹੋਤੇ ਤਬ ਤੂੰ ਨਾਹੀ ਅਬ ਤੂੰ ਹੀ ਮੈਂ ਨਾਹੀ"**, ਮਤਲਬ ਇਹ ਕਿ ਜਦ ਅੰਮ੍ਰਿਤ ਨਹੀਂ ਸੀ ਛਕਿਆ ਤਾਂ ਮੈਂ ਕੁਛ ਹੁੰਦਾ ਸੀ, ਹੁਣ ਅੰਮ੍ਰਿਤ ਛਕਣ ਬਾਅਦ 'ਮੈਂ' ਗੁਰੂ ਨੂੰ ਵੇਚ ਦਿੱਤੀ । ਐਸਾ ਬੰਦਾ ਸੁਭਾਵਿਕ ਹੀ ਇਹ ਲੱਛਣ ਪੈਦਾ ਕਰੇਗਾ :

੧) ਉਹ ਹਰ ਵੇਲੇ ਗੁਰੂ ਦੀ ਹਜ਼ੂਰੀ ਵਿੱਚ ਰਹਿ ਕੇ ਕੇਵਲ ਆਪਣੇ ਆਪ ਨੂੰ ਹੀ ਖੋਜੇਗਾ, ਲੋਕਾਂ ਦੇ ਨੁਕਸ ਨਹੀਂ ਕੱਢੇਗਾ; ਸਗੋਂ ਲੋਕਾਂ ਦੀਆਂ ਕਮਜ਼ੋਰੀਆਂ ਦੇਖ ਕੇ ਸਾਹਿਬ ਅੱਗੇ ਰਹਿਮਤ ਲਈ ਅਰਦਾਸ ਕਰੇਗਾ; ਇਹ ਸੋਚਕੇ, ਸਾਹਿਬ ! ਮੈਂ ਵੀ ਤਾਂ ਇਹੋ ਜਿਹਾ ਸਾਂ, ਤੂੰ ਆਪ ਉਠਾਇਆ ਸੀ ।

੨) ਉਸਦੀ ਹਜ਼ੂਰੀ ਦਾ ਪ੍ਰਤੀਕ ਹੋਵੇਗਾ ਸਵਾਸ-ਸਵਾਸ ਨਾਮ ਗੁਰੂ ਦਾ ਬਚਨ, ਉਹਦੇ ਹਿਰਦੇ ਨਾਲ ਚਿਮਟਿਆ ਹੋਵੇਗਾ ।

੩) ਉਸ ਦੀ ਬੋਲੀ ਮਿੱਠੀ, ਸੁਖਦਾਈ, ਪ੍ਰੇਮ ਭਰੀ ਹੋਵੇਗੀ ਤੇ ਉਹਦਾ ਮੱਥਾ ਹਮੇਸ਼ਾ ਖਿੜਿਆ ਹੋਇਆ ਹੋਵੇਗਾ ।

੪) ਉਹ ਹਮੇਸ਼ਾਂ ਪ੍ਰਭੂ ਦੀ ਰਜ਼ਾ ਵਿੱਚ ਰਹੇਗਾ, ਕੁਝ ਮੰਗੇਗਾ ਨਹੀਂ; ਜੋ ਪ੍ਰਭੂ ਕਰੇਗਾ ਉਸ ਵਿੱਚ ਸ਼ਾਕਰ ਰਹੇਗਾ, ਆਸ਼ਾ-ਨਿਰਾਸ਼ਾ ਤੋਂ ਰਹਿਤ, ਖੁਸ਼ੀ-ਗ਼ਮੀ ਤੋਂ ਰਹਿਤ, ਉਹ ਸਭ ਦਾ ਮਿੱਤਰ ਬਣ ਕੇ ਰਹੇਗਾ ।

੫) ਸਭ ਦੀ ਚਰਨ-ਧੂੜ ਬਣ ਕੇ ਰਹੇਗਾ, ਪਰ ਗੁਰਮਤਿ 'ਤੇ ਚੱਲ ਕੇ ਸੱਚ ਤੋਂ ਕਦੇ ਨਹੀਂ ਥਿੜਕੇਗਾ; ਭਾਵੇਂ ਆਰਿਆਂ ਨਾਲ ਚੀਰਿਆ ਜਾਏ, ਭਾਵੇਂ ਚਰਖੜੀਆਂ 'ਤੇ ਚੜ੍ਹ ਜਾਏ—ਹਾਂ, ਉਹ ਨਫ਼ਰਤ ਕਿਸੇ ਨਾਲ ਨਹੀਂ ਕਰੇਗਾ, ਨਿਰਵੈਰ ਰਹੇਗਾ ।

੬) ਉਹ ਸਾਰੇ ਗੁਣ ਹੁੰਦਿਆਂ ਹੋਇਆਂ ਵੀ ਇਕ ਨਿਮਾਣਾ ਜਿਹਾ ਬੰਦਾ ਬਣਕੇ ਰਹੇਗਾ ਤੇ ਸਭ ਵਡਿਆਈਆਂ ਗੁਰੂ ਜੀ ਨੂੰ ਅਰਪਣ ਕਰ ਦੇਵੇਗਾ । ਕਦੇ ਮਾਣ ਵਿੱਚ ਨਹੀਂ ਆਵੇਗਾ ।

੭) ਪਰਾਈ ਇਸਤਰੀ ਨੂੰ ਮਾਂ, ਧੀ, ਭੈਣ, ਸਮਝ ਕੇ ਸਭ ਨਾਲ ਪ੍ਰੇਮ

ਦੀ ਤਾਰ ਬੰਨ੍ਹ ਕੇ ਗੁਰੂ ਦੇ ਰਾਹ 'ਤੇ ਪਵੇਗਾ ਪਰ ਆਪ ਉਸਤਤ ਨਿੰਦਿਆ ਦੇ ਅਸਰ ਹੇਠ ਨਹੀਂ ਆਵੇਗਾ ।

੮) ਲੋਭ-ਲਾਲਚ, ਚੁਗ਼ਲੀ, ਨਿੰਦਾ, ਈਰਖਾ, ਦਵੈਸ਼ ਉਸ ਤੋਂ ਕਈ ਮੀਲ ਦੂਰ ਰਹਿਣਗੇ ਤੇ ਪੰਜੇ ਚੋਰ ਉਸਦਾ ਪਾਣੀ ਭਰਨਗੇ ।

੯) ਉਹ ਹਰ ਵੇਲੇ ਧਿਆਨ ਰੱਖੇਗਾ ਕਿ ਮੇਰੇ ਕਿਸੇ ਬੋਲ ਨਾਲ, ਮੇਰੇ ਕਿਸੇ ਕੰਮ ਨਾਲ, ਮੈਂ ਆਪਣੇ ਗੁਰੂ ਦੀ ਕਦਰ ਤਾਂ ਨਹੀਂ ਘਟਾ ਰਿਹਾ । ਉਹ ਸਾਰੇ ਧਰਮਾਂ ਨਾਲ ਪਿਆਰ ਕਰੇਗਾ (ਯਾਦ ਰੱਖੀਏ ਜਿਹੜਾ ਦੂਜੇ ਦੇ ਧਰਮ ਨੂੰ ਮਾੜਾ ਕਹੇ ਬਗੈਰ ਆਪਣੇ ਧਰਮ ਨੂੰ ਚੰਗਾ ਨਹੀਂ ਕਹਿ ਸਕਦਾ ਉਹ **Certainly** ਆਪਣੇ ਧਰਮ ਦੀ ਵੀ ਨਿਖੇਧੀ ਕਰ ਰਿਹਾ ਹੈ । ਧਰਮ ਇਕੋ ਹੈ, ਸੱਚ ਦਾ, ਕੋਈ ਕਮਾ ਲਵੇ) ।

੧੦. ਫਿਰ ਉਹ ਮਰਜੀਵਾ ਰਾਮ ਕਸਵੱਟੀ 'ਤੇ ਚੱਲਦਾ ਹੋਇਆ ਸੂਰਬੀਰ ਜ਼ੁਲਮ ਵਿਰੁੱਧ ਲੜੇਗਾ ਪਰ ਆਪ ਹਮੇਸ਼ਾਂ ਨੀਵਾਂ ਸਦਾਵੇਗਾ ।

ਕਦੇ ਵੇਖਿਆ ਜੇ ਇਹੋ ਜਿਹਾ ਅੰਮ੍ਰਿਤਧਾਰੀ ਸਿੱਖ ! ਜ਼ਰੂਰ ਹੋਵੇਗਾ ਗੁਰੂ ਚਰਨਾਂ ਵਿੱਚ ਜੁੜਿਆ ਹੋਇਆ ਕੋਈ ਵਿਰਲਾ; ਪਰ ਚਾਹੀਦਾ ਤਾਂ ਸੀ ਕਿ ੧੦੦ ਪ੍ਰਤੀਸ਼ਤ ਨਹੀਂ ਤਾਂ ੮੦ ਪ੍ਰਤੀਸ਼ਤ ਘੱਟ ਤੋਂ ਘੱਟ ।

ਕੇਵਲ ਉਨ੍ਹਾਂ ਨੂੰ ਹੀ ਅੰਮ੍ਰਿਤਧਾਰੀ ਸਮਝਿਆ ਜਾਂਦਾ ਹੈ ਜਿਹੜੇ ਗੁਰੂ ਗੋਬਿੰਦ ਸਿੰਘ ਦੀ ਖ਼ਾਲਸਾ ਜਥੇਬੰਦੀ ਦਾ **Syllabus** ਸਮਝ ਕੇ ਪੜ੍ਹਾਈ ਕਰਨ ਲਈ ਤਿਆਰ ਹੁੰਦੇ ।

## ਅੰਮ੍ਰਿਤਧਾਰੀ ਸਿੰਘਾਂ ਦਾ ਪ੍ਰਭਾਵ

ਫਿਰ ਲੋੜ ਨਹੀਂ ਸੀ ਪੈਣੀ ਕਹਿਣ ਦੀ ਹੋਕੇ ਮਾਰ ਕੇ—ਅੰਮ੍ਰਿਤ ਛਕੋ, ਅੰਮ੍ਰਿਤ ਛਕੋ—ਗੁਰੂ ਦੇ ਨਹੀਂ ਬਣ ਸਕੋਗੇ ਜੇ ਅੰਮ੍ਰਿਤ ਨਹੀਂ ਛਕਿਆ, ਸਗੋਂ ਲੋਕੀਂ ਆਪ ਭੱਜਦੇ ਆਉਂਦੇ—ਮੈਨੂੰ ਅੰਮ੍ਰਿਤ ਛਕਾਓ! ਮੈਂ ਵੀ ਇਨਸਾਨ ਬਣਾਂ । ਮੇਰੇ ਨਾਲ ਦਾ ਅੰਮ੍ਰਿਤਧਾਰੀ ਹੈ, ਉਹ ਤਾਂ ਦੇਵਤਾ ਬਣ ਗਿਆ ਹੈ ।

ਦੂਰੋਂ ਸੱਦੇ ਆਉਂਦੇ ਪਰ ਛਕਾਉਣ ਵਾਲੇ ਝੂਠੇ, ਛਕਣ ਵਾਲੇ ਹੋਰ ਝੂਠੇ ਤੇ ਝੂਠੇ ਦਾ ਮੇਲ ਤਾਇਦਾਦ ਤਾਂ ਵਧਾ ਸਕਦਾ ਹੈ ਪਰ ਸੱਚ ਪੈਦਾ ਨਹੀਂ ਕਰ ਸਕਦਾ । ਕੁਝ ਗੱਲਾਂ ਮੈਂ ਸੁਣੀਆਂ ਹਨ ਇਹੋ ਜਿਹੇ ਸਿੰਘ ਦੀਆਂ, ਆਪ ਨਾਲ ਸਾਂਝੀਆਂ ਕਰਨ ਲੱਗਾ ਹਾਂ । ਮੈਨੂੰ ਤਾਂ ਦਰਸ਼ਨ ਨਹੀਂ ਹੋਣੇ ਕਿਉਂਕਿ ਉਹ ਸਿੰਘਤਾ ਮਰ ਚੁੱਕੀ ਹੈ; ਪਰ ਜਿਸ ਅੱਖੀਂ ਵੇਖੀਆਂ ਹਨ ਉਸ ਮੈਨੂੰ ਕਿਹਾ



ਸੀ ਕਿ ਅੰਮ੍ਰਿਤ ਛਕਣਾ ਹੋਵੇ ਤਾਂ ਉਹੋ ਜਿਹੀ ਮਿਹਰ ਦੀ ਅਰਦਾਸ ਕਰਕੇ ਛਕਣਾ ਚਾਹੀਦਾ ਹੈ ।

## ਪੰਜ ਮਿਸਾਲਾਂ

੧) ਇਕ ਵਿਦੇਸ਼ੀ ਮੁਲਕ ਹੈ, ਜਿੱਥੇ ਨਾ ਸਿੱਖ ਰਹਿੰਦੇ ਹਨ ਤੇ ਨਾ ਕੋਈ ਸਿੱਖਾਂ ਦਾ ਗੁਰਦੁਆਰਾ ਹੈ; ਇਕ ਬੁੱਢੀ ਮਾਂ ਹੈ ੯੪ ਸਾਲਾਂ ਦੀ, ਇਕੱਲੀ ਰਹਿੰਦੀ ਹੈ ਤੇ ਇਹ ਸਿੱਖ ਉਸ ਸ਼ਹਿਰ ਵਿੱਚ ਕੁਝ ਮਹੀਨੇ ਰਹਿਣ ਆਇਆ ਹੈ **Business** ਲਈ । ਮਾਤਾ ਈਸਾਈ ਹੈ, ਉਸ ਕਦੇ ਸਿੱਖ ਨਹੀਂ ਵੇਖਿਆ । ਉਸ ਨੂੰ ਪਤਾ ਹੀ ਨਹੀਂ ਸਿੱਖ ਕੀ ਹੁੰਦਾ ਹੈ । ਸਿੱਖ ਪੰਜੇ ਕਕਾਰ ਸਜਾ ਕੇ ਵਿਚਰਦਾ ਹੈ ਤੇ ਮਾਤਾ ਨੂੰ ਹਮੇਸ਼ਾਂ ਨਾਮ ਜਪਾਉਂਦਾ ਹੈ, ਉਹਦੀ ਆਪਣੀ ਬੋਲੀ ਤੇ ਆਪਣੇ ਧਰਮ ਵਿੱਚ, ਸੇਵਾ ਕਰਦਾ ਹੈ ਗੁਰੂ ਨਾਨਕ ਨੂੰ ਯਾਦ ਕਰਕੇ ! ਮਾਤਾ ਕਹਿੰਦੀ ਹੈ—ਓ ਮੇਰੇ ਸਿੱਖ ਬੱਚਿਆ! ਤੂੰ ਮੇਰਾ ਪਰਮਾਤਮਾ ਵਿੱਚ ਵਿਸ਼ਵਾਸ ਮੁੜ ਕਾਇਮ ਕੀਤਾ ਹੈ । ਸਦਕੇ ਤੇਰੇ ਗੁਰੂ ਨਾਨਕ ਤੋਂ । "ਨਾਨਕ" ਨੂੰ—'ਨੂੰ ਨਾਨਕ' ਕਹਿੰਦੀ ਹੈ ।

**Pronunciation** ਨਹੀਂ ਆਉਂਦਾ, ਪਰ ਚਿਹਰੇ 'ਤੇ ਖੇੜਾ ਹੈ—ਸਿੱਖ ਪੁੱਤਰ ਤੇ ਈਸਾਈ ਮਾਤਾ—(ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਅੰਮ੍ਰਿਤ—**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ**)।

੨) ਦੱਖਣੀ ਭਾਰਤ ਦਾ ਇਕ ਸ਼ਹਿਰ ਹੈ, ਉੱਥੇ ਕਦੇ ਟਾਵਾਂ-ਟਾਵਾਂ ਸਿੱਖ ਹੀ ਆਉਂਦਾ ਹੈ, ਉਹ ਵੀ ਇਲਾਜ ਕਰਾਉਣ । ਇਕ ਵੱਡਾ ਈਸਾਈਆਂ ਦਾ ਹਸਪਤਾਲ ਹੈ । ਗੁਰਦੁਆਰਾ ਕੋਈ ਨਹੀਂ । ਅੰਮ੍ਰਿਤਧਾਰੀ ਸਿੰਘ ਰਾਤ ਦੀ ਗਿਰਜੇ ਦੀ **Mess** ਵਿੱਚ ਜਾਂਦਾ ਹੈ ਤੇ ਰੋ ਰੋ ਕੇ ਕਹਿੰਦਾ ਹੈ, ਸਾਹਿਬਾ ਤੂੰ ਇਕੋ ਇਕ ਤਾਂ ਹੈ, **Christ** ਹੋਵੇ, ਭਾਵੇਂ ਗੁਰੂ ਗੋਬਿੰਦ ਸਿੰਘ ਹੋਵੇ, ਮੈਨੂੰ ਇਨਸਾਨੀਅਤ ਸਿਖਾ । ਦਾਤ ਖਸਮ ਦੀ ਪੂਰੀ ਹੋਈ । ਕੁਝ ਦਿਨਾਂ ਬਾਅਦ ਜਦ ਇਕ ਆਂਧਰਾ-ਪ੍ਰਦੇਸ਼ ਦੀ ੧੬-੧੭ ਸਾਲ ਦੀ ਬੱਚੀ ਆਪਣਾ ਇਲਾਜ ਕਰਾ ਕੇ ਜਾਣ ਲੱਗਦੀ ਹੈ ਤਾਂ ਉਸ ਅੰਮ੍ਰਿਤਧਾਰੀ ਸਿੰਘ ਦੇ ਸਾਹਮਣੇ ਖਲੋ ਕੇ ਤੇ ਉਸ ਦੇ ਚਰਨ ਪਕੜ ਕੇ ਮੁੜ ਉਹਦੇ ਚਿਹਰੇ, ਦਾਹੜੀ ਤੇ ਪਗੜੀ 'ਤੇ ਹੱਥ ਫੇਰ ਕੇ ਕਹਿੰਦੀ ਹੈ, ਆਪਣੀ ਬੋਲੀ ਵਿੱਚ

ਇਉਂ;

"ਮੇਰੇ ਪਿਆਰੇ ਪਿਤਾ! ਤੂੰ ਇੱਥੇ ਨਾ ਹੁੰਦਾ ਤਾਂ ਮੈਂ ਤਾਂ ਰੁਲ ਕੇ ਮਰ ਜਾਂਦੀ । ਤੇਰੇ ਕਰਕੇ ਇਹ ਹਸਪਤਾਲ ਮੇਰੇ ਲਈ ਮੰਦਰ ਬਣਿਆ ਰਿਹਾ, ਹੁਣ ਆਸ਼ੀਰਵਾਦ ਦੇ ਮੈਂ ਜਾਵਾਂ ਤੇ ਪ੍ਰਭੂ ਨੂੰ ਯਾਦ ਕਰਾਂ।" ਸਿੰਘ ਨੇ ਪਿਆਰ ਕੀਤਾ, ਅੱਥਰੂ ਭਰ ਆਏ—ਕਿਹਾ, "ਧੰਨ ਗੁਰੂ ਗੋਬਿੰਦ ਸਿੰਘ, ਧੰਨ ਗੁਰੂ ਗੋਬਿੰਦ ਸਿੰਘ—ਮੈਨੂੰ ਸਿਖਾਉਣ ਵਾਲਿਆ! ਤੇਰੇ ਤੋਂ ਸਦਕੇ ।"

੩) ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਿੱਲੀ ਵਿੱਚ ਅਸਥਾਨ 'ਤੇ ਅੰਮ੍ਰਿਤਧਾਰੀ ਸਿੰਘ ਨੇ ਪਹਿਲੀ ਵਾਰ ਇਕ ਮਦਰਾਸੀ ਨੇਤ੍ਰਹੀਣ ਬੱਚੀ ਦਾ ਪਿਆਰ ਨਾਲ ਹੱਥ ਪਕੜ ਕੇ ਕਿਹਾ, "ਬੇਟੇ! ਪ੍ਰਭੂ ਕਹਾਂ ਹੈ।" ਤਾਂ ਉਹ ਬੱਚੀ ਕਹਿਣ ਲੱਗੀ, "ਮੈਨੇ ਐਸਾ ਪ੍ਰਭੂ ਕਾ ਪਿਆਰ ਜਤਾਨੇ ਵਾਲਾ ਔਰ ਐਸਾ ਪ੍ਰਭੂ ਕੇ ਪਿਆਰ ਕੋ ਮੇਰੇ ਮੇਂ ਭਰ ਦੇਨੇ ਵਾਲਾ ਕਭੀ ਨਹੀਂ ਦੇਖਾ।"

ਇਸੇ ਤਰ੍ਹਾਂ ਇਕ ਯੂ.ਪੀ. ਦੇ ਪਿੰਡ ਦੇ ਰਹਿਣ ਵਾਲੇ ਮਹਾਂਪੁਰਸ਼ ਨੇ ਜਦ ਉਸ ਸਿੰਘ ਨਾਲ ਮੇਲ ਕੀਤਾ ਤਾਂ ਉਸ ਨਾਲ ਚਮੁਟ ਕੇ ਗੁਰੂ ਦੀਆਂ ਸਿਫ਼ਤਾਂ ਵਿੱਚ ਹੀ ਸਮਾਂ ਬਿਤਾਉਣ ਲੱਗਾ ।

੪) ਅੰਮ੍ਰਿਤਧਾਰੀ ਇਕ ਪਿੰਡ ਦੁਕਾਨ ਖੋਲ੍ਹ ਕੇ ਬਹਿ ਗਿਆ । ਕੋਈ ਸਿੱਖ ਉੱਥੇ ਨਹੀਂ ਸੀ ਰਹਿੰਦਾ ਤੇ ਨਾ ਹੀ ਲੋਕਾਂ ਨੂੰ ਸਿੱਖਾਂ ਬਾਰੇ ਕੁਝ ਪਤਾ ਸੀ । ਉਸ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਘਰ ਕੀਤਾ ਤੇ ਕੁਝ ਚਿਰ ਬਾਅਦ ਇਕ ਪੱਕਾ ਸਾਥੀ ਸਵੇਰੇ ਸਾਢੇ ਚਾਰ ਵਜੇ ਅੰਮ੍ਰਿਤ ਵੇਲੇ ਕੀਰਤਨ ਕਰਨ ਵਾਲਾ ਲੱਭ ਗਿਆ ਤੇ ਉਹ ਸੀ ਉਸ ਪਿੰਡ ਦਾ ਇਕ **Family** ਡਾਕਟਰ ਤੇ ਉਹਦੀ ਪਤਨੀ । ਡਾਕਟਰ ਜੇ ਕਿਸੇ ਹੋਰ ਕੰਮ ਕਾਰਨ ਨਾ ਆ ਸਕਦਾ ਤਾਂ ਉਸਦੀ ਪਤਨੀ ਆਪਣੇ ਸਿੱਖ ਪਿਤਾ ਨਾਲ ਆਪਣੇ ਸਾਹਿਬਾਂ ਦੀ ਸਿਫ਼ਤ-ਸਲਾਹ, ਬਗੈਰ ਲੋਕ-ਲਾਜ ਦੇ ਤੇ ਰੰਗ ਵਿੱਚ ਕਰਦੀ । ਇਕ ਦਿਨ ਉਸ ਆਪਣੇ ਪਿਤਾ ਨੂੰ ਕਿਹਾ—'ਪਾਪਾ! ਤੁਮ ਨੇ ਤੋ ਭਗਵਾਨ ਕੀ ਅਸਲੀ ਪੂਜਾ ਮੁਝੇ ਸਿਖਾਈ ਹੈ । ਹਮ ਤੋ ਪਤਾ ਹੈ ਸਿੱਖ ਕੋ ਕਿਆ ਸਮਝਤੇ ਥੇ? ਵੋਹ ਤੋ ਹਮ ਕੋ ਲੜਕੀਓਂ ਕੋ ਉਠਾਨੇ ਵਾਲਾ ਸਮਝਤੇ



ਥੇ, ਚੋਰੀ ਡਾਕੇ ਮਾਰਨ ਵਾਲਾ।'

੫) ਇਕ ਗ਼ਰੀਬਾਂ, ਦੁਖੀਆਂ, ਬਿਮਾਰਾਂ ਦੀ ਕਾਲੋਨੀ ਹੈ, ਉੱਥੇ ਅੰਮ੍ਰਿਤਧਾਰੀ ਸਿੰਘ ਦਾ ਜਿਹੜਾ ਇਕੋ ਇਕ ਹੈ—ਕੰਮ ਹੈ ਇਹ ਕਹਿਣਾ—ਪਿਆਰਿਓ! ਸਰੀਰ ਨੇ ਤਾਂ ਢੇਰੀ ਹੋ ਹੀ ਜਾਣਾ ਹੈ । ਪਰ ਮਨ ਨੂੰ ਪ੍ਰਭੂ ਦੇ ਚਰਨਾਂ ਵਿੱਚ ਲਾ ਕੇ ਸਵਾਸ-ਸਵਾਸ ਨਾਮ ਜਪਿਆ ਕਰੋ, ਆਪਣੇ ਧਰਮ ਵਿੱਚ ਅੱਲ੍ਹਾ, ਰਾਮ, ਕ੍ਰਿਸ਼ਨ, ਓਮ, ਜੋ ਵੀ ਕਹਿੰਦੇ ਹੋ ਪਰ ੨੪ ਘੰਟੇ ਜਪਿਆ ਕਰੋ । ਜਦ ਨਾਮਦੇਵ, ਰਵਿਦਾਸ, ਕਬੀਰ ਨੇ ਨਾਮ ਜਪਿਆ ਤਾਂ ਅਹੰਕਾਰੀ ਬ੍ਰਾਹਮਣ ਵੀ ਉਨ੍ਹਾਂ ਦੇ ਆਣ ਪੈਰੀਂ ਪਏ । ਸਿੰਘ ਨੇ ਇਕ ਦਿਨ ਪੜ੍ਹੇ-ਲਿਖੇ ਮਰੀਜ਼ ਨੂੰ ਕਿਹਾ—

"ਮੈਂ ਭੀ ਮੂਰਖ ਹੂੰ—ਨਾਮ ਨਹੀਂ ਜਪਤਾ, ਆਪ ਮੇਰੇ ਕੋ ਸਿਖਾਓ", ਪਰ ਉਸ ਜਵਾਬ ਦਿੱਤਾ (ਤੇ ਇਹ ਜਵਾਬ ਜਦੋਂ ਮੈਨੂੰ ਕਿਸੇ ਦੱਸਿਆ, ਮੈਂ ਉਸ ਸਿੱਖ ਦੇ ਚਰਨਾਂ ਨੂੰ ਲਪਟ ਗਿਆ)।

"ਅਰੇ ਕਮਾਲ ਹੈ, ਹਮ ਤੋ ਆਪ ਕੀ ਬੋਲੀ, ਆਪ ਕੀ ਬਾਤੇਂ, ਔਰ ਆਪ ਕਾ ਜੀਵਨ ਜੀਨੇ ਕਾ ਤਰੀਕਾ ਦੇਖ ਕਰ ਤੋ ਅਪਨੇ ਜੀਵਨ ਮੇਂ ਪ੍ਰੀਵਰਤਨ ਕਰਨੇ ਕੀ ਕੋਸ਼ਿਸ਼ ਮੇਂ ਹੈਂ ਔਰ ਆਪ ਹਮ ਕੋ ਕਹਿਤੇ ਹੋ ਕੁਛ ਸਿਖਾਏਂ।"

## ਸਾਡਾ ਫ਼ਰਜ਼ ਕੀ ਹੈ ?

ਜਦ ਮੈਂ ਇਹ ਲਿਸ਼ਕਾਂ ਸੁਣੀਆਂ, ਮੇਰੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ । ਮੈਂ ਸਮਝ ਬੈਠਾ ਸਾਂ ਕਿ ਪੰਜ ਕਕਾਰ ਹੋ ਗਏ ਤਾਂ ਅੰਮ੍ਰਿਤ ਹੋ ਗਿਆ; ਪਰ ਹੁਣ ਤੋਂ ਇਹ ਖ਼ਾਹਿਸ਼ ਪੈਦਾ ਹੋਈ ਕਿ ਉਸ ਸਿੰਘ ਵਾਂਗ ਅੰਮ੍ਰਿਤਧਾਰੀ ਬਣਾਂ । ਦਰਸ਼ਨ ਤਾਂ ਕਰ ਨਹੀਂ ਸਕਦਾ, ਉਹ ਸਿੰਘ ਤਾਂ ਚਲਾਣਾ ਕਰ ਗਿਆ ਹੈ, ਪਰ ਜਿਸ ਮੈਨੂੰ ਗੱਲਾਂ ਦੱਸੀਆਂ ਉਸ ਨਾਲ ਰਲ ਕੇ ਹੁਣ ਇਕ ਚਾਅ ਉਪਜਿਆ ਹੈ ਕਿ ਅੰਮ੍ਰਿਤਧਾਰੀ ਹੋਵੇ ਤਾਂ ਇਹੋ ਜਿਹਾ ਤੇ ਸਾਹਿਬਾ ਮੈਨੂੰ ਇਹੋ ਜਿਹਾ ਬਣਾ ।

ਮੇਰਾ ਅੰਮ੍ਰਿਤ ਦਿਹਾੜਾ ਤਾਂ ਮਹਾਨ ਪਵਿੱਤਰਤਾ ਵਾਲਾ ਸੀ । ਉਸ ਦਿਨ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਤੇ **Christ** ਦੋਵਾਂ ਦਾ ਜਨਮ ਦਿਨ ਸੀ **25-12-71** ਨੂੰ—ਤੇ ਮੈਨੂੰ ਅਸੀਸਾਂ ਦੇਣ ਲਈ ਸਾਰੀ ਦੁਨੀਆਂ ਦੇ

ਧਾਰਮਿਕ ਆਗੂ ਮੇਰੇ ਨਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ "**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ**" ਵਿੱਚੋਂ ਬੋਲ ਰਹੇ ਸਨ । ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਧਰਮ ਤੇ ਸਾਰੇ ਭਗਤ ਗੁਰੂ ਸਾਹਿਬਾਂ ਨਾਲ ਰਲ ਕੇ ਮੈਨੂੰ ਤਿਆਰ ਕਰ ਰਹੇ ਸਨ ।

ਹੁਣ ਫਿਰ ਆ ਗਿਆ ਹਾਂ ਉਹ ਘੜੀਆਂ ਯਾਦ ਕਰਨ । ਇਉਂ ਜਾਪਦਾ ਹੈ ਮੇਰਾ ਕੋਈ ਹੈ ਹੀ ਨਹੀਂ । ਇਸ ਲਈ ਕਹਿੰਦਾ ਹਾਂ ਗੁਰੂ ਨਾਨਕ ਸਾਹਿਬ ਮਹਾਰਾਜ, ਮੇਰੇ ਸਿਰ 'ਤੇ ਉਸੇ ਤਰ੍ਹਾਂ ਹੱਥ ਰੱਖ ਦੇ ਜਿਵੇਂ ਭਾਈ ਲਾਲੋ 'ਤੇ ਰੱਖਿਆ ਸੀ, ਗੁਰੂ ਅੰਗਦ ਸਾਹਿਬ ਮਹਾਰਾਜ ਮੈਨੂੰ ਉਹ ਸਿਦਕ ਸਿਖਾ ਜਿਹੜਾ ਤੂੰ ਭਾਈ ਲਹਿਣਾ ਬਣ ਕੇ ਸਿੱਖਿਆ ਸੀ । ਗੁਰੂ ਅਮਰਦਾਸ ਸਾਹਿਬ! ਮੈਨੂੰ ਉਹੀ ਸੇਵਾ ਸਿਖਾ ਜਿਸ ਵਿੱਚ ਕੁੜਮਾਚਾਰੀ ਭੁੱਲ ਗਿਆ ਸੈਂ । ਗੁਰੂ ਰਾਮਦਾਸ ਮਹਾਰਾਜ! ਉਹੀ ਮੰਗ ਸਿਖਾ ਜਿਹੜੀ ਜਵਾਈ ਬਣ ਕੇ ਤੂੰ ਮੰਗੀ ਸੀ । ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ, ਮੈਨੂੰ ਉਹ ਠੰਢ ਪਾ ਜਿਹੜੀ ਤੱਤੀਆਂ ਤਵੀਆਂ 'ਤੇ ਬਹਿ ਕੇ ਤੂੰ ਪਾਈ ਸੀ, ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਮੈਨੂੰ ਉਹ ਦ੍ਰਿੜ੍ਹਤਾ ਸਿਖਾ ਜਿਸ ਨੂੰ ਅਮੀਰੀ ਤੋੜ ਨਾ ਸਕੇ ਤੇ ਫ਼ਕੀਰੀ ਨੂੰ ਸੁਕਾ ਨਾ ਸਕੇ । ਗੁਰੂ ਹਰਿ ਰਾਇ ਸਾਹਿਬ ਮੈਨੂੰ ਉਸੇ ਤਰ੍ਹਾਂ ਮੋਹ ਦੇ ਚਿੱਕੜ 'ਚੋਂ ਕੱਢ, ਆਪਣੇ ਬੱਚਿਆਂ ਦੇ ਜਿਵੇਂ ਤੂੰ ਆਪਣੇ ਪੁੱਤਰ ਨੂੰ ਮੂੰਹ ਲਾਉਣੋ ਨਾਂਹ ਕਰ ਦਿੱਤੀ ਸੀ । ਗੁਰੂ ਹਰਿਕ੍ਰਿਸ਼ਨ ਸਾਹਿਬ ਸੱਚੇ ਪਾਤਿਸ਼ਾਹ ਮੇਰੇ ਵਿੱਚ ਉਹ ਪਿਆਰ ਭਰਦੇ ਆਪਣੇ ਨਾਮ ਦਾ ਸਦਕਾ ਜਿਸ ਨਾਲ ਸਭ ਦੇ ਦੁੱਖ ਦੂਰ ਕਰ ਸਕਾਂ, ਗੁਰੂ ਤੇਗ਼ ਬਹਾਦਰ ਸਾਹਿਬ ਮਹਾਰਾਜ ਮੇਰੇ ਤੇ ਉਹੀ ਕਿਰਪਾ ਕਰ ਜਿਹੜੀ ਤੂੰ ਆਪ ਆਪਣੇ ਸਿਰ ਨਾਲ ਨਿਭਾਈ ਸੀ, ਮਜ਼ਲੂਮਾਂ ਦੁਖੀਆਂ ਲਈ ਮੈਂ ਵੀ ਆਪਣੀ ਜਾਨ 'ਤੇ ਖੇਡ ਕੇ ਉਨ੍ਹਾਂ ਦਾ ਯਾਰ ਬਣ ਜਾਵਾਂ । ਗੁਰੂ ਗੋਬਿੰਦ ਸਿੰਘ ਮਹਾਰਾਜ! ਮੈਨੂੰ ਉਹੀ ਦਾਤਾਂ ਦਿਓ ਜਿਹੜੀਆਂ ਮੇਰੇ ਵੀਰਾਂ ਨੂੰ ਦਿੱਤੀਆਂ ਗਈਆਂ ਸਨ—ਸਾਹਿਬ ਅਜੀਤ ਸਿੰਘ ਜੁਝਾਰ ਸਿੰਘ, ਜ਼ੋਰਾਵਰ ਤੇ ਫ਼ਤਹਿ ਸਿੰਘ ਜੀ ਨੂੰ, ਗੁਰੂ ਗ੍ਰੰਥ ਸਾਹਿਬ ਮਹਾਰਾਜ ਮੇਰੇ ਤੇ ਉਸ ਇਕਸਾਰਤਾ, ਸਾਂਝੀਵਾਲਤਾ ਦੀ ਬਖ਼ਸ਼ਿਸ਼ ਕਰ ਜਿਹੜੀ ਤੂੰ ਆਪਣੇ ਅੰਦਰ ਨਮਾਜ਼ਾਂ ਪੜ੍ਹਾਉਣ ਲਈ ਪੂਜਾ ਕਰਾਉਣ ਲਈ ਤੇ ਹੋਰ ਸਭ ਧਰਮਾਂ ਦੇ ਰੰਗ ਬਰੰਗ ਲੈ ਕੇ ਬੈਠਾ ਹੈਂ ਕੇਵਲ ਇਕ ਸੁਚਤਾ ਭਰੇ ਸੱਚ ਦੇ ਆਸਰੇ । ਮੇਰੇ ਵਿੱਚ ਉਹੀ ਸੱਚ ਭਰਦੇ । ਲਿਲ੍ਹਕਾਂ ਲੈਂਦਾ ਹਾਂ, ਜੋਦੜੀਆਂ ਕਰਦਾ ਹਾਂ, ਚਮੁਟਦਾ ਹਾਂ, ਮੱਥਾ ਰਗੜਦਾ ਹਾਂ। ਇਸ ਲਈ ਨਹੀਂ ਕਿ ਤੇਰੀ ਰਹਿਮਤ



'ਤੇ ਯਕੀਨ ਨਹੀਂ, ਸਗੋਂ ਇਸ ਲਈ ਕਿ ਮੈਨੂੰ ਆਪਣੀ ਦ੍ਰਿੜ੍ਹਤਾ 'ਤੇ ਯਕੀਨ ਨਹੀਂ । ਹੋਰ ਡਰ ਗਿਆ ਹਾਂ ਕਿਉਂਕਿ ਸਾਰੇ ਦੇ ਸਾਰੇ ਧਰਮ ਦੇ ਅੱਡੇ ਅੰਦਰੋਂ ਹੋਰ ਬਾਹਰੋਂ ਹੋਰ ਬਣੀ ਜਾ ਰਹੇ ਹਨ । ਪ੍ਰਚਾਰਕ ਮਿੱਠੇ, ਪਰ ਅੰਦਰੋਂ ਝੂਠੇ ਬਣ ਗਏ ਹਨ । ਰਾਗੀ ਜਥੇ ਮਾਇਆ ਦੇ ਰੰਗ ਵਿੱਚ ਰੰਗੇ ਗਏ ਹਨ । ਧਾਰਮਿਕ ਜਥੇਬੰਦੀਆਂ ਇੱਟਾਂ ਦੇ ਖੁਦਾ ਦੇ ਘਰ ਬਣਾਈ ਜਾ ਰਹੀਆਂ ਹਨ ਪਰ ਇਨਸਾਨੀਅਤ ਦੇ ਮੰਦਰ ਢਾਈ ਜਾ ਰਹੀਆਂ ਹਨ ।

ਕਦੇ ਕਿਸੇ ਪ੍ਰਚਾਰਕ ਦੀਆਂ ਗੱਲਾਂ ਵਿੱਚ ਤੇਰੇ ਚਰਨਾਂ ਦੀ ਝਲਕ ਪੈਂਦੀ ਹੈ ਤਾਂ ਨੇੜੇ ਜਾਂਦਾ ਹਾਂ ਉਹਦੇ ਚਰਨ ਘੁੱਟ ਕੇ ਪਕੜਨ ਲਈ; ਵੇਖਦਾ ਹਾਂ, ਉਹ ਤਾਂ ਐਵੈਂ ਮੈਨੂੰ ਭਰਮਾਉਣ ਲਈ ਸਹਾਰਾ ਹੀ ਸਨ । ਕਿਸੇ ਰਾਗੀ ਜਥੇ 'ਚੋਂ ਸੁਰ ਨਿਕਲਦੀ ਹੈ ਦਰਦ ਦੀ, ਕੋਲ ਹੁੰਦਾ ਹਾਂ ਤਾਂ ਤੱਕਦਾ ਹਾਂ ਇਹ ਤਾਂ ਮਾਇਆ ਲਈ ਅਪੀਲ ਹੈ ਸ਼ਬਦ ਦੀ ਸ਼ਕਲ ਵਿੱਚ । ਕਦੇ ਕਿਸੇ ਲੈਕਚਰਾਰ 'ਚੋਂ ਖ਼ੁਸ਼ਬੂ ਆਉਂਦੀ ਹੈ ਪ੍ਰੇਮ ਦੀ ਤਾਂ ਹੋਰ ਖ਼ੁਸ਼ਬੂ ਲੈਣ ਲਈ ਅੱਗੇ ਹੁੰਦਾ ਹਾਂ ਤਾਂ **Scene** ਉਹੀ ਆ ਜਾਂਦਾ ਹੈ ਪਾਂਡਿਆਂ ਦਾ, ਬਨਾਰਸ ਦੇ ਠੱਗਾਂ ਦਾ, ਬਾਹਰੋਂ ਮਿੱਠੇ ਤੇ ਅੰਦਰੋਂ ਕੌੜਿਆਂ ਦਾ; ਹੁਣ ਡਰ ਲੱਗਦਾ ਹੈ ਕਿ ਜੇ ਇਹ ਸਭ, ਤੇਰੀ ਰਹਿਮਤ ਦਾ ਅੰਮ੍ਰਿਤ ਪੀ ਕੇ ਆਪਣੇ ਹੱਥਾਂ ਨੂੰ ਖਿਸਕਾ ਕੇ ਜ਼ਮੀਨ 'ਤੇ ਗਿਰਾਈ ਜਾ ਰਹੇ ਹਨ ਤਾਂ ਮੈਂ ਕਿਵੇਂ ਬਚ ਸਕਦਾ ਹਾਂ? ਲੈ ਵਾਸਤਾ, ਵਾਸਤਾ ਈ ਉਸ ਘੜੀ ਦਾ ਜਦ ਤੂੰ ਮੇਰੇ ਨਾਲ ਨਾਤਾ ਜੋੜਿਆ ਸੀ, ਵਾਸਤਾ ਈ ਉਸੇ ਪਿਆਰ ਦਾ ਜਿਹੜਾ ਤੂੰ ਗ਼ੰਦਗੀ ਭਰੇ ਕੁੱਤੇ ਨਾਲ ਪਾਇਆ ਸੀ, ਵਾਸਤਾ ਈ ਉਸ ਪਵਿੱਤਰਤਾ ਦਾ ਜਿਹੜੀ ਸਰਹੰਦ ਦੀਆਂ ਨੀਂਹਾਂ ਵਿੱਚੋਂ ਨਿਕਲੀ ਸੀ, ਤੇ ਵਾਸਤਾ ਈ ਉਸ ਸਦ ਦਾ ਜਿਹੜੀ ਮਾਛੀਵਾੜੇ ਦੇ ਜੰਗਲਾਂ 'ਚੋਂ ਤੇਰੇ ਮੂੰਹੋਂ ਨਿਕਲੀ ਸੀ—ਸਬਰ ਵਾਲਾ ਖੇੜਾ ਬਖ਼ਸ਼ੀ ਰੱਖੀਂ । ਚਮਕੌਰ ਦੇ ਮੈਦਾਨਾਂ ਦਾ ਰੰਗ ਬਖ਼ਸ਼ੀਂ । ਮੈਂ ਤਾਂ ਹਾਂ ਹੀ ਭੁੱਲਣਹਾਰ, ਗੁਨਾਹਗਾਰ; ਪਰ ਹੁਣ ਤੇਰਾ ਅਖਵਾਉਣ ਲੱਗ ਪਿਆ ਹਾਂ ਤੇ ਤੂੰ ਇਤਨੇ ਸਾਲ ਆਖਣ ਵਾਲਿਆਂ ਨੂੰ ਮਨ੍ਹਾ ਨਹੀਂ ਕੀਤਾ ਕਿ ਇਹ ਮੇਰਾ ਨਹੀਂ ਜੇ; ਸਗੋਂ ਹੋਰ ਕਈ ਬੱਚੇ ਮੇਰੇ ਨਾਲ ਚਮੋੜ ਦਿੱਤੇ ਹਨ । ਹੁਣ ਡਰ ਜਾਂਦਾ ਹਾਂ ਕਿਤੇ ਮੇਰੀਆਂ ਭੁੱਲਾਂ ਕਰਕੇ ਤੇਰੇ ਵੱਲ ਕੋਈ ਉਂਗਲ ਨਾ ਉਠਾ ਦੇਵੇ । ਪੜ੍ਹਦੇ ਹਾਂ "ਆ ਸਓਂ ਸੇਜੜੀ ਕੰਤਾ—ਵਿਛੜਿਆ ਰਿਹਾ ਦੂਜੇ ਭਾਉ" ਵਿੱਚ ਤੇ ਹਉਮੈਂ ਰੋਗ ਵਿੱਚ—ਹੋਸ਼ ਦਿਵਾਈ ਹੈ ਤਾਂ ਹੋਸ਼ ਕਾਇਮ ਰੱਖੀਂ । ਤੇਰੇ ਰਾਹ 'ਤੇ **9** ਸਾਲ ਦਾ ਕੀ **100** ਸਾਲ ਦਾ ਵੀ ਬੱਚਾ ਹੀ ਹੈ—ਤੇ ਮੈਂ ਤਾਂ ਹੋਇਆ ਹੀ ਅੱਲ੍ਹੜ, ਮੁਗਧ,

ਅਣਜਾਣ, ਪਾਪੀ, ਹਰਾਮਖ਼ੋਰ, ਮੇਰੇ ਪਰਦੇ ਢੱਕੀ ਰੱਖੀਂ । ਮੈਨੂੰ ਬੇਸ਼ੱਕ ਮਾੜਾ ਆਖਣ ਲੋਕੀਂ, ਪਰ ਕੋਈ ਇਹ ਨਾ ਕਹਿ ਸਕੇ ਕਿ ਉਹ ਅੰਮ੍ਰਿਤ ਛਕ ਕੇ ਵੀ ਇਹੋ ਜਿਹਾ ਹੈ । ਆਪਣਾ ਬਣਾਇਆ ਈ ਲੱਗੀਆਂ ਤੋੜ ਨਿਭਾਈਂ, ਭਾਵੇਂ ਸੂਲੀ 'ਤੇ ਚੜ੍ਹਾਈਂ ਭਾਵੇਂ ਬੰਦ-ਬੰਦ ਕਟਵਾਈਂ, ਤੂੰ ਕਰ ਸਕਦਾ ਹੈਂ ਮੈਂ ਕੁਝ ਵੀ ਨਹੀਂ ਕਰ ਸਕਦਾ; ਪਰ ਮੈਨੂੰ ਚਾਅ ਚੜ੍ਹਦਾ ਹੈ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੋਣ ਦਾ ਅਖਵਾਉਣ ਦਾ ਨਹੀਂ ।

ਮੇਰੇ ਵਿੱਚ ਉਹ ਗੁਣ ਭਰ ਦੇ ਜਿਹੜੇ ਖ਼ਾਲਸਾ ਵਿੱਚ ਹੋਣੇ ਚਾਹੀਦੇ ਹਨ ਤੇ ਉਹ ਸੱਚ ਭਰਦੇ ਜਿਹੜੇ ਆਪਣੇ ਆਪ ਕਿਸੇ ਜ਼ਾਲਮ ਦੀ ਨਜ਼ਰ ਚੜ੍ਹ ਕੇ ਤਲਵਾਰ ਨਾਲ ਚੀਰੇ ਜਾਣ ਦੀ **Invitation** ਦੇਂਦੇ ਹਨ; ਪਰ ਉਹ ਤਲਵਾਰ ਮੇਰੇ ਸਰੀਰ 'ਤੇ ਮੇਰੇ ਸਿਰ ਨੂੰ ਕੱਟ ਕੇ ਵੀ ਉਸ ਸੱਚ ਨੂੰ ਕੱਟ ਸਕੇ। ਮੰਗਦਾ ਹਾਂ ਉਹ ਕੁਝ ਜਿਹੜਾ ਤੂੰ ਆਪ ਲਿਖਾਇਆ ਹੈ । ਤੂੰ ਪੁੱਤਰ ਹੈਂ ਅਕਾਲ ਪੁਰਖ ਦਾ, ਮੈਂ ਪੁੱਤਰ ਹਾਂ ਤੇਰਾ—ਤੋੜ ਪਹੁੰਚਾਵਹੁ ਦਾਤੇ ।



# ਅੰਮ੍ਰਿਤ ਸੁਖ ਦਾ ਸੋਮਾ ਤੇ ਜ਼ੁਲਮ ਵਿਰੁੱਧ ਲਲਕਾਰ

**(ਮੂਲ ਅੰਗਰੇਜ਼ੀ ਲੇਖ ਦਾ ਪੰਜਾਬੀ ਰੂਪਾਂਤਰ)**

**-ਭਗਵੰਤ ਸਿੰਘ ਦਲਾਵਰੀ**

ਇਹ ਲੇਖ ਉਹਨਾਂ ਅਤਿ ਪਿਆਰੇ ਮਹਾਨ ਪੰਜ ਪਿਆਰਿਆਂ ਨੂੰ ਸਮਰਪਿਤ ਹੈ ਜਿਹਨਾਂ ਨੇ ਗੁਰੂ ਲਈ ਸਿਰ ਦੇਣਾ ਕਬੂਲ ਕੇ ੧੬੯੯ ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਅੰਮ੍ਰਿਤ ਛਕਣ ਦੇ ਆਪਣੇ ਆਪ ਨੂੰ ਯੋਗ ਸਾਬਤ ਕੀਤਾ ਸੀ । ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੋਹਕਮ ਸਿੰਘ ਹਮੇਸ਼ਾਂ-ਹਮੇਸ਼ਾਂ ਲਈ ਮੇਰੇ ਆਦਰਸ਼ ਰਹਿਣਗੇ । ਕੇਵਲ ਉਹਨਾਂ ਦੇ ਮਹਾਨ ਕਾਰਨਾਮਿਆਂ ਕਾਰਨ ਹੀ ਨਹੀਂ ਵਰਨਾ ਉਸ ਸਿੱਖਿਆ ਲਈ ਵੀ ਜੋ ਉਹਨਾਂ ਆਪਣੇ ਜੀਵਨ, ਆਪਣੀ ਮੌਤ ਤੇ ਆਪਣੇ ਕਿਰਦਾਰ ਰਾਹੀਂ ਸਾਡੇ ਸਾਹਮਣੇ ਪੇਸ਼ ਕੀਤੀ । ਇਹ ਭੇਂਟ ਗੁਰੂ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਵੀ ਸਮਰਪਿਤ ਹੈ ਜਿਹਨਾਂ ਨੇ ਜ਼ੁਲਮ ਦੇ ਖ਼ਿਲਾਫ਼ ਨਿਰੰਤਰ ਸੰਘਰਸ਼ ਦੁਆਰਾ ਆਪਣੇ ਪਿਤਾ, ਆਪਣੇ ਦਾਦਾ ਤੇ ਫਿਰ ਆਪਣੀਆਂ ਕੁਰਬਾਨੀਆਂ 'ਤੇ ਮੋਹਰ ਲਗਾਈ । ਅਖ਼ੀਰ ਵਿੱਚ ਇਹ ਲਿਖਤ ਮੇਰੀਆਂ ਉਹਨਾਂ ਮਾਤਾਵਾਂ-ਭੈਣਾਂ ਨੂੰ—ਜਿਹਨਾਂ ਧਰਮ ਦੀ ਖ਼ਾਤਰ ਆਪਣੇ ਬੱਚਿਆਂ ਨੂੰ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿੱਚ ਪੁਆਇਆ, ਗਲਾਂ ਵਿੱਚ ਹਾਰ ਪੁਆਏ ਪਰ ਰਾਜਸੀ ਜ਼ੁਲਮ ਅੱਗੇ ਨਹੀਂ ਝੁਕੀਆਂ—ਤੇ ਮੇਰੇ ਉਹਨਾਂ ਵੀਰਾਂ ਤੇ ਬਜ਼ੁਰਗਾਂ ਨੂੰ ਵੀ ਸਮਰਪਿਤ ਹੈ ਜਿਨ੍ਹਾਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ, ਨੀਂਹਾਂ ਵਿੱਚ ਚਿਣਿਆ ਗਿਆ, ਦੇਗ਼ਾਂ ਵਿੱਚ ਉਬਾਲਿਆ ਗਿਆ, ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ ।

ਅੰਮ੍ਰਿਤ ਕੀ ਹੁੰਦਾ ਹੈ? ਮੇਰੀ ਮਤੇ, ਇਹ ਉਹਨਾਂ ਦਾ ਜੀਵਨ ਦੱਸਦਾ ਹੈ ਜਿਨ੍ਹਾਂ ਨੂੰ ਇਹ ਲੇਖ ਸਮਰਪਿਤ ਹੈ—ਤੇ ਜੇਕਰ ਕੋਈ ਵੀ ਸੱਚ ਲਈ ਮੌਤ ਦੀ ਤਿਆਰੀ ਬਗੈਰ 'ਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ 'ਤੇ ਆਪਣੀ ਜ਼ਿੰਦਗੀ ਢਾਲਣ ਦੀ ਰਜ਼ਾਮੰਦੀ ਬਗੈਰ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਛਕਣ ਲਈ ਖ਼ੁਦ ਨੂੰ ਪੇਸ਼ ਕਰਦਾ ਹੈ, ਉਹ ਜਾਣ ਲਵੇ ਕਿ ਉਸ ਨੂੰ ਪਤਾ ਹੀ ਨਹੀਂ ਕਿ ਅੰਮ੍ਰਿਤ ਕੀ ਹੁੰਦਾ ਹੈ?

ਅੰਮ੍ਰਿਤ ਵੇਲਾ, ਅੰਮ੍ਰਿਤਧਾਰੀ ਸਿੰਘ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ ਤੇ ਉਹਦੇ ਪੰਜ ਕਕਾਰ ਇਹ ਦੁਹਾਈ ਦੇ ਰਹੇ ਹਨ ਕਿ ਅਮਲੀ ਤੌਰ 'ਤੇ ਸੱਚ, ਪਿਆਰ, ਸੇਵਾ ਔਰ ਸਿਮਰਨ ਉਸਦੀ ਜ਼ਿੰਦਗੀ ਹੋਣਗੇ । ਇਤਨੀ ਦ੍ਰਿੜ੍ਹਤਾ ਤੋਂ ਘੱਟ ਕੋਈ ਸੱਚਾ ਅੰਮ੍ਰਿਤਧਾਰੀ ਨਹੀਂ ਹੋ ਸਕਦਾ, ਕਿਉਂਕਿ ਸਾਡੇ

ਗੁਰੂਆਂ ਨੇ ਪੂਰੇ ਸਮਰਪਣ—ਮਨ, ਤਨ ਤੇ ਧਨ—ਦੀ ਮੰਗ ਕੀਤੀ ਹੈ । ਹੁਣ ਇਕ ਸਾਲ ਬਚਿਆ ਹੈ ਖ਼ਾਲਸਾ ਪੰਥ ਦੀ ਸਾਜਨਾ ਦੀ ੩੦੦ਵੀਂ ਵਰ੍ਹੇ ਗੰਢ ਤੋਂ, ਪਤਾ ਨਹੀਂ "ਸਾਰੀ ਕੌਮ ਨੂੰ ਅਪ੍ਰੈਲ ੧੯੯੯ ਤੀਕਰ ਅੰਮ੍ਰਿਤਧਾਰੀ ਬਣਾਉਣ" ਦੀ ਮੁਹਿੰਮ ਕਿਤਨੀ ਸਿਰੇ ਚੜ੍ਹੇਗੀ; ਪਰ ਇਸ ਗੱਲ ਦਾ ਮੈਨੂੰ ਯਕੀਨ ਹੈ ਕਿ ਜੇਕਰ ਅੰਮ੍ਰਿਤਧਾਰੀ ਸਿੰਘ ਇਹ ਚੰਗੀ ਤਰ੍ਹਾਂ ਜਾਣ ਲੈਣ ਕਿ ਉਹਨਾਂ ਦਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ, ਸਾਨੂੰ ਕਦੇ ਵੀ ਕੋਈ ਵੀ ਡਰਾ ਨਹੀਂ ਸਕਦਾ, ਧਮਕਾ ਨਹੀਂ ਸਕਦਾ । ਅੰਮ੍ਰਿਤ ਛਕਣ ਦਾ ਮਤਲਬ ਕੇਵਲ ਪੰਜ ਕਕਾਰ ਸਜਾ ਲੈਣਾ ਹੀ ਨਹੀਂ ਵਰਨਾ ਇਹ ਵੀ ਹੈ ਕਿ ਹੁਣ ਅੰਮ੍ਰਿਤਧਾਰੀ ਸਿੰਘ ਦੇ ਜੀਵਨ ਦਾ ਅਧਾਰ ਗੁਰੂ ਦੇ ਹੁਕਮ ਹੋਣਗੇ । ਕੁਝ ਉਦਾਹਰਣ—

**ਮਰਣੈ ਕੀ ਚਿੰਤਾ ਨਹੀ ਜੀਵਨ ਕੀ ਨਹੀ ਆਸ ॥**

(ਅੰਗ ੨੦)

**—ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**

(ਅੰਗ ੧੧੦੨)

**—ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥**
**ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥**

(ਅੰਗ ੨੫੫)

ਜਦੋਂ ਤੋਂ, ਜਲੰਧਰ ਰੇਡੀਓ ਰਾਹੀਂ ਹਰਿਮੰਦਰ ਸਾਹਿਬ ਦਾ ਕੀਰਤਨ ਅੰਮ੍ਰਿਤ ਵੇਲੇ ਆਉਣਾ ਸ਼ੁਰੂ ਹੋਇਆ ਹੈ, ਮੈਂ ਕਿਤੇ ਵੀ ਹੋਵਾਂ ਜਪੁ ਜੀ ਸਾਹਿਬ ਵਿੱਚ ਅੰਕਿਤ "**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ**" ਦੇ ਅਨੰਦ ਦਾ ਅਨੁਭਵ ਕੀਤਾ ਹੈ, ਉਸਦਾ ਰੰਗ ਮਾਣਿਆ ਹੈ ਤੇ ਹੋਰਾਂ ਨਾਲ ਵੰਡਿਆ ਹੈ । ਮੈਨੂੰ ਪਤਾ ਨਹੀਂ ਕਿ ਅੰਮ੍ਰਿਤਧਾਰੀ ਸਿੰਘ ਛਕ ਕੇ, ਪੰਜ ਕਕਾਰ ਸਜਾ ਕੇ ਤੇ ਅੰਮ੍ਰਿਤ ਸੰਚਾਰ ਵੇਲੇ ਦੱਸੇ ਜਾਣ ਦੇ ਬਾਵਜੂਦ ਵੀ ਇਹ ਯਾਦ ਰੱਖਣਾ ਹੈ ਕਿ ਬਾਹਰਲੇ ਕਕਾਰ ਸਾਨੂੰ ਖ਼ਾਲਸਾ ਰੂਪ ਬਖ਼ਸ਼ਦੇ ਹਨ ਤਾਂ ਜੋ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਖ਼ਾਸ ਰੂਪ ਬਣ ਸਕੀਏ । ਇਹ ਵੀ ਨਹੀਂ ਪਤਾ ਮੈਨੂੰ ਕਿ ਅੰਮ੍ਰਿਤਧਾਰੀ ਸਿੰਘਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਹੈ ਕਿ ਸਾਡੇ ਬਾਹਰਲੇ ਸਰੂਪ ਤੇ ਹਰ ਵੇਲੇ ਗੁਰੂ ਜੀ ਦੀ ਨਜ਼ਰ ਹੈ, ਇਹ ਜਾਣਨ ਲਈ ਕਿ ਕੀ ਸਾਡੀ ਅੰਦਰਲੀ ਰਹਿਤ, ਸੁੱਚਤਾ, ਆਚਾਰ ਤੇ ਵਿਚਾਰ, ਪੰਜਾਂ



ਕਕਾਰਾਂ ਦੀ ਸੁੱਚਤਾ ਦੇ ਪ੍ਰਤੀਕ ਬਣ ਰਹੇ ਹਨ? ਜੇ ਹੈ ਤਾਂ ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਅਨੁਸਾਰ ਅਸੀਂ ਗੁਰੂ ਦੇ ਪਿਆਰੇ ਹਾਂ; ਪਰ ਜੇ ਨਹੀਂ ਤਾਂ ਗੁਰੂ ਸਾਹਿਬ ਅਨੁਸਾਰ ਅਸੀਂ ਉਹਨਾਂ ਦੀ ਕਿਰਪਾ ਦੇ ਪਾਤਰ ਨਹੀਂ ਬਣ ਸਕਦੇ:

**"ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ"**

ਕੀ ਇਹ ਕਮਾਲ ਨਹੀਂ ਕਿ ਅੰਮ੍ਰਿਤ ਦਾ ਦਾਤਾ ਤਾਂ ਗੁਰੂ ਗੋਬਿੰਦ ਸਿੰਘ ਹੋਵੇ, ਪਰ ੧੬੭੫ ਤੀਕਰ ਪਹਿਲੇ ਨੌਂ ਗੁਰੂ ਸਾਹਿਬਾਨਾਂ ਨੇ ਵੀ ਸਾਨੂੰ ਉਹੀ ਸਬਕ ਪੜ੍ਹਾਇਆ ਸੀ ਜੋ ਦਸਵੇਂ ਪਾਤਿਸ਼ਾਹ ਨੇ ੧੬੯੯ ਨੂੰ ਸਿਖਾਇਆ । ਇਹ ਪੜ੍ਹਾਈ ਸ਼ੁਰੂ ਹੋਈ ਸੀ ਗੁਰੂ ਨਾਨਕ ਦੇਵ ਜੀ ਦੇ ਇਸ ਆਦੇਸ਼ ਨਾਲ—

**"ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥" (ਅੰ: ੧੪੧੨)**

ਗੁਰੂ ਅਰਜਨ ਦੇਵ ਜੀ ਨੇ ਆਪਣੀ ਕਥਨੀ ਤੇ ਕਰਨੀ ਦੁਆਰਾ ਇਹਨਾਂ ਬਚਨਾਂ ਨੂੰ ਨਿਭਾਇਆ । ਗੁਰੂ ਤੇਗ਼ ਬਹਾਦਰ ਜੀ ਨੇ ਮੁੜ ਇਨ੍ਹਾਂ ਨੂੰ ਪੱਕਿਆਂ ਕੀਤਾ ਤੇ ਗੋਬਿੰਦ ਨੇ (ਗੁਰੂ ਬਣਨ ਤੋਂ ਪਹਿਲਾਂ ਹੀ) ਇਹ ਦ੍ਰਿੜ੍ਹ ਕਰਾਇਆ ਕਿ ਉਹ ਇਸ ਸ਼ਬਦ ਨੂੰ ਚੰਗੀ ਤਰ੍ਹਾਂ ਸਿੱਖ ਗਏ ਹਨ ਜਦੋਂ ਉਹਨਾਂ ਪਿਤਾ-ਗੁਰੂ ਨੂੰ ਕਸ਼ਮੀਰੀ ਪੰਡਤਾਂ ਦੀ ਖ਼ਾਤਰ ਸ਼ਹੀਦ ਹੋਣ ਲਈ ਕਿਹਾ । ਉਸ ਤੋਂ ਬਾਅਦ ਤਾਂ ਸ਼ਹੀਦੀਆਂ ਦੀ ਝੜੀ ਲੱਗ ਗਈ ।

ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅੰਮ੍ਰਿਤ ਕੇਵਲ ਸ਼ਹਾਦਤ ਤੇ ਮਰਨ ਲਈ ਤਿਆਰੀ ਹੀ ਨਹੀਂ, ਇਹ ਤਾਂ ਸਾਜੇ ਗੁਰੂਆਂ ਦਾ ਸਾਰੀ ਮਨੁੱਖਤਾ ਨੂੰ ਕਲਾਵੇ ਵਿੱਚ ਲੈਣ ਵਾਲਾ ਸੱਚ ਤੇ ਪਿਆਰ ਹੈ । ਸਿੱਖੀ ਵਿਚਾਰਧਾਰਾ ਦੇ ਪ੍ਰਤੀਕ ਗੁਰੂ ਗ੍ਰੰਥ ਸਾਹਿਬ (ਖ਼ੁਦ ਗੁਰੂ ਗੋਬਿੰਦ ਸਿੰਘ ਦੁਆਰਾ ਥਾਪੇ ਸਦੀਵੀ ਗੁਰੂ) ਵਾਰ-ਵਾਰ ਉਪਦੇਸ਼ ਦੇਂਦੇ ਹਨ ਕਿ ਸਿੱਖ ਪਹਿਲਾਂ ਸੰਤ ਹੈ ਤੇ ਫਿਰ ਸਿਪਾਹੀ । ਦੂਜੇ ਲਫ਼ਜ਼ਾਂ ਵਿੱਚ, ਸੰਤ-ਸਿਪਾਹੀ ਜ਼ਫ਼ਰਨਾਮੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਇਹਨਾਂ ਸ਼ਬਦਾਂ ਦੀ ਪੁਸ਼ਟੀ ਕਰਦਾ ਹੈ—"**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ। ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।**"੨੨ (ਜਦੋਂ ਸ਼ਾਂਤੀ ਦੁਆਰਾ ਸੁਲ੍ਹਾ-ਸਫ਼ਾਈ ਦੇ ਸਾਰੇ ਹੀਲੇ-ਹਵਾਲੇ ਮੁੱਕ ਜਾਣ ਉਦੋਂ ਸੱਚ ਦੀ ਰੱਖਿਆ ਲਈ ਤਲਵਾਰ ਚੁੱਕਣਾ ਜਾਇਜ਼ ਹੈ।

ਮੈਨੂੰ ਪਤਾ ਨਹੀਂ, ਕਦੇ ਅਸੀਂ ਇਸ ਗੱਲ ਨੂੰ ਵਿਚਾਰਿਆ ਵੀ ਹੈ

ਕਿ ਜ਼ੁਲਮ ਦੇ ਖ਼ਿਲਾਫ਼ ਸਾਡੇ ਬਜ਼ੁਰਗਾਂ ਦੀਆਂ ਸ਼ਹਾਦਤਾਂ ਤੇ ਬਹਾਦਰੀ ਦੇ ਕਾਰਨਾਮਿਆਂ ਪਿੱਛੇ ਗੁਰਬਾਣੀ ਦੇ ਪਿਆਰ ਤੇ ਨਾਮ ਦੀ ਸ਼ਕਤੀ ਸੀ । ਅਸੀਂ ਸਾਰੇ ਹੀ ਜਾਣਦੇ ਹਾਂ ਕਿ ਪੁਲੀਸ, ਆਰਮੀ ਤੇ ਹੋਰ ਬਲਾਂ ਦੇ ਸਿਪਾਹੀ ਕੋਈ ਜ਼ਰੂਰੀ ਨਹੀਂ ਕਿ ਚੰਗੀ ਇਨਸਾਨੀਅਤ ਵਾਲੇ ਹੋਣ, ਬਸ਼ਰਤੇ ਉਹਨਾਂ ਦੀ ਜ਼ਿੰਦਗੀ ਦਾ ਆਧਾਰ ਸੱਚ ਤੇ ਧਾਰਮਿਕਤਾ ਵਾਲਾ ਹੋਵੇ । ਅੰਮ੍ਰਿਤ ਵੇਲੇ ਅੱਜ ਹਰਿਮੰਦਰ ਸਾਹਿਬ ਤੋਂ ਕੀਰਤਨ ਸੁਣਦਿਆਂ ਮੇਰੇ ਦਿਮਾਗ਼ ਅੰਦਰ ਸਿੱਖੀ ਕਿਰਦਾਰ ਦਾ ਇਕ ਸੁੰਦਰ ਸਰੂਪ ਉਭਰਿਆ, ਸ਼ਬਦ ਤਾਂ ਗੁਰੂ ਅਰਜਨ ਦੇਵ ਜੀ ਦਾ ਹੈ ਪਰ ਇਸ ਵਿੱਚ ਮੈਨੂੰ ਅੰਮ੍ਰਿਤਧਾਰੀ ਸਿੰਘ ਅੰਦਰ ਲੋੜੀਂਦੇ ਉਸ ਪ੍ਰਭੂ ਪਿਆਰ ਦਾ ਵਰਣਨ ਜਾਪਿਆ ਜਿਸ ਪਿਆਰ 'ਚੋਂ ਉਪਜਿਆ ਆਤਮਿਕ ਬਲ ਉਸ ਨੂੰ ਅੰਮ੍ਰਿਤ ਛਕਣ ਵੇਲੇ ਕੀਤੇ ਵਾਇਦੇ ਨਿਭਾਉਣ ਯੋਗ ਬਣਾਉਂਦਾ ਹੈ । ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ—

**ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥**
**ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥**

(ਅੰਗ ੯੫੯)

ਕੀ ਅਸੀਂ ਕਦੇ ਪ੍ਰਭੂ ਅੱਗੇ ਇਸ ਤਰ੍ਹਾਂ ਜੋਦੜੀ ਕੀਤੀ ਹੈ? ਕੀ ਸਾਨੂੰ ਕਦੇ ਪ੍ਰਭੂ ਨਾਲੋਂ ਵਿਛੋੜੇ ਦੀ ਐਸੀ ਵੇਦਨ ਮਹਿਸੂਸ ਹੋਈ ਹੈ? ਸਾਰੇ ਸ਼ਬਦ ਵਿੱਚ ਬਾਕਮਾਲ ਤਰੀਕੇ ਨਾਲ ਇਹ ਦਰਸਾਇਆ ਗਿਆ ਹੈ ਕਿ ਸਿੱਖ ਦਾ ਆਪਣੇ ਗੁਰੂ ਬਗੈਰ ਜਿਊਣਾ ਨਾਮੁਮਕਿਨ ਹੈ, ਨਾਲ ਹੀ ਗੁਰੂ ਨੂੰ ਮਨਾਉਣ ਦੀ ਸਿੱਖ ਦੀ ਬੇਬਸੀ ਵੀ ਪ੍ਰਗਟਾਈ ਗਈ ਹੈ, ਇਕ ਵਿੱਛੜੇ ਹੋਏ ਸਿੱਖ ਦੀਆਂ ਚੀਕਾਂ ਹਨ ਪ੍ਰਭੂ ਪਤੀ ਦੇ ਦਰਸ਼ਨਾਂ ਲਈ । ਸਾਰਾ ਸ਼ਬਦ ਇਸ ਪ੍ਰਕਾਰ ਹੈ—

**"ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ॥ ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ ॥ ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ॥ ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ॥ ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ ॥ ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ ॥ ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥ ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥ ਸਭਿ**



**ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥"**

**(ਅੰਗ ੯੫੯)**

ਕੀ ਤੁਸੀਂ ਸਿੱਖਾਂ ਦੀ ਲਾਚਾਰੀ ਨੋਟ ਕੀਤੀ? ਕੀ ਤੁਸੀਂ ਨੋਟ ਕੀਤਾ ਕਿ ਪ੍ਰਭੂ ਹੀ ਕਰਨ ਕਰਾਵਨਹਾਰ ਹੈ? ਪਰ ਅਸੀਂ ਐਸੀ ਸਥਿਤੀ ਵਿੱਚ ਪ੍ਰਭੂ ਨੂੰ ਭੁਲਾ ਕੇ ਆਪਣੇ ਮਾਯਾਵੀ ਤਰੀਕਿਆਂ ਵਿੱਚ ਰੁੱਝ ਜਾਂਦੇ ਹਾਂ, ਜਦੋਂ ਕਿ ਗੁਰੂ ਦਾ ਉਪਦੇਸ਼ ਕੁਝ ਹੋਰ ਹੈ । ਰੋਣਾ ਤੇ ਚੀਕਣਾ ਸ਼ੁਰੂ ਕਰ ਦੇਈਏ ਪ੍ਰਭੂ ਨੂੰ ਰਿਝਾਉਣ ਲਈ । ਅੰਮ੍ਰਿਤ ਵੇਲੇ ਪੁਕਾਰੀਏ ਤਾਂ ਜੋ **"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ...॥"(ਅੰਗ ੧੨੮੫)**, ਵਾਂਗ ਸੁਣੀ ਜਾਏ । ਦੱਸਦਿਆਂ (ਕਿਉਂਕਿ ਸਿੱਖ ਜੋ ਕਰਦਾ ਹੈ ਉਹ ਪ੍ਰਭੂ ਦੇ ਹੁਕਮ ਅੰਦਰ ਹੋਇਆ ਹੁੰਦਾ ਹੈ) ਕਿਰਪਾ ਦੀ ਭੀਖ ਮੰਗਣੀ ਹੈ ਤੇ ਆਪਣੀ ਹਾਲਤ 'ਤੇ ਤਰਸ ਕਰਨ ਲਈ ਬੇਨਤੀ ਕਰਨੀ ਹੈ, ਲਾਪਰਵਾਹ ਨਹੀਂ ਹੋ ਜਾਣਾ, ਜਿਵੇਂ ਅਸੀਂ ਆਮ ਹੋ ਜਾਂਦੇ ਹਾਂ ਤੇ ਇਹ ਕਹਿੰਦੇ ਹਾਂ—ਹੁਣ ਪ੍ਰਭੂ ਕਿਰਪਾ ਕਰਨਗੇ ਤਾਂ ਹੀ ਨਾਮ ਜੱਪਾਂਗੇ, ਜਿਵੇਂ ਇਹ ਪ੍ਰਭੂ ਦੀ ਜ਼ਿੰਮੇਵਾਰੀ ਹੋਵੇ, ਪ੍ਰਭੂ ਦੀ ਲੋੜ ਹੋਵੇ, ਸਾਡੀ ਨਹੀਂ ।

ਇਸ ਸ਼ਬਦ ਅੰਦਰਲੀ ਭਾਵਨਾ ਸਾਨੂੰ ਪ੍ਰੇਰਿਤ ਕਰਦੀ ਹੈ ਕਿ ਅੰਮ੍ਰਿਤ ਛਕਣ ਦਾ ਅਰਥ ਹੈ—ਨਿਰੰਤਰ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣਾ ਤੇ ਉਸਦੇ ਹੁਕਮਾਂ ਦੀ ਕਰੜਾਈ ਨਾਲ ਪਾਲਣਾ ਕਰਨਾ । ਸਾਡੇ ਵੱਲੋਂ ਪਤਾ ਕੀ ਘਾਟ ਰਹਿੰਦੀ ਹੈ? ਸਾਡਾ ਇਹ ਸੋਚਣਾ ਕਿ ਅਸੀਂ ਹੁਣ ਅੰਮ੍ਰਿਤ ਛਕ ਲਿਆ ਹੈ, ਇਤਨਾ ਕਾਫ਼ੀ ਹੈ, ਅਸੀਂ ਪੰਜ ਕਕਾਰ ਧਾਰਨ ਕਰ ਲਏ ਹਨ, ਸੋ ਅੰਮ੍ਰਿਤਧਾਰੀ ਬਣ ਗਏ ਹਾਂ, ਅਸੀਂ ਧਾਰਮਿਕ ਹੋ ਗਏ ਹਾਂ । ਜੇ ਬਾਹਰਲੀ ਸਜਾਵਟ ਸਾਨੂੰ ਤਸੱਲੀ ਦੇਂਦੀ ਹੈ, ਸਾਡੇ ਅੰਦਰ ਲੋੜ ਪੈਣ 'ਤੇ ਸੱਚ ਲਈ ਆਪਣਾ ਆਪ ਕੁਰਬਾਨ ਕਰਨ ਦੀ ਤੜਪ ਤੇ ਗੁਰਬਾਣੀ 'ਤੇ ਅਧਾਰਤ ਅਮਲੀ ਜੀਵਨ ਰਾਹੀਂ ਜਿਸਦੇ ਕੁਝ ਮੁੱਢਲੇ ਅਸੂਲ ਹੇਠਾਂ ਅੰਕਿਤ ਹਨ—ਤਾਕਤ ਨਹੀਂ ਪੈਦਾ ਕਰਦੀ, ਤਾਂ ਇਹ ਭੇਖ ਬਣ ਕੇ ਰਹਿ ਜਾਂਦੀ ਹੈ ।

## ਅੰਮ੍ਰਿਤ ਵੇਲੇ ਪ੍ਰਭੂ ਦਾ ਸਿਮਰਨ, ਜੋਦੜੀਆਂ

ਇਸ ਵਿੱਚ ਕੋਈ ਛੋਟ, ਕੋਈ ਰਿਆਇਤ ਜਾਂ ਕਮੀ ਨਹੀਂ ਹੋ ਸਕਦੀ। ਵਾਰ-ਵਾਰ ਇਸਦਾ ਜ਼ਿਕਰ ਕਰਨ ਦੀ ਮੈਨੂੰ ਕੋਈ ਸ਼ਰਮ ਨਹੀਂ, ਇਕ ਵਾਰ ਫਿਰ ਵੇਲੇ ਦੀ ਲੋੜ ਗਹੁ ਨਾਲ ਵੀਚਾਰੀਏ—

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥** (ਅੰਗ ੩੦੫)

ਅੰਮ੍ਰਿਤ ਵੇਲਾ ਕੀਤੇ ਬਗੈਰ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹੀ ਨਹੀਂ ।

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥**

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥**

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥** (ਅੰਗ ੨)

ਅਰਥਾਤ ਜੇ ਅਸੀਂ ਪ੍ਰਭੂ ਦਰਬਾਰ ਦੇ ਦਰਸ਼ਨ ਕਰਨਾ ਲੋੜਦੇ ਹਾਂ, ਪ੍ਰਭੂ ਪਿਆਰ ਦੇ ਅਭਿਲਾਖੀ ਹਾਂ ਤਾਂ ਅੰਮ੍ਰਿਤ ਵੇਲੇ ਪ੍ਰਭੂ ਦੇ ਨਾਮ ਰਾਹੀਂ ਉਸਦੀ ਵਡਿਆਈ ਵੀਚਾਰਨੀ ਹੀ ਪਵੇਗੀ । ਐਸਾ ਕਰਕੇ ਅਸੀਂ ਉਸਦੀ ਕਿਰਪਾ ਦੇ ਪਾਤਰ ਬਣਦੇ ਹਾਂ ।

**—ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥**

**ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥**

**(ਅੰ: ੨੫੫)**

**—ਬਾਬੀਹਾ ਅੰਮ੍ਰਿਤ ਵੇਲੈ ਬੋਲਿਆ....**

**ਨਾਨਕ ਨਾਮੇ ਸਭ ਹਰੀਆਵਲੀ**

**ਗੁਰ ਕੈ ਸਬਦਿ ਵੀਚਾਰਿ ॥ (ਅੰਗ ੧੨੮੫)**

**—ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥ (ਅੰਗ ੩੧੮)**

ਦਸਵੰਧ—ਆਪਣੀ ਸੱਚੀ-ਸੁੱਚੀ ਕਮਾਈ ਦਾ ਦਸਵਾਂ ਹਿੱਸਾ ਦਾਨ ਕਰਨ ਦੇ ਗੁਰੂ ਦੇ ਹੁਕਮ ਦਾ ਪਾਲਣ ਕਰਕੇ ਅਸੀਂ ਪੈਸੇ ਦੀ ਪਕੜ 'ਚੋਂ ਨਿਕਲ ਜਾਂਦੇ ਹਾਂ । ਜਦੋਂ ਅੰਦਰ ਇਹ ਭਾਵਨਾ ਦ੍ਰਿੜ੍ਹ ਹੋਵੇਗੀ ਤਾਂ ਨਿਸ਼ਚੇ ਹੀ ਬਲੈਕ ਤੇ ਬੇਈਮਾਨੀ ਦਾ ਪੈਸਾ ਸਿੱਖ ਨੂੰ ਲੁਭਾ ਨਹੀਂ ਸਕੇਗਾ ।

## ਨਿੰਦਾ ਚੁਗ਼ਲੀ, ਵੈਰ-ਵਿਰੋਧ ਤੇ ਹੋਰ ਬੁਰਾਈਆਂ

**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**

**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥**

(ਅੰਗ ੭੫੫)

**ਕਰਨ ਨ ਸੁਨੈ ਕਾਹੂ ਕੀ ਨਿੰਦਾ ॥**

**ਸਭ ਤੇ ਜਾਨੈ ਆਪਸ ਕਉ ਮੰਦਾ ॥** (ਅੰਗ ੨੭੪)



**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥**

**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥**

(ਅੰਗ ੧੩੭੮)

ਸਿੱਖੀ ਦੇ ਜਿਨ੍ਹਾਂ ਮੁੱਢਲੇ ਅਸੂਲਾਂ ਜੋ ਸਿੱਖੀ ਕਿਰਦਾਰ ਦਾ ਅਟੁੱਟ ਹਿੱਸਾ ਹਨ, ਤੋਂ ਇਲਾਵਾ ਮੈਂ ਸਿੱਖੀ ਜੀਵਨ-ਜਾਚ ਦੇ ਕੁਝ ਨਿਆਰੇ ਅਸੂਲਾਂ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ । ਸਿੱਖ ਦੇ ਕਕਾਰ ਇਸ ਦਾ ਪ੍ਰਤੀਕ ਹਨ ਕਿ ਉਹ ਸੱਚਾ ਸਿੱਖ ਹੈ ਜੇ ਉਹ ਅੰਦਰੋਂ ਹਰ ਵੇਲੇ ਆਪਣੇ ਗੁਰੂ ਨਾਲ ਜੁੜਿਆ ਤੇ ਗੁਰੂ ਦੀ ਹਜ਼ੂਰੀ ਵਿੱਚ ਰਹਿੰਦਾ ਹੈ । ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥** (ਅੰਗ ੯੧੯)

ਅਖੀਰ ਵਿੱਚ ਆਉ, ਗੁਰੂ ਰਾਮਦਾਸ ਜੀ ਦੇ ਸ਼ਬਦ, ਜੋ ਅੱਜ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਤੋਂ ਪੜ੍ਹਿਆ ਗਿਆ, ਨੂੰ ਵੀਚਾਰੀਏ । ਇਸ ਵਿੱਚ ਮਨ ਦੀਆਂ ਗਹਿਰਾਈਆਂ 'ਚੋਂ ਗੁਰੂ ਦਰਸ਼ਨਾਂ ਲਈ ਤੜਪ ਨਿਕਲੀ ਹੈ । ਇਹ ਜ਼ਰੂਰੀ ਹੈ ਕਿ ਅੰਮ੍ਰਿਤਧਾਰੀ ਸਿੰਘ ਹੋਰਨਾਂ ਨਾਲੋਂ ਵਧ ਇਸ ਸ਼ਬਦ ਨੂੰ ਪਕੜੇ, ਵਾਚੇ ਤੇ ਵਿਚਾਰੇ—"**ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ...॥**" ਇਹ ਵੀ ਜ਼ਰੂਰੀ ਹੈ ਕਿ ਅੰਮ੍ਰਿਤਧਾਰੀ ਸਿੰਘ ਪੂਰੀ ਤਰ੍ਹਾਂ ਨਿਮਰਤਾ ਦਾ ਪ੍ਰਤੀਕ ਹੋਵੇ ਤੇ ਗੁਰੂ ਲਈ ਐਸੀ ਹੀ ਤਾਂਘ ਰੱਖਦਾ ਹੋਵੇ, ਉਸ ਦੀ ਤਾਂਘ ਵੇਖ ਕੇ ਗੁਰੂ ਕਿਰਪਾ ਕਰਕੇ ਉਸ ਨੂੰ ਪ੍ਰਭੂ ਨਾਲ ਮਿਲਾ ਦੇਵੇਗਾ । ਉਹ ਇਸ ਮਿਲਾਪ ਲਈ ਇਸ ਤਰ੍ਹਾਂ ਅਰਜੋਈਆਂ ਕਰੇ—

**ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ ਰਹਾਉ ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥ (ਅੰਗ ੭੫੭)**

ਇਹ ਭੇਂਟ ਜੋ ਇਕ ਅੰਮ੍ਰਿਤਧਾਰੀ ਸਿੰਘ ਦੇ ਕਰਤੱਵਾਂ ਨੂੰ ਯਾਦ ਕਰਾਉਂਦੀ ਹੈ, ਨੂੰ ਸਮਾਪਤ ਕਰਨ ਤੋਂ ਪਹਿਲਾਂ ਮੈਂ ਸਾਰੀਆਂ ਸਿੱਖ ਜਥੇਬੰਦੀਆਂ,

ਸੈਮੀਨਾਰ ਕਰਨ ਵਾਲਿਆਂ, ਧਨਾਢ ਬਿਜ਼ਨੈਸਮੈਨਾਂ, ਜਥੇਦਾਰਾਂ, ਵੱਡੇ ਸਰਕਾਰੀ ਅਹੁਦਿਆਂ 'ਤੇ ਸੁਸ਼ੋਭਿਤ ਸਿੱਖਾਂ ਤੇ ਹੋਰ ਸਤਿਕਾਰਯੋਗ ਸਿੱਖ ਹਸਤੀਆਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਆਪ ਨੂੰ ਨੌਜਵਾਨ ਸਿੱਖ ਪੀੜ੍ਹੀ ਅੱਗੇ, ਜਿਨ੍ਹਾਂ ਨੂੰ ਅਸੀਂ ਅੰਮ੍ਰਿਤ ਛਕਣ ਦੀ ਪ੍ਰੇਰਣਾ ਕਰ ਰਹੇ ਹਾਂ—ਆਦਰਸ਼ ਸਿੱਖਾਂ ਦੇ ਰੂਪ ਵਿੱਚ ਪੇਸ਼ ਕਰਨ, ਤਾਂ ਜੋ ਬੱਚਿਆਂ ਨੂੰ ਇਹ ਯਕੀਨ ਆ ਸਕੇ ਕਿ ਅੰਮ੍ਰਿਤ ਛਕਣ ਨਾਲ ਅੰਮ੍ਰਿਤਧਾਰੀ ਸਿੰਘਾਂ ਨੂੰ ਕੀ ਕੀ ਪ੍ਰਾਪਤੀ ਹੋ ਸਕਦੀ ਹੈ । ਉੱਪਰਲਾ ਸ਼ਬਦ ਇਸ ਗੱਲ ਨੂੰ ਦ੍ਰਿੜ੍ਹ ਕਰਾਉਂਦਾ ਹੈ ਕਿ ਕੇਵਲ ਕਕਾਰਾਂ—ਭਾਵੇਂ ਇਹ ਸਾਡਾ ਅਟੁੱਟ ਅੰਗ ਹਨ ਨਾਲ ਹੀ ਗੁਰੂ ਨੂੰ ਰੀਝਾਇਆ ਨਹੀਂ ਜਾ ਸਕਦਾ । ਸਿੱਖ ਦਾ ਸਾਰਾ ਕਿਰਦਾਰ, ਉਸ ਦੀ ਅੰਦਰਲੀ ਰਹਿਤ (ਬਾਹਰਲੀਆਂ ਰਹਿਤਾਂ ਨਾਲ) ਉਸ ਦਾ ਪਿਆਰ ਪਾਉਂਦੀਆਂ ਹਨ ਗੁਰੂ ਨਾਲ ਤੇ ਉਸ ਅੰਦਰ ਤਾਕਤ ਆ ਜਾਂਦੀ ਹੈ ਕਿ ਲੋੜ ਪੈਣ 'ਤੇ ਉਹ ਚਰਖੜੀਆਂ 'ਤੇ ਚੜ੍ਹ ਸਕੇ, ਆਰਿਆਂ ਨਾਲ ਚੀਰਿਆ ਜਾਵੇ ਤੇ ਨੀਂਹਾਂ ਅੰਦਰ ਚਿਣਿਆ ਜਾਵੇ ।

ਨਾਮ ਤੋਂ ਹੀਣ ਜੀਵਨ ਤੇ ਬਗੈਰ ਇਸ ਦ੍ਰਿੜ੍ਹ ਇਰਾਦੇ ਦੇ ਕਿ ਸੱਚ ਲਈ ਸ਼ਹੀਦ ਹੋ ਜਾਣਾ ਹੈ, ਅੰਮ੍ਰਿਤ ਕੇਵਲ ਬਾਹਰਲੀ ਸਜਾਵਟ ਬਣ ਕੇ ਰਹਿ ਜਾਏਗਾ ਤੇ ਅਸੀਂ ਇਸ ਵਰਤਮਾਨ ਦੁਰਦਸ਼ਾ, ਜਿਹੜੀ ਸਾਡੇ ਅੰਮ੍ਰਿਤਧਾਰੀ ਜਥੇਦਾਰਾਂ, ਪੈਸੇ ਨਾਲ ਚਮੁਟੇ ਗੁਰਦੁਆਰੇ ਦੇ ਪ੍ਰਧਾਨਾਂ ਤੇ ਕੁਰਸੀਆਂ ਨਾਲ ਜਕੜੇ ਅਖੌਤੀ ਸਿੱਖ ਲੀਡਰਾਂ ਨੇ ਪੈਦਾ ਕੀਤੀ ਹੈ, ਵਿੱਚੋਂ ਨਿਕਲ ਨਹੀਂ ਸਕਾਂਗੇ । ਉਲਟਾ ਇਹ ਭੁਲੇਖਾ ਪਿਆ ਰਹੇਗਾ ਕਿ ਬਾਹਰਲੀ ਸਜਾਵਟ ਹੀ ਕਾਫ਼ੀ ਹੈ ।

ਨਾਲ ਹੀ—ਅੰਮ੍ਰਿਤਧਾਰੀ ਸਿੰਘਾਂ ਦੇ ਕੇਵਲ ਸਿਪਾਹੀ ਰੂਪ ਦੇ ਗੁਣਾਂ 'ਤੇ ਹੀ ਜ਼ੋਰ ਦੇਣਾ ਆਪਣੇ ਆਪ ਨੂੰ ਅਸਲ ਵੱਲ ਧਕੇਲਣ ਵਾਂਗ ਹੋਵੇਗਾ ਕਿਉਂਕਿ ਇਸ ਨਾਲ ਸਾਡੀ ਜੱਦੋ-ਜਹਿਦ ਉਸ ਤਾਕਤ ਤੋਂ ਵਾਂਝੀ ਰਹਿ ਜਾਵੇਗੀ ਜੋ ਗੁਰਬਾਣੀ ਨੂੰ ਮਨ ਅੰਦਰ ਰਿੜਕਣ ਨਾਲ ਪੈਦਾ ਹੁੰਦੀ ਹੈ । ਮੇਰੀ ਆਸ ਤੇ ਅਰਦਾਸ ਹੈ ਕਿ ਅਪ੍ਰੈਲ ੧੯੯੮—ਅਪ੍ਰੈਲ ੧੯੯੯, ਇਸ ਇਕ ਸਾਲ ਦੌਰਾਨ, ਅੰਮ੍ਰਿਤ ਸਾਰੇ ਅਭਿਲਾਖੀਆਂ ਨੂੰ ੧੯੯੯ ਦੀ ਵਿਸਾਖੀ ਦੀ ਪੁਕਾਰ ਸੁਣਾਏਗਾ । ਸਾਡੀ ਚੌਕਸੀ ਕਦੇ ਢਿੱਲੀ ਨਾ ਪਵੇ—ਸਾਨੂੰ ਅੰਮ੍ਰਿਤਧਾਰੀ ਸਿੰਘ ਚਾਹੀਦੇ ਹਨ; ਅੰਮ੍ਰਿਤਧਾਰੀਆਂ ਦਾ ਮਖੌਲ ਨਹੀਂ ।

(ਅਨੁਵਾਦਕ—ਰਮੇਸ਼ ਸਿੰਘ, ਜਮਸ਼ੇਦਪੁਰ)



# "ਅੰਮ੍ਰਿਤ" ਦੇ ਕ੍ਰਿਸ਼ਮੇ ਤੇ ਉਹਦੀ ਬਰਕਤ

ਸੋਲਨ ਜਾਂਦਿਆਂ ਚੰਡੀਗੜ੍ਹ ਤੋਂ ਥੋੜ੍ਹੀ ਦੂਰ ਲੰਘ ਕੇ ਮੈਂ ਐਸੇ ਨਜ਼ਾਰੇ ਡਿੱਠੇ ਜਿਹੜੇ ਭੁੱਲਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਮੈਨੂੰ ਨਹੀਂ ਭੁੱਲਦੇ । ਉਨ੍ਹਾਂ ਨਜ਼ਾਰਿਆਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਆਪਣਾ ਸਿਰ ਝੁਕਾ ਕੇ ਹੰਝੂਆਂ ਨਾਲ ਯਾਰੀ ਲਾ ਕੇ ਤੇ ਆਪਣੇ ਗੁਨਾਹਾਂ ਦਾ ਟੋਕਰਾ ਸਿਰ 'ਤੇ ਚੁੱਕ ਕੇ ਤੇਰੇ ਦਰਬਾਰ ਵਿੱਚ ਅੰਮ੍ਰਿਤ ਦੀ ਦਾਤ ਲੈਣ ਲਈ ਹਾਜ਼ਰ ਹੋਇਆ ਸਾਂ ਅਤੇ ਤੂੰ ਮੇਰੇ **Credentials** (ਵਿਸ਼ਵਾਸ ਪੱਤ੍ਰ) ਵੀ ਨਹੀਂ ਸਨ ਪੁੱਛੇ, ਮੈਨੂੰ ਆਪਣੇ ਚਰਨਾਂ ਵਿੱਚ ਥਾਂ ਦਿੱਤੀ ਸੀ । ਜਦੋਂ ਵੜਿਆ ਸਾਂ ਤੇਰੇ ਆਂਗਨ ਵਿੱਚ ਤਾਂ ਮੇਰੀਆਂ ਅੱਖਾਂ ਮੇਰੇ ਵਿਕਾਰਾਂ ਦੀ ਲਾਜ ਨਾਲ ਉੱਚੀਆਂ ਨਹੀਂ ਸਨ ਉੱਠਦੀਆਂ, ਜਦੋਂ ਬਾਹਰ ਮੁੜਿਆ ਸਾਂ ਤਾਂ ਮੇਰੀਆਂ ਰੀਝਾਂ ਦੀ ਹੱਦ ਕੋਈ ਨਹੀਂ ਸੀ । ਇਕ ਮਾਣ ਸੀ ਜਿਹੜਾ ਗਰੂਰ ਨਹੀਂ ਸੀ, ਇਕ ਦਮ ਸਿਰ ਉੱਚਾ ਸੀ ਪਰ ਉਹ ਉੱਚਤਾ ਕੇਵਲ ਉਸ ਕੁੱਤੇ ਦੀ ਸ਼ਾਨ ਵਰਗੀ ਸੀ ਜਿਸ ਦੀ ਕੰਡ 'ਤੇ ਮਾਲਕ ਨੇ ਹੱਥ ਫੇਰ ਕੇ ਕਿਹਾ ਹੋਵੇ "ਸ਼ਾਬਾਸ਼"।

ਮੈਂ ਸੋਚਿਆ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਸੱਚਾ ਪਾਤਿਸ਼ਾਹ ਕਿਤਨਾ ਵੱਡਾ ਸੀ । ਇਹ ਮੇਰੀ ਜ਼ਬਾਨ ਨਹੀਂ ਕਹਿ ਸਕਦੀ—ਪਰ ਕਿਉਂਕਿ ਗੁਰੂ ਦਾ ਜਾਂ ਪ੍ਰਮੇਸ਼ਰ ਦਾ ਅੰਤ ਕੋਈ ਨਹੀਂ ਪਾ ਸਕਦਾ, ਪਰ ਜੋ ਮੈਂ ਸੜਕਾਂ 'ਤੇ ਬਸ ਵਿੱਚੋਂ ਲੰਘਦਿਆਂ ਤੱਕਿਆ ਮੇਰੀ ਨਜ਼ਰ ਨਾਲ ਟਕਰਾ ਗਿਆ ।

## "DASMESH STONE-CRUSHING"
## (ਦਸਮੇਸ਼ ਪੱਥਰ ਕੱਟਣ ਦੀ ਫ਼ੈਕਟਰੀ)

(ਕੀ ਹੁਣ ਮੈਂ ਤੈਨੂੰ ਇਸ ਲਈ ਪਿਤਾ ਕਹਿੰਦਾ ਹਾਂ ਕਿ ਤੂੰ ਮੇਰੇ ਵਿਉਪਾਰ) ਦੇ ਸਾਰੇ ਕੰਮਾਂ ਵਿੱਚ ਮੇਰੀਆਂ ਵਿਗੜੀਆਂ ਆਦਤਾਂ ਦੀ ਹਾਮੀ ਭਰੇਂ ਅਤੇ ਜੇ ਮੈਨੂੰ ਕੋਈ ਸ਼ੱਕ ਸੀ ਕਿ ਇੱਥੇ ਤੇਰੇ ਨਾਂ ਦੀ ਵਰਤੋਂ ਕੁਝ ਅਜੀਬ ਹੈ ਤਾਂ ਹੋਰ ਥੋੜ੍ਹੀ ਦੂਰ ਜਾਣ ਦੇ ਬਾਅਦ ਯਕੀਨ ਹੋ ਗਿਆ । ਅੱਗੇ ਜਾ ਕੇ ਤੱਕਿਆ: ਗੁਰੂ ਅਰਜਨ **Stone-Crushing Works,** ਫੇਰ ਗੁਰੂ ਨਾਨਕ **Stone-Crushing Works;** ਮੇਰੇ ਦਿਲ ਨੇ ਕਿਹਾ ਇਨ੍ਹਾਂ ਫ਼ੈਕਟਰੀਆਂ ਵਿੱਚ ਤਾਂ ਜ਼ਰੂਰ **Competition** ਹੁੰਦਾ ਹੋਏਗਾ, ਗੁਰੂ ਅਰਜਨ ਵਾਲੇ

ਆਪਣੀਆਂ ਸਿਫ਼ਤਾਂ ਤੇ ਦਸਮੇਸ਼ ਵਾਲਿਆਂ ਦੀਆਂ ਬਦਖੋਹੀਆਂ ਅਤੇ **Vice Versa** (ਉਲਟ-ਪੁਲਟ) ਕਰਦੇ ਹੋਣਗੇ । ਫਿਰ ਖ਼ਵਾਜਾ ਦਿਲ ਮੁਹੰਮਦ, ਲਾਹੌਰ ਵਾਲਿਆਂ ਦਾ ਉਰਦੂ ਨਜ਼ਮ ਵਿੱਚ ਸੁਖਮਨੀ ਸਾਹਿਬ ਦਾ ਤਰਜਮਾ ਤੇ ਉਨ੍ਹਾਂ ਦੀ ਇਕ "ਵਾਹਿਗੁਰੂ" ਉੱਤੇ ਨਜ਼ਮ ਵਿੱਚ ਦਸਾਂ ਗੁਰੂ ਸਾਹਿਬਾਨ ਦੀ ਲੜੀ ਚੇਤੇ ਆਈ । ਪਿਆਰਿਓ, ਖ਼ਵਾਜ਼ਾ ਸਾਹਿਬ ਨੇ ਤਾਂ ਲਿਖਿਆ ਸੀ ਕਿ ਜੇ ਇਕ ਮਾਲਾ ਵਿੱਚ ਦਸ ਮੋਤੀ ਹੋਣ ਤਾਂ ਉਨ੍ਹਾਂ ਦੀ ਚਮਕ ਤਾਂ ਇਕੋ ਜਿਹੀ ਹੁੰਦੀ ਹੈ, ਫੇਰ ਜੇ ਦਸ ਕਲੀਆਂ ਇਕ ਬਾਗ਼ ਵਿੱਚ ਫੁੱਲ ਰਹੀਆਂ ਹੋਣ ਤਾਂ ਉਨ੍ਹਾਂ ਦੀ ਖ਼ੁਸ਼ਬੂ ਤਾਂ ਇਕੋ ਜਿਹੀ ਹੈ, ਇਸੇ ਤਰ੍ਹਾਂ ਜੇ ਦਸ ਸੰਤ, ਦਸ ਰੂਪਾਂ ਵਿੱਚ ਮਿਲਣ ਤਾਂ ਉਨ੍ਹਾਂ ਦੇ ਸੀਨੇ ਦੀ ਫੜਕ ਤਾਂ ਇਕੋ ਜਿਹੀ ਹੈ ਅਤੇ ਦੇਖਦਾ ਕੀ ਹਾਂ, ਸਿੱਖਾਂ ਨੇ **Competive basis** 'ਤੇ ਆਪਣਿਆਂ ਧੰਦਿਆਂ, ਜੰਜਾਲਾਂ ਨਾਲ ਆਪਣੇ ਮਹਾਨ ਪਵਿੱਤਰ ਗੁਰੂ ਸਾਹਿਬਾਨ ਦਾ ਨਾਂ ਇਸਤੇਮਾਲ ਕਰਕੇ ਅਣਜਾਣਿਆਂ ਹੀ ਉਨ੍ਹਾਂ ਦੀ ਸ਼ਾਨ ਦੇ ਖ਼ਿਲਾਫ਼ ਕੰਮ ਕੀਤਾ ਹੈ । ਅਸਲ ਵਿੱਚ ਸਾਡਾ ਹਿਸਾਬ ਇੰਵ ਜਾਪਦਾ ਹੈ ਜਿਵੇਂ ਗੁਰੂ ਦੇ ਹਜ਼ੂਰ ਰਹਿਣਾ ਵੀ ਇਕ **Business** ਹੈ; ਜਿਵੇਂ ਰੋਟੀ ਕਮਾਉਣੀ, ਬੱਚਿਆਂ ਨੂੰ ਸਕੂਲੇ ਦਾਖ਼ਲ ਕਰਾਉਣਾ, ਮੁੰਡੇ ਦੀ ਕੁੜਮਾਈ ਕਰਨੀ ਜਾਂ ਕੱਪੜੇ ਧੋਣੇ । ਇਸ ਦੇ ਵਿਰੁੱਧ ਗੁਰਮਤਿ ਨਾਲ ਭਾਈਚਾਰਾ ਤੇ ਲੈਣ ਦੇਣ ਗੁਰੂ ਭਰੋਸਾ ਤੇ ਗੁਰੂ ਦਾ ਗੁਰਸਿੱਖ ਨਾਲ ਭਾਈਚਾਰਾ ਤੇ ਲੈਣ ਦੇਣ **ਇਕ ਅਦੁੱਤੀ ਜੀਵਨ ਜਾਚ ਹੈ** ਜੋ ਹਰ ਘੜੀ, ਹਰ ਵੇਲੇ ਗੁਰਸਿੱਖ ਦੀ ਰਗ-ਰਗ ਵਿੱਚ ਇਕ ਅਟੁੱਟ ਤੇ ਅਕਹਿ ਲੀਨਤਾ ਭਰੇ ਪ੍ਰੇਮ ਵਿੱਚ ਕਹਿੰਦੀ ਰਹਿੰਦੀ ਹੈ—'ਪਿਆਰਿਆ ਹੁਣ ਤੋਂ ਜੋ ਕੁਝ ਵੀ ਕਰੇਂਗਾ, ਇਸ ਦਾ ਅਸਰ ਤੇਰੇ ਗੁਰੂ-ਪ੍ਰੇਮ ਉੱਤੇ ਜ਼ਰੂਰ ਪਵੇਗਾ, ਕਿਉਂਕਿ ਗੁਰੂ ਨੇ ਤੈਨੂੰ ਅਪਣਾਇਆ ਹੈ, ਇਹ ਅਪਣੱਤ ਹੁਣ ਤਾਂ ਹੀ ਕਾਇਮ ਰਹੇਗੀ ਜੇ ਗੁਰੂ ਦੀਆਂ ਤੇਰੇ ਤੇ ਜੋ ਉਮੀਦਾਂ ਹਨ ਉਹ ਤੂੰ ਪੂਰੀਆਂ ਕਰੇਂਗਾ ।'

## ਗੁਰੂ ਦੀਆਂ ਉਮੀਦਾਂ
## ਜਾਂ
## ਗੁਰਸਿੱਖ ਦਾ ਫ਼ਰਜ਼

ਤੂੰ ਬੇਅੰਤ ਹੈਂ । ਗੁਰੂ ਗੋਬਿੰਦ ਸਿੰਘ ਮਹਾਰਾਜ ਆਪ ਦੇ ਨਾਂ ਨਾਲ ਮੇਰਾ ਜੀਵਨ, ਅਨੰਦਪੁਰ ਦੀ ਧਰਤੀ ਨਾਲ ਮੇਰੀ ਹੋਂਦ, ਸੀਸਗੰਜ ਸਾਹਿਬ ਦੇ ਨਾਲ ਮੇਰੀ ਸਰੀਰਕ ਮੌਤ, ਪਰ ਆਤਮਿਕ **Immortality** ਅਤੇ ਚਮਕੌਰ



ਤੇ ਸਰਹੰਦ ਨਾਲ ਮੇਰੀ ਰੀਝ ਮੇਰਾ "ਗੁਰੂ ਏਕ ਧਿਆਨ" ਜੁੜੇ ਹਨ । ਜਦ ਇਕ ਸਾਲ ਪਹਿਲਾਂ ਅੰਮ੍ਰਿਤ ਛਕਣ ਲਈ ਮੈਂ ਹਾਜ਼ਰ ਹੋਇਆ ਸੀ ਤਾਂ ਮੇਰੀ ਰੀਝ ਸੀ ਕਿ ਆਪ ਮੇਰਾ ਸਿਰ ਲੈ ਲਵੋ ਤਾਂ ਜੋ ਕਬੂਲ ਹੋ ਜਾਵਾਂ; ਪਰ ਹੁਣ ਸ਼ਰਮਿੰਦਾ ਹਾਂ ਕਿ ਮੇਰਾ ਸਿਰ ਮੇਰੇ ਕੋਲ ਹੈ, ਮੇਰੀਆਂ ਕਰਤੂਤਾਂ ਮਨਮਤ ਦੀਆਂ ਸ਼ਿਕਾਰ ਹਨ । ਮੇਰੇ ਕੰਮ ਸਾਰੇ ਹੀ ਹਉਮੈਂ ਵਿੱਚ ਉਡਾਰੀਆਂ ਲਾਉਂਦੇ ਹਨ, ਮੇਰਾ ਸੰਗ ਹਰ ਵੇਲੇ ਪਰਾਈਆਂ ਇਸਤਰੀਆਂ ਨਾਲ ਹੈ ਅਤੇ ਨਿੰਦਿਆ ਵਿੱਚ ਮਗਰੂਰ ਹੋ ਕੇ ਪਰਾਏ ਧਨ ਉੱਤੇ ਮੇਰੀ ਨਜ਼ਰ ਰਹਿੰਦੀ ਹੈ ।

ਪਰ ਇਕ ਸਾਲ ਤੋਂ ਮੈਨੂੰ ਹਰ ਵੇਲੇ ਡਰ ਲੱਗਾ ਰਹਿੰਦਾ ਹੈ । ਕਿਤੇ ਬੱਸ ਵਿੱਚ ਚੜ੍ਹ ਜਾਵਾਂ ਤੇ ਆਪ ਸੀਟ 'ਤੇ ਬੈਠਾ ਹੋਇਆ ਤੱਕਦਾ ਰਹਿੰਦਾ ਹਾਂ ਕਿਤੇ ਕੋਈ ਭੈਣ ਬੱਚੇ ਨੂੰ ਚੁੱਕੀ ਖੜ੍ਹੀ ਤਾਂ ਨਹੀਂ ਜਾਂ ਕੋਈ ਬਜ਼ੁਰਗ ਲੜਖੜਾ ਤਾਂ ਨਹੀਂ ਰਿਹਾ? ਆਪ ਤਾਂ ਮੈਨੂੰ ਸ਼ਰਮ ਕੋਈ ਨਹੀਂ ਆਉਂਦੀ, ਪਰ ਦਿਲ ਡਰਦਾ ਹੈ, ਉਹ ਕਹੇਗਾ ਚੰਗਾ ਸਿੱਖ ਹੈ ਗੁਰੂ ਦਾ ਜੇ ਇਨ੍ਹਾਂ ਨੂੰ ਬੈਠਾਉਣ ਲਈ ਉੱਠਦਾ ਨਹੀਂ ।

ਕਦੇ ਰਿਸ਼ਵਤ ਦੇਣ ਜਾਂ ਲੈਣ ਦਾ ਸਵਾਲ ਉੱਠ ਖਲੋਵੇ ਤਾਂ ਤੇਰੀ ਬਾਣੀ ਤੇ ਤੇਰਾ ਕੜਾ ਆ ਖਲੋਂਦੇ ਹਨ; ਜਿਵੇਂ ਕਹਿ ਰਹੇ ਹੋਣ ਤੂੰ ਵਿਕ ਚੁੱਕਾ ਹੈਂ, ਆਪਣੇ ਮਨ ਦੀ ਮਤਿ ਨਾਲ ਇਹ ਨਹੀਂ ਕਰ ਸਕਦਾ । ਡਾਕਖ਼ਾਨੇ ਵਿੱਚ, ਲਿਫ਼ਟ ਵਿੱਚ, ਸੜਕਾਂ 'ਤੇ, ਦਫ਼ਤਰ ਦੇ **Corridors** ਵਿੱਚ ਜਾਂ ਸਟੇਸ਼ਨ 'ਤੇ, ਅਮੀਰਾਂ ਦੇ ਮਹੱਲਾਂ ਵਿੱਚ ਜਾਂ ਗ਼ਰੀਬਾਂ ਦੀਆਂ ਝੁੱਗੀਆਂ ਵਿੱਚ, ਮੇਰਾ ਤੇਰਾ ਪਿਆਰ ਮੈਨੂੰ ਡਰਾਉਂਦਾ ਰਹਿੰਦਾ ਹੈ ।

ਇਤਨਾ ਡਰ ਪਾ ਦਿੱਤਾ ਤੂੰ ਕਿ ਹੁਣ ਕੁਝ ਵੀ ਨਹੀਂ ਕਰ ਸਕਦਾ । ਜੇ ਕੋਈ ਚੀਜ਼ ਡਰ ਬਗੈਰ ਕਰ ਸਕਦਾ ਹਾਂ ਤਾਂ ਉਹ ਹੈ ਤੇਰਾ ਨਾਮ ਜਪਣਾ । ਉਹ ਮੈਂ ਜਪਦਾ ਨਹੀਂ ਇਸ ਲਈ ਰੋਗੀ ਹਾਂ ।

## ਅੰਮ੍ਰਿਤ ਕੀ ਹੈ?

ਪਹਿਲੀ **Amrit Anniversary** (ਅੰਮ੍ਰਿਤ ਦੀ ਸਾਲ ਗ੍ਰਹਿ) ਲਈ **(25-12-72)**

**(1)** ਅੰਮ੍ਰਿਤ ਛਕਣਾ ਆਪਣੇ ਮਾਲਕ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪੰਜਾਂ ਪਿਆਰਿਆਂ ਵਾਂਗ ਆਪਣਾ ਸਿਰ ਭੇਟ ਕਰਨਾ ਹੈ । ਜੇ ਸਿਰ ਉਸੇ ਵੇਲੇ ਉਤਾਰ ਲਿਆ ਜਾਵੇ ਤਾਂ ਵਾਹ-ਵਾਹ, ਨਹੀਂ ਤਾਂ ਹਮੇਸ਼ਾਂ

ਲਈ ਸਮਝਣਾ ਇਹ ਹੀ ਚਾਹੀਦਾ ਹੈ ਕਿ ਸਾਡਾ ਸਿਰ ਕੋਈ ਨਹੀਂ ਇਹ ਗੁਰੂ ਦੇ ਚਰਨਾਂ ਉੱਤੇ ਵਿਕ ਚੁੱਕਾ ਹੈ ।

**(2)** ਜਦ ਸਿਰ ਆਪਣਾ ਹੀ ਨਹੀਂ ਤਾਂ ਉਸ ਨੂੰ ਉੱਚਾ ਕਰਕੇ ਚੱਲਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ । ਇਹ ਹਮੇਸ਼ਾਂ ਲਈ ਤੇ ਹਰ ਘੜੀ ਸਭ ਦੀ ਚਰਨਧੂੜ ਲੈਣ ਲਈ ਕੋਸ਼ਿਸ਼ਾਂ ਕਰਦਾ ਹੈ ਤਾਂ ਜੇ ਉੱਚਾ ਹੋਵੇ ਤਾਂ ਕੇਵਲ ਗੁਰੂ ਦੇ ਚਰਨਾਂ ਦੇ ਧਿਆਨ ਵਿੱਚ ਹੀ ਹੋਵੇ, ਨਹੀਂ ਤਾਂ ਹਮੇਸ਼ਾਂ ਨੀਵਾਂ ਰਹੇ । ਮਨ (ਤੇ ਸਿਰ ਨੀਵਾਂ ਮੱਤ ਉੱਚੀ) ਸਿਰ ਜੇ ਕਦੇ ਨਾ ਝੁਕੇ ਤਾਂ ਜ਼ੁਲਮ ਅੱਗੇ ਕਦੇ ਨਾ ਝੁਕੇ ।

**(3)** ਅੰਮ੍ਰਿਤ ਛਕਣ ਦੇ ਬਾਅਦ ਸਾਨੂੰ ਕੇਵਲ ਇਕੋ ਡਰ ਰਹਿਣਾ ਚਾਹੀਦਾ ਹੈ । ਬਾਕੀ ਡਰ ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਿਆਂ ਹਮੇਸ਼ਾਂ ਲਈ ਵਿਸਰ ਜਾਣਾ ਚਾਹੀਦਾ ਹੈ । ਲੋਕ-ਲਾਜ ਸੜ ਜਾਣੀ ਚਾਹੀਦੀ ਹੈ ।

**ਇਕ ਡਰ, ਇਕੋ ਚਿੰਤਾ, ਇਕੋ ਖ਼ਿਆਲ**
**ਇਕੋ ਯਤਨ ਤੇ ਇਕੋ ਲਗਨ**

(ੳ) ਮੇਰਾ ਪ੍ਰੇਮ ਕਿਤੇ ਮੇਰੀ ਮਤਲਬ-ਪ੍ਰਸਤੀ ਦਾ ਸਬੂਤ ਤਾਂ ਨਹੀਂ ।

(ਅ) ਅੰਮ੍ਰਿਤ ਦਾ ਸ਼ਿੰਗਾਰ ਅੰਮ੍ਰਿਤ ਵੇਲਾ **Regular** ਹੋਇਆ ਹੈ ਕਿ ਨਹੀਂ ।

(ੲ) ਮੈਨੂੰ ਹਰ ਕਿਤੇ ਗੁਰੂ ਦਿੱਸਦਾ ਹੈ ਜਾਂ ਨਹੀਂ ।

(ਸ) ਮੇਰਾ ਹਰ ਵੇਲੇ ਧਿਆਨ ਤੇ ਪਿਆਰ ਗੁਰੂ ਵੱਲ ਹੈ ਕਿ ਨਹੀਂ ।

(ਹ) ਮੈਂ ਗੁਰੂ ਦੀ ਗੋਲਕ ਦਾ ਧਿਆਨ ਰੱਖਦਾ ਹਾਂ ਕਿ ਨਹੀਂ ਸੁੱਚੀ ਕਮਾਈ 'ਚੋਂ। ਪਰਾਈ ਦੌਲਤ ਵੱਲ ਨਜ਼ਰ ਤਾਂ ਨਹੀਂ ਜਾਂਦੀ ।

(ਕ) ਜਿੱਥੇ ਸਚਾਈ ਤੇ ਪ੍ਰੇਮ ਭਰਪੂਰ ਸ਼ਰਧਾ ਦਾ ਪ੍ਰਭਾਵ ਹੈ, ਕੀ ਉੱਥੇ ਮੇਰਾ ਦਿਲ ਲੱਗਦਾ ਹੈ ਕਿ ਨਹੀਂ ਜਾਂ ਲੋਕਾਂ ਨੂੰ ਹਰ ਵੇਲੇ ਸ਼ੱਕ ਨਾਲ ਦੇਖ ਕੇ ਆਪਣੀ ਪੜ੍ਹਾਈ ਖ਼ਰਾਬ ਕਰ ਲੈਂਦਾ ਹਾਂ? ਮੈਨੂੰ ਹਰ ਕੋਈ ਮੇਰੇ ਤੋਂ ਉੱਚਾ ਲੱਗਦਾ ਹੈ ਕਿ ਨਹੀਂ ।

(ਖ) ਕਿਤੇ ਮੈਂ ਜ਼ਾਤ-ਪਾਤ ਵਿੱਚ ਛੋਟੇ-ਵੱਡੇ ਵਿੱਚ ਤਾਂ ਨਹੀਂ ਪੈ ਜਾਂਦਾ ।

(ਗ) ਕਿਤੇ ਗੁਰੂ ਨਮਿੱਤ ਸੇਵਾ ਕਰਦਿਆਂ ਸੇਵਾ ਕਰਵਾਉਣ ਵਾਲੇ 'ਤੇ ਅਹਿਸਾਨ ਤਾਂ ਨਹੀਂ ਚਾੜ੍ਹਦਾ ।



(ਘ) ਕੀ ਜਿਨ੍ਹਾਂ ਨਾਲ **Agree** ਨਹੀਂ ਕਰਦਾ ਉਨ੍ਹਾਂ ਦੀ ਨਿੰਦਿਆ ਨਫ਼ਰਤ ਵਿੱਚ ਤਾਂ ਨਹੀਂ ਪੈ ਜਾਂਦਾ?

(ਙ) ਕਿਤੇ ਗੁਰੂ ਦਾ ਅੰਮ੍ਰਿਤ ਲੈ ਕੇ ਗ਼ੈਰ-ਅੰਮ੍ਰਿਤਧਾਰੀ ਕੋਲੋਂ ਆਪਣੇ ਆਪ ਨੂੰ ਹੰਕਾਰ ਦੇ ਤੌਰ 'ਤੇ ਵੱਡਾ ਤਾਂ ਨਹੀਂ ਸਮਝਦਾ । ਗੁਰੂ ਦਾ ਬਣ ਕੇ ਅਸਾਂ ਨੀਵਾਂ, ਹੋਰ ਨੀਵਾਂ, ਹੋਰ ਨੀਵਾਂ ਬਣਨਾ ਹੈ, ਵੱਡਾ ਕਦੇ ਵੀ ਨਹੀਂ । ਜੇ ਉਹ ਵੱਡਾ ਬਣਾਏ ਤਾਂ ਵੀ ਅਸਾਂ ਨਹੀਂ ਬਣਨਾ, ਕਿਉਂਕਿ ਵਡਿਆਈ ਕੇਵਲ ਉਸੇ ਦੀ ਹੈ । ਜਿਹੜੇ ਅੱਜ ਵਡਿਆਈ ਕਰਨਗੇ, ਉਹ ਕੱਲ੍ਹ ਨਿੰਦਿਆ ਵੀ ਕਰਨਗੇ ।

(ਚ) ਮੈਂ ਉਸਤਤਾਂ ਸੁਣ ਕੇ ਆਪਣੇ ਮਨ ਵਿੱਚ ਆਕੜ ਤਾਂ ਨਹੀਂ ਜਾਂਦਾ ।

(ਛ) ਮੈਂ ਨਿੰਦਾ ਸੁਣ ਕੇ ਲੜਨ ਤਾਂ ਨਹੀਂ ਲੱਗ ਜਾਂਦਾ ।

(ਜ) ਕੀ ਮੈਂ ਪਾਟੇ ਹੋਏ ਕੱਪੜਿਆਂ ਵਾਲੇ ਨਾਲ ਔਖਾ ਤੇ ਕੇਵਲ ਸੋਹਣੇ ਕੱਪੜਿਆਂ ਵਾਲੇ ਨਾਲ ਮਿੱਠਾ ਬੋਲਣ ਦਾ ਅਭਿਆਸ ਤਾਂ ਨਹੀਂ ਕਰਦਾ ।

(ਝ) ਕਿਤੇ ਮੈਂ ਆਪਣਾ ਵਕਤ ਫ਼ਜ਼ੂਲ ਬਹਿਸਾਂ ਵਿੱਚ ਜਾਂ ਝੱਖਾਂ ਮਾਰਨ ਵਿੱਚ ਤਾਂ ਨਹੀਂ ਲਾ ਦਿੰਦਾ।

(ਞ) ਕੀ ਮੈਂ ਭਾਈਚਾਰੇ ਤੇ ਝੂਠੇ ਰਿਵਾਜਾਂ ਦੀ ਪਾਲਣਾ ਕਰਦਿਆਂ ਝੂਠ ਬੋਲ ਕੇ ਆਪਣੇ ਨੱਕ ਰੱਖਣ ਦੀ ਕੋਸ਼ਿਸ਼ ਵਿੱਚ ਗੁਰੂ ਅੱਗੇ ਹਮੇਸ਼ਾਂ ਲਈ ਨੱਕ ਵਢਾ ਤਾਂ ਨਹੀਂ ਲੈਂਦਾ ।

(ਟ) ਕਿਤੇ ਆਪਣੀ ਕਿਰਪਾਨ ਦੀ ਪਵਿੱਤਰਤਾ ਨੂੰ ਲੋਕਾਂ ਨੂੰ ਡਰਾਉਣ ਵਿੱਚ ਤਾਂ ਨਹੀਂ ਵੰਡ ਦਿੰਦਾ ।

(ਠ) ਕੀ ਮੇਰੀ ਕਿਰਪਾਨ ਦੀ ਲਾਜ ਕਿਸੇ ਸੜਕ 'ਤੇ ਜਾਂਦੀ ਲੜਕੀ ਨੂੰ ਗੁੰਡਿਆਂ ਦੇ ਛੇੜਨ ਤੋਂ ਛੁਡਾਉਣ ਲਈ ਪ੍ਰੇਰਦੀ ਹੈ ਕਿ ਨਹੀਂ । ਜੇ ਨਹੀਂ ਤਾਂ ਇਹ ਭੇਖ ਹੈ ।

(ਡ) ਕੀ ਮੈਂ ਅਜੇ ਵੀ ਆਪਣੇ ਸਰੀਰ ਨੂੰ ਸ਼ਿੰਗਾਰਨ ਦੇ ਸਿਆਪਿਆਂ ਵਿੱਚ ਤਾਂ ਨਹੀਂ ਪਿਆ ਰਹਿੰਦਾ ।

(ਢ) ਕੀ ਮੇਰੇ ਮਨ ਨੇ ਇਹ ਫ਼ੈਸਲਾ ਕਰ ਲਿਆ ਹੈ ਕਿ ਮੇਰੇ ਮਨ ਵਿੱਚ ਗੁਰੂ ਨੇ ਹੀ ਵੱਸਣਾ ਹੈ, ਮੇਰੇ ਹੱਥਾਂ ਨੇ ਉਹੀ ਕੰਮ ਕਰਨੇ ਹਨ ਜਿਹੜੇ ਗੁਰੂ ਕੋਲ ਜਾਣ ਲਈ ਮਦਦ ਕਰਨ, ਮੇਰੇ ਪੈਰਾਂ ਨੇ ਹਰ ਵੇਲੇ ਗੁਰੂ ਵੱਲ ਭੱਜਣਾ ਹੈ, ਮੇਰੇ ਕੰਨਾਂ ਨੇ ਗੁਰੂ ਦਾ ਨਾਂ ਹੀ ਸੁਣਨਾ ਹੈ, ਮੇਰੇ ਨੱਕ

ਨੇ ਗੁਰੂ ਦੇ ਚਰਨਾਂ ਵਿੱਚੋਂ ਨਿਕਲੀ ਸ਼ਾਂਤੀ ਹੀ ਸੁੰਘਣੀ ਹੈ, ਮੇਰੀਆਂ ਅੱਖਾਂ ਨੇ ਕੇਵਲ ਗੁਰੂ ਦੀ ਵਡਿਆਈ ਦੇਖਣੀ ਹੈ, ਮੇਰੀ ਜ਼ਬਾਨ ਨੇ ਕੇਵਲ ਗੁਰੂ ਦੀ ਬਾਣੀ ਪੜ੍ਹਕੇ ਤੇ ਹਰੀ-ਹਰੀ ਨਾਮ ਦਾ ਰਸ ਪੀ ਕੇ ਹੀ ਮਸਤੀ ਵਿੱਚ ਰਹਿਣਾ ਹੈ ।

(ਣ) ਕਿਤੇ ਮੈਂ ਕਿਸੇ ਲਾਚਾਰ ਕੋਲੋਂ ਨਫ਼ਰਤ ਜਾਂ **Indifference** (ਉਦਾਸੀਨਤਾ) ਨਾਲ ਤਾਂ ਨਹੀਂ ਲੰਘ ਜਾਂਦਾ ।

(ਤ) ਕਿਸੇ ਜ਼ਾਤ-ਪਾਤ, ਮਜ਼ਹਬੀ ਫ਼ਰਕ ਵਿੱਚ ਪੈ ਕੇ ਅੰਮ੍ਰਿਤ ਦੀ ਸਭ ਤੋਂ ਵੱਡੀ ਕਾਢ 'ਸਮਦ੍ਰਿਸ਼ਟੀ' ਨੂੰ ਤਾਂ ਨਹੀਂ ਭੁੱਲ ਜਾਂਦਾ। ਇਸ ਵਹਿਮ ਵਿੱਚ ਕਿ ਅੰਮ੍ਰਿਤਧਾਰੀ ਸਿੱਖ ਹੋਣਾ ਦੂਜਿਆਂ ਨਾਲ ਨਫ਼ਰਤ ਕਰਨ ਦਾ **Licence** ਹੈ ।

(ਥ) ਕਿਤੇ ਇਨ੍ਹਾਂ ਵਹਿਮਾਂ ਵਿੱਚ ਤਾਂ ਨਹੀਂ ਪੈ ਜਾਂਦਾ ਕਿ ਕੇਵਲ 'ਵਾਹਿਗੁਰੂ, ਵਾਹਿਗੁਰੂ' ਹੀ ਨਾਮ ਹੈ । (ਰਾਮ, ਗੋਸਾਈਂ, ਪਰਮੇਸ਼ਰ, ਕਿਰਪਾ ਨਿਧਾਨ, ਮਾਧੋ ਆਦਿ ਤੇ ਹੋਰ ਬੇਅੰਤ ਨਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ)।

(ਦ) ਕਿਤੇ ਰੁਮਾਲੇ ਲਪੇਟਣ ਵਿੱਚ ਤੇ ਰੀਤੀ-ਰਿਵਾਜਾਂ ਦੇ ਆਧਾਰ 'ਤੇ ਗੁਰਦੁਆਰੇ ਚੱਕਰ ਮਾਰਨ ਵਿੱਚ ਹੀ ਤਾਂ ਨਹੀਂ ਲੱਗਾ ਰਹਿੰਦਾ । ਕੀ ਚਿੱਤ ਲਾ ਕੇ ਵਾਹਿਗੁਰੂ ਦਾ ਨਾਂ ਮਨ ਵਿੱਚ ਵਸਾ ਕੇ ਨਿਸ਼ਕਾਮ ਸੇਵਾ ਕਰਨ 'ਤੇ ਜੀ ਕਰਦਾ ਹੈ ਕਿ ਨਹੀਂ?

(ਧ) ਕਿਤੇ ਆਪਣੀਆਂ ਚੀਜ਼ਾਂ ਵਧਾਣ 'ਤੇ ਹੀ ਦਿਲ ਨਹੀਂ ਨਾ ਕਰਦਾ ਰਹਿੰਦਾ? ਕਿਤੇ ਰੱਬ ਕੋਲੋਂ ਸਿਵਾਏ ਰੱਬ ਦੇ ਨਾਂ ਦੇ ਹੋਰ ਕੁਝ ਤਾਂ ਨਹੀਂ ਮੰਗਦਾ।

(ਨ) ਕਿਤੇ ਬਾਣੀ ਪੜ੍ਹਨ ਵਾਲੀ ਜ਼ਬਾਨ ਤੋਂ ਝੂਠ ਤੇ ਕੌੜਾ ਤਾਂ ਨਹੀਂ ਬੋਲਦਾ । ਕਿਤੇ ਗੁਰੂ ਦੇਖਣ ਵਾਲੀਆਂ ਅੱਖਾਂ ਨਾਲ ਪਰਾਈਆਂ ਇਸਤਰੀਆਂ/ਮਰਦਾਂ ਵਿੱਚ ਵਿਕਾਰ ਦੀ ਨਜ਼ਰ ਨਾਲ ਮਗਨ ਤਾਂ ਨਹੀਂ ਰਹਿੰਦਾ ।

(ਪ) ਕਿਤੇ ਇਹ ਤਾਂ ਨਹੀਂ ਸਮਝਦਾ ਕਿ ਅੰਮ੍ਰਿਤ ਦਾ ਛਕ ਲੈਣਾ ਮੇਰੇ ਆਪਣੇ ਵਿਵਹਾਰ 'ਤੇ ਪਰਦਾ ਪਾਉਣਾ ਹੈ । ਮੇਰੀ ਹਰ ਕਰਤੂਤ ਤੇ ਹਰ ਸੋਚ ਕਿਤੇ 'ਅੰਮ੍ਰਿਤ ਦਾਤੇ' ਦੀ ਨਜ਼ਰ-ਇਨਾਇਤ ਤੋਂ ਉਲਟ ਤਾਂ ਨਹੀਂ ਹੁੰਦੀ ।



# ਇਕੋ ਗੱਲ
## (ਨਾਨਕ ਲੇਖੇ ਇਕ ਗੱਲ)

ਅੰਮ੍ਰਿਤ ਖੇਡ ਨਹੀਂ, ਰਿਵਾਜ ਨਹੀਂ, ਵਿਖਾਵਾ ਨਹੀਂ, ਭੇਖ ਨਹੀਂ ਅਤੇ ਨਾ ਹੀ ਇਹ ਸਿੱਖ ਹੋਣ ਦੀ ਇਕੋ ਨਿਸ਼ਾਨੀ ਹੈ । ਇਹ ਤਾਂ ਮਰ ਕੇ ਜੀਵਨ ਲਈ ਪ੍ਰੇਰਨਾ ਹੈ ਅਤੇ ਕੇਵਲ ਵਾਹਿਗੁਰੂ ਦੇ ਨਾਂ ਤੋਂ ਕੁਰਬਾਨ ਹੋ ਕੇ ਸਵਾਸ-ਸਵਾਸ ਨਾਮ ਜਪ ਕੇ ਅਤੇ ਇਕੋ ਨਾਲ ਦੋਸਤੀ ਪਾ ਕੇ ਗੁਰੂ ਦਾ ਪੁੱਤਰ ਬਣਨ ਦਾ ਸਾਧਨ ਹੈ ।

ਇਸ ਦੀ ਜ਼ਿੰਮੇਵਾਰੀ: ਅਜੀਤ ਜੁਝਾਰ ਵਰਗਾ ਬਣਨ ਦੀ ਰੀਝ, ਕੋਸ਼ਿਸ਼ ਤੇ ਅਰਦਾਸ।

ਇਸ ਦੀ ਕਰਾਮਾਤ: ਗੁਰੂ ਅਜੀਤ ਜੁਝਾਰ ਵਰਗਾ ਹੀ ਨਹੀਂ ਸਗੋਂ ਖ਼ੁਦ ਆਪਣੇ ਵਰਗਾ ਬਣਾਉਣ ਦਾ ਵਚਨ ਦਿੰਦਾ ਹੈ ।

## ਅੰਮ੍ਰਿਤ ਦੀਆਂ ਪਰਤੱਖ ਕਰਾਮਾਤਾਂ

(1) ਇਕ ਅੰਮ੍ਰਿਤਧਾਰੀ ਸਿੰਘ ਨੇ ਆਪਣੀ ਗੁਰਸਿੱਖ ਭੈਣ ਨਾਲ ਬਹਿ ਕੇ ਨਿਰਭਉ ਦੇ ਸੋਹਲੇ ਗਾਏ ਤਾਂ ਕਿਸੇ 'ਬ੍ਰਹਮਚਾਰੀਆਂ ਦੇ ਅੱਡੇ ਦਾ ਉਸਤਾਦ ਤੇ ਪੈਸੇ ਜਾਂ **Position** ਨਾਲ ਔਰਤ ਨੂੰ ਖ਼ਰੀਦਣ ਵਾਲਾ ਕਿਹਾ, ਤਾਂ ਵੀ ਉਸ ਸਿੰਘ ਨੇ ਬਿਲਕੁਲ ਮੁਸਕਰਾ ਦਿੱਤਾ । ਨਤੀਜਾ ਕਹਿਣ ਵਾਲਾ ਕੁਝ ਦਿਨ ਬਾਅਦ ਮੁਬਾਰਕ ਦੇਣ ਲੱਗਾ ਕਿ ਉਸ ਸਿੰਘ ਦਾ ਕਰੋਧ ਮਰ ਗਿਆ ਹੈ । ਸਿੰਘ ਨੇ ਫੇਰ ਮੁਸਕਰਾ ਦਿੱਤਾ (ਅੰਮ੍ਰਿਤ ਦੀ ਸ਼ਕਤੀ ਨੇ ਉਸਤਤ ਨਿੰਦਿਆ ਨੂੰ ਇਕੋ ਤਰ੍ਹਾਂ ਸਹਿਣਯੋਗ ਬਣਾ ਦਿੱਤਾ ।

(੨) ਹੋਰ ਇਕ ਸਿੰਘ ਨੂੰ ਪਾਗਲ ਸਮਝ ਕੇ **Psychiatry Ward** ਵਿੱਚ **Observation** ਲਈ ਰੱਖਿਆ ਗਿਆ । ਉਹ ਅੰਮ੍ਰਿਤ ਦੀ ਸ਼ਕਤੀ ਨਾਲ ਹੱਸ ਕੇ 'ਜੇਲ੍ਹ' ਕੱਟ ਆਇਆ; ਪਰ ਬੂਹੇ ਖੁੱਲ੍ਹਵਾ ਕੇ ਅੰਮ੍ਰਿਤ ਵੇਲੇ ਨੇਮ ਨਾਲ ਗੁਰਦੁਆਰੇ ਜਾਣੋਂ ਨਾ ਹਟਿਆ । ਹਸਪਤਾਲ ਵਾਲੇ ਸ਼ਰਮਸਾਰ ਹੋਏ ।

(੩) ਇਕ ਹੋਰ ਸਿੰਘ ਗੁਰੂ ਦੇ ਚਰਨਾਂ ਵਿੱਚੋਂ ਅੰਮ੍ਰਿਤ ਦੀ ਦਾਤ ਪਾ ਕੇ ਐਸਾ ਮਦਹੋਸ਼ ਹੋਇਆ ਕਿ ਉਹਦੀ ਸਾਰੀ ਜ਼ਿੰਦਗੀ ਬਦਲ ਗਈ ।

ਗਾਲਾਂ ਕੱਢਣ ਵਾਲਿਆਂ ਨਾਲ ਪਿਆਰ, ਹਰ ਇਕ ਨਾਲ ਨਿਮਰਤਾ ਤੇ ਆਪਣਾ ਮਨ ਗਵਾ ਦੇਣ ਦੀ ਰੀਝ ਪੈਦਾ ਹੋਈ ।

(੪) ਇਕ ਹੋਰ ਸਿੰਘ ਨੇ ਰੀਝ ਨਾਲ ਅੰਮ੍ਰਿਤ ਛਕ ਕੇ ਨਿਸ਼ਾਨਾ ਬਣਾਇਆ ਕਿ ਉਹ ਹੁਣ ਗੁਰੂ ਗੋਬਿੰਦ ਸਿੰਘ ਦਾ ਪੁੱਤਰ ਹੈ ਅਤੇ ਉਸ ਲਈ ਅਤਿ ਜ਼ਰੂਰੀ ਹੈ ਕਿ ਅਜੀਤ, ਜੁਝਾਰ, ਜ਼ੋਰਾਵਰ ਅਤੇ ਫ਼ਤਹਿ ਸਿੰਘ ਵਰਗਾ ਬਣਨ ਲਈ ਗੁਰੂ ਦੀ ਅਤੁੱਟ ਮਿਹਰ ਮੰਗਦਾ ਰਹੇ ।

### ਆਪਣੇ ਵੀਰਾਂ ਦੇ ਚਰਨਾਂ ਵਿੱਚ

ਮੇਰੇ ਪੁੱਗ ਗਏ ਵੀਰੋ, ਤੁਹਾਡੇ ਖ਼ੂਨ ਦਾ ਇਕ-ਇਕ ਕਤਰਾ ਭਾਵੇਂ ਚਮਕੌਰ ਵਿੱਚ ਡੁੱਲ੍ਹਾ ਅਤੇ ਭਾਵੇਂ ਸਰਹੰਦ ਦੀਆਂ ਨੀਂਹਾਂ ਵਿੱਚ ਸਮਾਅ ਗਿਆ, ਮੇਰੀ ਪੂਰੀ ਜ਼ਿੰਦਗੀ ਤੋਂ ਕੀਮਤੀ ਹੈ ਕਿਉਂਕਿ ਅਕ੍ਰਿਤਘਣ ਹਾਂ, ਪਰ ਇਕ ਸਾਲ ਤੋਂ ਮੈਂ ਤੁਹਾਡਾ ਵੀਰ ਅਖਵਾਉਣ ਤੇ ਹੋਣ ਦਾ ਫ਼ੈਸਲਾ ਕੀਤਾ । ਤੁਸੀਂ ਮਰਨਾ ਕਬੂਲ ਕੀਤਾ ਮੈਨੂੰ ਜਿਉਂਦਾ ਰੱਖਣ ਲਈ, ਹੁਣ ਆਸੀਸ ਦਿਓ ਮੈਂ ਮਰ ਜਾਵਾਂ ਗੁਰਸਿੱਖ ਬਣਨ ਲਈ । ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਆਪ ਬਹੁਤ ਛੋਟੇ ਸੀ ਜਦੋਂ ਸਰਹੰਦ ਵਿੱਚ ਚਿਣੇ ਗਏ; ਪਰ ਅਸੀਂ ਤੁਹਾਨੂੰ ਬਾਬਾ ਜੀ ਕਹਿ ਕੇ ਪੁਕਾਰਦੇ ਹਾਂ । ਮੈਂ ਤੇ ਮੇਰੀ ਗੁਰਸਿੱਖ ਭੈਣ ਤੁਹਾਡੇ ਚਰਨਾਂ ਦੀ ਛੁਹ ਲੈ ਕੇ ਇਹ ਘੜੀ-ਘੜੀ ਕਹਿੰਦੇ ਹਾਂ ਕਿ ਤੁਸੀਂ ਭਾਵੇਂ ਦਾਦਾ ਜੀ ਨੂੰ ਸਿਫ਼ਾਰਸ਼ ਕਰੋ, ਭਾਵੇਂ ਆਪ ਬਖ਼ਸ਼ਿਸ਼ਾਂ ਕਰੋ ਸਾਨੂੰ ਇਹ ਯਕੀਨ ਕਰਾ ਦਿਓ ਕਿ ਸਾਡਾ ਸਿਰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਤੇ ਭਾਈ ਸਾਹਿਬ ਸਿੰਘ, ਵਾਂਗ ਕਬੂਲ ਹੈ । ਸਾਡੇ ਔਗੁਣ ਨਾ ਚਿਤਾਰਨਾ, ਕਿਉਂਕਿ ਔਗੁਣਾਂ ਦੇ ਬਗੈਰ ਸਾਡੇ ਕੋਲ ਹੈ ਹੀ ਕੁਝ ਨਹੀਂ । ਇਕੋ ਗੱਲ ਹੈ ਅੰਮ੍ਰਿਤ ਛਕ ਕੇ ਹੁਣ ਤੁਹਾਡੇ ਭੈਣ ਤੇ ਵੀਰ ਹਾਂ ।



## ਅੰਮ੍ਰਿਤ ਦੀਆਂ ਕਰਾਮਾਤਾਂ

ਸਾਡੇ ਧਰਮ ਵਿੱਚ ਕਰਾਮਾਤ ਵਰਤਣੀ, ਕਰਾਮਾਤ ਦਾ ਦਿਖਾਵਾ ਕਰਨਾ, ਜਾਂ ਕਰਾਮਾਤ ਨਾਲ ਲੋਕਾਂ 'ਤੇ ਦਬਾਓ ਪਾਉਣਾ, ਜਾਂ ਕਰਾਮਾਤ ਰਾਹੀਂ ਧਾਰਮਿਕ ਹੋਣ ਦਾ ਪ੍ਰਭਾਵ ਪਾਉਣਾ, ਉੱਕਾ ਹੀ ਮਨ੍ਹਾ ਹਨ, ਤੇ ਜਿਸ ਵੀ ਕਰਾਮਾਤ ਦਿਖਾਈ ਭਾਵੇਂ ਭੁਲੇਖੇ ਵਿੱਚ, ਭਾਵੇਂ ਜਾਣ ਬੁਝ ਕੇ, ਗੁਰੂ ਸਾਹਿਬਾਨ ਨੇ ਉਸ ਦੀ ਨਿੰਦਾ ਕੀਤੀ, ਸਜ਼ਾ ਦਿੱਤੀ, ਤੇ ਭੁੱਲਾਂ ਸਿੱਧੀਆਂ ਕੀਤੀਆਂ; ਪਰ **'ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥'** (ਅੰ: ੪੭੫) ਦੀ ਸੁੱਚਤਾ ਦਾ ਪ੍ਰਤੱਖ ਰੂਪ ਦੱਸਣ ਲਈ ਸਾਹਿਬਾਂ ਨੇ ਅੰਮ੍ਰਿਤ ਤਿਆਰ ਕੀਤਾ ਜਿਸ ਨੂੰ ਪੀ ਕੇ ਲਾਲ ਛਿੰਨ-ਛਿੰਨ ਕਰਾਮਾਤਾਂ ਕਰਨ ਜੋਗੇ ਹੋ ਗਏ ਸੁੱਤੇ ਸਿੱਧ । ਅਸੀਂ ਲੋਕ ਮਾਇਆ ਦੇ ਪ੍ਰਭਾਵ ਹੇਠਾਂ ਤੇ ਆਪਣੀ ਕੱਚੀ ਮਤਿ ਦੀ ਆੜ ਲੈ ਕੇ ਜਿੱਥੇ ਖੰਡੇ ਦੇ ਅੰਮ੍ਰਿਤ ਦਾ ਅਤਿਅੰਤ ਸਤਿਕਾਰ ਕਰਦੇ ਹਾਂ ਉੱਥੇ ਉਸ ਨੂੰ ਖੇਡ ਸਮਝ ਕੇ ਅਤਿਅੰਤ ਬੇਧਿਆਨੀ ਤੇ ਲਾਪਰਵਾਹੀ ਨਾਲ ਇਵੇਂ ਛਕ ਲੈਂਦੇ ਹਾਂ ਜਿਵੇਂ 'ਕਰਮਕਾਂਡ ਹੇਠਾਂ' ਪੰਡਤ ਜਨੇਊ ਪਾ ਦਿੰਦਾ, ਸ੍ਰੀ ਗੁਰੂ ਨਾਨਕ ਸਾਹਿਬ ਵੇਲੇ। ਪਰ ਗੁਰੂ ਨਾਨਕ ਸਾਹਿਬ ਨੇ ਤਾਂ ਕਹਿ ਦਿੱਤਾ ਸੀ—ਮੈਂ ਜਨੇਊ ਨਹੀਂ ਪਾਉਣਾ, ਮੈਂ ਤਾਂ ਉਹ ਜਨੇਊ ਪਾਉਣਾ ਹੈ ਜਿਸ ਵਿੱਚ ਦਇਆ, ਸੰਤੋਖ, ਜਤ, ਸਤ ਮਿਲੇ ਹੋਏ ਹੋਣ; ਜੇ ਪੰਡਤ ਜੀ ਇਹ ਜਨੇਊ ਹੈ ਜੇ ਤਾਂ ਪਾਓ । ਕਦੇ ਕਿਸੇ ਸਿੱਖ ਨੇ ਕਿਹਾ ਹੈ ਅੱਜਕੱਲ੍ਹ ਕਿਸੇ ਪੰਜਾਂ ਪਿਆਰਿਆਂ ਦੇ ਲਿਬਾਸ ਵਿੱਚ ਲੋਭੀ, ਕਰੋਧੀ, ਪਾਖੰਡੀ ਤੇ ਮਨੁੱਖਤਾ ਦੇ ਪਹਿਰਾਵੇ ਵਿੱਚ ਜੁੜੇ ਹੋਏ ਆਪਣਾ ਆਪ ਜਤਾਉਣ ਵਾਲੇ ਜਥੇਦਾਰ ਦੇ ਟੋਲੇ ਨੂੰ—"ਭਾਈ ਸਾਹਿਬ ਜੀ ਕੀ ਅੰਮ੍ਰਿਤ ਛਕਣ ਨਾਲ ਮੇਰੇ ਵਿੱਚ ਉਹ ਗੁਣ ਆ ਜਾਣਗੇ ਜਿਹੜੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਵਿੱਚ ਆ ਗਏ ਸਨ? ਕੀ ਅੰਮ੍ਰਿਤ ਛਕ ਕੇ ਮੈਂ ਸਵਾ ਲੱਖ ਨਾਲ ਲੜ ਕੇ ਜਿੱਤ ਪ੍ਰਾਪਤ ਕਰ ਸਕਾਂਗਾ? ਕੀ ਦੇਗ਼ਾਂ ਵਿੱਚ ਉਬਲਣ ਦੀ ਸਮਰੱਥਾ ਤੇ ਸ਼ੌਕ ਉਤਪੰਨ ਹੋਵੇਗਾ? ਕੀ ਸਵਾਸ-ਸਵਾਸ ਨਾਮ ਜਪਣ ਦੀ ਤਾਂਘ ਪੈਦਾ ਹੋਵੇਗੀ? ਕੀ ਜ਼ੁਲਮ ਦੇ ਵਿਰੁੱਧ ਮੇਰੀ ਕਿਰਪਾਨ ਕਮਜ਼ੋਰਾਂ ਤੇ ਬੇਸਹਾਰਾ ਲੋਕਾਂ ਦੀ ਰੱਖਿਆ ਕਰੇਗੀ? ਕੀ ਮੇਰਾ ਕੜਾ ਹਮੇਸ਼ਾਂ ਭੈੜੇ ਕੰਮਾਂ ਤੋਂ ਰੋਕੇਗਾ? ਕੀ ਕੱਛਾ ਪਰਾਈ ਇਸਤਰੀ ਜਾਂ ਪਰਾਏ ਮਰਦ ਵੱਲ ਪੂਰੀ ਪਵਿੱਤਰਤਾ ਵਿੱਚ ਲੀਨ ਰੱਖੇਗਾ? ਕੀ ਕੰਘਾ ਤੇ ਕੇਸ ਮੇਰੀ ਪੂਰਨ ਤੇ ਉੱਚੀ ਸਫ਼ਾਈ ਦੇ ਪ੍ਰਤੀਕ ਹੋਣਗੇ? ਕੀ ਮੈਂ ਗ਼ਰੀਬਾਂ ਦੁਖੀਆਂ ਲਈ, ਭੁੱਖੇ ਨੰਗੇ ਲਈ, ਇਕ ਆਸਰਾ

ਬਣ ਸਕਾਂਗਾ? ਕੀ ਉਹ ਨਿਰਾਲਾ, ਉਹ ਵਿਰਲਾ ਬਣ ਸਕਾਂਗਾ ਜਿਹੜਾ ਗੁਰੂ ਜੀ ਨੇ ੩੦ ਮਾਰਚ ੧੬੯੯ ਦੀ ਵਿਸਾਖੀ ਨੂੰ ਖ਼ਾਲਸਾ ਸਾਜ ਕੇ ਨਮੂਨਾ ਦਿਖਾਇਆ ਸੀ—ਜੇ ਭਾਈ ਸਾਹਿਬ ਜੀ ਇਸ ਅੰਮ੍ਰਿਤ ਵਿੱਚ ਇਹੋ ਜਿਹੀਆਂ ਤਾਕਤਾਂ ਹਨ ਤਾਂ ਛਕਾ ਦਿਓ—ਐਵੇਂ ਮੈਂ ਅੰਮ੍ਰਿਤ ਨਹੀਂ ਛਕਣਾ ।

ਛਕਣ ਵਾਲੇ, ਛਕਾਉਣ ਵਾਲੇ ਰੁੜ੍ਹ ਚੁੱਕੇ ਹਾਂ, ਮੂੰਹੋਂ ਹਰੀ-ਹਰੀ ਕਹਿਣ ਵਾਲੇ, ਅੰਦਰੋਂ ਗੁਰਦੁਆਰਿਆਂ ਦਾ ਪੂਜਾ ਧਾਨ ਖਾਣ ਵਾਲੇ ਵਿਕ ਗਏ ਹਾਂ ਮਾਇਆ ਦੇ ਹੱਥ ਵਿੱਚ—ਤੇ ਹੁਣ ਰਹਿ ਗਿਆ ਹੈ ਭੇਖ ਅੰਮ੍ਰਿਤ ਦਾ ਵੀ । ਕੋਈ ਇਲੈਕਸ਼ਨ ਜਿੱਤ ਕੇ ਲੋਕਾਂ 'ਤੇ ਰੋਹਬ ਪਾਉਣ ਲਈ ਸਭ ਤਖ਼ਤਾਂ ਤੋਂ ਜਥੇਦਾਰ ਸੱਦ ਕੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਵਧਾਉਣ ਲਈ ਸ਼ਰਧਾਹੀਣ ਲੋਕਾਂ ਨੂੰ ਅੰਮ੍ਰਿਤ ਛਕਾ ਰਿਹਾ ਹੈ, ਕੋਈ ਆਪਣੇ ਚੇਲੇ ਬਹੁਤੇ ਕਰਨ ਲਈ ਆਪਣਾ ਵੱਖਰਾ ਅੰਮ੍ਰਿਤ ਪਿਲਾ ਰਿਹਾ ਹੈ, ਕੋਈ ਰਹਿਣੀ 'ਤੇ ਜ਼ੋਰ ਦਿੱਤੇ ਬਗੈਰ 'ਸਿੱਖ' ਬਣ ਰਿਹਾ ਹੈ । ਨਤੀਜਾ ਇਹ ਹੋ ਰਿਹਾ ਹੈ—

(੧) ਦਾੜ੍ਹੀ, ਕੇਸ ਕਤਲ ਕਰਨ ਵਾਲੇ ਵੀ ਅੰਮ੍ਰਿਤਧਾਰੀ ਹੋ ਗਏ ਹਨ ।

(੨) ਸਾਬਤ ਸੂਰਤ ਲੋਕੀਂ ਕਿਰਪਾਨਾਂ ਸਜਾ ਕੇ ਲੋਕਾਂ 'ਤੇ ਜ਼ੁਲਮ ਕਰਨ ਲਈ ਕਿਰਪਾਨਾਂ ਦੀ ਵਰਤੋਂ ਕਰ ਰਹੇ ਹਨ ।

(੩) ਉਹ ਉਨ੍ਹਾਂ ਕਕਾਰਾਂ ਦੀ ਪਵਿੱਤਰਤਾ ਤੇ ਮਹੱਤਤਾ ਨੂੰ ਭੁੱਲ ਕੇ ਹਵਾਈ ਜਹਾਜ਼ਾਂ ਨੂੰ ਹਾਈਜੈਕ ਕਰਨ ਲਈ ਇਸਤੇਮਾਲ ਕਰਨ ਲੱਗ ਪਏ ਹਨ ।

(੪) ਪ੍ਰੇਮ ਤੇ ਸਹਿਜ ਦੀ ਮੂਰਤ ਬਣਨ ਦੀ ਥਾਂ ਕਲੇਸ਼ ਤੇ ਡੰਡੇ-ਬਾਜ਼ੀ ਦਾ ਸਬੂਤ ਦੇ ਰਹੇ ਹਨ ।

(੫) ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਖੰਡੇ ਦਾ ਅੰਮ੍ਰਿਤ—ਜਿਹੜਾ ਅਸਲ ਵਿੱਚ ਬਾਕੀ ਗੁਰੂ ਸਾਹਿਬਾਨ ਨੇ ਬਾਣੀ ਦਾ ਰਸ, ਬਾਣੀ ਦੀ ਸਿੱਖਿਆ, ਬਾਣੀ ਦਾ ਪ੍ਰੇਮ, ਨਾਮ ਦੀ ਵਡਿਆਈ, ਨਿਰਵੈਰਤਾ, ਨਿਰਭੈਤਾ ਤੇ ਸਵਾਸ-ਸਵਾਸ ਨਾਮ ਜਪਣ ਵਿੱਚ ਜ਼ੁਲਮ ਦਾ **'ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।'**੨੨ ਦੇ ਸਬੂਤ ਵਿੱਚ ਟਾਕਰਾ ਕਰਨ ਲਈ ਹੀ ਬਣਿਆ ਸੀ—ਇਕ ਖੇਡ ਬਣ ਗਿਆ ਹੈ ।

ਜੇ ਕੋਈ ਸਾਡੇ ਨਾਲ ਧਾਰਮਿਕ ਬੇਇਨਸਾਫ਼ੀ ਹੁੰਦੀ ਹੈ ਜਾਂ ਸਾਡਾ ਕੋਈ ਹੱਕ ਮਾਰਦਾ ਹੈ ਤਾਂ ਜ਼ਰੂਰ ਸਾਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਪੁਰਜ਼ੋਰ ਮੋਰਚਾ ਕਰਨਾ ਚਾਹੀਦਾ ਹੈ; ਪਰ ਜ਼ਰਾ ਸੋਚੀਏ ਤਾਂ ਸਹੀ ਕਿ ਸਾਡਾ ਕੋਈ ਕੰਮ ਵੀ ਐਸਾ ਨਾ ਹੋਵੇ ਜਿਹੜਾ ਗੁਰੂ ਦੇ ਪਿਲਾਏ ਅੰਮ੍ਰਿਤ ਨੂੰ ਬਾਣੀ ਦੇ



ਰਸ ਰੂਪ ਨੂੰ ਜਾਂ ਸਿੱਖ ਦੇ ਸਤਿ-ਸਰੂਪ ਨੂੰ ਦਾਗ਼ ਲਗਾਏ ।

ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਮੇਰੇ ਚਾਚਾ ਜੀ ਦਾ ਇਕ ਸਾਥੀ ਹੁੰਦਾ ਸੀ ਜਿਸ ਨੇ ਅੰਮ੍ਰਿਤ ਛਕਣ ਵੇਲੇ ਸਵਾਲ ਤਾਂ ਨਹੀਂ ਸਨ ਪੁੱਛੇ ਪਰ ਇਹ ਜੋਦੜੀ ਕੀਤੀ ਸੀ, 'ਸੱਚੇ ਪਾਤਿਸ਼ਾਹ! ਕਿਰਪਾ ਕਰੋ। ਮੈਂ ਆਪ ਦਾ ਅੰਮ੍ਰਿਤ ਪੀ ਕੇ **1699** ਦੀ ਵਿਸਾਖੀ 'ਤੇ ਪੈਦਾ ਕੀਤੇ ਖ਼ਾਲਸੇ ਦਾ ਨਮੂਨਾ ਬਣ ਜਾਵਾਂ ਤੇ ਨਾਮ ਜਪਦਿਆਂ ਸਵਾਸ-ਸਵਾਸ, ਸੇਵਾ ਕਰਦਿਆਂ ਗ਼ਰੀਬਾਂ ਦੀ, ਸੱਚ ਲਈ ਸ਼ਹੀਦ ਹੋ ਜਾਵਾਂ। ਕੁਝ ਦਿਨ ਹੋਏ ਉਹ ਪੂਰੇ ਹੋ ਗਏ ਹਨ, ਪਰ ਮੇਰੀ ਛੋਟੀ ਉਮਰ ਹੋਣ ਦੇ ਬਾਵਜੂਦ ਮੈਨੂੰ ਯਾਦ ਹੈ ਕਿ ਜਦ ਉਨ੍ਹਾਂ ਨੂੰ ਦਸ ਸਾਲ ਅੰਮ੍ਰਿਤ ਛਕਿਆਂ ਹੋ ਗਏ ਤਾਂ ਮੇਰੇ ਚਾਚਾ ਜੀ ਕੋਲ ਬਹਿ ਕੇ ਸਤਿਸੰਗ ਕਰਦਿਆਂ ਇਉਂ ਕਹਿਣ ਲੱਗੇ—

"ਮੇਰਿਆ ਵੀਰਾ! ਮੇਰਾ ਤਾਂ ਪਤਾ ਕੋਈ ਨਹੀਂ ਮੈਂ ਕਦੋਂ ਮਰ ਜਾਵਾਂ, ਪਰ ਅੱਜ ਇਕ ਰੀਝ ਆਈ ਹੈ ਕਿ ਤੈਨੂੰ ਅੰਮ੍ਰਿਤ ਦੀਆਂ ਕਰਾਮਾਤਾਂ ਦੱਸਾਂ । ਕਹਿਣ ਲੱਗੇ ਧਿਆਨ ਨਾਲ ਗੁਰੂ ਚਰਨਾਂ ਵਿੱਚ ਮਨ ਲਾ ਕੇ ਸੁਣੀਂ ।—੫੧ ਸਾਲ ਦੀ ਉਮਰ ਹੈ, ਪਰ ੪੦ ਸਾਲ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਤੇ ਅੰਮ੍ਰਿਤ ਛਕਣ ਤੋਂ ਬਾਅਦ ਦਾ ਹਾਲ ਤੈਨੂੰ ਦੱਸਦਾ ਹਾਂ । ਤੂੰ ਦੱਸ ਅੰਮ੍ਰਿਤ 'ਕਰਾਮਾਤ' ਨਹੀਂ? ਇਕ ਕਰਾਮਾਤ ਨਹੀਂ? ਕਰਾਮਾਤ ਦਾ ਖ਼ਜ਼ਾਨਾ ਨਹੀਂ?

| **ਅੰਮ੍ਰਿਤ ਛਕਣ ਤੋਂ ਪਹਿਲਾਂ** | **ਅੰਮ੍ਰਿਤ ਛਕਣ ਤੋਂ ਬਾਅਦ** |
|---|---|
| **1.** ਮੈਨੂੰ ਵਡਿਆਈ ਦੀ ਭੁੱਖ ਰਹਿੰਦੀ ਸੀ । | **1.** ਮੈਨੂੰ ਵਡਿਆਈ ਤੋਂ ਡਰ ਲੱਗਦਾ ਹੈ । |
| **2.** ਮੈਨੂੰ ਨਿੱਕੀ ਜਿਹੀ ਗੱਲ 'ਤੇ ਖਿੱਝ ਆਉਂਦੀ ਸੀ ਤੇ ਲੋਕਾਂ ਦੇ ਨੁਕਸ ਕੱਢਦਾ ਤੇ ਕਰੋਧ ਕਰਦਾ ਰਹਿੰਦਾ ਸੀ । | **2.** ਮੈਂ ਕੋਸ਼ਿਸ਼ ਕਰਦਾ ਹਾਂ ਕਿ ਕਦੇ ਕਿਸੇ ਨਾਲ ਨਾ ਖਿਝਾਂ, ਲੋਕੀਂ ਮੈਨੂੰ ਗਾਲਾਂ ਕੱਢਣ ਪਰ ਕਦੇ ਕਰੋਧ ਵਿੱਚ ਨਾ ਆਵਾਂ । |
| **3.** ਪੈਸੇ ਬਹੁਤੇ ਹੋਰ ਹੋਣੇ ਚਾਹੀਦੇ ਸਨ । | **3.** ਹੁਣ ਤਾਂ ਪੈਸੇ ਬਿਲਕੁਲ ਨਹੀਂ ਚਾਹੀਦੇ, ਬਸ ਨਿਰਬਾਹ ਹੋ ਜਾਏ ਕਾਫ਼ੀ ਹੈ। ਕੱਲ੍ਹ ਕਿਸੇ ਨੇ ਇਕ ਲੈਕਚਰ ਕਰਨ ਦਾ **1000** ਰੁਪਿਆ ਦਿੱਤਾ ਤੇ ਬੜੇ ਪ੍ਰੇਮ ਨਾਲ ਆਪਣੇ ਦੁਖੀ ਵੀਰਾਂ, ਭੈਣਾਂ ਲਈ ਦੇ ਦਿੱਤਾ। |

| | |
|---|---|
| **4.** ਵੈਰ, ਚੁਗ਼ਲੀ, ਨਿੰਦਾ ਮੇਰੇ ਹਮੇਸ਼ਾਂ ਸਾਥੀ ਸਨ । | **4.** ਸਾਰੀ ਦੁਨੀਆਂ ਮੇਰੀ ਹੈ, ਪ੍ਰੇਮ ਵਿੱਚ ਮੈਂ ਵਿਓਪਾਰ ਕਰਦਾ ਹਾਂ । ਪਿਛਲੇ ਮਹੀਨੇ ਕਿਸੇ ਨੇ ਭੁਲੇਖੇ ਵਿੱਚ ਮੈਨੂੰ ਬਹੁਤ ਹੀ ਝਾੜਾਂ ਪਾਈਆਂ, ਗੁੱਸਾ ਕੀਤਾ ਆਦਿ । ਪਰ ਸਾਹਿਬਾਂ ਦੇ ਅੰਮ੍ਰਿਤ ਦੀ ਰਹਿਮਤ, ਮੇਰੇ ਚਿਹਰੇ ’ਤੇ ਕੇਵਲ ਮੁਸਕਰਾਹਟ ਹੀ ਨਾ ਰਹੀ ਬਲਕਿ ਬੇਇਜ਼ਤੀ ਕਰਨ ਵਾਲਿਆਂ ਲਈ ਅਰਦਾਸ ਤੇ ਪਿਆਰ ਉਪਜਿਆ। |
| **5.** ਨਾਮ-ਬਾਣੀ ਤੋਂ ਦੂਰ ਨੱਸਦਾ ਜਾਂ ਸਿਨੇਮੇ, ਤਮਾਸ਼ੇ, ਪਾਰਟੀਆਂ ਵਿੱਚ ਹੀ ਗਲਤਾਨ ਰਹਿੰਦਾ ਸਾਂ । | **5.** ਦਿਨ-ਰਾਤ ਨਾਮ ਬਾਣੀ ਦੇ ਚਾਉ ਵਿੱਚ ਪਿਆਰੇ-ਪਿਆਰੇ ਬੱਚਿਆਂ ਨਾਲ—ਜਿਹੜੇ ਰਿਸ਼ਤੇਦਾਰ ਵੀ ਨਹੀਂ, ਨਾਲ ਵੱਖੋ-ਵੱਖ ਧਰਮ ਦੇ ਤੇ ਵੱਖੋ-ਵੱਖ ਉਮਰਾਂ ਦੇ ਹਨ ਰਹਿੰਦਾ ਹਾਂ, ਕਦੇ ਸਿਨੇਮਾ, ਤਮਾਸ਼ਾ ਸੁਝਦਾ ਹੀ ਨਹੀਂ । |
| **6.** ਸੂਟ, ਨਕਟਾਈਆਂ ਦੇ ਢੇਰਾਂ ਵਿੱਚ ਵੀ ਹੋਰ-ਹੋਰ ਲੋੜ ਰਹਿੰਦੀ ਸੀ । | **6.** ਅਤਿਅੰਤ ਸਾਦਗੀ ਮੇਰਾ ਸੁਭਾਅ ਬਣ ਗਈ ਹੈ । ਉਸਤਤ-ਨਿੰਦਾ, ਅਮੀਰੀ-ਗ਼ਰੀਬੀ ਤੋਂ ਅਸਰ ਰਹਿਤ ਹੋਣਾ ਮੇਰੀ ਰੀਝ ਰਹਿੰਦੀ ਹੈ। |
| **7.** ਆਪਣੀ, ਗਲੀ ਆਪਣੇ ਮੁਹੱਲੇ, ਆਪਣੇ ਪਰਿਵਾਰ ਵਿੱਚ ਹੀ ਫਸਿਆ ਰਹਿੰਦਾ ਸਾਂ। | **7.** ਸਾਰੀ ਦੁਨੀਆਂ ਮੇਰੀ ਹੈ, ਸਾਰਾ ਜਗਤ ਮੇਰਾ ਹੈ । ਮੈਂ ਸਭ ਦਾ ਹਾਂ । |
| **8.** ਆਪਣੇ ਆਪ ਨੂੰ ਵਾਧੂ ਧਰਮੀ, ਵਾਧੂ ਦਿਆਨਤਦਾਰ, ਵਾਧੂ ਸਿਆਣਾ ਸਮਝਦਾ ਸਾਂ । | **8.** ਕੇਵਲ ਗੁਰੂ ਹੀ ਗੁਰੂ ਜਾਪਦਾ ਹੈ। ਦਿਨ-ਰਾਤ ਕੰਬਦਾ ਹਾਂ; ਕਿਉਂਕਿ ਮੇਰੇ ਗੁਨਾਹਾਂ ਦੀ ਪੰਡ ਭਾਰੀ ਹੈ ਤੇ ਚੇਤੇ ਰਹਿੰਦੀ ਹੈ । |



| | |
|---|---|
| **9.** ਮੌਤ ਤੋਂ ਹਰ ਵੇਲੇ ਡਰਦਾ, ਜਾਂ ਹਰ ਵੇਲੇ ਚਿੰਤਾ ਵਿੱਚ ਰਹਿੰਦਾ ਸਾਂ । | **9.** ਮੌਤ ਨੂੰ ਇਕ ਜੀਵਨ ਨੂੰ ਪੂਰਾ ਕਰਨ ਵਾਲੀ ਦੇਵੀ ਸਮਝਦਾ ਹਾਂ ਤੇ ਸੱਚ ਲਈ ਸ਼ਹੀਦ ਹੋਣ ਨੂੰ ਰੀਝਦਾ ਹਾਂ । ਪਿੱਛੇ ਦਾ ਅਫ਼ਸੋਸ ਕਦੇ ਨਹੀਂ ਆਇਆ, ਅੱਗੋਂ ਦਾ ਫ਼ਿਕਰ ਨਹੀਂ; ਕਿਉਂਕਿ ਗੁਰੂ ਦੇ ਚਰਨਾਂ ਵਿੱਚੋਂ ਅੰਮ੍ਰਿਤ ਚੋਂਦਾ ਹੈ ਤੇ ਮੈਂ ਪੀਵੀ ਜਾਂਦਾ ਹਾਂ । |
| **10.** ਪੈਸੇ ਕਿਸੇ ਨੂੰ ਦਿੰਦਾ ਨਹੀਂ ਸੀ । | **10.** ਦਸਵੰਧ ਕੱਢਦਾ ਹਾਂ ਤੇ ਕੱਢਕੇ ਸ਼ੁਕਰ ਕਰਦਾ ਹਾਂ । |

ਇਹ ਸਭ ਕੁਝ ਕਹਿ ਕੇ ਚੁੱਪ ਹੋ ਗਏ । ਅੱਥਰੂਆਂ ਵਿੱਚ ਗੁਰੂ ਦੇ ਚਰਨਾਂ ਦੀ ਗੱਲ ਕਰਨ ਲੱਗੇ । ਅੰਮ੍ਰਿਤ ਤਾਂ ਗੁਰੂ ਦੇ ਚਰਨ ਹਨ, ਗੁਰੂ ਦੀ ਸਿੱਖਿਆ ਹੈ, ਗੁਰੂ ਦਾ ਹੁਕਮ ਹੈ, ਤੇ ਉਸ ’ਤੇ ਚੱਲਣਾ ਸਿੱਖ ਦੁਆਰਾ ਆਪ ਕਰਵਾਈ ਗੁਰੂ ਦੀ ਕਰਾਮਾਤ ਹੈ; ਪਰ ਮੈਂ ਮੂਰਖ ਅਜੇ ਵੀ ਕੰਬਦਾ ਹਾਂ, ਕਿਤੇ ਆਪਣੀ ਮਿਹਨਤ ਨਾ ਸਮਝ ਲਵਾਂ ।

ਮੈਂ ਅਜੇ ਛੋਟਾ ਹੀ ਸਾਂ; ਪਰ ਉਨ੍ਹਾਂ ਦਾ ਪ੍ਰਭਾਵ ਮੇਰੇ ’ਤੇ ਪਿਆ । ਮੈਂ ਬਹੁਤ ਵਾਰ ਸੋਚਿਆ ਕਿ ਉਨ੍ਹਾਂ ਦੀਆਂ ਗੱਲਾਂ ਤੋਂ ਰੀਝ ਕੇ ਅੰਮ੍ਰਿਤ ਛਕ ਲਵਾਂ; ਪਰ ਉਹ ਹਮੇਸ਼ਾਂ ਕਹਿੰਦੇ ਰਹੇ ਖ਼ਬਰਦਾਰ! ਅੰਮ੍ਰਿਤ ਉਦੋਂ ਛਕੀਂ ਜਦੋਂ ਗੁਰੂ ਆਪ ਬੁਲਾ ਕੇ ਛਕਾਏਗਾ । ਮੈਨੂੰ ਕਦੇ ਸਮਝ ਨਾ ਆਉਂਦੀ ਪਰ ਸਾਹਿਬਾਂ ਨੇ ਤਰਸ ਕੀਤਾ, ਦਸ ਸਾਲ ਹੋਏ ਮੇਰੀ ਝੋਲੀ ਵਿੱਚ ਮੇਰੇ ਗੁਰੂ ਨੇ ਪਵਿੱਤਰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਪਾ ਦਿੱਤੀ । ਮੈਂ ਹਰ ਵੇਲੇ ਆਪਣੇ ਚਾਚਾ ਜੀ ਦੇ ਸਾਥੀ ਦੀਆਂ ਗੱਲਾਂ ਯਾਦ ਕਰਦਾ ਹਾਂ ਤੇ ਕਦੇ-ਕਦੇ ਬੇਇਖ਼ਤਿਆਰੀ ਅੱਥਰੂਆਂ ਵਿੱਚ ਤੇ ਭਰੇ ਗਲੇ ਵਿੱਚੋਂ ਆਖਦਾ ਹਾਂ—“ਸਾਹਿਬਾ ਮੈਂ ਵੀ ਤੇਰੇ ਅੰਮ੍ਰਿਤ ਦੀਆਂ ਕਰਾਮਾਤਾਂ ਮਹਿਸੂਸ ਕਰਦਾ ਹਾਂ । ਮੈਂ ਐਡਾ ਨੀਚ ਤੂੰ ਐਡਾ ਮਹਾਨ, ਕਿਵੇਂ ਮੇਲ ਹੋਇਆ ਮੇਰਾ ਤੇਰਾ। ਅਕਤੂਬਰ, ਨਵੰਬਰ, ਦਸੰਬਰ, ਜਨਵਰੀ ਚਾਰ ਮਹੀਨਿਆਂ ਵਿੱਚ ਮੇਰਾ ਜਨਮ ਸਾਹਿਬਾਂ ਦੇ ਚਰਨਾਂ ਵਿੱਚ ਤੇ ਦੁਨਿਆਵੀ ਤੌਰ ’ਤੇ, ਮੇਰਾ ਅੰਮ੍ਰਿਤ ਦਿਵਸ ਤੇ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ, ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ, ਸਾਹਿਬ ਅਜੀਤ, ਜੁਝਾਰ, ਜ਼ੋਰਾਵਰ ਤੇ

ਫ਼ਤਹਿ ਸਿੰਘ ਦੇ ਸ਼ਹੀਦੀ ਦਿਨ, ਸਾਰਾ ਸ਼ਹੀਦੀਆਂ ਭਰਿਆ ਤੇ ਸੱਚ ਭਰਿਆ ਇਤਿਹਾਸ, ਮੇਰੇ ਮਨ ਨੂੰ ਪ੍ਰੇਰਨ ਲਈ ਆਵਾਜ਼ਾਂ ਮਾਰਦਾ ਹੈ—ਸਿੱਖ—ਖ਼ਾਲਸਾ ਬਣਨਾ ਹੈ? ਤਾਂ ਤੇ "**ਇਤੁ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨ ਕੀਜੈ॥**" (ਅੰਗ ੧੪੧੨)

ਲੈ ਸਾਹਿਬਾ ਇਕ ਜੋਦੜੀ, ਹਜ਼ਰਤ ਈਸਾ ਦਾ ਜਨਮ ਦਿਨ ਵੀ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ ਵੀ ਸੀ—**25** ਦਸੰਬਰ **1971** ਨੂੰ—ਜਦ ਅੰਮ੍ਰਿਤ ਦੀ ਬੂੰਦ ਮੇਰੇ ਮੂੰਹ ਵਿੱਚ ਪਾਈ ਸੀ ਤੂੰ, ਆਸ ਪਾਸ ਬੱਚਿਆਂ ਦੇ ਸ਼ਹੀਦੀ ਦੇ ਦਿਵਸ ਸਨ । ਮੇਰੀ ਰੀਝ ਪੂਰੀ ਕਰਦੇ । ਆਪਣੇ ਚਾਚੇ ਦੇ ਸਾਥੀ ਵਰਗਾ ਅੰਮ੍ਰਿਤ ਦੀਆਂ ਕਰਾਮਾਤਾਂ ਮਾਣਦਾ ਰਹਾਂ, ਛਿੰਨ-ਛਿੰਨ ਨਾਮ ਤੇ ਸੇਵਾ ਵਿੱਚ ਬਿਤਾਉਂਦਾ ਹੋਇਆ ਸੱਚ ਲਈ ਹੱਸ ਕੇ ਜਾਨ ਦੇ ਦੇਵਾਂ ਤੇ ਜਿਨ੍ਹਾਂ ਦੇ ਹੁਕਮ ਨਾਲ ਸ਼ਹੀਦ ਹੋਵਾਂ, ਜਿਨ੍ਹਾਂ ਦੀ ਤਲਵਾਰ ਨਾਲ, ਜਿਨ੍ਹਾਂ ਦੀ ਗੋਲੀ ਨਾਲ ਸ਼ਹੀਦ ਹੋਵਾਂ, **CHRIST** ਵਾਂਗੂੰ "ਕਹਿ ਸਕਾਂ"—

"LORD FORGIVE THEM—THEY KNOW NOT WHAT THEY ARE DOING"—ਵਾਹਿਗੁਰੂ ਇਨ੍ਹਾਂ ਨੂੰ ਖਿਮਾਂ ਕਰ ਦੇਵੀਂ, ਇਨ੍ਹਾਂ ਵਿਚਾਰਿਆਂ ਨੂੰ ਪਤਾ ਹੀ ਨਹੀਂ ਕੀ ਕਰ ਰਹੇ ਹਾਂ।"

ਕਿਰਪਾ ਕਰੇਂਗਾ ਨਾ? ਆਪਣੇ ਬਾਲਕ ਦੀ ਲਾਜ ਰੱਖੇਂਗਾ ਨਾ?



# ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥

ਅੱਜ ਬੜੇ ਜ਼ੋਰ ਨਾਲ ਉੱਪਰ ਲਿਖਿਆ ਸਲੋਕ ਆਸਾ ਦੀ ਵਾਰ ਵਿੱਚੋਂ ਅੰਮ੍ਰਿਤ ਵੇਲੇ ਅੰਮ੍ਰਿਤ ਵੰਡ ਰਿਹਾ ਸੀ ਅਤੇ ਅੰਮ੍ਰਿਤ ਦੀਆਂ ਬੂੰਦਾਂ ਮੇਰੀਆਂ ਅੱਖਾਂ ਵਿੱਚੋਂ ਸੱਧਰਾਂ ਬਣ ਕੇ ਤੇਰੇ ਚਰਨਾਂ ਦੀ ਛੂਹ ਦੀ ਰੀਝ ਨਾਲ ਇਹ ਸੋਚ ਰਹੀਆਂ ਸਨ ਕਿ ਕੀ ਤੂੰ ਤੇ ਮੇਰੇ ਸਾਰੇ ਰਿਸ਼ਤੇਦਾਰ (ਜਿਹੜੇ ਤੈਨੂੰ ਮੱਥਾ ਟੇਕਦੇ, ਤੇਰੇ ਅਖੰਡ ਪਾਠ ਰਖਾਉਂਦੇ, ਰੈਣ ਸਬਾਈਆਂ ਕਰਦੇ ਤੇ ਸਿੱਖ ਹੋਣ ਦੀਆਂ ਦਲੀਲਾਂ ਦੇ ਕੇ ਤੇ ਬਹਿਸਾਂ ਕਰ ਕਰ ਕੇ ਮੇਰੇ ਦਿਮਾਗ਼ ਦੀ ਹਰ ਇਕ ਨਾੜ ਨੂੰ ਹਲੂਣਾ ਦੇ ਦਿੰਦੇ ਹਨ) ਮੈਨੂੰ ਇਕੋ ਤਰ੍ਹਾਂ ਦੀ ਸਿੱਖਿਆ ਦੇਂਦੇ ਹਨ । ਤੂੰ ਕਹਿੰਦਾ ਹੈਂ ਬਿਖ ਨਹੀਂ ਬੀਜਣਾ, ਮੇਰਾ ਹਰ ਇਕ ਰਿਸ਼ਤੇਦਾਰ ਕਹਿੰਦਾ ਹੈ ਬਿਖ ਬੀਜਣ ਬਗੈਰ ਗੁਜ਼ਾਰਾ ਹੀ ਨਹੀਂ । ਕੀ ਤੂੰ ਮੇਰਾ ਪੂਰਾ ਗੁਰੂ ਨਹੀਂ? ਜੇ ਹੈਂ ਤਾਂ ਮੈਂ ਕਿਵੇਂ ਤੇਰਾ ਹੁਕਮ ਛੱਡ ਕੇ ਉਨ੍ਹਾਂ ਝੂਠੀਆਂ ਆਸਾਂ ਦੇਣ ਵਾਲੇ ਲੋਕਾਂ ਦੇ ਚਰਨਾਂ ਵਿੱਚ ਆਪਣਾ ਸਿਦਕ ਹੋਣ ਦਿਆਂ ਜਿਨ੍ਹਾਂ ਨੂੰ ਆਪ ਪਤਾ ਨਹੀਂ ਕਿ ਉਹ ਕੱਲ੍ਹ ਹੋਣਗੇ ਜਾਂ ਨਹੀਂ । ਹੁਣ ਸੁਣ ਮੇਰੀਆਂ ਆਪ-ਬੀਤੀਆਂ :

੧. ਪੋਲੀਸ ਦੀ ਵਰਦੀ ਪਾ ਕੇ ਇਕ ਚੋਰ ਮੇਰੇ ਘਰ ਵਿੱਚ ਵੜ ਆਇਆ। ਕਹਿਣ ਲੱਗਾ ਤੂੰ ਬਾਣੀ ਨੂੰ ਉਲਟ ਸਮਝ ਰਿਹਾ ਹੈਂ । "**ਗੁਰਦੇਵ ਮਾਤਾ**", "**ਗੁਰਦੇਵ ਪਿਤਾ**" ਦਾ ਮਤਲਬ ਇਹ ਨਹੀਂ ਕਿ ਗੁਰੂ ਹੀ ਮਾਤਾ ਪਿਤਾ ਹੈ, ਸਗੋਂ ਮਾਤਾ ਪਿਤਾ ਹੀ ਗੁਰੂ ਹੈ ਅਤੇ ਗੁਰਮਤਿ ਤੋਂ ਉਲਟ ਸਿੱਖਿਆ ਵੀ ਜਦੋਂ ਮਾਤਾ ਦੇਵੇ ਤਾਂ ਜ਼ਰੂਰ ਮੰਨਣੀ ਚਾਹੀਦੀ ਹੈ । ਮੇਰੀ ਮਾਤਾ ਚਾਹੁੰਦੀ ਹੈ ਕਿ ਮੈਂ ਹਰ ਵਕਤ ਝੱਖਾਂ ਮਾਰਾਂ, ਲੋਕ-ਲਾਜ ਵਿੱਚ, ਨਿੰਦਿਆ ਵਿੱਚ, ਰੰਗ ਤਮਾਸ਼ੇ ਵਿੱਚ, ਉਧਾਰ ਚੁੱਕਣ ਵਿੱਚ ਆਦਿ । ਕੀ ਇਹ ਬਿਖ ਨਹੀਂ?

੨. ਮੇਰਾ ਭਰਾ ਕਹਿੰਦਾ ਹੈ, ਹਰ ਵੇਲੇ ਕੀ ਹੋਇਆ "ਨਾਂ" "ਰੱਬ ਦਾ ਨਾਂ"? ਹਰ ਵੇਲੇ ਵਸੂਹਰਾ ਪਾਈ ਰੱਖਣਾ? ਹੱਸਣਾ ਖੇਡਣਾ ਹੋਣਾ ਚਾਹੀਦਾ ਹੈ । ਤੂੰ ਵੱਖਰਾ ਰੱਬ ਦਾ ਨਾਂ ਸਮਝਿਆ ਹੈ? ਹੁਕਮ ਹੈ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ' ਨਾਮ ਜੱਪਣਾ ਹੈ । ਮੈਂ ਅਤਿ ਨਿਮਰਤਾ ਨਾਲ ਹੱਥ ਜੋੜ ਕੇ ਚਰਨਾਂ 'ਤੇ ਸਿਰ ਰੱਖ ਕੇ ਕਹਿੰਦਾ ਹਾਂ, ਮਹਾਰਾਜ ਜੀ ਬਿਲਕੁਲ ਠੀਕ; ਪਰ ਹਸੰਦਿਆ, ਖੇਲੰਦਿਆ ਇਹ

ਮਤਲਬ ਨਹੀਂ ਕਿ ਹਾਸਾ ਦੂਜਿਆਂ ਦੀ ਨਿੰਦਿਆ ਵਿੱਚੋਂ ਖੇਡਾਂ ਝੱਖਾਂ ਮਾਰਨ ਵਿੱਚੋਂ ਨਿਕਲੇ । ਕੀ ਇਹ ਸਿੱਖਿਆ, ਬਿਖਿਆ ਨਹੀਂ?

੩. ਜੇ ਮੈਂ ਪਤਨੀ ਹਾਂ ਤਾਂ ਮੇਰਾ ਪਤੀ ਕਹਿੰਦਾ ਹੈ—ਭਾਵੇਂ ਆਪ ਅੰਮ੍ਰਿਤ ਵੇਲੇ ਮੇਰੇ ਨਾਲ ਛੈਣੇ ਵਜਾਉਂਦਾ ਹੈ—ਕਿ ਉਸ ਤੋਂ ਵੱਡਾ ਪ੍ਰਮੇਸ਼ਰ ਮੇਰੇ ਲਈ ਕੋਈ ਨਹੀਂ । ਉਹ ਗੁਰਮਤਿ ਤੋਂ **Totally** ਉਲਟੀ ਗੱਲ ਕਹੇ ਤਾਂ ਵੀ ਮੇਰਾ ਹੁਕਮ ਮੰਨਣਾ ਫ਼ਰਜ਼ ਹੈ । ਮੈਂ ਹੱਥ ਬੰਨ੍ਹ ਕੇ ਕਹਿੰਦੀ ਹਾਂ ਮੈਂ ਨੌਕਰ ਹਾਂ ਤੁਹਾਡੀ, ਪਰ ਅਸਾਂ ਗ਼ਰੀਬਾਂ ਦੀ ਸੇਵਾ ਕਰਨੀ ਹੈ, ਦਸਵੰਧ ਕੱਢਣਾ ਹੈ, ਲੋਕ-ਲਾਜ ਕੱਟ ਕੇ ਗੁਰੂ ਦੇ ਚਰਨ ਪਕੜਨੇ ਹਨ । ਉਹ ਕਹਿੰਦਾ ਹੈ—ਇਹ ਦੁਨੀਆਂ ਹੈ, ਗੁਰਮਤਿ 'ਤੇ ਕੌਣ ਚੱਲ ਸਕਦਾ ਹੈ? ਕੀ ਇਹ ਬਿਖ ਨਹੀਂ?

੪. ਜੇ ਮੈਂ ਪਤੀ ਹਾਂ, ਤਾਂ ਮੇਰੀ ਪਤਨੀ ਹਰ ਵੇਲੇ ਕਹਿੰਦੀ ਹੈ ਕਿ ਅਸੀਂ ਸਾਰੇ ਰਿਸ਼ਤੇਦਾਰਾਂ ਨੂੰ ਨਾਰਾਜ਼ ਨਹੀਂ ਕਰ ਸਕਦੇ । ਇਹ ਜ਼ਰੂਰੀ ਹੈ ਕਿ ਗੁਰੂ ਦੀ ਮਤਿ ਰਾਹ ਰਾਹ ਦੀ ਮੰਨਣੀ ਹੈ? ਗੁਰੂ ਉਲਟੀ ਮੱਤ ਵੀ ਦਿੰਦਾ ਹੈ? ਮੈਂ ਉੱਕਾ ਹੀ ਨਹੀਂ ਮੰਨਦਾ ਕਿ ਕਿਸੇ ਹਾਲਤ ਵਿੱਚ ਗੁਰਮਤਿ ਗ਼ਲਤ ਹੋ ਸਕਦੀ ਹੈ । ਇਸ ਲਈ ਜਦੋਂ ਸਟੇਜਾਂ ਤੋਂ ਉੱਚੀ-ਉੱਚੀ ਆਵਾਜ਼ ਨਾਲ ਲਲਕਾਰ ਕੇ ਗੁਰਮਤਿ "ਅਟੱਲ ਤੇ ਸੱਚੀ" ਹੋਣ 'ਤੇ ਜ਼ੋਰ ਦੇਣ ਵਾਲੇ ਉੱਤਰ ਕੇ ਇਹ ਕਹਿ ਦੇਣ ਕਿ ਪਤੀ-ਪਤਨੀ ਨੂੰ ਗੁਰਮਤਿ ਛੱਡ ਦੇਣੀ ਚਾਹੀਦੀ ਹੈ ਜੇ ਇਕ ਸਾਥੀ ਕਲੇਸ਼ ਪਾਵੇ ਤੇ ਗੁਰਮਤਿ ਅਨੁਸਾਰ ਨਾ ਚੱਲਣ ਦੇਵੇ ! ਕੀ ਇਹ **ਬਿਖੁ** ਨਹੀਂ?

੫. ਅੱਜ ਮੈਨੂੰ ਇਕ **Psychiatrist** ਰਿਸ਼ਤੇਦਾਰ ਦੇ ਸਾਹਮਣੇ ਪੇਸ਼ ਕੀਤਾ ਗਿਆ । ਮੈਂ ਤੇਰੇ ਤੋਂ ਸਦਕੇ ਜਾਂਦਾ ਹਾਂ, ਕਿਉਂਕਿ ਜੇ ਤੂੰ ਮੇਰਾ ਕੁਝ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ ਤਾਂ ਇਕ ਨਿਸ਼ਾਨੀ ਤੂੰ ਆਪ ਹੀ ਇਹ ਦੱਸੀ ਹੈ ਕਿ ਲੋਕੀਂ ਉਸ ਨੂੰ ਪਾਗਲ ਆਖਦੇ ਹਨ । ਇਸ ਲਈ, ਜਦੋਂ ਮੇਰੇ ਲਈ **Psychiatrist** ਦੀ ਲੋੜ ਸਮਝੀ ਉਨ੍ਹਾਂ ਨੇ ਜਿਨ੍ਹਾਂ ਆਪਾ ਪਹਿਚਾਣਨ ਦੀ ਬਜਾਏ ਲੋਕਾਂ ਨੂੰ ਪਹਿਚਾਣਨ 'ਤੇ ਸਾਰੀ ਜ਼ਿੰਦਗੀ ਲਾ ਦਿੱਤੀ, ਤਾਂ ਮੈਨੂੰ ਮਹਿਸੂਸ ਹੋਇਆ ਕਿ ਤੂੰ ਮੇਰੇ 'ਤੇ ਤਰੁੱਠਣ ਦਾ ਫ਼ੈਸਲਾ ਕਰ ਲਿਆ ਹੈ । ਉਸੇ ਦਿਨ ਗੁਰਦੁਆਰੇ ਵਿੱਚ



ਇਕ ਮਹਾਂਪੁਰਸ਼ ਨੇ ਕਥਾ ਕਰਦਿਆਂ ਕਿਹਾ ਕਿ ਕਬੀਰ ਸਾਹਿਬ ਕਹਿੰਦੇ ਹਨ ਕਿ ਪ੍ਰਮੇਸ਼ਰ ਦੇ ਰਾਹ 'ਤੇ ਪਾਂਧੀ ਦੀ ਇਕ ਨਿਸ਼ਾਨੀ ਇਹ ਹੈ ਕਿ ਉਹਦੀ ਸੰਸਾਰ ਨਾਲ ਇਕ ਵੀ ਗੱਲ ਨਹੀਂ ਰਲਦੀ, ਤਾਂ ਮੈਂ ਸੱਚਮੁੱਚ ਝੱਲਾ ਤੇ ਜਦੋਂ **Psychiatrist** ਦੇ ਹਵਾਲੇ ਕੀਤਾ ਜਾਵਾਂ ਤਾਂ ਸ਼ੱਕ ਰਹਿੰਦਾ ਹੀ ਕੋਈ ਨਹੀਂ—ਕਬੀਰ ਸਾਹਿਬ ਦੇ ਸ਼ਬਦ ਦੀ ਛਾਂ ਮੇਰੇ ਪਰਦੇ ਢੱਕਦੀ ਹੈ ਤਾਂ ਮੈਂ ਕਦੇ ਵੀ ਆਪਣਾ ਝੱਲ ਨਹੀਂ ਗਵਾਉਣਾ ਚਾਹੁੰਦਾ ।

**(a)** **Psychiatrist** ਸਾਹਿਬ ਨੇ ਮੈਨੂੰ **illiberal** (ਤੰਗ ਖ਼ਿਆਲਾਂ ਵਾਲਾ) ਦੱਸਿਆ । ਕਿਉਂ? ਕਿਉਂਕਿ ਮੈਂ ਝੂਠੇ ਭਾਈਚਾਰਿਆਂ ਵਿੱਚੋਂ ਨਿਕਲ ਕੇ, ਕੇਵਲ ਤੇਰੇ ਰੁਮਾਲਾਂ ਦੇ ਵੱਟ ਕੱਢਣ ਦੀ ਥਾਂ ਆਪਣੇ ਮਨ ਦੇ ਪੇਚੀਦਾ ਵੱਟਾਂ ਨੂੰ ਤੇਰੇ ਨਾਮ ਨਾਲ ਸਦਾ ਲਈ ਸਿੱਧਾ ਕਰਨ ਦੀ ਦਾਤ ਤੇਰੇ ਕੋਲੋਂ ਢੀਠ ਬਣ ਕੇ ਤੇ ਭਿਖਾਰੀ ਬਣ ਕੇ ਮੰਗਣ ਦਾ ਯਤਨ ਕਰਦਾ ਹਾਂ । ਇਸ ਲਈ ਉਨ੍ਹਾਂ ਨੂੰ ਮਿਲਣਾ ਨਹੀਂ ਚਾਹੁੰਦਾ ਜੋ ਤੇਰੇ ਨਾਂ ਦੇ ਬਗੈਰ ਹੋਛੀਆਂ ਗੱਲਾਂ ਵਿੱਚ ਦਿਲਚਸਪੀ ਲੈ ਕੇ ਤੇ ਫ਼ਜ਼ੂਲ ਗੱਪਾਂ ਵਿੱਚ ਪੈ ਕੇ ਮੈਨੂੰ ਤੇਰੇ ਚਰਨਾਂ ਨਾਲੋਂ ਵਿਛੋੜਦੇ ਹਨ । ਭਾਈਚਾਰਿਕ ਤੌਰ 'ਤੇ ਰੋਟੀਆਂ ਖਵਾ ਕੇ ਤੇ ਖਾ ਕੇ, ਆਪਣੇ ਸਵਾਸ ਤੇਰੇ ਚਰਨਾਂ ਵਿੱਚ ਲਾਉਣ ਦੀ ਥਾਂ ਉਨ੍ਹਾਂ ਨਾਲ ਨਹੀਂ ਸੰਗਤ ਕਰਦਾ ਜੋ ਤੈਨੂੰ ਮੱਥਾ ਤਾਂ ਟੇਕਦੇ ਹਨ ਪਰ ਤੈਨੂੰ ਵੀ ਇਕ ਦੁਨੀਆਂ ਦਾ ਧੰਦਾ ਸਮਝਦੇ ਹਨ । ਮੇਰੀ **Social life** ਤੂੰ ਹੈਂ, ਮੇਰਾ **club** ਤੂੰ ਹੈਂ, ਮੇਰੇ ਭੈਣਾਂ-ਭਰਾ, ਮੇਰਾ ਮਾਂ-ਬਾਪ, ਮੇਰਾ ਸੱਜਣ ਸੈਣ ਤੇ ਮੇਰਾ ਉਸਤਾਦ—ਭਾਵ ਸਭ ਕੁਝ ਤੂੰ ਹੀ ਹੈਂ । ਇਸ ਲਈ ਮੈਂ **Liberal** ਖ਼ਿਆਲਾਂ ਦਾ ਨਹੀਂ? ਭਾਵੇਂ ਮੈਂ ਕਿਸੇ ਨੂੰ ਬਿਲਕੁਲ ਕੁਝ ਨਹੀਂ ਕਹਿੰਦਾ, ਨਿਮਰਤਾ ਨਾਲ ਅਰਜ ਕਰਦਾ ਹਾਂ "ਮੁਬਾਰਕ ਤੁਹਾਨੂੰ ਆਪਣਾ ਰਾਹ, ਮੈਂ ਹੀਰੇ ਛੱਡ ਕੇ ਕੋਲਿਆਂ ਦਾ ਵਿਉਪਾਰ ਨਹੀਂ ਕਰ ਸਕਦਾ ਤੇ ਨਾ ਹੀ ਹੀਰਿਆਂ ਦਾ ਵਿਉਪਾਰ ਕਰਨ ਵਾਲਿਆਂ ਦੀ ਸੰਗਤ ਛੱਡ ਸਕਦਾ ਹਾਂ । ਕੀ ਮੈਨੂੰ ਬਿਖ ਬੀਜਣ ਲਈ ਮਜ਼ਬੂਰ ਨਹੀਂ ਕੀਤਾ ਜਾਂਦਾ?

(b) ਦੂਸਰੀ ਗੱਲ **Psychiatrist** ਸਾਹਿਬ ਨੇ ਆਖੀ ਕਿ ਮੈਂ **Balanced** ਨਹੀਂ । ਮਤਲਬ ਇਹ ਕਿ ਮੈਨੂੰ ਦੋਨੋਂ ਕੰਮ ਕਰਨੇ ਚਾਹੀਦੇ ਹਨ । **Balance** ਰੱਖਣ ਲਈ ਦੁਨੀਆਂ ਨੂੰ ਵੀ ਪੂਜਾਂ ਤੇ ਤੈਨੂੰ ਵੀ ਪੂਜਾਂ ।

ਕੀ ਹੋ ਸਕਦਾ ਇਹ? ਗ੍ਰਿਹਸਥ ਤਾਂ ਤੇਰੀ ਕਿਰਪਾ ਨਾਲ ਚੱਲ ਸਕਦਾ ਹੈ, ਹਰ **Duty** ਕਰ ਸਕਦਾ ਹਾਂ, ਪਰ **Balance** ਦਾ ਮਤਲਬ ਸ਼ਾਇਦ ਦੁਨੀਆਂ ਇਹ ਸਮਝਦੀ ਹੈ:—

| ਤੱਕੜੀ | **BALANCE** | ਤੱਕੜੀ |
|---|---|---|
| ੧. ਅੰਮ੍ਰਿਤ ਵੇਲਾ ਤੇ ਸਤਿਸੰਗ | **BALANCE** | ੧. ਨਿੰਦਾ ਕਰਨਾ |
| ੨. ਸੱਚ ਬੋਲਣਾ | ਕੋਈ ਪੱਲੜਾ ਭਾਰੀ | ੨. ਨਿੰਦਾ ਸੁਣਨਾ |
| ੩. ਫਿੱਕਾ ਨਾ ਬੋਲਣਾ | ਨਾ ਹੋਵੇ। ਦੁਨੀਆਂ | ੩. ਹੰਕਾਰ ਜਤਾਉਣਾ |
| ੪. ਸਮਦ੍ਰਿਸ਼ਟੀ ਹੋਣਾ | ਵਿੱਚ ਵੀ ਪੂਰਾ ਅਖਵਾਵਾਂ, ਤੇਰੇ ਚਰਨਾਂ | ੪. ਛੋਟਿਆਂ ਨਾਲ ਹਮੇਸ਼ਾਂ ਵਡਿਆਈ ਜਤਾਉਣੀ |
| ੫. ਅੱਠੇ ਪਹਿਰ ਨਾਮ ਜੱਪਣਾ | ਦਾ ਮਾਣ ਵੀ ਲੈ ਸਕਾਂ। ਤੂੰ ਕਹਿੰਦਾ ਹੈਂ— ਇਹ ਨਹੀਂ ਹੋ ਸਕਦਾ | ੫. ਨਿੱਤਨੇਮ ਦੇ ਇਲਾਵਾ ਗੱਪਾਂ ਤੇ ਝੱਖਾਂ ਮਾਰਨੀਆਂ |
| ੬. ਦਸਵੰਧ ਕੱਢਣਾ | **"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥"** | ੬. ਟੈਲੀਫ਼ੋਨ Trunk call ਪੈਸੇ ਦਿੱਤੇ ਬਗੈਰ ਕਰਨਾ । |
| ੭. ਰੈਣ ਸਬਾਈ ਕਰਨੀ | **Psychiatrist** | ੭. ਬਲੈਕ ਵਿੱਚ ਸਕੂਟਰ ਵੇਚ ਦੇਣਾ |
| ੮. ਅਖੰਡ ਪਾਠ ਰਖਾਉਣੇ | ਸਾਹਿਬ ਕਹਿੰਦੇ ਹਨ, ਹੋ ਸਕਦਾ ਹੈ । | ੮. ਲੋਕ ਪਚਾਰੇ ਵਿੱਚ ਗੁਰੂ ਦਾ ਹੁਕਮ ਨਾ ਮੰਨਣਾ |
| ੯. ਰਜ਼ਾ ਵਿੱਚ ਰਹਿਣ ਦੀ ਅਰਦਾਸ ਕਰਨੀ | | ੯. ਰਜ਼ਾ ਨਾਲ ਕੁਝ ਹੋ ਜਾਏ ਤਾਂ ਲੋਕਾਂ ਦੇ ਮੱਥੇ ਲਾਉਣਾ |
| ੧੦. ਕਥਾ ਕਰਨੀ | | ੧੦. ਦੂਜਿਆਂ ਨੂੰ ਮੱਤਾਂ ਦੇਣੀਆਂ ਪਰ ਆਪ ਉਸ 'ਤੇ ਬਿਲਕੁਲ ਨਾ ਚੱਲਣਾ |



# ਵੈਸਾਖੀ ਭਾਗਾਂ ਭਰੀ

ਵਾਹਿਗੁਰੂ ਜਾਣੇ ਲੋਕੀਂ ਵੈਸਾਖੀ ਨੂੰ ਕੀ ਸਮਝਦੇ ਹਨ । ਮੈਂ ਤਾਂ ੧੬੯੯ ਦਾ ਦ੍ਰਿਸ਼ ਆਪਣੀਆਂ ਅੱਖਾਂ ਸਾਹਮਣੇ ਲਿਆ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨੰਗੀ ਸਿਰੀ ਸਾਹਿਬ ਤੇ ਉਨ੍ਹਾਂ ਦੇ ਗੰਭੀਰ ਚਿਹਰੇ ਦਾ ਧਿਆਨ ਧਰ ਕੇ ਚਰਨਾਂ ਨਾਲ ਲਿਪਟ ਕੇ ਕਹਿਣਾ ਚਾਹੁੰਦਾ ਹਾਂ, ਕਿਤਨਾ ਸਸਤਾ ਬਣ ਗਿਆ ਹੈ ਅੰਮ੍ਰਿਤ ਤੇਰਾ, ਜਿਹੜਾ ਤੂੰ ਚੋਣ ਤੇ ਪਛਾਣ ਕਰਕੇ ਸਿਰ ਭੇਟਾ ਕਰਨ ਵਾਲੇ ਨੂੰ ਦਿੱਤਾ ਸੀ । ਸ਼ਰਮ ਤਾਂ ਆਉਂਦੀ ਹੈ ਹਰ ਵੇਲੇ; ਪਰ ਵੈਸਾਖੀ ਦੇ ਨੇੜੇ ਉਹ ਖੇੜਾ ਜਿਹੜਾ ਅੰਮ੍ਰਿਤ ਵੇਲੇ ਮੈਂ ਆਸਾ ਦੀ ਵਾਰ ਪੜ੍ਹ ਕੇ ਜਾਂ ਸੁਣ ਕੇ ਲੈਂਦਾ ਹਾਂ, ਵੀ ਨੱਸ ਜਾਂਦਾ ਹੈ । ਵੈਸਾਖੀ ਦੀ ਯਾਦ ਵਿੱਚ ਜੋ ਜੋ ਪਖੰਡ ਗੁਰੂ ਨਾਨਕ ਸਾਹਿਬ ਨੇ ਜੋਗੀਆਂ ਦੇ, ਪੰਡਤਾਂ ਦੇ ਤੇ ਹੋਰ ਧਾਰਮਿਕ ਪ੍ਰਗਟਾਵੇ ਹੇਠਾਂ ਮਾਇਆਧਾਰੀਆਂ ਦੇ ਦੱਸੇ ਸਨ, ਉਹ ਮੈਨੂੰ ਲਲਕਾਰ ਕੇ ਕਹਿੰਦੇ ਹਨ—ਜੇ ਸਿੱਖ ਵਿੱਚ ਦਯਾ ਨਹੀਂ, ਸਿਮਰਨ ਨਹੀਂ, ਸੇਵਾ ਨਹੀਂ, ਨਿਮਰਤਾ ਨਹੀਂ, ਪਰਉਪਕਾਰ ਨਹੀਂ, ਜ਼ੁਲਮ ਵਿਰੁੱਧ ਧਰਮ ਦੀ ਜੈ ਜੈ ਕਾਰ ਨਾਲ ਦ੍ਰਿੜ੍ਹਤਾ ਨਾਲ ਮੁਕਾਬਲਾ ਨਹੀਂ, ਪਰਾਈ ਇਸਤਰੀ ਤੇ ਪਰਾਏ ਧਨ ਤੋਂ ਪਰਹੇਜ਼ ਨਹੀਂ, ਨਿੰਦਾ ਚੁਗ਼ਲੀ ਤੇ ਝੂਠੇ ਵਿਉਹਾਰ ਤੋਂ ਛੁਟਕਾਰਾ ਨਹੀਂ, ਤਾਂ ਕਾਹਦਾ ਅੰਮ੍ਰਿਤ ਛਕਿਆ ਹੈ ਉਸ ਨੇ? ਮੈਂ ਨਿੰਮੋਝੂਣ ਹੋ ਜਾਂਦਾ ਹਾਂ। ਸੱਚਮੁੱਚ ਕੀ ਮੈਂ ਅੰਮ੍ਰਿਤਧਾਰੀ ਸਿੰਘ ਅਖਵਾਉਣ ਦੇ ਲਾਇਕ ਹਾਂ?

ਸੁਣੋ, ਮੇਰੇ ਬੇਸ਼ਰਮ ਦਾ ਹਾਲ । ਜਦੋਂ ਮੈਂ ਆਪਣੇ ਮੁੰਡੇ ਦਾ ਵਿਆਹ ਕਰਨਾ ਸੀ ਤਾਂ ਨਿਮਰਤਾ, ਦਇਆ, ਸੰਤੋਖ ਤਾਂ ਕਿਤੇ ਰਹੇ, ਮੈਂ ਨਿਹਾਇਤ ਜਲਾਲ ਨਾਲ ਕੁੜੀ ਵਾਲਿਆਂ ਨੂੰ ਇਵੇਂ ਜਾਣ ਬੈਠਾ ਜਿਵੇਂ ਮੇਰੇ ਮੁੰਡੇ ਲਈ **Legitimate** (ਜਾਇਜ਼) ਦੌਲਤ ਦਾ ਖ਼ਜ਼ਾਨਾ ਲੱਭ ਗਿਆ ਹੋਵੇ । ਮੈਂ ਅੰਨ੍ਹੇਵਾਹ ਬਲੈਕ ਕਮਾਈ ਤਾਂ ਅੱਗੇ ਹੀ ਇਕੱਠੀ ਕੀਤੀ ਹੋਈ ਹੈ; ਪਰ ਹੁਣ ਮੈਂ ਕਿਹਾ :

੧) ਪਹਿਲਾਂ ਅਸੀਂ ਇਕ **Ceremony** ਕਰਾਂਗੇ ਜਿਹੜੀ ਮੁੰਡਾ ਰੋਕਣ ਲਈ ਹੋਵੇਗੀ ।

੨) ਫੇਰ ਅਗਲੇ ਮਹੀਨੇ ਅਸੀਂ ਠਾਕਾ ਲੈਣ ਆਵਾਂਗੇ ।

੩) ਵਿਆਹ ਤੋਂ ਦੋ ਦਿਨ ਪਹਿਲਾਂ ਅਸੀਂ ਕੁੜਮਾਈ ਕਰਾਂਗੇ ਤੇ ਵਿਆਹ ਵਾਲੇ ਦਿਨ ੧੫੦ ਆਦਮੀਆਂ ਦੀ ਜੰਞ ਲਿਆਵਾਂਗੇ । ਜਦੋਂ ਕੁੜੀ ਵਾਲਿਆਂ ਨੂੰ ਹੱਥ ਬੰਨ੍ਹ ਕੇ ਜੀ ਜੀ ਕਹਿੰਦਿਆਂ ਤੱਕਿਆ ਤਾਂ ਮੈਂ ਹੋਰ ਚੌੜਾ ਹੋ ਪਿਆ।

ਮੈਂ ਆਪਣੀ ਮਾਂ, ਪਿਓ, ਦਾਦੀ, ਨਾਨੀ, ਤਾਈ, ਮਾਸੀ ਦੀਆਂ ਵੱਖ-ਵੱਖ ਮੰਗਾਂ ਦੱਸ ਕੇ ਆਖਿਆ—ਪਰ ਅਸੀਂ 'ਲਾਲਚ' ਨਹੀਂ ਕਰਨਾ, 'ਅਡੰਬਰ' ਨਹੀਂ ਰਚਣਾ, ਕਿਉਂਕਿ ਅਸੀਂ ਦੋਨੋਂ ਗੁਰਸਿੱਖ ਪਰਿਵਾਰ ਹਾਂ ਤੇ ਮੈਨੂੰ ਲੈਣ ਦੇਣ ਪਸੰਦ ਨਹੀਂ । ਮੈਂ ਅਖੰਡ ਪਾਠ ਰਖਾਇਆ 'ਗੁਰੂ ਦੀ ਆਗਿਆ' ਲਈ ਤੇ ਕਾਰਡ ਛਪਾਏ । ਭਾਵੇਂ ਮੈਂ ਆਪ ਇਤਨਾ ਵੱਡਾ ਨਹੀਂ, **RSVP** ਦੀ ਥਾਂ ਆਪਣੇ ਬ੍ਰਿਗੇਡੀਅਰ ਸਾਲੇ ਦਾ ਤੇ ਚਾਚੇ ਇੰਜੀਨੀਅਰ ਦਾ ਨਾਂ ਲਿਖਾਇਆ । ਅਖੰਡ ਪਾਠ ਰੱਖਣ ਲੱਗਿਆਂ ਮੈਂ ਆਪਣੇ ਗਵਾਂਢੀ ਨੂੰ ਕਿਹਾ ਆਪ ਵੀ ਪਾਠ ਕਰਨਾ । ਮੇਰਾ ਗਵਾਂਢੀ ਕਹਿਣ ਲੱਗਾ, ਸਦਕੇ ਪਾਠ ਤੋਂ; ਪਰ ਕਿਉਂ ਰਖਾ ਰਹੇ ਹੋ ਪਾਠ? ਅਖੰਡ ਪਾਠ ਤਾਂ ਹਰ ਘੜੀ ਤੁਹਾਡੇ ਮਨ ਵਿੱਚ ਹੁੰਦਾ ਰਹਿਣਾ ਚਾਹੀਦਾ ਹੈ । ਇਹ ਰਿਵਾਜਣ ਪਾਠ ਕਿਉਂ ਰਖਾ ਰਹੇ ਹੋ । ਮੈਂ ਕਿਹਾ ਮੇਰੇ ਮੁੰਡੇ ਦਾ ਵਿਆਹ ਹੋਣ ਲੱਗਾ ਹੈ । ਉਸ ਕਿਹਾ 'ਤਾਂ ਕੀ ਹੋਇਆ ! ਵੈਸੇ ਤਾਂ ਨਾ ਤੁਸੀਂ ਅੰਮ੍ਰਿਤ ਵੇਲੇ ਸਾਹਿਬਾਂ ਕੋਲ ਜਾਂਦੇ ਹੋ ਤੇ ਨਾ ਹੀ ਸਾਹਿਬਾਂ ਦੇ ਆਖੇ ਲੱਗਦੇ ਹੋ, ਤਾਂ ਸਾਹਿਬਾਂ ਨੂੰ ਮਾਇਆ ਦੇ ਪਸਾਰੇ ਵਿੱਚ ਆਪਣੇ ਪ੍ਰੇਮ ਰਹਿਤ ਦਿਲ ਨਾਲ ਕਿਉਂ ਬੁਲਾਉਂਦੇ ਹੋ । ਕੀ ਆਪ ਸਮਝਦੇ ਹੋ ਕਿ **'ਲਖ ਖੁਸੀਆਂ ਪਾਤਿਸਾਹੀਆ ਜੇ ਸਤਿਗੁਰੂ ਨਦਰਿ ਕਰੇਇ'** ਗਾਉਣ ਨਾਲ ਸਾਹਿਬਾਂ ਦਾ ਆਸ਼ਾ ਇਹ ਸੀ ਕਿ ਸਾਡੇ ਵਿਆਹ ਕੁੜਮਾਈ ਦੀਆਂ ਖ਼ੁਸ਼ੀਆਂ ਮਿਲਣਗੀਆਂ ।' ਤੇ ਹੋਰ ਕੀ? ਮੈਂ ਅੱਗੋਂ ਬੇਇਖ਼ਤਿਆਰ ਕਹਿ ਦਿੱਤਾ, ਕਿਉਂਕਿ ਉੱਕਾ ਹੀ ਸੋਝੀ ਨਹੀਂ ਸੀ ਬਾਣੀ ਦੀ । ਉਨ੍ਹਾਂ ਸਮਝਾਇਆ ਕਿ ਸਾਹਿਬਾਂ ਦਾ ਮਤਲਬ ਹੈ ਕਿ ਜਦੋਂ ਸਤਿਗੁਰੂ ਦੀ ਨਦਰ ਨਾਲ ਇਕ ਝਟ ਲਈ ਵੀ ਜੇ ਮੇਰਾ ਗੁਰੂ ਨਾਮ ਦੀ ਦਾਤ ਦੇਵੇ ਤਾਂ ਘਰ ਵਿੱਚ ਲੱਖਾਂ ਖ਼ੁਸ਼ੀਆਂ ਦੀ ਤੇ ਬਾਦਸ਼ਾਹੀਆਂ ਦੀ ਵਡਿਆਈ ਬਣ ਜਾਂਦੀ ਹੈ । ਹਾਂ ਜੀ, ਨਾਮ ਦੀ ਵਡਿਆਈ ਤਾਂ ਹੋਈ ਹੀ ਹੈ ਨਾ! ਮੈਂ ਇਸੇ ਲਈ ਬਾਬਾ ਜੀ ਘਰ ਲਿਆਂਦਾ ਹੈ । ਮੈਨੂੰ ਸੱਚਮੁੱਚ ਪਤਾ ਹੀ ਨਹੀਂ ਕਿ ਗੁਰੂ ਸਾਹਿਬ ਨੇ ਆਪਣਾ ਸਰਬੰਸ ਵਾਰ ਕੇ ਜਿਹੜਾ ਸਿੱਖੀ ਦਾ ਮਹੱਲ ਆਪਣੇ ਪਿਤਾ ਤੇ ਬੱਚਿਆਂ ਦੇ ਖ਼ੂਨ ਨਾਲ ਸਿੰਜ ਕੇ ਖੜ੍ਹਾ ਕੀਤਾ ਸੀ, ਉਸ ਦਾ ਇਹ ਮਤਲਬ ਨਹੀਂ ਸੀ ਕਿ—ਮੈਂ ਬਾਹਰੋਂ ਧਰਮੀ ਅਖਵਾਵਾਂ ਅੰਦਰੋਂ ਲੋਭ, ਪਖੰਡ, ਲੋਕ-ਪਚਾਰਾ ਤੇ ਦੁਨਿਆਵੀ ਵਡਿਆਈ ਵਿੱਚ ਰੁੜ੍ਹ ਕੇ ਗੁਰੂ ਗ੍ਰੰਥ ਸਾਹਿਬ ਨੂੰ ਵੀ ਆਪਣੀ ਸ਼ੋਭਾ ਤੇ ਵਡਿਆਈ ਦਾ ਹੀ ਇਕ ਅੰਗ ਜਾਣ ਲਵਾਂ । ਮੈਂ ਤਾਂ ਮਰ ਜਾਣਾ ਸੀ ਗੁਰੂ ਦੀ ਸ਼ਾਨ ਕਾਇਮ ਰੱਖਣ ਲਈ, ਮੈਂ ਆਪਣੀ ਵਡਿਆਈ ਕਾਇਮ ਰੱਖਣ ਲਈ । ਗੁਰੂ ਨੂੰ ਲੋਕ-ਲਾਜ



ਦੇ ਆਸਰੇ 'ਗੁਰੂ ਸਾਹਿਬ ਦਾ ਪ੍ਰਕਾਸ਼ ਤਾਂ ਹੋਣਾ ਹੀ ਚਾਹੀਦਾ ਹੈ' ਦੇ ਅਸਰ ਹੇਠ ਪ੍ਰੇਮਹੀਣ ਅਖੰਡ ਪਾਠ ਰਖਾਉਂਦਾ ਹਾਂ । ਜੰਞ ਵੇਲੇ ਮੇਰੇ ਘਰ ਵਿੱਚ ਉਹ ਕੁੱਤਪੁਣਾ ਪਿਆ ਕਿ ਵਿਆਹ ਦਾ ਸੁਆਦ ਹੀ ਖ਼ਰਾਬ ਹੋ ਗਿਆ । ਕਈ ਰਿਸ਼ਤੇਦਾਰ ਨਾ ਆਏ, ਕਈ ਆਏ ਤਾਂ ਗਾਲ੍ਹਾਂ ਕੱਢਣ ਲੱਗੇ । ਸਾਡੇ ਪੁੱਤਰਾਂ ਧੀਆਂ ਨੂੰ ਕਿਉਂ ਨਹੀਂ ਬੁਲਾਇਆ? ਕਈ ਪਿੱਟਣ ਲੱਗੇ ਸਾਡੀ ਮਹੱਤਤਾ ਨਹੀਂ ਹੋ ਰਹੀ । ਹੋਇਆ ਇਹ ਕਿ—

੧) ਬਾਹਰੋਂ ਵਾਜੇ ਵੱਜ ਰਹੇ ਸਨ ਤੇ ਅੰਦਰੋਂ ਮੈਂ ਚੀਕਾਂ ਮਾਰ ਰਿਹਾ ਸਾਂ।

੨) ਬਾਹਰੋਂ ਲੋਕੀਂ ਮੈਨੂੰ ਮੁਬਾਰਕਾਂ ਕਹਿ ਰਹੇ ਸਨ, ਅੰਦਰੋਂ ਮੇਰੀ ਸਜਾਵਟ ਦੇਖ ਕੇ ਆਪਸ ਵਿੱਚ ਕਹਿ ਰਹੇ ਸਨ—
—'ਖੌਰੇ ਕਿਤਨਾ ਬਲੈਕ ਪੈਸਾ ਇਸ ਨੇ ਇਕੱਠਾ ਕੀਤਾ ਹੋਇਆ ਹੈ'?

੩) ਬਾਹਰੋਂ 'ਵਾਹ-ਵਾਹ' ਕਹਿ ਰਹੇ ਸਨ ਅੰਦਰੋਂ ਪਿੱਟ ਰਹੇ ਸਨ, ਮੇਰੇ ਮੁੰਡੇ ਦਾ ਵਿਆਹ ਤਾਂ ਹੋ ਗਿਆ ਉਨ੍ਹਾਂ ਨੂੰ ਕੁੜੀ ਨਹੀਂ ਲੱਭਦੀ ।

੪) ਬਾਹਰੋਂ ਮੁੰਡੇ ਦੀ ਕੰਡ 'ਤੇ ਹੱਥ ਫੇਰ ਰਹੇ ਸਨ ਤੇ ਅੰਦਰੋਂ ਕਹਿ ਰਹੇ ਸਨ ਇਸ ਨੇ ਦਾੜ੍ਹੀ ਕੱਟੀ ਹੋਈ ਹੈ, ਇਹ ਸਿੱਖੀ ਨਹੀਂ । ਪਰ ਚਾਹੁੰਦੇ ਸਨ ਕਿ ਓ ਜਾਣੇ ਦਾੜ੍ਹੀ ਕੱਟੀ ਵਾਲਾ ਹੀ ਸਈ, ਕੋਈ ਮੁੰਡਾ ਮਿਲੇ ਤਾਂ ਉਨ੍ਹਾਂ ਦੀ ਕੁੜੀ ਦਾ ਭਾਰਾ ਲਵ੍ਹੇ ।

੫) ਮੈਂ ਬਾਹਰੋਂ ਸਾਰਿਆਂ ਦਾ ਨਿੱਘਾ ਸਵਾਗਤ ਕਰ ਰਿਹਾ ਸਾਂ ਤੇ ਲੋਕਾਂ ਦੇ ਤਕਲੀਫ਼ ਕਰਨ 'ਤੇ ਸ਼ੁਕਰੀਆ ਕਹਿ ਰਿਹਾ ਸਾਂ, ਅੰਦਰੋਂ ਇਕ-ਇਕ ਨੂੰ ਗਾਲ੍ਹਾਂ ਕੱਢ ਰਿਹਾ ਸਾਂ ਕਿ ਮੈਂ ਤਾਂ ਇਨ੍ਹਾਂ ਸਾਰਿਆਂ ਦੇ ਘਰ ਬਹੁਤਾ ਸ਼ਗਨ ਪਾਇਆ ਪਰ ਕਿਸੇ ਬੇਸ਼ਰਮ ਨੇ ਮੇਰੀ ਹੈਸੀਅਤ ਦਾ ਸ਼ਗਨ ਨਹੀਂ ਦਿੱਤਾ ।

## ਜੇ ਤੇਰਾ ਅੰਮ੍ਰਿਤ ਮੈਨੂੰ ਯਾਦ ਹੁੰਦਾ ਤਾਂ ਮੈਂ

੧) ਝੂਠੇ ਅਡੰਬਰ ਕਦੇ ਨਾ ਰਚਦਾ । ਸਾਦਗੀ ਤੇ ਪਵਿੱਤਰਤਾ ਨਾਲ ਮੁੰਡੇ ਦਾ ਵਿਆਹ ਗੁਰੂ ਦੀ ਬਖ਼ਸ਼ਿਸ਼ ਮੰਗ ਕੇ ਤੇ ਕੁੜਮਾਂ ਨੂੰ ਆਪਣੇ ਗੁਰਸਿੱਖ ਗੁਰੂ ਜਾਏ ਵੀਰ ਸਮਝ ਕੇ ਇਵੇਂ ਕਰਦਾ ਜਿਸ ਨਾਲ ਬੱਚੇ ਬਾਹਰੋਂ ਤਾਂ ਇਕ ਦੂਜੇ ਨਾਲ ਵਿਆਹੇ ਜਾਂਦੇ ਅੰਦਰੋਂ ਦੋਨੋਂ ਸਾਹਿਬਾਂ ਨਾਲ ਜੁੜ ਕੇ ਨਾਮ ਜੱਪਦੇ ਤੇ ਦੁਖੀਆਂ ਦੀ ਸੇਵਾ ਕਰਦੇ ।

੨) ਫ਼ਜ਼ੂਲ ਪੈਸਾ ਬਰਬਾਦ ਕਰਨ ਦੀ ਥਾਂ ਇਹ ਗ਼ਰੀਬਾਂ ਦੁਖੀਆਂ 'ਤੇ

ਲਾਉਂਦਾ ਤਾਂ ਜੋ ਗੁਰੂ ਨਾਨਕ ਦੇ ਹੁਕਮ ਅਨੁਸਾਰ ਨੀਚਾਂ ਨਾਲ ਮੇਰੀ ਦੋਸਤੀ ਰਹਿੰਦੀ ਤੇ ਆਪ ਨੀਚ ਰਹਿੰਦਾ ।

੩) ਹਰ ਕਿਸੇ ਨਾਲ ਭਾਈਚਾਰਾ ਪਾਉਂਦਾ, ਨਾਮ ਜੱਪਣ ਦਾ, ਨਾਮ ਵੰਡਣ ਦਾ, ਨਾਮ ਵਰਤਣ ਦਾ ਨਾ ਕਿ ਚੁਗਲੀ, ਨਿੰਦਾ, ਝੂਠ, ਬੇਈਮਾਨੀ ਧੋਖਾ, ਫਰੇਬ, ਅੰਦਰੋਂ ਹੋਰ ਬਾਹਰੋਂ ਹੋਰ ਦਾ ।

੪) ਮੇਰੀ ਆਦਤ ਬਣ ਜਾਂਦੀ ਪ੍ਰੇਮ ਕਰਨਾ ਸਭ ਨਾਲ ਤੇ ਆਪਣੇ ਆਪ ਨੂੰ ਸਭ ਨਾਲੋਂ ਨੀਵਾਂ ਸਮਝਣਾ ।

੫) ਮੈਨੂੰ ਲੋਕੀਂ ਆ ਕੇ ਪੁੱਛਦੇ ਕਿ ਗੁਰਸਿੱਖੀ ਦੀ ਕਮਾਈ ਕਿਵੇਂ ਕਰੀਦੀ ਹੈ ਤੇ ਗ਼ਰੀਬ ਦੀ ਅਸਮਤ ਲੁੱਟੀ ਜਾਏ ਤਾਂ ਕਿਵੇਂ ਹੰਕਾਰੀਆਂ ਨੂੰ ਸਿੱਧੇ ਰਾਹ ਪਾਈਦਾ ਹੈ ।

ਪਰ ਮੈਨੂੰ ਆਪ ਹੰਕਾਰ ਹੈ ਅੰਮ੍ਰਿਤ ਛਕਣ ਦਾ, ਆਕੜ ਹੈ ਬਾਣੀ ਪੜ੍ਹਨ ਦੀ, ਮਾਣ ਹੈ ਮੇਰੇ ਪਿਤਾ ਦੇ ਧਰਮੀ ਹੋਣ ਦਾ, ਕਰੋਧ ਹੈ ਕਿਸੇ ਹਿੰਦੂ ਦੇ (ਭਾਵੇਂ ਸ਼ਰਧਾ ਨਾਲ ਪਰ ਅਣਜਾਣੇ) ਸਿਰ ਤੋਂ ਕੱਪੜਾ ਲਹਿ ਜਾਣ ਦਾ, ਲਾਲਚ ਹੈ ਮੁੰਡੇ ਦਾ ਬਹੁਤ ਦਾਜ ਲੈਣ ਦਾ, ਮੋਹ ਹੈ ਕਿਸੇ ਧੀਆਂ-ਪੁੱਤਰਾਂ ਦਾ । ਕੀ ਮੈਂ ਸੱਚਮੁੱਚ ਸਿੱਖ ਹਾਂ ਵੀ? ਜਾਂ ਇਕ ਭੇਖ ਤੇ ਪਖੰਡ ਦਾ ਢੇਰ । ਬੜਾ ਖ਼ੁਸ਼ ਹੁੰਦਾ ਹਾਂ ਕਿ ਪੰਡਤਾਂ ਨੂੰ ਗਾਲ੍ਹਾਂ ਕੱਢ ਲਵਾਂ, ਜੋਗੀਆਂ ਦੇ ਨੁਕਸ ਕੱਢ ਲਵਾਂ, 'ਆਨਮਤਾਂ' ਦੀਆਂ ਧੱਜੀਆਂ ਉਡਾਵਾਂ; ਪਰ ਆਪਣੇ ਵੱਲ, ਆਪਣੀ ਕੌਮ ਵੱਲ, ਆਪਣੇ ਲੀਡਰਾਂ ਵੱਲ, ਆਪਣੀਆਂ ਕਰਤੂਤਾਂ ਵੱਲ ਕਦੇ ਨਹੀਂ ਸੀ ਤੱਕਦਾ । ਜੇ ਤੱਕਾਂ ਤਾਂ ਸ਼ਰਮ ਨਾਲ ਮਰ ਜਾਵਾਂ, ਰੋ-ਰੋ ਕੇ ਲਿਲ੍ਹਕਾਂ ਲਵਾਂ, ਜੋਦੜੀਆਂ ਕਰਾਂ, ਪਾਤਿਸ਼ਾਹ ਭੁੱਲ ਗਿਆ । ਦੋ ਚਾਰ ਦਿਨ ਜਦੋਂ ਹੋਸ਼ ਆਉਂਦੀ ਹੈ ਤਾਂ ਮਨ ਸੁਣਦਾ ਹੈ ਗੁਰਦਵਾਰੇ ਜਾ ਕੇ ਰੋ ਵੀ ਪੈਂਦਾ ਹੈ । ਪਰ ਕੁੱਤੇ ਦੀ ਪੂਛ ਵਾਂਗ ਮੈਂ ਵੀ ਸਿੱਧਾ ਨਹੀਂ ਹੁੰਦਾ । ਕੱਲ੍ਹ ਮੇਰੇ ਦੂਜੇ ਪੁੱਤਰ ਦੀ ਕੁੜਮਾਈ ਪੈਣੀ ਸੀ । ਮੇਰੇ ਕੁੜਮਾਂ ਨੇ ਕਿਹਾ ਕੁਝ ਆਦਮੀ ਸ਼ਗਨ ਦੇਣ ਆਵਣਗੇ, ਮੈਂ ਸਾਰੇ ਪਾਸੇ ਸੁਨੇਹੇ ਭੇਜ ਦਿੱਤੇ, ਲਓ ਭਾਈ ਆ ਜਾਣਾ । ਕੁੜਮਾਂ ਕਿਹਾ, ਪ੍ਰਕਾਸ਼ ਕਰਨਾ ਸ਼ਗਨ ਸਾਹਮਣੇ ਹੀ ਦੇਵਾਂਗੇ । ਹੁਣ ਮੈਂ ਸੋਚਿਆ ਗੱਲ ਹੀ ਕੋਈ ਨਹੀਂ, ਬਾਬਾ ਜੀ ਪਉੜੀਆਂ ਦੇ ਥੱਲੇ ਖੁੱਡੇ ਵਿੱਚ ਹੀ ਤਾਂ ਰਹਿੰਦੇ ਹਨ। ਇਕ ਦਿਨ ਉਨ੍ਹਾਂ ਨੂੰ ਵੀ ਖੁੱਲ੍ਹੀ ਹਵਾ ਵਿੱਚ ਕਮਰੇ ਵਿੱਚ ਲੈ ਆਵਾਂਗੇ ਤੇ ਸਭ ਨੂੰ ਦਰਸ਼ਨ ਕਰਵਾ ਦੇਵਾਂਗੇ; ਪਰ ਹੁਣ ਮੈਂ ਵੀ ਕੁਝ ਸੋਚਿਆ—ਕੁੜਮ 'ਪ੍ਰਕਾਸ਼' ਕਹਿਣ ਤਾਂ ਮੈਂ ਕੋਈ ਘੱਟ ਹਾਂ, ਮੈਂ ਕਿਹਾ 'ਕੀਰਤਨ' ਕਰਵਾਵਾਂਗੇ । ਵਕਤ ਥੋੜ੍ਹਾ ਸੀ, ਲੋੜਨ ਲੱਗੇ ਕੋਈ ਪਿਆਰ ਨਾਲ ਕੀਰਤਨ ਕਰਨ ਵਾਲਾ, ਪਰ ਕੋਈ ਖ਼ਾਲੀ ਨਹੀਂ



ਸੀ । ਆਖ਼ਿਰ ਕੋਈ 'ਬਾਣੀ ਦੇ ਸਤਿਕਾਰ ਵਜੋਂ' **ਰੋਟੀਆਂ ਕਾਰਣਿ ਪੂਰਹਿ ਤਾਲ**' ਦੀ ਬਿਰਤੀ ਵਾਲੇ ਰਾਗੀ ਨੂੰ ਲੋੜਨ ਲੱਗੇ, ਉਹ ਵੀ ਖ਼ਾਲੀ ਨਹੀਂ ਸੀ । ਹੁਣ ਚਿੰਤਾ ਹੋ ਗਈ ਕਿ ਕੀਰਤਨ ਨਾ ਹੋਇਆ ਤਾਂ ਲੋਕੀਂ ਬਾਬਾ ਜੀ ਨੂੰ ਛੱਡ ਕੇ ਦੂਜੇ ਕਮਰੇ ਵਿੱਚ ਬੈਠੇ ਰਹਿਣਗੇ । ਸੋਚ ਆਈ ਕਿ ਕੀ

੧. ਕੀਰਤਨ ਲੋਕਾਂ ਨੂੰ **attract** ਕਰਨ ਲਈ ਕਰਾਉਣਾ ਹੈ ਜਾਂ ਸਾਹਿਬਾਂ ਦੀ ਸਿਫ਼ਤ ਸਲਾਹ ਲਈ ।

੨. ਕੀ ਮੇਰੇ ਮਨ ਵਿੱਚ ਬਾਣੀ ਜਾਂ ਕੀਰਤਨ ਦਾ ਸਤਿਕਾਰ ਵੀ ਹੈ ।

੩. ਜੇ ਨਹੀਂ, ਤਾਂ ਲੋਕਾਂ ਦਾ ਇਤਨਾ ਡਰ ਕਿਉਂ? ਡਰ ਤਾਂ ਸਾਹਿਬਾਂ ਦਾ ਚਾਹੀਦਾ ਸੀ ।

ਖ਼ੈਰ ਦੋ ਰਿਸ਼ਤੇਦਾਰ ਬੱਚੀਆਂ ਨੇ ਕੀਰਤਨ ਤਾਂ ਕਰ ਲਿਆ, ਪਰ ਮੇਰਾ ਸਕਾ ਭਰਾ ਭਰੀ ਸਭਾ ਵਿੱਚ ਮੇਰੀ ਬੇਇਜ਼ਤੀ ਕਰਨ ਲੱਗਾ । ਕਿਤਨੇ ਬੰਦੇ ਬੁਲਾਏ ਹਨ ਕਿਤਨੇ ਨਹੀਂ, ਬਹੁਤਾ **Notice** ਕਿਉਂ ਨਹੀਂ ਦਿੱਤਾ । ਮੇਰੀ ਪਤਨੀ ਦੇ ਪੁੱਤਰ ਦੀ ਕੁੜਮਾਈ ਪਰ ਉਹ ਤਾਂ ਅੰਦਰੋਂ ਕਲਪਣ ਲੱਗ ਪਈ । ਕੋਲ ਕੋਈ ਗੁਰਮੁਖ ਖਲੋਤਾ ਸੀ, ਕਹਿਣ ਲੱਗਾ ਯਾਦ ਨਹੀਂ ਕਿ '**ਹਰਿ ਬਿਸਰਤ ਸਦਾ ਖੁਆਰੀ ।**' ਨਾਲੇ **ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ**, ਅਸਲੀ ਭਰਾ ਕੇਵਲ ਉਹ ਹੈ ਜਿਹੜਾ

**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ**
**ਸੁਨਾਵੈ ਸੋ ਭਾਈ ਸੋ ਮੇਰਾ ਬੀਰ॥** (ਅੰਗ ੮੬੨)

ਮੈਂ ਆਪਣੀਆਂ ਕੁਰੀਤੀਆਂ ਤੋਂ ਆਪ ਹੀ ਤੰਗ ਹਾਂ; ਪਰ ਕੀ ਕਰਾਂ ਮਾਇਆ ਦਾ ਪਸਾਰਾ ਮੈਨੂੰ ਦਬਾਈ ਰੱਖਦਾ ਹੈ; ਕਿਉਂਕਿ ਮੈਂ ਨਹੀਂ ਨਿਕਲ ਸਕਦਾ ਤੇ ਮੈਂ ਆਪਣੇ ਭਗਤ ਜਾਂ ਸਿੱਖ ਅਖਵਾਉਣ ਦਾ ਚਾਉ ਵੀ ਰੱਖਦਾ ਹਾਂ; ਇਸ ਲਈ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਆਪਣਾ ਮਾਤਾ ਪਿਤਾ ਸਮਝਣ ਦੀ ਥਾਂ ਆਪਣਾ ਆਖੇ ਲੱਗਣ ਵਾਲਾ ਗਵਾਂਢੀ ਬਣਾ ਬੈਠਾ ਹਾਂ ।

ਹੋਰ ਸੁਣੋਂ, ਕੱਲ੍ਹ ਗੁਰਦਵਾਰਾ ਰਕਾਬਗੰਜ ਵਿੱਚ ਇਕ ਪੂਰੇ ਦਾਹੜੇ ਦਾ ਪ੍ਰਕਾਸ਼ ਕਰੀ ਤੇ ਕਿਰਪਾਨ ਸਜਾਈ **Air force** ਅਫ਼ਸਰ ਮਿਲੇ । ਉਹਨਾਂ ਨੂੰ ਪੁੱਛਿਆ ਕਿ ਮੈਂ ਮੈਗਜ਼ੀਨਾਂ ਵਿੱਚ ਪੜ੍ਹਿਆ ਸੀ ਕਿ ਸਰਕਾਰ ਦਾਹੜਾ ਪ੍ਰਕਾਸ਼ ਕਰਨ ਦੀ ਇਜਾਜ਼ਤ ਨਹੀਂ ਦਿੰਦੀ ਅਤੇ ਨੌਕਰੀ ਤੋਂ ਕੱਢ ਵੀ ਦਿੰਦੀ ਹੈ । ਉਹਨਾਂ ਕਿਹਾ ਇਹ ਬਿਲਕੁਲ ਝੂਠ ਹੈ । ਮੈਨੂੰ **Confidence** ਹੈ ਆਪਣੇ ਗੁਰੂ 'ਤੇ, ਮੈਂ ਦ੍ਰਿੜ੍ਹ ਹਾਂ ਮੈਨੂੰ ਕੋਈ ਕੁਝ ਨਹੀਂ ਕਹਿੰਦਾ । ਪਰ ਛੋਟੀ ਉਮਰ ਦੇ ਅਨਜਾਣ ਬੱਚੇ ਜਦੋਂ ਲੋਕਾਂ ਨੂੰ ਇਸ਼ਾਰੇ ਕਰਦਿਆਂ ਜਾਂ

ਅਫ਼ਸਰ ਦਾ **Hint** ਸੁਣਦੇ ਹਨ ਤਾਂ ਡੋਲ ਜਾਂਦੇ ਹਨ । ਮੈਂ ਕਿਹਾ ਫੇਰ ਕਸੂਰ ਤਾਂ ਸਾਡਾ ਹੀ ਹੋਇਆ ਨਾ? ਦ੍ਰਿੜ੍ਹਤਾ ਸਾਡੀ ਆਪਣੀ ਹੀ ਨਹੀਂ ਨਾ? ਉਨ੍ਹਾਂ ਕਿਹਾ—ਬਿਲਕੁਲ ਠੀਕ ਹੈ । ਮਤਲਬ ਇਹ ਕਿ **Army, Navy, Air Force** ਜਾਂ **Civil Services** ਜਾਂ **Private** ਜ਼ਿੰਦਗੀ ਵਿੱਚ ਜੇ ਅਸੀਂ ਆਪ ਰੁੜ੍ਹੇ ਜਾ ਰਹੇ ਹਾਂ ਤਾਂ ਅਸੀਂ ਦੂਜਿਆਂ ਦੇ ਮੱਥੇ ਲਾ ਕੇ ਆਪਣੀ ਕਮਜ਼ੋਰੀ ਛੁਪਾ ਨਹੀਂ ਸਕਦੇ । ਇਹ ਸਿੰਘ ਜੀ ਦੀ ਦ੍ਰਿੜ੍ਹਤਾ ਦੇਖਕੇ ਜਿੱਥੇ ਚਿੱਤ ਪ੍ਰਸੰਨ ਹੋਇਆ ਉੱਥੇ ਉਨ੍ਹਾਂ ਦੀ ਆਕੜ ਭਰੀ ਬੋਲੀ, ਤੇ ਦੂਜਿਆਂ ਨੂੰ ਮਾੜਾ ਕਹਿਣ ਦਾ ਚਾਅ ਨੋਟ ਕਰਕੇ ਮਨ ਦੁੱਖਿਆ—

੧) ਅਸੀਂ ਕਿਉਂ ਆਪਣੀ ਦ੍ਰਿੜ੍ਹਤਾ ਨੂੰ ਸੁੰਦਰ ਸੁਚੱਜੇ ਸੱਚ ਦੀ ਕਮਾਈ ਦੇ ਪ੍ਰਭਾਵ ਨਾਲ **Firmly but Politely** ਪੇਸ਼ ਨਹੀਂ ਕਰ ਸਕਦੇ ।

੨) ਸਾਡੇ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਕਹੇ ਜਾਣ ਨਾਲ ਕਿ **Air Force** ਵਿੱਚ ਸਿੱਖਾਂ ਨੂੰ ਜ਼ਰੂਰ ਦਾੜ੍ਹੀ ਬੰਨ੍ਹਣੀ ਚਾਹੀਦੀ ਹੈ, ਠੀਕ ਨਹੀਂ ਜਾਪਦਾ, ਕਿਉਂਕਿ ਵਰਤੋਂ ਵਿੱਚ ਇਹੀ ਆਖਿਆ ਹੈ ਕਿ ਜੇ ਕੋਈ ਸਿੱਖ ਚਾਹੇ ਦਾੜ੍ਹੀ ਬੰਨ੍ਹੇ ਜਾਂ ਨਾ ਬੰਨ੍ਹੇ ਉਸ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ । ਪਰ ਸਾਡਾ ਹਾਲ ਹੀ ਵਿਗੜ ਚੁੱਕਾ ਹੈ, ਸਾਡਾ ਧਿਆਨ ਸਿਆਸੀ ਪਦਵੀਆਂ ਵੱਲ, ਸਾਡਾ ਮਨ ਪਦਾਰਥਾਂ ਦੀ ਭੁੱਖ ਵੱਲ ਰਹਿੰਦਾ ਹੈ । ਸਿੰਘ ਲਈ ਨਿਮਰਤਾ, ਸੇਵਾ, ਪ੍ਰੇਮ, ਗ਼ਰੀਬੀ, ਤੇ ਸਹਿਜ ਸੰਤੋਖ ਖ਼ਿਆਲੀ ਗੱਲਾਂ ਨਹੀਂ ਹਨ ਸਿੱਖ ਦੇ ਇਹ ਗਹਿਣੇ ਹਨ ਜਿਹੜੇ ਪੰਜਾਂ ਕਕਾਰਾਂ ਨੂੰ ਚਾਰ ਚੰਨ ਲਾਉਂਦੇ ਹਨ, ਨਹੀਂ ਤਾਂ ਗੁਰੂ ਕ੍ਰਿਪਾ ਨਾਲ ਮਿਲੇ ਪ੍ਰੇਮ ਦੇ **Symbol** ਤੇ ਵਰਦੀ ਦੇ ਪ੍ਰਤੀਕ ਸਿੱਖ ਦੀ ਆਕੜ, ਗੁੱਸਾ ਤੇ ਲੋਭ ਦੇ ਜੰਗਲਾਂ ਨਾਲ ਬੇਮਹਿਨੀ ਹੋ ਜਾਂਦੇ ਹਨ ।

ਵੈਸਾਖੀ ਇਸ ਗੱਲ ਦੀ ਗਵਾਹ ਹੈ ਕਿ ਸਿੱਖ ਜਿਉਂਦਾ ਹੈ, ਤੇ ਜੀਂਦਾ ਹੈ ਤਾਂ ਜੇ ਮਰ ਕੇ ਜੀਵੇ ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ੧੬੯੯ ਦੀ ਵੈਸਾਖੀ ਦੇ ਸਦਕੇ ਮੇਰੇ ਵੀਰਾਂ-ਹਿੰਮਤ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਮੋਹਕਮ ਸਿੰਘ, ਦਇਆ ਸਿੰਘ ਦੇ ਆਪਾ ਵਾਰਨ ਦੇ ਸਦਕੇ ਮੇਰੇ ਆਪਣੇ ਅੰਮ੍ਰਿਤ ਛਕਣ ਵੇਲੇ ਕੀਤੇ ਪ੍ਰਣ ਸਦਕੇ ਤੇ ਸਭ ਤੋਂ ਵੱਧ ਬਿਦਾਵੇ ਫਾੜਣ ਵਾਲੀ ਪਾਵਨਤਾ ਦੇ ਸਦਕੇ ਮੈਨੂੰ ਉਠਾ ਲਉ, ਮੇਰੇ ਗ਼ਰੀਬ ਦੇ ਪਰਦੇ ਕੱਜ ਲਓ, ਮੈਂ ਮੈਲਾ ਹਾਂ, ਆਪ ਧੋਣ ਵਾਲੇ ਹੋ, ਮੇਰਾ ਸੁਭਾਅ ਹੈ ਢਹਿਣਾ ਆਪ ਦਾ ਸੁਭਾਅ ਹੈ ਚੁੱਕਾ ਲੈਣਾ, ਮੇਰੀ



ਆਦਤ ਹੈ ਅਹਿਸਾਨ ਫ਼ਰਾਮੋਸ਼ੀ ਕਰਨਾ, ਆਪ ਦਾ ਬਿਰਦ ਹੈ ਅਕਿਰਤਘਣਾਂ ਨੂੰ ਪਾਲਣਾ । ਇਸ ਵੈਸਾਖੀ 'ਤੇ ਇਹ ਬਖ਼ਸ਼ਿਸ਼ ਕਰ ਦਿਓ ਕਿ—

੧. ਗੁਰਮਤਿ ਸਭ ਤੋਂ ਉੱਚੀ ਲੱਗੇ ।
੨. ਲੋਕ-ਪਚਾਰੇ ਦੀ ਅੱਗ ਨਾਲ ਆਪਣੀ ਹਉਮੈਂ ਨੂੰ ਪੱਠੇ ਪਾ ਕੇ ਦੂਜਿਆਂ ਨੂੰ ਦੁੱਖ ਨਾ ਦੇਵਾਂ ।
੩. ਧਰਮ ਤੇ ਨਾਮ ਮੇਰੀ ਜਾਇਦਾਦ ਤੇ ਵਰਤਣ ਹੋਵੇ ।
੪. ਲੋਕਾਂ ਦੀ ਸੇਵਾ ਤੇ ਗੁਰੂ ਦੇ ਚਰਨਾਂ ਦੀ ਭਾਈਵਾਲੀ ਪਾਈ ਰੱਖਾਂ ।
੫. ਗੁਰੂ ਦੀ ਸ਼ਾਨ ਉੱਚੀ ਹੋਵੇ, ਮੈਂ ਬਿਲਕੁਲ ਮਰ ਮਿਟ ਕੇ ਗੁਰੂ ਦੇ ਚਰਨਾਂ ਵਿੱਚ ਸਮਾਅ ਜਾਵਾਂ ।

ਅੱਜ ਹੀ ਮੈਂ ਅਖ਼ਬਾਰ ਵਿੱਚ ਇਕ ਬਹੁਤ ਹੀ ਦੁੱਖ ਭਰੀ ਘਟਨਾ ਬਾਰੇ ਪੜ੍ਹਿਆ ਹੈ । ਇਕ ਗੁਰਦਵਾਰਾ ਹੈ ਕਿਧਰੇ, ਨਾਲ ਉਸ ਦੇ ਮੰਦਰ ਸੀ, ਗੁਰਦਵਾਰੇ ਵਾਲਿਆਂ ਗੁੱਸਾ ਕੀਤਾ ਕਿਉਂਕਿ ਮੰਦਰ ਦਾ ਉੱਥੇ ਹੋਣਾ ਹੱਕ ਸੀ, ਅਦਾਲਤ ਨੇ ਫ਼ੈਸਲਾ ਕਰਵਾ ਦਿੱਤਾ । ਗੁਰਦੁਆਰੇ ਵਾਲਿਆਂ ਨੇ ਮੰਦਰ ਬਣਵਾ ਦਿੱਤਾ ਪਰ ਰਸਤਾ ਦੂਜੇ ਪਾਸੇ ਹੋ ਗਿਆ । ਦੋਵਾਂ ਨੇ ਮੁਕਾਬਲੇ 'ਤੇ ਉੱਚੀ-ਉੱਚੀ ਇਮਾਰਤ ਬਣਾਈ । ਫਿਰ ਹੁਣ ਝਗੜਾ ਪੈ ਗਿਆ ਹੈ ਕਿ ਨਿਸ਼ਾਨ ਸਾਹਿਬ ਦੀ ਉਚਾਈ ਤਕ ਮੰਦਰ ਦੀ ਉਚਾਈ ਪਹੁੰਚੇ ਜਾਂ ਨਾ। ਵਾਹਿਗੁਰੂ ਜਾਣੇ ਕਿਤਨੀ ਕੁਝ ਸੁੱਚਤਾ ਹੈ ਮੰਦਰ ਵਾਲਿਆਂ ਵਿੱਚ ਜਾਂ ਗੁਰਦਵਾਰੇ ਵਾਲਿਆਂ ਵਿੱਚ । ਜਾਪਦਾ ਹੈ ਗੁਰੂ ਨਾਨਕ ਸਾਹਿਬ ਇੱਥੇ ਆ ਜਾਂਦੇ ਤਾਂ ਕਹਿੰਦੇ—

''ਓਇ! ਹਿੰਦੂ ਤੇ ਸਿੱਖ ਮੂਰਖੋ, **ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ ।** ਉੱਚਾ ਕਰੋ ਆਪਣਾ ਆਚਾਰ, ਆਪਣਾ ਮਨ, ਆਪਣਾ ਆਦਰਸ਼, ਆਪਣੀ ਇਨਸਾਨੀਅਤ । ਜੇ ਅੰਦਰ ਸੁੱਚਤਾ ਨਹੀਂ, ਅੰਦਰ ਲਗਨ ਨਹੀਂ, ਅੰਦਰ ਤੜਫਣ ਨਹੀਂ ਪਿਆਰੇ ਨੂੰ ਮਿਲਣ ਦੀ ਤਾਂ ਕੀ ਫ਼ਾਇਦਾ ਹੋਇਆ ਗੁਰਦਵਾਰੇ ਦਾ ਜਾਂ ਮੰਦਰ ਦਾ । ਇਹ ਤਾਂ ਨਫ਼ਰਤ ਦਾ ਕਾਰਨ ਬਣ ਗਏ ਭਾਵੇਂ ਹੋਣ ਦੋਵੇਂ ਹੀ ਖ਼ੁਦਾ ਦਾ ਘਰ । **'ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥'** **(ਅੰ:੮੭੫)** ਕਦੋਂ ਅਕਲ ਆਵੇਗੀ ਮੈਨੂੰ, ਵੈਸਾਖੀ 'ਤੇ ਇਹ ਸਮਝਾ ਜਾਓ ਕਿ ਵਾਹਿਗੁਰੂ ਸਭ ਦਾ ਸਾਂਝਾ ਹੈ ਤੇ ਮੰਦਰ ਗੁਰਦਵਾਰੇ ਵਿੱਚੋਂ ਤਾਂ ਲੱਭਦਾ ਹੈ ਜੇ ਨਿਰਵੈਰ, ਨਿਰਭਉ ਤੇ ਸਾਂਝੀਵਾਲਤਾ ਦੇ ਭਾਈਵਾਲ ਹੋਈਏ ।

## ਖ਼ਾਲਸਾ ਮੇਰੋ ਰੂਪ ਹੈ ਖ਼ਾਸ

ਜਦੋਂ ਦਾ ਸਾਹਿਬਾਂ ਨੇ ਆਪਣੀ ਕਰੋੜ ਪਾਪਾਂ ਨੂੰ ਹਰਨ ਵਾਲੀ ਨਜ਼ਰੇ ਰਹਿਮਤ ਕਰਕੇ ਮੈਨੂੰ ਆਪਣੇ ਵੱਲ ਸੱਦਿਆ ਹੈ, ਓਦੋਂ ਦਾ ਮੇਰੇ 'ਤੇ ਇਹ ਕਰਮ ਵੀ ਕੀਤਾ ਹੈ ਕਿ ਸੱਚ ਲਿਖਣ ਲਈ ਆਪੇ ਮੇਰੀ ਬਾਂਹ ਫੜ ਕੇ ਲਿਖਵਾਇਆ ਹੈ । ਇਸ ਲਈ ਸੱਚ ਲਿਖਣ ਵਿੱਚ ਜੋ ਵੀ ਊਣਤਾਈ, ਕਮਜ਼ੋਰੀ ਜਾਂ ਮੂਰਖਤਾ ਦਿਸੇ ਉਹ ਮੇਰੀ ਗੁਣਹੀਣਤਾ ਦੀ ਪ੍ਰਤੀਕ ਹੈ । ਆਮ ਤੌਰ 'ਤੇ ਗਾਂਧੀ ਜੀ ਦਾ ਅਣਮੁੱਲਾ ਫ਼ਿਕਰਾ ਹੈ ਜੋ ਉਨ੍ਹਾਂ My Experiments with truth ਲਿਖਣ ਵੇਲੇ ਵਰਤਿਆ ਸੀ, ਮੈਨੂੰ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜੁੜ ਕੇ ਇਹ ਪ੍ਰੇਰਨਾ ਦਿੰਦਾ ਹੈ—**LET HUNDREDS LKEME PERISH BUT LET TRUTH PREVAIL** (ਮੇਰੇ ਵਰਗੇ ਸੈਂਕੜੇ ਆਦਮੀ ਖ਼ਤਮ ਹੋ ਜਾਣ ਪਰ ਸੱਚ ਹਮੇਸ਼ਾਂ ਕਾਇਮ ਰਹੇ)। ਗੁਰੂ ਸਾਹਿਬਾਂ ਸਾਧ ਸੰਗਤ ਤੇ ਪਾਠਕਾਂ ਦੇ ਚਰਨਾਂ 'ਤੇ ਮੱਥਾ ਟੇਕ ਕੇ ਗੁਰ ਸ਼ਬਦ ਤੇ ਗੁਰੂ ਵਚਨ ਦੇ ਪਿਆਰ ਦਾ ਹਵਾਲਾ ਦੇ ਕੇ ਪ੍ਰਣ ਕਰਦਾ ਹਾਂ ਕਿ ਜੋ ਕੁਝ ਲਿਖਦਾ ਹਾਂ, ਸੱਚੋ-ਸੱਚ ਲਿਖਣ ਦੀ ਕੋਸ਼ਿਸ਼ ਕਰਦਾ ਹਾਂ, ਕਿਉਂਕਿ ਸਾਹਿਬਾਂ ਦਾ ਡਰ ਹਮੇਸ਼ਾਂ ਚਿਤਾਵਨੀ ਦਿੰਦਾ ਹੈ ।

**ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥ (ਅੰ:੩੧੪)**

ਪਿਛਲੇ ਸਾਲ ਗੁਰੂ ਸਾਹਿਬ ਦੇ ਜਨਮ ਦਿਨ 'ਤੇ ਮੈਨੂੰ ਸੁਚੱਜਾ ਕੀਰਤਨੀਆਂ ਜਾਣ ਕੇ ਸਟੇਜ 'ਤੇ ਬਿਠਾ ਦਿੱਤਾ ਗਿਆ । ਮੈਂ ਅੱਖਾਂ ਨੂਟ ਕੇ ਡਾਢੇ ਪ੍ਰੇਮ ਤੇ ਉੱਚੀ ਆਵਾਜ਼ ਨਾਲ ਗਾਇਆ :

**"ਖਾਲਸਾ ਮੇਰੋ ਰੂਪ ਹੈ ਖਾਸ**
**ਖਾਲਸੇ ਮਹਿ ਹਉ ਕਰੌਂ ਨਿਵਾਸ ।"**

ਵਾਹ-ਵਾਹ ਦੇ ਨਾਹਰੇ ਤੇ ਵਡਿਆਈਆਂ ਦੀ ਗੂੰਜ ਨੇ ਮੇਰੇ ਮੂੰਹ ਤੇ **Blushing** ਲੈ ਆਂਦੀ; ਪਰ ਮੇਰੇ ਹਿਰਦੇ ਵਿੱਚ ਖ਼ੁਸ਼ੀ ਦੀ ਹਲਚਲ ਮਚਾ ਦਿੱਤੀ । ਮੈਂ ਵਡਿਆਈ ਵਿੱਚ ਗਦ-ਗਦ ਹੋ ਗਿਆ । ਨਿਮਰਤਾ ਨਾਲ ਸਭ ਨੂੰ ਆਖਾਂ, ਨਹੀਂ ਜੀ ਮੈਂ ਤਾਂ ਉੱਕਾ ਹੀ ਮੂਰਖ ਹਾਂ ਪਰ ਅੰਦਰੋਂ ਰੱਜ-ਰੱਜ ਕੇ ਮਾਣ ਨਾਲ ਸਮਝਾਂ, ਸੱਚ-ਮੁੱਚ ਮੈਂ ਕਮਾਲ ਦਾ ਕੀਰਤਨੀਆਂ ਹਾਂ । ਖ਼ਿਆਲ ਆਇਆ ਕਈ ਵਾਰ ਹੋਰਨਾਂ ਨੇ ਕੀਰਤਨ ਕੀਤੇ ਪਰ ਕੋਈ "ਅੰਦਰੋਂ ਬਾਹਰੋਂ ਇਕ ਜਿਹਾ" ਨਹੀਂ ਸੀ, ਕਿਸੇ ਦਾ ਤਾਲ ਠੀਕ ਨਹੀਂ ਸੀ, ਕੋਈ ਮਾਇਆ ਵਿੱਚ ਫਸਿਆ ਹੋਇਆ ਸੀ । ਪਰ "ਮੈਂ" ਪੈਸਾ ਇਕ ਨਹੀਂ ਲੈਂਦਾ ਤਾਂ ਵੀ ਕਿਤਨੇ ਪਿਆਰ ਨਾਲ ਕੀਰਤਨ ਕਰਦਾ ਹਾਂ ਤੇ ਸੰਗਤਾਂ ਨੂੰ ਟੁੰਬ ਲੈਂਦਾ ਹੈ ।



ਗੁਰੂ ਗੋਬਿੰਦ ਸਿੰਘ ਮਹਾਰਾਜ ਆਪੇ ਮੇਰੇ ਮਨ ਵਿੱਚ ਦਾਖ਼ਲ ਹੋ ਕੇ ਕਹਿਣ ਲੱਗੇ: 'ਕਿਉਂ ਕਿਤਨਾ ਮਿੱਠਾ ਲੱਗਦਾ ਹੈ ਮਾਣ, ਕਿਤਨੀ ਸਵਾਦੀ ਹੈ ਵਡਿਆਈ; ਯਾਦ ਨਹੀਂ, ਕਦੇ ਕਹਿੰਦਾ ਹੁੰਦਾ ਸੈਂ ਕਿ ਮੈਂ ਤਾਂ ਬੋਲ ਹੀ ਨਹੀਂ ਸਕਦਾ, ਮੇਰੀ ਤਾਂ ਸੁੱਕੀ ਨਾੜੀ ਹੈ, ਗੁਰੂ ਹੀ ਫੂਕ ਮਾਰਦਾ ਹੈ ਤਾਂ ਆਵਾਜ਼ ਆਉਂਦੀ ਹੈ, ਹੁਣ ਕਾਹਦਾ ਮਾਣ ਕਰਦਾ ਹੈਂ?

ਸ਼ਰਮ ਆਈ ਪਰ ਥੋੜ੍ਹੀ ਦੇਰ ਲਈ, ਚੇਤਾ ਆਇਆ ਕਿਵੇਂ ਨਿਮਰਤਾ ਤੇ ਪ੍ਰੇਮ ਨਾਲ ਜੋਦੜੀ ਕਰਦਿਆਂ ਦਾਤ ਲਈ ਸੀ ਅੰਮ੍ਰਿਤ ਦੀ ਤੇ ਕਿਵੇਂ ਲਿਲ੍ਹਕਾਂ ਲੈ ਕੇ, ਭੁੱਬਾਂ ਮਾਰ ਕੇ ਰੋ ਪਿਆ ਸਾਂ ਅੰਮ੍ਰਿਤ ਦੀ ਵਡਿਆਈ ਦੀ ਯਾਦ ਵਿੱਚ ਤੇ ਆਪਣੀ ਅਕ੍ਰਿਤਘਣਤਾ ਦੇ ਅਫ਼ਸੋਸ ਵਿੱਚ; ਪਰ ਸਾਹਿਬਾਂ ਨੇ ਫੇਰ ਵੀ ਅੰਮ੍ਰਿਤ ਪਿਲਾ ਦਿੱਤਾ ਸੀ । ਮੇਰੇ ਔਗੁਣ ਨਹੀਂ ਸਨ ਚਿਤਾਰੇ, ਮੇਰੀਆਂ ਕਮਜ਼ੋਰੀਆਂ ਨੂੰ ਨਜ਼ਰ-ਅੰਦਾਜ਼ ਕੀਤਾ ਸੀ । ਅੰਦਰੋਂ-ਅੰਦਰ ਸ਼ਰਮ ਆਉਣ ਲੱਗ ਪਈ ਪਰ ਬਾਹਰੋਂ ਅਜੇ ਵੀ ਵਡਿਆਈ ਦੀ ਭੁੱਖ ਨਾ ਜਾਏ ।

ਇਕ ਦਿਨ ਬਹਿ ਕੇ ਮੈਂ ਸੋਚਣ ਲੱਗਾ ਕਿਉਂ ਇੰਞ ਹੁੰਦਾ ਹੈ । ਜਦ ਮੈਂ ਮੰਨਦਾ ਹਾਂ ਕਿ ਸਾਹਿਬਾਂ ਦੀ ਹੀ ਸਾਰੀ ਵਡਿਆਈ ਹੈ ਤਾਂ ਦੁਨੀਆਂ ਦੀਆਂ ਵਡਿਆਈਆਂ ਮੈਨੂੰ ਕਿਉਂ ਭਰਮਾਉਂਦੀਆਂ ਹਨ, ਕਿਸੇ ਪਿਆਰੇ ਸਤਿਸੰਗੀ ਨੇ ਆਣ ਦੱਸਿਆ—

ਵੀਰਾ ਮੈਂ ਕੁੱਤਾ ਹਾਂ, ਮੈਨੂੰ ਕੁਝ ਸਮਝ ਨਹੀਂ ਆਉਂਦੀ; ਪਰ ਸਾਹਿਬ ਕਹਿੰਦੇ ਹਨ—

੧. ਆਪਣਾ ਆਪ ਮਾਰ ਦੇ ਤਾਂ ਠੰਢ ਪਵੇਗੀ ਤੇ ਨਾਮ ਵੱਸੇਗਾ ਹਿਰਦੇ ਵਿੱਚ ।

੨. ਰਜ਼ਾ ਵਿੱਚ ਰਹੁ । ਮੰਨ ਜਾ ਕਿ ਸਾਹਿਬ ਮੇਰਾ ਪਿਤਾ ਹੈ, ਜੋ ਕਰਦਾ ਹੈ ਠੀਕ ਕਰਦਾ ਹੈ ਤੇ ਮੇਰੇ ਹੱਕ ਵਿੱਚ ਕਰਦਾ ਹੈ ।

੩. ਦੁਨੀਆਂ ਦੇ ਧੰਦੇ ਛੱਡ ਕੇ ਇਕ ਮਨ ਇਕ ਚਿੱਤ ਸਾਹਿਬਾਂ ਨਾਲ ਜੁੜ ਜਾ ਤੇ ਲੋਕ-ਪਚਾਰਾ ਛੱਡ ਦੇ ।

੪. ਲੋਕਾਂ ਦੇ ਨੁਕਸ ਨਾ ਵੇਖਿਆ ਕਰ, ਕੇਵਲ ਆਪਣੇ ਅੰਦਰ ਝਾਤੀ ਮਾਰ ਤੇ ਔਗੁਣ ਕੱਢ ਕੇ ਗੁਣ ਭਰ ਲੈ ।

੫. ਦਸਵੰਧ ਕੱਢਿਆ ਕਰ, ਗ਼ਰੀਬਾਂ ਦੁਖੀਆਂ ਦੀ ਸੇਵਾ ਕਰਿਆ ਕਰ ਤੇ ਹਮੇਸ਼ਾਂ ਅੰਦਰੋਂ ਬਾਹਰੋਂ ਇਕ ਹੋਇਆ ਕਰ ।

ਠੰਢ ਪੈ ਗਈ, ਸਵਾਦ ਆ ਗਿਆ, ਜਦੋਂ ਮੈਨੂੰ ਇਹ ਸਮਝ ਆ

ਗਈ ਕਿ ਸੱਚਮੁੱਚ ਮੇਰਾ ਸਤਿਸੰਗੀ ਮੇਰੇ ਹੱਕ ਦੀ ਗੱਲ ਕਰਦਾ ਹੈ ।

ਕੁਝ ਦਿਨ ਠੀਕ ਲੰਘ ਗਏ ਪਰ ਮੇਰੀ "ਮੈਂ" ਫਿਰ ਜਾਗ ਪਈ, ਮੈਂ ਆਪਣੇ ਸਤਿਸੰਗੀ ਵੀਰ ਨੂੰ ਤਾਂ 'ਹਾਂ ਹਾਂ, ਬਿਲਕੁਲ ਠੀਕ' ਕਹਿੰਦਾ ਰਿਹਾ, ਪਰ ਜਾ ਵੜਿਆ ਇਕ ਐਸੇ ਵਿਆਹ 'ਤੇ ਜਿੱਥੇ ਸ਼ਰਾਬਾਂ ਦਾ ਜ਼ੋਰ ਸੀ, ਕੰਜਰੀਆਂ ਦਾ ਨਾਚ ਸੀ ਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੋਂ ਸਭ ਕੁਝ ਉਲਟ ਹੁੰਦਾ ਸੀ । ਮੈਂ ਮਾਣ ਨਾਲ ਵੱਡਾ ਬਣ ਕੇ ਜੰਞ ਵਿੱਚ ਸ਼ਾਮਲ ਹੋਏ ਜਾਂਞੀ ਮਾਂਜੀ ਬਣ ਕੇ ਗ਼ੰਦਗੀ ਦਾ ਮਾਲ ਤੇ ਗ਼ੰਦਗੀ ਦੇ ਪ੍ਰਭਾਵ ਹੇਠ ਆਪਣੇ ਗੁਰੂ ਦੇ ਹੁਕਮ ਤਾਂ ਭੁੱਲ ਹੀ ਬੈਠਾ ਸਾਂ; ਸਗੋਂ ਨਿੱਤਨੇਮ ਤੋਂ ਵੀ ਰਹਿ ਗਿਆ, ਮੇਰੇ ਮਨ ਤੋਂ ਬਾਣੀ ਦਾ ਅਸਰ ਹਟਣ ਲੱਗਾ ਤੇ ਮੈਂ ਹੋਰ ਸੜਨ ਲੱਗਾ ਦਿਲ ਵਿੱਚ । ਆਪਣੇ ਬੱਚੇ ਵੀ ਮੈਨੂੰ ਮਜ਼ਾਕ ਕਰਨ ਲੱਗੇ; ਪਰ ਮੈਂ ਮਾਇਆ ਦੇ ਝੂਠੇ ਪਸਾਰੇ ਹੇਠ ਨਿੰਦਿਆ ਝੂਠ ਦਾ ਐਸਾ ਵਿਉਪਾਰ ਬਣਾਇਆ ਕਿ ਆਪਣੇ ਸਕੇ ਭਰਾ ਨਾਲ ਲੜਨ ਲੱਗ ਪਿਆ । ਸਾਹਿਬਾਂ ਦਾ ਹੁਕਮ ਸੀ "ਬੁਰੇ ਦਾ ਭਲਾ ਕਰ" ਮੈਂ ਬੇਅੰਤ ਗਾਲਾਂ ਆਪਣੇ ਮਾਪਿਓਂ ਜਾਏ ਵੀਰ ਨੂੰ ਵਡਿਆਈ ਦੀ ਭੁੱਖ ਕਰਕੇ ਤੇ ਨਿੰਦਾ ਚੁਗ਼ਲੀ ਵਿੱਚ ਪੈ ਕੇ ਕੱਢੀਆਂ, ੨੦-੨੦ ਸਾਲ ਦੀਆਂ ਪੁਰਾਣੀਆਂ ਗੱਲਾਂ ਮੈਂ ਉਸ ਦੇ ਗਿੱਟਿਆਂ ਤੇ ਸੋਟੀਆਂ ਮਾਰਨ ਲਈ ਤੇ ਜ਼ਖ਼ਮਾਂ 'ਤੇ ਲੂਣ ਛਿੜਕਣ ਲਈ ਕੀਤੀਆਂ । ਮੈਨੂੰ ਸ਼ਰਮ ਨਾ ਆਈ, ਨਾਲ ਦੇ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ, ਮੇਰੇ ਗੁਰੂ ਨੇ ਸਭ ਦੀ ਚਰਨਧੂੜ ਬਣਨ ਲਈ ਕਿਹਾ ਸੀ; ਪਰ ਮੈਂ ਤਾਂ ਸਕੇ ਭਰਾ ਦੇ ਸਾਹਮਣੇ ਅੱਖਾਂ ਕੱਢ-ਕੱਢ ਕੇ ਉਸ ਨੂੰ ਜ਼ਲੀਲ ਕਰਕੇ ਰੁਆਉਣ ਲੱਗ ਪਿਆ ।

ਕਿਉਂਕਿ ਮੇਰਾ ਜੀ ਕਰਦਾ ਹੈ ਕਿ ਮੈਂ ਤੇਰੇ ਨਾਲ ਭਾਈਚਾਰਾ ਪਾਈ ਰੱਖਾਂ, ਸਤਿਸੰਗਤ ਵਿੱਚ ਮੇਰਾ ਸਤਿਕਾਰ ਬਣਿਆ ਰਹੇ, ਲੋਕਾਂ ਕੋਲੋਂ ਭਗਤ ਅਖਵਾਉਂਦਾ ਰਹਾਂ, ਇਸ ਲਈ ਮੈਂ ਅੱਧੀ ਰਾਤੀਂ ਸੀਸ ਗੰਜ ਸਾਹਿਬ ਜਾ ਕੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਲੰਗਰ ਵਿੱਚ ਭਾਂਡੇ ਮਾਂਜ, ਆਟਾ ਗੁੰਨ੍ਹਾਂ ਤੇ ਹੋਰ ਕਈ ਕੰਮ, ਜਿਵੇਂ ਵੱਡੀਆਂ-ਵੱਡੀਆਂ ਲੱਕੜੀਆਂ ਚੁੱਕਾਂ ਤੇ ਕੀਰਤਨ ਵਿੱਚ ਮਸਤ ਹੋ ਜਾਵਾਂ । ਆਪਣੇ ਪਿਆਰੇ-ਪਿਆਰੇ ਸਤਿਸੰਗੀਆਂ ਨੂੰ ਬੁਲਾ ਕੇ ਕੀਰਤਨ ਕਰਾਵਾਂ, ਉਨ੍ਹਾਂ ਦੀ ਸੇਵਾ ਕਰਾਂ ਤੇ ਮੈਂ ਬਹੁਤ ਹੀ ਮਸ਼ਹੂਰ ਹੋ ਗਿਆ । ਇਕ ਦਿਨ ਮੈਂ ਆਪਣਿਆਂ ਫ਼ਜ਼ੂਲ ਰਿਵਾਜਾਂ ਦੀ ਬੱਧੀ ਦੁਨੀਆਂ ਦੇ ਝੂਠੇ ਰਿਵਾਜ ਨਿਭਾਉਣ ਲਈ ਬਗ਼ੈਰ ਅਸਲੀ ਅਫ਼ਸੋਸ ਦੇ ਅਫ਼ਸੋਸ ਕਰਨ ਗਿਆ, ਤਾਂ ਮੇਰੀ ਨਿੱਕੀ ਭੈਣ ਉੱਥੇ ਬੈਠੀ ਸੀ ਇਸੇ ਕੰਮ ਲਈ। ਮੈਂ ਉਸ ਵੱਲ ਵੇਖਿਆ ਨਹੀਂ; ਚੁੱਪ ਕਰਕੇ ਅਫ਼ਸੋਸ ਕੀਤਾ ਤੇ ਘਰ ਆ ਗਿਆ।



ਜਿਨ੍ਹਾਂ ਸਤਿਸੰਗੀਆਂ ਨੂੰ ਘਰ ਬੁਲਾ ਕੇ ਕੀਰਤਨ ਕਰਵਾਉਂਦਾ ਸਾਂ ਉਨ੍ਹਾਂ ਤੱਕ ਲਿਆ, ਕੁਝ ਦਿਨ ਬਾਅਦ ਜਦ ਮਿਲੇ ਤਾਂ ਕਹਿਣ ਲੱਗੇ ਕੀ ਤੂੰ ਆਪਣੀ ਨਿੱਕੀ ਭੈਣ ਨਾਲ ਨਹੀਂ ਬੋਲਦਾ? ਮੈਂ ਉਨ੍ਹਾਂ ਨੂੰ ਬਹੁਤ ਸਾਰੀਆਂ ਗੱਲਾਂ ਕਹਿ ਕੇ ਦੱਸਿਆ ਉਹ ਤਾਂ ਚੰਡਾਲ ਹੈ, ਮੇਰੇ ਸਤਿਸੰਗੀ ਨੇ ਕਿਹਾ—ਤੁਸੀਂ ਤਾਂ ਕੱਲ੍ਹ ਕਹਿ ਰਹੇ ਸੋ—

(੧) ਨਿੰਦਾ ਭਲੀ ਕਿਸੈ ਕੀ ਨਾਹੀ...॥

(੨) ਮੰਦਾ ਕਿਸ ਨੋ ਆਖੀਐ

ਕੁਝ ਸ਼ਰਮ ਆਈ ਪਰ ਮੈਂ ਕਿਹਾ, ਮੈਂ ਤਾਂ ਬਹੁਤ ਹੀ ਠੀਕ ਵਰਤਦਾ ਹਾਂ ਪਰ ਇਹ ਭੈਣ ਹੈ ਹੀ ਚੰਡਾਲ! ਅਜੇ ਇਸ ਅੱਗ ਵਿੱਚ ਸੜ ਹੀ ਰਿਹਾ ਸਾਂ ਕਿ ਲੋਕੀਂ ਨੋਟ ਕਰ ਰਹੇ ਸਨ ਕਿ ਮੈਂ ਆਪਣੀ ਭੈਣ ਨਾਲ ਵੀ ਵੈਰ ਕਰਦਾ ਹਾਂ, ਤਾਂ ਨਿਰਵੈਰ ਤੇ ਸਭ ਦੀ ਚਰਨਧੂੜ ਕੀ ਬਣਾਂਗਾ; ਦੂਜੀ ਗੱਲ ਛਿੜ ਪਈ ਤੇ ਮੈਂ ਸ਼ੁਕਰ ਕੀਤਾ ਕਿ ਗੱਲ ਬਦਲ ਗਈ ਹੈ, ਕਿਸੇ ਕਿਹਾ, "ਆਉ ਪੰਜਾ ਸਾਹਿਬ ਚੱਲੀਏ ।" ਮੈਂ ਝੱਟ ਤਿਆਰ ਹੋ ਗਿਆ । ਹੁਣ ਤਾਂ ਮੈਂ ਕਹਿ ਸਕਾਂਗਾ ਲੋਕਾਂ ਨੂੰ ਮੈਂ ਪੰਜਾ ਸਾਹਿਬ ਕਈ ਵਾਰੀ ਹੋ ਆਇਆ ਹਾਂ । ਮੈਂ ਪੰਜਾ ਸਾਹਿਬ ਦੇ ਦਰਸ਼ਨਾਂ ਬਿਨਾਂ ਰਹਿ ਨਹੀਂ ਸਕਦਾ । ਜਦੋਂ ਮੈਂ ਵਾਪਸ ਆਇਆ ਤੇ ਮੇਰੇ ਸਤਿਸੰਗੀਆਂ ਨੇ ਤੱਕ ਲਿਆ ਕਿ ਮੈਂ ਤਾਂ ਉੱਥੇ ਵੀ ਸਸਤੇ ਭਾਂਡੇ, ਸਸਤੀਆਂ ਚੀਜ਼ਾਂ ਲੈਣ ਵਿੱਚ ਹੀ ਲੱਗਾ ਰਿਹਾ ਹਾਂ, ਕਿਉਂਕਿ ਹੁਣ ਮੈਂ ਬਹੁਤ ਵੱਡਾ ਹੋ ਗਿਆ ਸਾਂ; ਮੈਨੂੰ ਲੋੜ ਪਈ ਕਿ ਸਤਿਸੰਗੀਆਂ ਦੀ ਸੇਵਾ ਲਈ ਮੇਰੇ ਘਰ ਗੈਸ ਦਾ ਚੁੱਲ੍ਹਾ ਹੋਣਾ ਚਾਹੀਦਾ ਹੈ । ਮੇਰੀ ਬੀਵੀ ਨੇ ਜ਼ਿੱਦ ਕੀਤੀ ਕਿ ਮੈਨੂੰ ਹੁਣ ਸ਼ਰਮ ਆਉਂਦੀ ਹੈ ਆਮ ਚੁੱਲ੍ਹੇ 'ਤੇ ਰੋਟੀ ਪਕਾਉਂਦਿਆਂ । ਮੈਂ ਪਤਾ ਕੀਤਾ ਕਿਤੇ ਗੈਸ ਨਹੀਂ ਸੀ ਮਿਲਦੀ। ਮੈਂ ਝਟ (**BLACK MARKET**) ਵਾਧੂ ਕੀਮਤ ਦੇ ਕੇ ਗੈਸ ਲੈ ਆਇਆ ।

ਕਿਉਂਕਿ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦਾ ਜਨਮ ਦਿਨ ਆ ਰਿਹਾ ਹੈ, ਮੇਰਾ ਦਿਲ ਕੰਬਣ ਲੱਗਾ—ਮੇਰੇ ਅੰਦਰੋਂ ਆਵਾਜ਼ਾਂ ਆਉਣ ਲੱਗ ਪਈਆਂ—ਓਇ ਭੁੱਲ ਗਿਆ ਹੈਂ ਕਿਤਨਾ ਆਜ਼ਿਜ਼ ਤੇ ਮਸਕੀਨ ਬਣ ਕੇ ਆਇਆ ਸੈਂ ਮਿਹਰਾਂ ਮੰਗਣ । ਜਦੋਂ ਕਈ ਸਾਲ **Depression** ਕੋਲੋਂ ਤੰਗ ਆ ਕੇ ਮਰਨ ਲਈ ਉਤਾਵਲਾ ਸੈਂ, ਤਾਂ ਮੈਂ ਤੇਰੀ ਬਾਂਹ ਫੜੀ ਸੀ, ਫੇਰ ਆਪਣੇ ਬੱਚਿਆਂ ਦੇ ਗ਼ਮ ਵਿੱਚ ਤੇ ਆਪਣੇ ਓਪਰੇਸ਼ਨ ਕਰਾਉਣ ਦੇ ਡਰ ਵਿੱਚ ਇਤਨਾ ਬੇਹਾਲ ਹੁੰਦਾ ਸੈਂ ਤਾਂ ਮੈਂ ਕੋਲ ਬਹਿ ਕੇ ਤੈਨੂੰ ਹੌਸਲਾ ਦਿੱਤਾ ਸੀ ਇਹ ਕਹਿ ਕੇ—

**ਨਾ ਓਹਿ ਮਰਹਿ ਨ ਠਾਗੇ ਜਾਹਿ ॥**
**ਜਿਨ ਕੈ ਰਾਮੁ ਵਸੈ ਮਨ ਮਾਹਿ ॥** **(ਅੰਗ ੮)**

ਕੀ ਸਭ ਕੁਝ ਭੁੱਲ ਗਿਆ ਹੈਂ? ਧੰਦਿਆਂ ਵਿੱਚ ਪੈ ਕੇ, ਝੂਠੇ ਰਿਵਾਜਾਂ ਵਿੱਚ, ਵਿਆਹ-ਸ਼ਾਦੀਆਂ, ਉਠਾਲਿਆਂ ਵਿੱਚ ਪੈ ਕੇ ਕਿਤਨਾ ਪ੍ਰਭਾਵ ਪਾ ਰਿਹਾ ਹੈਂ ਲੋਕਾਂ 'ਤੇ, ਇਤਨਾ ਯਾਦ ਰੱਖ "ਜਦ ਤਕ ਨਿਰਵੈਰ ਨਹੀਂ ਬਣੇਂਗਾ, ਮੈਂ ਤੈਨੂੰ ਨੇੜੇ ਨਹੀਂ ਆਉਣ ਦੇਵਾਂਗਾ । ਜਦ ਤਕ ਸੱਚ ਦੀ ਤਾਂਘ ਵਿੱਚ ਲੋਕ-ਪਚਾਰਾ ਨਹੀਂ ਛੱਡੇਂਗਾ ਤੇਰਾ ਕੁਝ ਨਹੀਂ ਬਣੇਂਗਾ।'

ਆਵਾਜ਼ ਬਿਲਕੁਲ ਸਾਫ਼ ਸੀ । ਡਰ ਲੱਗਾ ਤੇ ਲੱਗਦਿਆਂ ਸਾਰ ਉਨ੍ਹਾਂ ਸਤਿਸੰਗੀਆਂ ਨਾਲ ਗੱਲ ਕਰਨ ਤੇ ਜੀਅ ਕੀਤਾ ਜਿਹੜੇ ਹਮੇਸ਼ਾਂ ਸਿੱਧੇ ਰਸਤੇ ਪਾਉਂਦੇ ਸਨ । ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਸੱਚਮੁੱਚ ਮੇਰਾ ਹਾਲ ਖ਼ਰਾਬ ਹੈ, ਮੈਂ ਦੁਨੀਆਂ ਵਿੱਚ ਫਸ ਕੇ ਭੈਣ-ਭਰਾਵਾਂ ਨਾਲ ਨਫ਼ਰਤ ਕਰਕੇ ਤੇ ਕੰਜਰੀਆਂ ਦੇ ਨਾਚ ਤੇ ਸ਼ਰਾਬਾਂ ਦੇ ਦੌਰ ਵੇਖ ਕੇ ਆਪਣਾ ਆਪ ਬੇੜਾ ਗ਼ਰਕ ਕਰ ਰਿਹਾ ਹਾਂ, ਅਰਦਾਸ ਕਰੋ । ਉਨ੍ਹਾਂ ਫਿਰ ਕਿਹਾ—ਪਹਿਲਾਂ ਮਰ ਮਿਟ ਜਾ—ਮੈਂ ਕਿਹਾ ਮਰ ਮਿਟ ਤਾਂ ਮੈਂ ਗਿਆ ਹੀ ਹਾਂ । ਅੰਦਰੋਂ ਵੈਰ ਬਿਲਕੁਲ ਨਹੀਂ, ਪਰ ਦੇਖੋ ਨਾ ਓਹ ਮੇਰੀ ਭੈਣ ਹੈ ਹੀ ਭੈੜੀ ।

ਮੇਰੇ ਸਤਿਸੰਗੀ ਵੀ ਕਾਹਲੇ ਪੈ ਕੇ ਮੇਰਾ ਸਾਥ ਛੱਡਣ ਲੱਗੇ; ਪਰ ਮੇਰੇ ਮਨ ਨੇ ਹੁਲਾਰਾ ਖਾਧਾ ਜੋਦੜੀ ਕਰਕੇ, ਆਪਣੀ ਪ੍ਰੇਸ਼ਾਨੀ ਉਨ੍ਹਾਂ ਨਾਲ ਵੰਡੀ—ਕਿਹਾ, ਮੇਰੀ ਸਾਹਿਬਾਂ ਨਾਲ ਹਮੇਸ਼ਾਂ ਬਣ ਆਵੇ । ਉਨ੍ਹਾਂ ਕਿਹਾ—ਸਾਹਿਬਾਂ ਵੱਲੋਂ ਤਾਂ ਕੋਈ ਦੂਰੀ ਨਹੀਂ, ਦੂਰੀ ਸਾਡੀ ਆਪਣੀ ਹੈ ।

ਜਦੋਂ ਕੁਝ ਦਿਨ ਲੰਘੇ ਤਾਂ ਮੈਂ ਆਪਣੇ ਸਤਿਸੰਗੀਆਂ ਦੀਆਂ ਹੀ ਗੱਲਾਂ ਕਰਨੀਆਂ, ਝੂਠ ਫੈਲਾ ਕੇ ਸੱਚੇ ਬਣਨ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਨਾਲ ਵੀ ਮੇਰਾ ਸਾੜਾ ਵਧ ਗਿਆ । ਉਨ੍ਹਾਂ ਦੀਆਂ ਵੀ ਗੱਲਾਂ ਕੌੜੀਆਂ ਲੱਗਣੀਆਂ ਸ਼ੁਰੂ ਹੋ ਗਈਆਂ । ਐਸੀ ਨਿੰਦਿਆ ਦਾ ਸ਼ਿਕਾਰ ਹੋ ਗਿਆ ਕਿ ਹੁਣ ਉੱਕਾ ਹੀ ਵਿਕਾਰਾਂ ਦਾ ਡਰ ਹਟਣ ਲੱਗਾ । ਦੁਨੀਆਂ ਚੰਗੀ ਲੱਗਣ ਲੱਗੀ, ਜਦੋਂ ਮੇਰੀ ਤਨਖ਼ਾਹ ਵਧ ਗਈ ਤੇ ਮੇਰੇ ਘਰ ਵਿੱਚ ਰੈਫਰੀਜੀਰੇਟਰ, ਟੈਲੀਵਿਜ਼ਨ ਤੇ ਹੋਰ ਕਈ ਸਾਜ਼ੋ-ਸਾਮਾਨ ਆਇਆ ਤਾਂ ਆਕੜ ਹੋਰ ਵਧ ਗਈ, ਆਪਣੇ ਆਪ 'ਤੇ ਭਰੋਸਾ ਵਧ ਗਿਆ । ਗੁਰੂ 'ਤੇ ਭਰੋਸਾ ਘਟਣ ਲੱਗਾ । ਜਿਵੇਂ ਸਾਹਿਬ ਯਾਦ ਕਰਾਉਣ ਲਈ ਕਿ ਇਹ ਸਭ ਕੁਝ "ਚਾਰ ਦਿਹਾੜੇ" ਹੈ, ਮੇਰੇ ਮੁਹੱਲੇ ਵਿੱਚ ਜਵਾਨ ਮੌਤਾਂ ਹੋਣ ਲੱਗੀਆਂ । ਫੇਰ ਤ੍ਰਬਕ ਗਿਆ, ਪਰ "ਮੈਂ" ਨਾ ਮੋਈ ਪਰ ਨਾ ਮੋਈ । ਫਿਰ ਆਪਣੇ ਭਰਾ ਨਾਲ ਇਸ ਗੱਲੋਂ ਲੜਨ ਲੱਗਾ ਕਿ ਮੈਨੂੰ ਆਪਣੀ ਕੁੜੀ ਦੀਆਂ ਕੁੜਮਾਈਆਂ ਬਹੁਤ ਆਉਂਦੀਆਂ ਨੇ ਤੇ ਮੇਰੀ ਭਾਬੀ ਨੂੰ ਕੌੜ ਚੜ੍ਹਦੀ ਹੈ ।



ਇਕ ਦਿਨ ਮੈਂ ਕਥਾ ਸੁਣਨ ਚਲਾ ਗਿਆ । ਇਕ ਫ਼ਕੀਰ ਨੇ ਕਥਾ ਕੀਤੀ । ਸੇੜ-ਸੇੜ ਕੇ ਜੁੱਤੀਆਂ ਮੇਰੇ ਮੂੰਹ 'ਤੇ, ਸਵਾਹ ਮੇਰੇ ਸਿਰ ਵਿੱਚ ਤੇ ਗੰਦ ਮੇਰੇ ਜਿਸਮ 'ਤੇ ਮਲਿਆ । ਪਰ ਉਹਦਾ ਇਕ ਲਫ਼ਜ਼ ਵੀ ਆਪਣਾ ਨਹੀਂ ਸੀ । ਸਾਰੀਆਂ ਗੱਲਾਂ 'ਗੁਰਬਾਣੀ' ਦਾ ਹਵਾਲਾ ਦੇ ਕੇ ਉਸ ਨੇ ਮੇਰੇ ਰੋਮ-ਰੋਮ ਵਿੱਚ ਸਾਹਿਬਾਂ ਦਾ ਡਰ ਭਰ ਦਿੱਤਾ । ਮੈਨੂੰ ਆਪਣੇ ਕੋਲੋਂ ਹੀ ਬਦਬੂ ਆਉਣ ਲੱਗ ਪਈ । ਮੈਨੂੰ ਸਾਹਿਬਾਂ ਦੀਆਂ ਰਹਿਮਤਾਂ ਯਾਦ ਆਉਣ ਲੱਗੀਆਂ । ਮੈਨੂੰ ਚੇਤੇ ਆ ਗਿਆ ਕਿ ਮੇਰੇ ਘਰ ਵਿੱਚ ਤਾਂ ਹਮੇਸ਼ਾਂ ਪਿੱਟਣਾ ਪਿਆ ਰਹਿੰਦਾ ਸੀ, ਸਾਹਿਬਾਂ ਨੇ ਸ਼ਾਂਤੀ ਵਰਤਾਈ, ਮੇਰਾ ਕਲੇਜਾ ਹਰ ਵੇਲੇ ਬੇਚੈਨ ਰਹਿੰਦਾ ਸੀ, ਸਾਹਿਬਾਂ ਨੇ ਚੈਨ ਬਖ਼ਸ਼ਿਆ, ਮੇਰੇ ਮਨ ਵਿੱਚ ਤਾਂ ਹਰ ਵੇਲੇ ਸ਼ਿਕਾਇਤ ਰਹਿੰਦੀ ਸੀ, ਸਾਹਿਬਾਂ ਨੇ ਸ਼ੁਕਰ ਬਖ਼ਸ਼ਿਆ । ਮਤਲਬ ਇਹ ਹੈ ਕਿ ਜੇ ਸਾਹਿਬ ਆਪ ਬਖ਼ਸ਼ਿਸ਼ ਨਾ ਕਰਦੇ ਤਾਂ ਮੈਂ ਰੁਲਦਾ ਰਹਿੰਦਾ, ਕਦੇ ਚੈਨ ਨਾ ਆਉਂਦਾ । ਫਿਰ ਜੋਦੜੀ ਵਿੱਚ, ਅਰਦਾਸ ਵਿੱਚ ਜੁੜ ਗਿਆ । ਸਭ ਦੇ ਨੁਕਸ ਖ਼ਤਮ ਹੋ ਗਏ, ਆਪਣੇ ਨੁਕਸ ਜਾਗੇ । ਹੋਸ਼ ਆ ਗਈ। ਹੁਣ ਮੁੜ ਸਾਹਿਬਾ ਤੇਰੇ ਦਰ 'ਤੇ ਆਣ ਢੱਠਾ ਹਾਂ । **'ਕਰ ਕ੍ਰਿਪਾ ਮੋਹਿ ਗਰੀਬ ਕੋ ਲਓ ਰਲਾਇ॥'** ਜਦੋਂ ਮੈਂ ਆਪ ਹੀ ਆਪਣਾ ਭੈੜਾ ਹਾਲ ਕਿਸੇ ਸੱਜਣ ਨੂੰ ਦੱਸਿਆ ਤਾਂ ਉਹ ਹੈਰਾਨ ਹੋ ਗਿਆ । ਤੂੰ ਸ਼ੁਕਰ ਕਰ ਤੈਨੂੰ ਆਪਣੇ ਨੁਕਸ ਦਿੱਸਦੇ ਤਾਂ ਹਨ । ਮੈਂ ਜੋ ਕੁਝ ਦੇਖ ਕੇ ਤੇ ਸੁਣ ਕੇ ਆਇਆ ਹਾਂ ਮੇਰਾ ਕਲੇਜਾ ਕੰਬ ਰਿਹਾ ਹੈ ਤੇ ਆਪਣੇ ਅੱਥਰੂਆਂ ਦੇ ਬਾਵਜੂਦ ਮੇਰਾ ਮਨ ਨਹੀਂ ਟਿਕਦਾ । ਉਸ ਕਿਹਾ ਕਿ ਇਕ ਖ਼ਾਲਸਾ ਸਕੂਲ ਵਿੱਚ ਮੇਰੇ ਬੱਚੇ ਪੜ੍ਹਦੇ ਹਨ ਤੇ ਉੱਥੇ ਧਾਰਮਿਕ ਇਮਤਿਹਾਨ ਹੋ ਰਿਹਾ ਸੀ । ਬੱਚਿਆਂ ਨੂੰ ਕਿਤਨੀ ਗੁਰਬਾਣੀ ਆਉਂਦੀ ਹੈ ਤੇ ਕਿਤਨਾ ਸ਼ੌਕ ਹੈ ਇਸ ਗੱਲ ਦਾ, ਸਾਰੇ ਖ਼ਾਲਸਾ ਸਕੂਲਾਂ ਦਾ ਮੁਕਾਬਲਾ ਸੀ ਤੇ ਮੇਰੇ ਬੱਚੇ ਨੇ ਆਣ ਕੇ ਦੱਸਿਆ ਕਿ ਮਾਸਟਰ ਜੀ ਚੋਰੀ-ਚੋਰੀ ਬੱਚਿਆਂ ਨੂੰ ਦੱਸੀ ਜਾ ਰਹੇ ਸਨ ਤੇ ਕਈ ਤਾਂ ਗੁਟਕੇ ਖੋਲ੍ਹ ਕੇ ਨਕਲ ਲਈ ਕਹਿ ਰਹੇ ਸਨ । ਉਹ ਕਹਿੰਦੇ ਸਨ ਕਿ ਸਾਡੇ ਸਕੂਲ ਦਾ ਨਾਂ ਰੋਸ਼ਨ ਹੋਵੇਗਾ ਜਦੋਂ ਬਹੁਤੇ ਨੰਬਰ ਆਉਣਗੇ ਸਾਡੇ ਬੱਚਿਆਂ ਦੇ । ਲਓ, ਹੋਰ ਸੁਣੋ! ਉਸ ਕਿਹਾ, "ਪਿੱਛੇ ਜਦ ਅੰਮ੍ਰਿਤ ਛਕਣ ਲਈ ਪ੍ਰੇਰਨਾ ਕਰਦਿਆਂ ਭਰੀ ਸਭਾ ਵਿੱਚ ਇਕ ਮਾਸਟਰ ਜੀ ਨੇ ਕਿਹਾ "ਬੱਚਿਓ ਅੰਮ੍ਰਿਤ ਛਕ ਲਓ, ਰਹਿਤ ਨਹੀਂ ਰੱਖ ਸਕਦੇ ਤਾਂ ਕੋਈ ਗੱਲ ਨਹੀਂ, ਤੁਸੀਂ ਬੱਚੇ ਹੋ । ਸਾਡੇ ਸਕੂਲ ਵਿੱਚੋਂ ਬਹੁਤੇ ਬੱਚੇ ਜਾਣੇ ਚਾਹੀਦੇ ਹਨ" ਪਤਾ ਹੈ ਕੀ ਹੋਇਆ? ਇਕ ੭-੮ ਸਾਲ ਦਾ ਬੱਚਾ ਬੜੇ ਚਾਅ ਨਾਲ ਕਿਰਪਾਨ ਪਾ ਕੇ ਤਿਆਰ ਹੋਇਆ ਤੇ

ਆਪਣੇ ਘਰੋਂ ਪੁੱਛਣ ਲੱਗਾ—'ਮੈਨੂੰ ਅਜੇ ਤਕ ਨਹੀਂ ਪਤਾ ਲੱਗਾ ਕਿ ਅੰਮ੍ਰਿਤ ਦੀ ਰਹਿਤ ਕੀ ਹੁੰਦੀ ਹੈ, ਕਿਵੇਂ ਨਿਭਾਉਣੀ ਹੈ, ਤਾਂ ਇਤਨਾ ਸਸਤਾ ਤੇ ਬਗੈਰ ਸਤਿਕਾਰ ਤੇ ਨਿਸ਼ਚੇ ਦੇ ਛਕੇ ਅੰਮ੍ਰਿਤ ਦਾ ਕਿਤਨਾ ਕੁ ਅਸਰ ਹੋਵੇਗਾ ?'

ਜਦੋਂ ਇਹ ਕੁਝ ਸੁਣਿਆ ਤਾਂ ਮੈਂ ਫੇਰ ਆਪਣੀ ਗਿਰਾਵਟ ਦਾ ਕਾਰਨ ਲੱਭਣ ਲੱਗ ਪਿਆ । ਮੈਂ ਸੋਚਿਆ ਕਿ ਜਦ ਛੋਟਾ ਹੁੰਦਾ ਸਾਂ ਤਾਂ ਮੈਨੂੰ ਵੀ ਇਹੋ ਜਿਹਾ ਸਤਿਕਾਰ ਗੁਰਬਾਣੀ ਦਾ ਤੇ ਅੰਮ੍ਰਿਤ ਦਾ ਸਿਖਾਇਆ ਹੋਣਾ ਹੈ ਸਕੂਲਾਂ ਵਿੱਚ ਤੇ ਘਰਾਂ ਵਿੱਚ । ਮੇਰੇ ਘਰ ਦੇ ਲੋਕ ਵੀ ਉਹੀ ਕੁਝ ਕਰਦੇ ਹੋਣੇ ਹਨ ਜੋ ਮੈਂ ਕਰਦਾ ਹਾਂ । ਜੋ ਮੇਰੇ ਵੱਡੇ-ਵਡੇਰੇ ਸ਼ਰਾਬਾਂ ਵਿੱਚ ਗਲਤਾਨ ਹੋ ਕੇ ਤੇ ਬੇਅੰਤ ਪੈਸਾ ਕਮਾ ਕੇ ਵਿਕਾਰਾਂ ਵਿੱਚ ਆਪ ਪੈ ਕੇ ਤੇ ਲੋਕਾਂ ਨੂੰ ਪਵਾ ਕੇ ਫਿਰ ਵੀ ਗੁਰੂ ਗ੍ਰੰਥ ਸਾਹਿਬ ਨੂੰ ਘਰ ਰੱਖ ਕੇ 'ਪਿਆਰ ਵਾਲੇ' ਅਖਵਾ ਸਕਦੇ ਹਨ, ਤਾਂ ਮੈਂ ਕੀਰਤਨ ਕਰਕੇ ਤੇ ਸੇਵਾ ਕਰਕੇ ਮਾਣ ਵੀ ਨਹੀਂ ਕਰ ਸਕਦਾ? ਭੈਣਾਂ-ਭਰਾਵਾਂ ਨਾਲ ਲੜ ਵੀ ਨਹੀਂ ਸਕਦਾ? ਕੀ ਕਰ ਲਿਆ ਹੈ ਕਿਸੇ ਨੇ ਬਾਕੀਆਂ ਦਾ ਜੋ ਮੈਂ ਇਤਨਾ ਡਰ ਕੇ ਰਹਾਂ ।

ਹੁਣ ਸਾਹਿਬ ਆਣ ਖਲੋਤੇ ਹਨ ਸਾਹਮਣੇ ।
ਦਇਆ ਦੇ ਸਾਗਰ ਜੋ ਹੋਏ, ਪੰਡਤ ਪਾਵਨ ਜੋ ਹੋਏ ।

ਅਕ੍ਰਿਤਘਣਾਂ ਨੂੰ ਪਾਲਣ ਵਾਲੇ ਜੋ ਹੋਏ । ਭੁੱਲਿਆਂ ਨੂੰ ਰਾਹ ਪਾਉਣ ਵਾਲੇ ਜੋ ਹੋਏ । ਕਹਿਣ ਲੱਗੇ, ਤੂੰ ਅੰਮ੍ਰਿਤ ਛਕਿਆ ਸੀ ਸਿਦਕ ਨਾਲ, ਪਿਆਰ ਨਾਲ, ਇਸ ਲਈ ਮੈਂ ਤੈਨੂੰ ਆਪਣਾ ਬਣਾ ਲਿਆ ਸੀ, ਉਸ ਅੰਮ੍ਰਿਤ ਦੀ ਸਾਂਝ ਕਰਕੇ ਹੀ ਮੈਂ ਤੈਨੂੰ ਘੜੀ-ਘੜੀ ਯਾਦ ਕਰਦਾ ਹਾਂ ਕਿ ਕੁਰੀਤੀਆਂ ਛੱਡ ਦੇ । ਯਾਦ ਰੱਖ ਜਿਹੜੇ ਗੁਰੂ ਨੂੰ ਸਿਰ ਵੇਚ ਦਿੰਦੇ ਹਨ ਉਹ ਲੋਕ-ਪਚਾਰਾ ਨਹੀਂ ਕਰਦੇ—**'ਭਗਤਾ ਤੇ ਸੈਸਾਰੀਆ ਜੋੜ ਕਦੇ ਨ ਆਇਆ॥'** ਤੇਰੀ ਮੇਰੀ ਸਾਂਝ ਕੇਵਲ ਇਸ ਲਈ ਹੈ ਕਿ ਤੂੰ ਮੇਰਾ ਰੂਪ ਤੇ ਖ਼ਾਸ ਰੂਪ ਰਵ੍ਹੇਂ ਤੇ ਮੈਂ ਤੇਰੇ ਵਿੱਚ ਰਵ੍ਹਾਂ; ਪਰ ਤਾਂ ਰਵ੍ਹਾਂ ਨਾ ਜੇ ਆਕੜ ਨਾਲ ਭਰਿਆ ਹਿਰਦਾ ਖ਼ਾਲੀ ਕਰੇਂ । ਮੇਰੀ ਅਰਦਾਸ ਆਪ ਹੀ ਸਭ ਕੁਝ ਕਰਾਵੇ, ਮੈਂ ਕੁਝ ਨਹੀਂ ਕਰ ਸਕਦਾ ।



# ੨੫ ਵਰ੍ਹਿਆਂ ਦੇ ਆਪਣੇ ਅੰਮ੍ਰਿਤਧਾਰੀ ਜੀਵਨ 'ਤੇ ਇਕ ਝਾਤ

### (ਮੂਲ ਅੰਗਰੇਜ਼ੀ ਲੇਖ ਦਾ ਅਨੁਵਾਦ)

ਇਹ ਲੇਖ ਮੇਰੇ ਅੰਦਰਲੇ ਇਸ ਵਿਸ਼ਵਾਸ ਦੀ ਉਪਜ ਹੈ ਕਿ ਜੋ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਨੇ ੩੦ ਮਾਰਚ ੧੬੯੯ ਦੀ ਵਿਸਾਖੀ ਵਾਲੇ ਦਿਨ ਬਖ਼ਸ਼ਿਆ । ਉਹ ਪਹਿਲੇ ਨੌਂ ਗੁਰੂਆਂ ਤੋਂ ਪ੍ਰਾਪਤ ਨਾਮ—ਅੰਮ੍ਰਿਤ ਤੋਂ ਮੂਲ ਵਿੱਚ ਕੋਈ ਵੱਖਰਾ ਨਹੀਂ ਸੀ । ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕਮਾਲ ਇਹ ਸੀ ਕਿ ਉਹਨਾਂ ਸਿੱਖਾਂ ਨੂੰ ਸਫੂਰਤੀ (ਫੁਰਤੀ) ਕੀਤਾ ਕਿ ਉਹ ਨਿਰਣਾ ਲੈ ਕੇ ਵਿਖਾ ਸਕਣ ਕਿ ਪਿਛਲੀਆਂ ਦੋ ਸਦੀਆਂ ਵਿੱਚ ਉਹਨਾਂ ਸਹੀ ਸਬਕ ਸਿੱਖਿਆ ਸੀ । ਸਾਨੂੰ ਇਹ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੇ ਇਹ ਮੰਗ ਕਰਕੇ ਕਿ ਪਹਿਲਾਂ ਸਿੱਖ ਗੁਰੂ ਨੂੰ ਸੀਸ ਭੇਟ ਕਰੇ ਤੇ ਫਿਰ ਉਸ ਨੂੰ ਬਦਲੇ ਵਿੱਚ, ਹੱਸ-ਹੱਸ ਕੇ, ਜ਼ੁਲਮ ਦੇ ਖ਼ਿਲਾਫ਼ ਤੇ ਸੱਚ ਲਈ ਜੂਝਦਿਆਂ ਆਪਣੀ ਜਾਨ ਕੁਰਬਾਨ ਕਰ ਸਕਣ ਦਾ ਮਾਣ ਪ੍ਰਾਪਤ ਹੋਵੇਗਾ, ਆਪਣੇ ਸਿੱਖਾਂ ਵਿੱਚੋਂ ਮੌਤ ਦਾ ਡਰ ਮਾਰ ਮੁਕਾਇਆ ਸੀ । ਇਸ ਤੋਂ ਬਾਅਦ ਉਸਨੂੰ ਅੰਮ੍ਰਿਤ ਦੀ ਜੋ ਦਾਤ ਬਖ਼ਸ਼ੀ ਗਈ (ਤੇ ਖ਼ਾਲਸੇ ਦਾ ਜੋ ਸਰੂਪ ਦਿੱਤਾ ਗਿਆ)—ਮਰਨ ਲਈ ਇਕ ਪੱਕਾ ਨਿਸ਼ਚਾ, ਤੇ ਭਵਿੱਖ ਵਿੱਚ ਜੇਕਰ ਲੋੜ ਪਵੇ ਤਾਂ ਸੱਚ ਲਈ ਮਰਨ ਨੂੰ ਤਿਆਰ ਰਹਿਣ ਦਾ ਹੋਰ ਦ੍ਰਿੜ੍ਹ ਨਿਸ਼ਚਾ—ਇਹ ਪਹਿਲੇ ਗੁਰੂ ਸਾਹਿਬਾਨਾਂ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਸੁਣਨ, ਮੰਨਣ, ਚੱਲਣ ਤੇ ਸੇਵਾ ਕਰਨ ਤੋਂ ਉਤਪੰਨ ਬਲ ਤੋਂ ਕੋਈ ਵੱਖਰੀ ਨਹੀਂ ਸੀ । ਇਕ ਤਰ੍ਹਾਂ, ਜਿਵੇਂ ਡੰਕਨ ਗ੍ਰੀਨਲੀਜ਼ ਨੇ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਨੇ ਕੋਈ ਮੂਲ ਬਦਲਾਵ ਨਹੀਂ ਕੀਤਾ । ਪਰ ਜ਼ੁਲਮੋਂ-ਸਿਤਮ ਦੇ ਦਿਨਾਂ ਵਿੱਚ ਇਹ ਲੋੜੀਂਦਾ ਸੀ ਕਿ ਸਰੀਰਕ ਬਲ 'ਤੇ ਵਧੇਰੇ ਜ਼ੋਰ ਦਿੱਤਾ ਜਾਏ; ਇਸ ਲਈ, ਉਨ੍ਹਾਂ ਬਾਹਰਲਾ ਸਰੂਪ ਤੇ ਕਕਾਰ ਪ੍ਰਦਾਨ ਕੀਤੇ, ਜਿਨ੍ਹਾਂ ਕਰਕੇ ਕਈ ਸ਼ਹੀਦੀਆਂ ਹੋਈਆਂ ਤੇ ਇਨ੍ਹਾਂ ਦੇ ਸਦਕੇ "ਧਰਮ" ਦਾ ਬਹੁਮੁੱਲਾ ਖ਼ਜ਼ਾਨਾ ਹਿੰਦੂਤਵ ਯਾ ਇਸਲਾਮੀਅਤ ਵਿੱਚ ਲੁਪਤ ਹੋਣੋਂ ਬਚ ਗਿਆ ।'

ਜੋ ਲੋਕ "ਸਭ ਨੂੰ ਅੰਮ੍ਰਿਤ ਛਕਾਉ" ਤੇ ਖ਼ਾਲਸਾ ਪੰਥ ਦੀ ੩੦੦ ਸਾਲਾ ਵਰ੍ਹੇ-ਗੰਢ—੧੯੯੯ ਦੀ ਵਿਸਾਖੀ—ਤੋਂ ਪਹਿਲਾਂ 'ਸਾਰੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਬਣਾਓ" ਦੀਆਂ ਪੁਰਜ਼ੋਰ ਅਪੀਲਾਂ ਕਰ-ਕਰ ਕੇ, ਅੰਮ੍ਰਿਤ ਦੀਆਂ ਕਦਰਾਂ-ਕੀਮਤਾਂ ਘਟਾ ਰਹੇ ਹਨ, ਉਨ੍ਹਾਂ ਨੂੰ ਮੈਂ ਆਗਾਹ ਕਰਨਾ ਚਾਹੁੰਦਾ ਹਾਂ

ਕਿ "ਅੰਮ੍ਰਿਤ" ਇਕ ਪਵਿੱਤ੍ਰ ਰਸਮ ਹੈ ਜੋ ਪਵਿੱਤਰ ਅਸੂਲਾਂ 'ਤੇ ਅਧਾਰਤ ਹੋਣ ਕਰਕੇ, ਸਾਨੂੰ ਦੁੱਖ ਵੇਲੇ ਤੇ ਜ਼ੁਲਮ ਦੇ ਖ਼ਿਲਾਫ਼ ਲੜਨ ਵੇਲੇ ਪਵਿੱਤਰ ਤਿਆਰੀ ਕਰਨ ਲਈ ਅਧਿਆਤਮਿਕ ਤੇ ਸਦਾਚਾਰਿਕ ਸ਼ਕਤੀ ਬਖ਼ਸ਼ਦੀ ਹੈ ।

ਇਸ ਲੇਖ ਨੂੰ ਲਿਖਣ ਦਾ ਖ਼ਿਆਲ ਮੈਨੂੰ ਦਿੱਲੀ ਇਕ ਸਿੱਖ ਬੱਚੀ ਦੇ ਵਿਆਹ ਸਮੇਂ ਹੋ ਰਹੀ ਮੂਰਖਤਾ ਵੇਖ ਕੇ ਆਇਆ । ਬੱਚੀ ਦੇ ਸਹੁਰਿਆਂ ਦੀ ਸੋਚ ਅੰਮ੍ਰਿਤ ਬਾਰੇ, ਜੋ ਮੈਂ ਉਸ ਤੋਂ ਸੁਣੀ ਉਹ ਇਤਨੀ ਦੁਖਦਾਈ ਸੀ ਕਿ ਮੈਂ ਹੱਕਾ-ਬੱਕਾ ਰਹਿ ਗਿਆ । ਮੈਨੂੰ ਯਾਦ ਹੈ ਕਿ ਜਦੋਂ ਅਸੀਂ ਛੋਟੀ ਉਮਰ ਦੇ ਸਾਂ, ਵੇਖਦਾ ਸੀ ਕਿ ਵਿਆਹ ਵੇਲੇ ਇਹ ਚੰਗਾ ਮੰਨਿਆਂ ਜਾਂਦਾ ਸੀ ਕਿ ਲੜਕਾ—ਲੜਕੀ ਦੋਵੇਂ ਅੰਮ੍ਰਿਤਧਾਰੀ ਹੋਵਣ । ਅਨੰਦ ਕਾਰਜ ਸਮੇਂ ਭਾਈ ਸਾਹਿਬ ਦੋਹਾਂ ਨੂੰ ਪੁੱਛਦੇ ਸਨ ਕਿ ਉਨ੍ਹਾਂ ਅੰਮ੍ਰਿਤ ਛਕਿਆ ਹੈ ਕਿ ਨਹੀਂ ਤੇ ਉਹ ਸਿਰ ਝੁਕਾ ਕੇ ਇਸਦੀ ਪੁਸ਼ਟੀ ਕਰਦੇ ਸਨ । ਕੁਝ ਸਮੇਂ ਬਾਅਦ ਜਦੋਂ ਇਹ ਸ਼ੱਕ ਪੈਣ ਲੱਗਾ ਕਿ ਬੱਚੇ ਜਾਂ ਬੱਚੀ ਨੇ ਵਾਕਈ ਅੰਮ੍ਰਿਤ ਛਕਿਆ ਹੈ ਜਾਂ ਨਹੀਂ ਇਸ ਗੱਲ ਦੀ ਸਚਾਈ ਦੀ ਜਾਂਚ ਕਰਨੀ ਮੁਸ਼ਕਲ ਹੈ, ਤਾਂ ਇਹ ਸਵਾਲ ਕਰਨਾ ਮੁਸ਼ਕਲ ਜਾਪਣ ਲੱਗ ਪਿਆ । ਫਿਰ ਭਾਈ ਸਾਹਿਬ ਕਹਿਣ ਲੱਗ ਪਏ, 'ਗੁਰੂ ਦਾ ਹੁਕਮ ਹੈ ਕਿ ਤੁਹਾਨੂੰ ਦੋਹਾਂ ਨੂੰ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ, ਜੇ ਤਾਂ ਤੁਸਾਂ ਅੰਮ੍ਰਿਤ ਛਕ ਲਿਆ ਹੈ ਤਾਂ ਬਹੁਤ ਚੰਗਾ, ਵਰਨਾ ਇਹ ਪ੍ਰਣ ਕਰੋ ਕਿ ਜਿਤਨੀ ਜਲਦੀ ਹੋ ਸਕੇਗਾ ਤੁਸੀਂ ਅੰਮ੍ਰਿਤ ਛਕ ਲਵੋਗੇ।" ਹੁਣ ਤਾਂ ਅੰਮ੍ਰਿਤ ਲਈ ਰੁਚੀ ਹੀ ਨਹੀਂ ਰਹੀ, ਇਸ ਲਈ ਸਵਾਲ ਪੁੱਛਣਾ ਹੀ ਬੰਦ ਹੋ ਗਿਆ ਹੈ । ਫ਼ਲ ਦਾ ਗੁੱਦਾ ਚਲਾ ਗਿਆ ਹੈ, ਬੱਸ ਛਿੱਲੜ ਰਹਿ ਗਿਆ ਹੈ ।

ਜਿਸ ਬੱਚੀ ਦਾ ਮੈਂ ਜ਼ਿਕਰ ਕੀਤਾ ਹੈ ਉਹ ਪਿਛਲੇ ਇਕ ਸਾਲ ਤੋਂ ਅੰਮ੍ਰਿਤ ਵੇਲੇ ਕੀਰਤਨ ਸੁਣਦੀ ਹੈ, ਸ਼ਰਧਾਵਾਨ ਹੈ, ਪ੍ਰਭੂ ਦਾ ਸ਼ੌਕ ਹੈ, ਜ਼ਿੰਦਗੀ ਵਿੱਚ ਧਰਮ ਦੇ ਮਾਰਗ 'ਤੇ ਚੱਲਣ ਦੀ ਚਾਹਵਾਨ ਹੈ, ਦਸਵੰਧ ਕੱਢਦੀ ਹੈ ਤੇ ਗੁਰੂ ਨੂੰ ਪਿਆਰ ਕਰਦੀ ਹੈ । ਉਸ ਮੈਨੂੰ ਦੱਸਿਆ ਕਿ ਉਸਦੇ ਸਹੁਰੇ ਘਰ ਵਾਲੇ ਚਾਹੁੰਦੇ ਹਨ ਕਿ ਉਹ ਤੇ ਉਸ ਦਾ ਹੋਣ ਵਾਲਾ ਪਤੀ ਦੋਵੇਂ, ਵਿਆਹ ਤੋਂ ਪਹਿਲਾਂ ਅੰਮ੍ਰਿਤ ਜ਼ਰੂਰ ਛਕਣ । ਇਹ ਵੀ ਦੱਸਿਆ ਕਿ ਉਸਦੇ ਹੋਣ ਵਾਲੇ ਪਤੀ ਦੇ ਮਾਤਾ-ਪਿਤਾ ਨੂੰ ਇਹ ਪਤਾ ਹੈ ਕਿ ਉਨ੍ਹਾਂ ਦੇ ਪੁੱਤਰ ਨੇ "ਨਿੱਤਨੇਮ" ਨਹੀਂ ਕਰਨਾ, ਉਹ "ਅੰਮ੍ਰਿਤ ਵੇਲਾ" ਨਹੀਂ ਕਰਦਾ ਅਤੇ ਨਾ ਹੀ ਉਸ ਨੂੰ ਇਕ ਅੰਮ੍ਰਿਤਧਾਰੀ ਸਿੰਘ ਦੇ ਸੱਚੇ-ਸੁੱਚੇ ਅਧਿਆਤਮਿਕ ਜੀਵਨ ਦਾ ਕੋਈ ਸ਼ੌਕ ਹੈ । ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਬੱਚੀ ਬਿਊਟੀ ਪਾਰਲਰ ਵਿੱਚ ਕੰਮ ਕਰਦੀ ਹੈ । ਗੁਰਬਾਣੀ ਦਾ ਪਾਠ ਨਹੀਂ ਕਰਦੀ, ਨਾ ਅੱਗੋਂ ਇਸ ਦੀ ਤਿਆਰੀ



ਹੈ; ਪਰ ਫਿਰ ਵੀ ਸਾਰਾ ਕੁਝ ਜਾਣਦਿਆਂ ਹੋਇਆਂ ਵੀ, ਉਹ ਦੋਹਾਂ ਨੂੰ ਅੰਮ੍ਰਿਤ ਛਕਾਉਣਾ ਚਾਹੁੰਦੇ ਸਨ । ਬੱਚੀ ਨੇ ਮੈਨੂੰ ਪੁੱਛਿਆ ਕਿ ਉਹ ਕੀ ਕਰੇ?

ਬੋਲਦਿਆਂ ਜਾਂ ਲਿਖਤਾਂ ਵਿੱਚ, ਮੈਂ ਹਮੇਸ਼ਾਂ ਇਸ ਗੱਲ 'ਤੇ ਜ਼ੋਰ ਦੇਂਦਾ ਹਾਂ ਕਿ ਸਾਨੂੰ ਕੇਵਲ ਅੰਮ੍ਰਿਤਧਾਰੀ ਸਿੰਘਾਂ ਦੀ ਗਿਣਤੀ ਵਧਾਉਣ ਨਾਲੋਂ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਹਰ ਅੰਮ੍ਰਿਤਧਾਰੀ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਦਾ ਸਹੀ ਰੂਪ ਹੋਵੇ । ਇਸ ਲਈ ਜੋ ਵੀ ਸਿੱਖ ਅੰਮ੍ਰਿਤ ਛਕਣ ਦਾ ਅਭਿਲਾਖੀ ਹੋਵੇ ਉਸ ਨੂੰ ਪਹਿਲਾਂ ਲਗਭਗ ਇਕ ਸਾਲ ਇਕ ਅੰਮ੍ਰਿਤਧਾਰੀ ਸਿੰਘ ਦਾ ਜੀਵਨ ਜਿਊਣਾ ਚਾਹੀਦਾ ਹੈ ਤੇ ਤਿਆਰੀ ਕਰਨੀ ਚਾਹੀਦੀ ਹੈ ਕਿ ਉਹ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਆਪਣਾ ਜੀਵਨ ਢਾਲ ਸਕੇ ਤੇ ਅੰਮ੍ਰਿਤ ਛਕਣ ਵੇਲੇ ਆਪਣਾ ਸਿਰ ਗੁਰੂ ਨੂੰ ਭੇਟ ਕਰ ਸਕੇ । ਸਾਨੂੰ ਇਹ ਯਾਦ ਹੋਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਖੁਦ ਘੁਟਨੇ ਟੇਕ ਕੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਸੀ ਤੇ ਬਦਲੇ ਵਿੱਚ ਆਪਣਾ ਸਭ ਕੁਝ ਵਾਰਨ ਦੀ ਪੇਸ਼ਕਸ਼ ਕੀਤੀ ਸੀ । ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ, ਹਾਲਾਂਕਿ ਮੇਰਾ ਰਸਤਾ ਪ੍ਰਭੂ ਨੇ ਬਦਲਿਆ—ਦੁਨੀਆਂ ਤੋਂ ਮੂੰਹ ਫਿਰਾ ਕੇ ਮੈਨੂੰ ਆਪਣਾ ਗ਼ੁਲਾਮ ਬਣਾ ਲਿਆ (ਇਸਦਾ ਵਰਣਨ **October 1995** ਦੇ **The Sikh Review** ਵਿੱਚ ਮੇਰੇ **Article—"Silver Jubilee of my blessed slavery of Guru Granth sahib** ਅਰਥਾਤ ਗੁਰੂ ਗ੍ਰੰਥ ਸਾਹਿਬ ਦੀ ਅਨੰਦਮਈ ਗ਼ੁਲਾਮੀ ਦੀ ਮੇਰੀ ਰਜਤ ਜਯੰਤੀ ਵਿੱਚ ਦਿੱਤਾ ਗਿਆ ਹੈ) ਅਕਤੂਬਰ ੧੯੭੦ ਵਿੱਚ, ਪਰ ਮੈਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ ਦਸੰਬਰ ੧੯੭੧ ਵਿੱਚ; ਇਕ ਸਾਲ ਤੋਂ ਵੱਧ ਲੱਗ ਗਿਆ ਮੈਨੂੰ ਇਸਦੀ ਤਿਆਰੀ ਵਿੱਚ ਤੇ ਮੈਨੂੰ ਯਕੀਨ ਹੈ ਕਿ ਗੁਰੂ ਨੇ ਮੈਨੂੰ ਆਪ ਬੁਲਾਇਆ ਇਹ ਯਕੀਨ ਦੁਆਉਣ ਲਈ ਕਿ ਮੈਂ ਹੁਣ ਅੰਮ੍ਰਿਤਧਾਰੀ ਸਿੰਘ ਦੀ ਜੀਵਨ ਜਾਂਚ ਲਈ ਤਿਆਰ ਹਾਂ । ਪਰ ਇਹ ਮੈਂ ਵਾਰ-ਵਾਰ ਕਹਿੰਦਾ ਹਾਂ ਕਿ ਅਕਤੂਬਰ ੧੯੭੦ ਤੋਂ ਦਸੰਬਰ ੧੯੭੧ ਦਾ ਸਮਾਂ ਪ੍ਰਭੂ ਚਰਣਾਂ ਵਿੱਚ ਉਸੇ ਪਿਆਰ ਭਰੇ ਜੋਸ਼ ਨਾਲ ਲੰਘਿਆ ਸੀ ਜੋ ਮੈਨੂੰ ਅੰਮ੍ਰਿਤ ਛਕਣ ਵੇਲੇ ਪ੍ਰਾਪਤ ਹੋਇਆ ਤੇ ਇਸ ਤਰ੍ਹਾਂ ਇਹ ਗੱਲ ਦ੍ਰਿੜ੍ਹ ਹੋਈ ਕਿ ਅੰਮ੍ਰਿਤ ਛਕਣ ਦੇ ਪ੍ਰਣ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਤੋਂ ਮੈਨੂੰ ਉਹੀ ਸੇਧ ਪ੍ਰਾਪਤ ਹੋਈ ਸੀ (ਜੋ ਅੰਮ੍ਰਿਤ ਛਕਣ 'ਤੇ ਮਿਲੀ) ਅਤੇ ਮੇਰੀ ਅਧਿਆਤਮਿਕ ਰੁਝਾਨ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਸੀ ਆਇਆ ।

ਮੈਂ ਇਸ ਬੱਚੀ ਨੂੰ ਕੀ ਜਵਾਬ ਦੇਂਦਾ? ਜੇਕਰ ਮੈਂ ਕਹਿੰਦਾ ਕਿ—ਉਹ ਆਪਣੇ ਸਹੁਰੇ ਘਰ ਵਾਲਿਆਂ ਨੂੰ ਇਹ ਕਹਿਣ ਦੀ ਜੁਰਅਤ ਵਿਖਾਏ ਕਿ ਅੰਮ੍ਰਿਤ ਕੋਈ ਖੇਡ ਨਹੀਂ, ਕਿ ਸਾਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਬੜੀ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਕਿ ਅੰਮ੍ਰਿਤ ਛਕਣ ਵੇਲੇ ਕੀਤੇ ਵਾਇਦੇ ਕਿਵੇਂ ਨਿਭਾਉਣੇ ਹਨ, ਤਾਂ ਉਸਦੀ ਸ਼ਾਦੀ ਟੁੱਟਣ ਦਾ ਖ਼ਤਰਾ ਹੈ; ਦੂਜੇ ਪਾਸੇ ਜੇ ਮੈਂ ਕਹ੍ਵਾਂ ਕਿ ਉਸਨੂੰ ਚੁੱਪਚਾਪ ਸਹੁਰੇ ਘਰ ਵਾਲਿਆਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ ਤਾਂ ਮੈਂ ਖ਼ੁਦ ਆਪਣੇ ਅਸੂਲਾਂ ਨੂੰ ਭੰਗ ਕਰ ਰਿਹਾ ਹੋਵਾਂਗਾ ਤੇ ਜਦੋਂ ਉਹ ਆਪ ਅਜੇ ਅੰਮ੍ਰਿਤ ਦੇ ਵਹਿਦਿਆਂ 'ਤੇ ਨਿਤਰਣ ਨੂੰ ਪੂਰੀ ਤਰ੍ਹਾਂ ਤਿਆਰ ਨਹੀਂ, ਤਾਂ ਅੰਮ੍ਰਿਤ ਦੀ ਪਵਿੱਤਰ ਰਸਮ ਦੀ ਹੇਠੀ ਕਰ ਦੇਵੇਗੀ । ਇਸ ਕਾਰਣ ਮੈਂ ਉਸ ਨੂੰ ਇਹ ਸਲਾਹ ਦਿੱਤੀ ਕਿ ਉਸ ਨੂੰ ਚੰਗੀ ਤਰ੍ਹਾਂ ਅੰਮ੍ਰਿਤ ਦੀ ਮਹਾਨਤਾ ਤੋਂ ਜਾਣੂ ਹੋ ਜਾਣਾ ਚਾਹੀਦਾ ਹੈ ਅਤੇ ਜੇਕਰ ਉਸ ਅੰਦਰ ਤਾਕਤ ਹੈ ਤਾਂ ਉਹ ਆਪਣੇ ਹੋਣ ਵਾਲੇ ਪਤੀ ਤੇ ਸਹੁਰਿਆਂ ਨੂੰ ਸਾਫ਼-ਸਾਫ਼ ਕਹਿ ਦੇਵੇ ਕਿ ਉਹ "ਅੰਮ੍ਰਿਤ ਛਕਣ" ਨੂੰ ਇਕ ਖੇਡ ਨਹੀਂ ਬਣਾ ਸਕਦੀ, ਭਾਵੇਂ ਇਸ ਕਾਰਣ ਉਸਦੀ ਸ਼ਾਦੀ ਟੁੱਟ ਜਾਏ । ਪਰ ਜੇਕਰ, ਬਹੁਤ ਸਾਰੇ ਦਿਖਾਵੇ ਦੇ ਸਿੱਖਾਂ ਵਾਂਗ ਉਸ ਅੰਦਰ ਇਹ ਤਾਕਤ ਨਹੀਂ, ਜੇ ਉਹ ਆਪਣੇ "ਅਖੌਤੀ ਸੁਖੀ" ਵਿਆਹੇ ਜੀਵਨ ਲਈ ਘੱਟੋ-ਘੱਟ ਰੁਕਾਵਟਾਂ ਦਾ ਰਾਹ ਭਾਲਦੀ ਹੋਵੇ, ਤਾਂ ਉਸ ਨੂੰ ਉਨ੍ਹਾਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ। ਹਾਂ, ਦੂਜਾ ਰਸਤਾ ਚੁਣਦਿਆਂ ਵੀ ਉਸ ਨੂੰ ਜਲਦ ਤੋਂ ਜਲਦ ਅੰਮ੍ਰਿਤਧਾਰੀ ਜੀਵਨ ਦੀ ਪੂਰਨ ਮਰਯਾਦਾ ਸਿੱਖ ਲੈਣੀ ਚਾਹੀਦੀ ਹੈ, ਨਾਲ ਹੀ ਆਪਣੇ ਪਤੀ ਤੇ ਸਹੁਰੇ ਘਰ ਵਾਲਿਆਂ ਨੂੰ ਵੀ ਇਹ ਮਰਯਾਦਾ ਪਾਲਣ ਕਰਨ ਲਈ ਜ਼ੋਰ ਪਾ ਕੇ ਮਨਾਉਣਾ ਚਾਹੀਦਾ ਹੈ । ਮੈਨੂੰ ਆਪਣੇ ਜਵਾਬ ਤੋਂ ਤਸੱਲੀ ਨਹੀਂ, ਪਰ ਬੱਚੀ ਦੇ ਉਸ "ਸੁਖ" ਨੂੰ ਮੈਂ ਬਰਬਾਦ ਵੀ ਨਹੀਂ ਕਰ ਸਕਦਾ ਜੋ ਉਹ ਸੋਚਦੀ ਹੈ ਉਸ ਨੂੰ ਸ਼ਾਦੀ 'ਚੋਂ ਪ੍ਰਾਪਤ ਹੋਵੇਗਾ ।

ਇਤਨਾ ਕਹਿਣ ਦੇ ਬਾਵਜੂਦ ਮੈਂ ਕਹਿੰਦਾ ਹਾਂ ਕਿ ਬੱਚੀ ਦਾ ਕੋਈ ਕਸੂਰ ਨਹੀਂ । ਕਸੂਰਵਾਰ ਅਸੀਂ ਸਾਰੇ ਹਾਂ, ਖ਼ਾਸ ਕਰ ਧਰਮ ਦੇ "ਠੇਕੇਦਾਰ" ਤੇ "ਜਥੇਦਾਰ" ਜੋ ਨਾ ਖ਼ੁਦ ਅਮਲੀ ਧਰਮੀ ਜ਼ਿੰਦਗੀ ਜਿਊਂਦੇ ਹਨ, ਨਾ ਜੀਣਾ ਚਾਹੁੰਦੇ ਹਨ—ਬੱਸ ਕੇਵਲ ਸਿਰਾਂ ਦੀ ਗਿਣਤੀ ਵਿੱਚ ਪਏ ਹਨ, ਆਪਣੀ ਯੋਗਤਾ ਸਾਬਤ ਕਰਨ ਦੀ ਖ਼ਾਤਰ! ਇਹ ਮੇਰੀ ਨਿੱਜੀ ਜਾਣਕਾਰੀ ਵਿੱਚ ਹੈ ਕਿ ਕੁਝ ਅੰਮ੍ਰਿਤਧਾਰੀਆਂ ਨੇ ਸਾਡੀ ਕੌਮ ਨੂੰ ਇਤਨਾ ਸ਼ਰਮਸਾਰ ਕੀਤਾ ਹੈ ਕਿ ਹੁਣ ਅਸੀਂ ਉਨ੍ਹਾਂ ਨੂੰ ਆਪਣੇ ਵੀ ਨਹੀਂ ਕਹਿਣਾ ਚਾਹੁੰਦੇ ।



ਆਓ, ਇਹ ਵੀਚਾਰੀਏ ਕਿ ਸਾਡੀ ਇਸ ਭਾਰੀ ਗਿਰਾਵਟ ਦਾ ਕੀ ਕਾਰਣ ਹੈ? ਮੁੱਖ ਗੱਲ ਇਹ ਹੈ ਕਿ ਅਸੀਂ ਗੁਰਬਾਣੀ ਤੇ ਗੁਰੂ ਦੇ ਹੁਕਮਾਂ ਤੋਂ ਦੂਰ ਹਾਂ । ਸਾਨੂੰ ਇਹ ਯਕੀਨ ਹੋ ਗਿਆ ਹੈ ਕਿ ਸਾਡੀ ਬਾਹਰਲੀ ਤਸਵੀਰ ਕਾਫ਼ੀ ਹੈ, ਤੇ ਗੁਰੂ ਸਾਨੂੰ ਇਤਨੇ ਨਾਲ ਹੀ ਅਪਨਾ ਲਵੇਗਾ । ਮੈਂ ਖਿਮਾ ਮੰਗ ਕੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਵੱਡੇ-ਵੱਡੇ ਵਿਦਵਾਨ, ਬੁੱਧੀਜੀਵੀ, ਡਾਕਟਰ, ਐਡਵੋਕੇਟ ਤੇ ਹੋਰ ਦੂਜੇ-ਕੁਝ ਅਪਵਾਦਾਂ ਨੂੰ ਛੱਡ ਕੇ ਵੀ ਕੇਵਲ ਇਤਨੇ ਨਾਲ ਹੀ ਸੰਤੁਸ਼ਟ ਹਨ ਕਿ ਸਾਡਾ ਬਾਹਰਲਾ ਸਰੂਪ—ਕੇਸ, ਦਾੜ੍ਹੀ, ਪਗੜੀ ਵਾਲਾ ਸੁੰਦਰ ਹੋਵੇ ਤੇ ਸਿੱਖੀ ਦੀਆਂ ਅੰਦਰਲੀਆਂ ਰਹਿਤਾਂ—ਸੇਵਾ, ਤਿਆਗ, ਨਿੱਤਨੇਮ, ਅੰਮ੍ਰਿਤ ਵੇਲਾ, ਦਸਵੰਧ ਦੀ ਦ੍ਰਿੜ੍ਹਤਾ ਦੀ ਕੋਈ ਬਹੁਤੀ ਚਿੰਤਾ ਨਹੀਂ ਉਨ੍ਹਾਂ ਨੂੰ ।

ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਕਿਉਂ ਅਸੀਂ ਕੇਵਲ ਬਾਹਰਲੀ ਤਸਵੀਰ ਨਾਲ ਖ਼ੁਸ਼ ਰਹਿਣਾ ਚਾਹੁੰਦੇ ਹਾਂ? ਕਿਉਂ ਕੇਵਲ ਆਪਣੇ ਰੋਹਬ ਤੇ ਚਮਕਦਾਰ ਵਿਖਾਵੇ ਨਾਲ ਸੰਤੁਸ਼ਟ ਹਾਂ? ਅੰਦਰਲੀ ਅਧਿਆਤਮਿਕ ਤਾਕਤ ਦੀ ਚਿੰਤਾ ਕਿਉਂ ਨਹੀਂ ਕਰਦੇ? ਅਸੀਂ ਇਹ ਭੁੱਲ ਨਹੀਂ ਸਕਦੇ ਕਿ ਸਾਡੇ ਜੋ ਵੀਰ ਆਰਿਆਂ ਨਾਲ ਚੀਰੇ ਗਏ, ਦੇਗ਼ਾਂ ਵਿੱਚ ਉਬਾਲੇ ਗਏ, ਜ਼ਿੰਦਾ ਜਲਾਏ ਗਏ, ਜਿਹੜੀਆਂ ਮਾਵਾਂ-ਭੈਣਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰ ਕੇ ਉਨ੍ਹਾਂ ਦੀਆਂ ਝੋਲੀਆਂ ਵਿੱਚ ਪਾਇਆ ਗਿਆ, ਉਨ੍ਹਾਂ ਤਾਕਤ ਲਈ ਸੀ ਗੁਰਬਾਣੀ ਤੋਂ ਪ੍ਰਾਪਤ ਨਾਮ ਵਿੱਚੋਂ । ਜਦੋਂ ਮੈਂ ਅੰਮ੍ਰਿਤ ਬਾਰੇ ਇਸ ਬੱਚੀ ਦੇ ਸਵਾਲ ਤੇ ਸਾਡੀਆਂ ਬਗੈਰ ਸੋਚੀਆਂ ਹਰਕਤਾਂ ਜੋ ਇਸ ਦੀ ਕਦਰ ਘਟਾਉਂਦੀਆਂ ਹਨ, ਕਾਰਣ ਗਹਿਰੀ ਸੋਚ ਵਿੱਚ ਸਾਂ ਕਿ ਅਚਾਨਕ ਹੇਠਲਾ ਸ਼ਬਦ ਮੇਰੇ ਗੋਚਰੇ ਆ ਗਿਆ ਤੇ ਇਸ ਤਰ੍ਹਾਂ ਦੇ ਕਈ ਸ਼ਬਦ, ਜੋ ਅੰਮ੍ਰਿਤ ਬਾਰੇ ਸੋਝੀ ਬਖ਼ਸ਼ਦੇ ਹਨ, ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ; ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਦੀ ਪੂਰਤੀ ਕਰਦਾ ਹੈ । ਇਸ ਲਈ ਜੇਕਰ ਅਸੀਂ ਗੁਰਬਾਣੀ ਦੇ ਹੁਕਮਾਂ ਤੋਂ ਟੁੱਟ ਜਾਈਏ ਤਾਂ ਬਾਹਰਲੀ 'ਅੰਮ੍ਰਿਤ ਛਕਣ' ਦੀ ਰਸਮ ਵਿੱਚ ਅਸੀਂ ਮੂਰਖ ਜਾਪਾਂਗੇ ਕਿਉਂਕਿ ਇਸ ਵਿੱਚ ਅੰਦਰਲੀ ਅਧਿਆਤਮਿਕ ਤਾਕਤ ਦਾ ਪਿੱਛੋਂ ਜ਼ੋਰ ਨਹੀਂ ਹੋਵੇਗਾ । ਅਸੀਂ ਉਸ ਵਰਦੀਧਾਰੀ ਸਿਪਾਹੀ ਵਾਂਗ ਹੋਵਾਂਗੇ ਜੋ ਲੜ ਨਹੀਂ ਸਕਦਾ ਜਾਂ ਫਿਰ ਸ਼ੇਰ ਦੀ ਖੱਲ ਪਾਏ ਗਿੱਦੜ ਵਾਂਗ ਹੋਵਾਂਗੇ, ਜਿਸ ਦਾ ਉਹ ਨਮੂਨਾ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਮਝਾਉਣ ਲਈ ਵਿਖਾਇਆ ਸੀ, ਜਿਸ ਸ਼ਬਦ ਦਾ ਮੈਂ ਜ਼ਿਕਰ ਕੀਤਾ ਹੈ ਉੱਪਰ; ਇਹ ਹੈ:

**ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥**
**ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੈ ॥** (ਅੰਗ ੭੫੮)

ਜਿਨ੍ਹਾਂ ਤੁਕਾਂ ਨੇ ਮੈਨੂੰ ਵਿਸ਼ੇਸ਼ ਪ੍ਰਭਾਵਿਤ ਕੀਤਾ, ਉਹ ਸਨ:

**ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥**
**ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥**
(ਅੰਗ ੭੫੮)

ਇਹ ਤੁਕਾਂ—ਤੇ ਹੋਰ, ਜੋ ਮੈਂ ਬਾਅਦ ਵਿੱਚ ਉਧਰਿਤ ਕਰਾਂਗਾ ਵੱਲ ਧਿਆਨ ਦਿਵਾਣ ਦਾ ਮੇਰਾ ਮਕਸਦ ਇਹ ਹੈ ਕਿ ੧੬੯੯ ਦੀ ਵਿਸਾਖੀ ਦਾ ਅੰਮ੍ਰਿਤ ਉਸ ਅੰਮ੍ਰਿਤ ਦੀ ਪੂਰਨਤਾ ਸੀ ਜੋ ਸਿੱਖ ਨੇ ਗੁਰਬਾਣੀ 'ਚੋਂ ਛਕਿਆ ਸੀ ਤੇ ਜਿਸ ਨੇ ਉਸ ਅੰਦਰ ਕੁਝ ਸ਼ਾਸਕਾਂ ਦੇ ਜ਼ੁਲਮਾਂ ਨਾਲ ਟਾਕਰਾ ਕਰਨ ਦੀ ਤਾਕਤ ਭਰੀ ਸੀ ।

ਗੁਰੂ ਗ੍ਰੰਥ ਸਾਹਿਬ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਗਹੁ ਨਾਲ ਵਿਚਾਰੀਏ:

* **ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥** (ਅੰਗ ੧੦੯੨)
* **ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥** (ਅੰਗ ੯੨੦)
* **ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥** (ਅੰਗ ੪੯੬)

ਪ੍ਰਭੂ ਦਾ ਅੰਮ੍ਰਿਤ ਸਦਾ ਤੋਂ ਮੌਜੂਦ ਰਿਹਾ ਹੈ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ, ਖ਼ਾਲਸੇ ਦੀ ਪ੍ਰੀਭਾਸ਼ਾ ਦੱਸਦਿਆਂ ਦ੍ਰਿੜ੍ਹਾਇਆ ਸੀ—

**ਪੂਰਨ ਜੋਤਿ ਜਗੈ ਘਟ ਮੈਂ, ਤਬ ਖਾਲਿਸ ਤਾਹਿੰ ਨ ਖਾਲਿਸ ਜਾਨੈ ।**

ਇਸ ਤੋਂ ਸਾਫ਼ ਜ਼ਾਹਰ ਹੈ ਕਿ ਅੰਮ੍ਰਿਤ, ਗੁਰਬਾਣੀ ਅੰਦਰ ਦਰਸਾਏ ਖ਼ਾਲਸੇ ਨੂੰ ਜਨਮ ਦੇਂਦਾ ਹੈ ਜੋ ਪ੍ਰਭੂ ਪਿਆਰ ਵਿੱਚ ਰਚਿਆ, ਹਰ ਵੇਲੇ ਆਪਾ ਵਾਰਨ ਤੇ ਸੇਵਾ ਨੂੰ ਤਿਆਰ ਰਹਿੰਦਾ ਹੈ, ਅੰਮ੍ਰਿਤ ਵੇਲੇ ਪ੍ਰਭੂ ਦੇ ਗੁਣਗਾਨ ਵਿੱਚ ਪੱਕਾ, ਦਸਵੰਧ ਕੱਢਣ ਵਿੱਚ ਪੱਕਾ ਤੇ ਪੂਰਨ ਮਨੁੱਖ ਦਾ ਪੂਰਨ ਉਦਾਹਰਣ ਹੈ । ਪੂਰੀ ਗੰਭੀਰਤਾ ਤੇ ਨਿਮਰਤਾ ਨਾਲ, ਅੰਮ੍ਰਿਤ ਛਕਾਉਣ ਦੇ ਵੱਡੇ-ਵੱਡੇ ਆਯੋਜਨ ਕਰਨ ਵਾਲਿਆਂ ਤੇ ਸਿੱਖੀ ਦੀ ਤਸਵੀਰ ਬਣਾਉਣ ਵਾਲਿਆਂ ਅੱਗੇ ਬੇਨਤੀ ਕਰਦਾ ਹਾਂ ਕਿ ਮੈਨੂੰ ਦੱਸਣ ਕਿ ਭਾਈ ਦਇਆ ਸਿੰਘ ਤੇ ਉਨ੍ਹਾਂ ਦੇ ਹੋਰ ਚਾਰ ਮਹਾਨ ਸਾਥੀਆਂ ਜਿਨ੍ਹਾਂ ਨੇ ੩੦ ਮਾਰਚ ੧੬੯੯ ਦੀ ਵਿਸਾਖੀ ਨੂੰ ਗੁਰੂ ਸਾਹਿਬ



ਅੱਗੇ ਸੀਸ ਭੇਟ ਕੀਤੇ ਸਨ, ਵਰਗੇ ਅੰਮ੍ਰਿਤਧਾਰੀ ਉਹ ਕਿਵੇਂ ਪੈਦਾ ਕਰਨਗੇ ।

ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਆਪਣੇ ੨੫ ਵਰ੍ਹਿਆਂ ਦੇ ਅੰਮ੍ਰਿਤਧਾਰੀ ਜੀਵਨ ਵਿੱਚ ਪੂਰਾ ਜ਼ੋਰ ਲਾ ਕੇ ਤੇ ਕਿਰਪਾ ਦੀਆਂ ਅਰਦਾਸਾਂ ਕਰ ਕੇ ਵੀ (ਕਿ ਮੈਂ ੧੬੯੯ ਦੀ ਵਿਸਾਖੀ ਵਾਲਾ ਖ਼ਾਲਸਾ ਬਣ ਸਕਾਂ) ਮੈਂ ਅਜੇ ਵੀ ਸ਼ਰਮਨਾਕ, ਪਾਪਾਂ ਭਰੀ ਜ਼ਿੰਦਗੀ ਵਿੱਚ ਫਸਿਆ ਪਿਆ ਹਾਂ; ਹਾਲਾਂਕਿ ਅਕਤੂਬਰ ੧੯੭੦ ਤੋਂ ਦਸੰਬਰ ੧੯੭੧ ਤੀਕਰ ਮੈਂ ਅੰਮ੍ਰਿਤ ਦੀ ਮਹਾਨਤਾ ਤੇ ਗੁਰਬਾਣੀ ਦੇ ਹੁਕਮਾਂ ਤੇ ਗੁਰੂ ਸਾਹਿਬਾਨ ਦੇ ਜੀਵਨ 'ਚੋਂ ਮਿਲੀ ਸਿੱਖਿਆ ਸਮਝਣ ਤੇ ਧਾਰਣ ਕਰਨ ਦੀ ਕੋਸ਼ਿਸ਼ ਕੀਤੀ ਸੀ । ਮੇਰੇ ਕਹਿਣ ਦਾ ਮਤਲਬ ਹੈ ਕਿ, ਅੰਮ੍ਰਿਤ ਛਕਣ ਦੀ ਰਸਮ ਤੇ ਸਾਡੇ ਬਜ਼ੁਰਗਾਂ, ਅਰਬਾਂ ਸ਼ਹੀਦਾਂ, ਬੀਬੀਆਂ (ਤੇ ਬੱਚੇ ਵੀ) ਦੀਆਂ ਕੁਰਬਾਨੀਆਂ ਤੋਂ ਪੈਦਾ ਹੋਇਆ ਖ਼ਾਲਸਾ ਪੰਥ, ਯਕੀਨਨ ਸਿਰਫ਼ 'ਗਿਣਤੀ ਵਧਾ ਲਵੋ' ਤੋਂ ਉੱਪਰ ਉੱਠ ਕੇ ਵਧੇਰੇ ਸ਼ਰਧਾ ਵਿਚਾਰਨ ਯੋਗ ਹੈ ।

ਸਾਨੂੰ ਇਹ ਤਾਂ ਸੋਚਣਾ ਚਾਹੀਦਾ ਹੈ, ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ, ਕੀ ਅਸੀਂ ਕਿਰਪਾਨਾਂ ਪਕੜੇ ਅੰਮ੍ਰਿਤਧਾਰੀਆਂ ਨੂੰ ਸੜਕਾਂ 'ਤੇ ਲੜਦਿਆਂ ਦੇ ਤਮਾਸ਼ਾ ਵਿਖਾਉਣਾ ਚਾਹੁੰਦੇ ਹਾਂ (ਜੋ ਅੱਜ ਗੁਰਦੁਆਰਿਆਂ ਵਿੱਚ ਵੇਖਦੇ ਹਾਂ)—ਇਕ ਦੂਜੇ ਨੂੰ ਗਾਲ੍ਹਾਂ ਕੱਢਦਿਆਂ ਤੇ ਅੰਮ੍ਰਿਤ ਦੀ ਨਿਰਾਦਰੀ ਕਰਾਉਣੀ ਚਾਹੁੰਦੇ ਹਾਂ । ਜੇਕਰ ਅੰਮ੍ਰਿਤ ਛਕਣ ਵਾਲਿਆਂ ਨੂੰ ਤਿਆਰੀ ਨਾ ਕਰਾਈ ਗਈ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਨੂੰ ਸਮਝਣ ਤੇ ਉਸ ਤੋਂ ਵੀ ਕਿਤੇ ਵੱਧ ਉਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਢਾਲਣ ਤਾਂ ਫਿਰ, ਅੰਮ੍ਰਿਤ ਛਕਣ ਤੇ ਛਕਾਉਣ ਦਾ ਕੀ ਫ਼ਾਇਦਾ? ਮੈਂ ਉਹਨਾਂ ਅੰਮ੍ਰਿਤਧਾਰੀਆਂ ਨੂੰ ਨਹੀਂ ਭੁੱਲ ਸਕਦਾ ਜਿਹਨਾਂ ਨੇ ਸ੍ਰੀ ਅਕਾਲ ਤਖ਼ਤ 'ਤੇ ਅੰਮ੍ਰਿਤ ਛਕਿਆ, ਪਰ ਅਜੇ ਵੀ ਡੱਟ ਕੇ ਸ਼ਰਾਬ ਪੀਂਦੇ ਹਨ, ਜਿਹਨਾਂ ਸਾਰਿਆਂ ਤਖ਼ਤਾਂ ਦੇ ਜਥੇਦਾਰਾਂ ਕੋਲੋਂ ਅੰਮ੍ਰਿਤ ਛਕਿਆ ਪਰ ਗੁਰਸਿੱਖੀ ਦਾ ਘਟੀਆ ਨਮੂਨਾ ਪੇਸ਼ ਕਰ ਰਹੇ ਹਨ, ਜੋ ਅਖੰਡ ਪਾਠ ਦੀ ਡਿਊਟੀ ਨਿਭਾਉਂਦਿਆਂ, ਬਗੈਰ ਪਾਠ ਕੀਤੇ ਪੱਤਰੇ ਪਲਟਦੇ ਹਨ । ਇਸਦੇ ਨਾਲ-ਨਾਲ ਉਹਨਾਂ ਧਾਰਮਿਕ ਅਖਵਾਉਣ ਵਾਲੇ ਲੀਡਰਾਂ ਦਾ ਰੋਲ ਵੀ ਨਹੀਂ ਭੁਲਾਇਆ ਜਾ ਸਕਦਾ, ਅਧਾਰਮਿਕ ਹਨ, ਸਿਆਸਤਦਾਨ ਹਨ ਤੇ ਆਪਣੀਆਂ ਕਿਰਪਾਨਾਂ ਕੇਵਲ ਰਾਜਨੀਤਿਕ ਚਾਲਾਂ ਲਈ ਵਰਤਦੇ ਹਨ ਤੇ ਝੂਠ ਬੋਲਦੇ ਹਨ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਨ ਤੇ ਗ਼ੰਦਗੀ ਤੇ ਕੂੜ ਵੇਖਣ ਨੂੰ ਤਿਆਰ ਨਹੀਂ ਜੋ ਸਾਡੇ ਅੰਦਰ ਜਮ੍ਹਾਂ ਹੋ ਗਈ ਹੈ । ਅਸੀਂ ਤਸੱਲੀ ਕਰ ਲੈਂਦੇ ਹਾਂ ਕਿ ਅਸੀਂ ਬੜੇ ਚੰਗੇ ਹਾਂ ।

ਰੋਜ਼ ਅੰਮ੍ਰਿਤ ਵੇਲੇ ਮੈਂ ਹਰਿਮੰਦਰ ਸਾਹਿਬ ਤੋਂ ਪ੍ਰਸਾਰਿਤ ਹੋਣ ਵਾਲਾ ਕੀਰਤਨ ਰੇਡੀਓ ’ਤੇ ਸੁਣਦਾ ਹਾਂ । ਵਾਰ-ਵਾਰ ਇਕ-ਇਕ ਗੁਰਸਿੱਖ, ਇਕ ਗੁਰਮੁਖ ਜਾਂ ਇਕ ਸਾਧਾਰਣ ਪ੍ਰਭੂ ਦੇ ਮੌਜੀ ਦੀ ਤਸਵੀਰ ਵੇਖਣ ਨੂੰ ਮਿਲਦੀ ਹੈ । ਗੁਰੂ ਸਾਹਿਬ ਕਹਿੰਦੇ ਹਨ ਜਿਹੜਾ ਅੰਮ੍ਰਿਤ ਵੇਲੇ ਨਹੀਂ ਉੱਠਦਾ, ਉਹ ਚੱਲਦੀ-ਫਿਰਦੀ ਲਾਸ਼ ਹੈ (**ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ-ਬਾਬਾ ਫ਼ਰੀਦ**), ਜੋ ਸਿੱਖ ਅਖਵਾਉਣਾ ਚਾਹੁੰਦਾ ਹੈ ਉਸ ਨੂੰ ਅੰਮ੍ਰਿਤ ਵੇਲੇ ਉੱਠਣਾ ਹੀ ਪਵੇਗਾ—(**ਗੁਰੁ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮ ਧਿਆਵੈ**), ਫਿਰ ਅਸੀਂ ਕਿਵੇਂ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਾਂ, ਕਿਵੇਂ ਆਪਣੀ ਜ਼ਿੰਦਗੀ ਨੂੰ ਗੁਰੂ ਦੀ ਕਸਵੱਟੀ ’ਤੇ ਕਿ ਅਸੀਂ ਮੁਰਦਾ ਹਾਂ ਢੁਕਾਉਂਦੇ ਹਾਂ; ਭਾਵੇਂ ਸਾਡੇ ਕਿਰਪਾਨ, ਕਛਹਿਰਾ, ਕੜਾ, ਕੇਸ ਤੇ ਕੰਘਾ ਵੀ ਹਨ ।

ਮੈਨੂੰ ਆਪਣੇ ਕਕਾਰਾਂ ਨਾਲ ਪੂਰਾ ਪਿਆਰ ਹੈ । ਹਾਲਾਂਕਿ ਮੈਂ ਆਪਣੀ ਜ਼ਿੰਦਗੀ ਦੇ ੨੦ ਵਰ੍ਹੇ ਵਿਦੇਸ਼ਾਂ ਵਿੱਚ ਗੁਜ਼ਾਰੇ । ਗੁਰੂ ਨੇ ਮੇਰੇ ’ਤੇ ਕਿਰਪਾ ਕਰਕੇ ਮੈਨੂੰ ਇਹ ਤਾਕਤ ਬਖ਼ਸ਼ੀ ਕਿ ਮੈਂ ਆਪਣੇ ਕੇਸ-ਦਾੜ੍ਹੀ ਬਚਾ ਕੇ ਰੱਖਾਂ ਸਾਬਤ ਸੂਰਤ ਰਹਿ ਸਕਾਂ । ਹੁਣ ਮੇਰੀ ਅੰਮ੍ਰਿਤਧਾਰੀ ਜ਼ਿੰਦਗੀ ਵਿੱਚ ਕਕਾਰਾਂ ਲਈ ਮੇਰਾ ਪਿਆਰ ਕਈ ਗੁਣਾਂ ਵਧ ਗਿਆ ਹੈ; ਪਰ ਨਾਲ ਹੀ ਇਹ ਜ਼ਿੰਮੇਵਾਰੀ ਵੀ ਕਿ ਇਨ੍ਹਾਂ ਕਕਾਰਾਂ ਦੇ ਪਿੱਛੇ ਮੇਰੀ ਅੰਦਰਲੀ ਸੁੱਚਤਾ ਲਾਜ਼ਮੀ ਹੈ, ਕਈ ਗੁਣਾਂ ਵਧ ਗਈ ਹੈ । ਮੈਂ ਨਹੀਂ ਸਮਝਦਾ ਕਿ ਇਕ ਬੀਬੀ, ਜੋ ਕਿਸੇ ਪ੍ਰਚਾਰਕ ਦਾ ਲੈਕਚਰ ਸੁਣ ਕੇ ਝਟਪਟ ਅੰਮ੍ਰਿਤ ਛਕਣ ਦਾ ਫ਼ੈਸਲਾ ਕਰ ਲੈਂਦੀ ਹੈ ਤੇ ਫਿਰ ਅੰਮ੍ਰਿਤ ਛਕ ਕੇ ਪ੍ਰਚਾਰਕ ਦੇ ਜਾਂਦਿਆਂ ਹੀ ਅੰਮ੍ਰਿਤ ਨੂੰ ਤਿਲਾਂਜਲੀ ਦੇ ਦੇਂਦੀ ਹੈ ਉਹ ਇਕ ਚੰਗੇ ਸਿੱਖ ਦਾ ਨਮੂਨਾ ਹੋ ਸਕਦੀ ਹੈ । ਸਾਡੇ ਅੰਮ੍ਰਿਤ ਦਾ ਪਿਛੋਕੜ ਕੀ ਹੈ, ਗਿਣਤੀ ਵਧਾਉਣ ਦਾ ਜੋਸ਼ ਰੱਖਣ ਵਾਲਿਆਂ ਨੂੰ ਇਹ ਉੱਕਾ ਹੀ ਭੁੱਲ ਗਿਆ ਹੈ । ਇਸ ਗੱਲ ਦਾ ਪੂਰਾ ਪਤਾ ਹੁੰਦਿਆਂ ਵੀ ਕਿ ਅੰਮ੍ਰਿਤ ਛਕਣ ਵਾਲੇ ਆਪਣੇ ਵਾਇਦੇ ਪੂਰੇ ਨਹੀਂ ਰੱਖਣਗੇ ਤੇ ਇਸ ਤਰ੍ਹਾਂ ਦੇ ਅੰਮ੍ਰਿਤਧਾਰੀ ਅਖਵਾਉਣ ਵਾਲੇ ਪੰਥ ਨੂੰ ਕੇਵਲ ਸ਼ਰਮਸ਼ਾਰ ਹੀ ਕਰਨਗੇ, ਅਸੀਂ ਫਿਰ ਵੀ ਵਧੇਰੇ ਅੰਮ੍ਰਿਤਧਾਰੀ ਬਣਾਉਣ ਦੀਆਂ ਮੱਲਾਂ ਮਾਰ ਕੇ ਬੜਾ ਖ਼ੁਸ਼ ਹੋਣੋਂ ਨਹੀਂ ਹਿਚਕਚਾਉਂਦੇ ।

ਮੈਂ ਕਾਫ਼ੀ ਸੋਚ ਵਿਚਾਰ ਕੇ ਤੇ ਅਰਦਾਸਾਂ ਕਰ-ਕਰ ਕੇ ਦਸੰਬਰ ੧੯੭੧ ਵਿੱਚ ਅੰਮ੍ਰਿਤ ਛਕਿਆ (ਕ੍ਰਿਸਮਿਸ ਵਾਲੇ ਦਿਨ, ਜੋ ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਵੀ ਸੀ) ਇਸ ਲਈ ਮੈਨੂੰ ਇਸ ਗੱਲ



ਦਾ ਹਮੇਸ਼ਾਂ ਮਾਣ ਰਿਹਾ ਹੈ ਕਿ ਮੈਂ ਅੰਮ੍ਰਿਤਧਾਰੀ ਹਾਂ; ਪਰ ਨਾਲ ਹੀ ਇਕ ਅੰਮ੍ਰਿਤਧਾਰੀ ਹੋਣ ਦੀ ਇਕ ਭਾਰੀ ਜ਼ਿੰਮੇਵਾਰੀ ਮਹਿਸੂਸ ਕੀਤੀ ਹੈ ਹਮੇਸ਼ਾਂ, ਤਾਂ ਜੋ ਮੇਰੀਆਂ ਕਰਤੂਤਾਂ ਕਰਕੇ ਮੇਰੇ ਗੁਰੂ ਦੀ ਨਿਰਾਦਰੀ ਨਾ ਹੋ ਜਾਏ । ਮੇਰੇ ਗੁਰੂ ਨੇ ਮੈਨੂੰ ਸਿਖਾਇਆ ਹੈ ਕਿ:

* ਅੰਮ੍ਰਿਤਧਾਰੀ ਸਭ ਦਾ ਮਿੱਤਰ ਹੈ, ਉਸ ਦਾ ਕੋਈ ਵੈਰੀ ਨਹੀਂ (ਪਰ ਅਫ਼ਸੋਸ, ਮੈਂ ਵੇਖਦਾ ਹਾਂ ਕਿ ਸਾਡੇ ਸਾਰੇ ਸਿੱਖ ਲੀਡਰ, ਅੰਮ੍ਰਿਤਧਾਰੀਆਂ ਸਮੇਤ ਹਰ ਵੇਲੇ ਇਕ ਦੂਜੇ ਨਾਲ ਲੜਦੇ ਤੇ ਗਾਲ੍ਹਾਂ ਕੱਢਦੇ ਹਨ)।
* ਅੰਮ੍ਰਿਤਧਾਰੀ ਨੂੰ ਮੌਤ ਯਾ ਦੁੱਖਾਂ ਦਾ ਕੋਈ ਡਰ ਨਹੀਂ ਹੁੰਦਾ (ਪਰ ਮੈਂ ਵੇਖਦਾ ਹਾਂ ਕਿ ਸਾਡੇ ਅੰਮ੍ਰਿਤਧਾਰੀ ਸਿੱਖ ਟੈਨਸ਼ਨ ਤੇ ਪ੍ਰੇਸ਼ਾਨੀ ਵਿੱਚ ਰਹਿੰਦੇ ਹਨ)।
* ਅੰਮ੍ਰਿਤਧਾਰੀ ਹਰ ਵੇਲੇ ਨਾਮ ਤੇ ਸੇਵਾ ਵਿੱਚ ਜੁੜਿਆ ਰਹਿੰਦਾ ਹੈ ਤੇ ਉਹ “ਮਰ” ਹੀ ਜਾਂਦਾ ਹੈ, ਜਦੋਂ ਵੀ ਪ੍ਰਭੂ ਤੋਂ ਵਿਛੜਿਆ ਹੋਵੇ (ਮੈਂ ਵੇਖਦਾ ਹਾਂ ਕਿ ਅੱਜ ਨਾਮ ਦੀ ਗੱਲ ਕਿਤੇ ਵੇਖਣ ਵਿੱਚ ਨਹੀਂ ਆਉਂਦੀ)।
* ਅੰਮ੍ਰਿਤਧਾਰੀ ਕਦੇ ਵੀ ਅਹੰਕਾਰ ਵਿੱਚ ਨਹੀਂ ਆਉਂਦਾ ਤੇ ਲੋਕ-ਲਾਜ ਤੋਂ ਮੁਕਤ ਹੁੰਦਾ ਹੈ (ਹੁਣ ਤਾਂ ਅੰਮ੍ਰਿਤਧਾਰੀ ਅਖਵਾਉਣ ਵਾਲੇ ਵੀ ਚਮਕ-ਦਮਕ ਤੇ ਦੁਨੀਆਂਦਾਰੀ ਨਾਲ ਚਮੁੱਟੇ ਰਹਿੰਦੇ ਹਨ)।
* ਸਿਮਰਨ ਤੇ ਸੇਵਾ ਇਕ ਅੰਮ੍ਰਿਤਧਾਰੀ ਸਿੰਘ ਦੀ ਜ਼ਿੰਦਗੀ ਦਾ ਅਟੁੱਟ ਅੰਗ ਹੁੰਦੇ ਹਨ । ਅੰਮ੍ਰਿਤ ਵੇਲਾ, ਦਸਵੰਧ ਤੇ ਸਭ ਨਾਲ ਇਕੋ ਜਿਹਾ ਪਿਆਰ (ਅਰਥਾਤ ਸਰਬੱਤ ਦਾ ਭਲਾ) ਇਹ ਸਿੱਖੀ ਦਾ ਮੂਲ ਹਨ । ਬਾਹਰਲਾ ਲੇਪ ਤੇ ਸ਼ਿੰਗਾਰ ਜਿੰਨਾ ਮਰਜ਼ੀ ਕਰ ਲਈਏ, ਇਹ ਸਾਨੂੰ ਬਦਲਦੇ ਹਾਲਾਤਾਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਕਰ ਸਕਦੇ । ਸਾਡਾ ਮੁੱਖ ਆਧਾਰ ਹੈ ਗੁਰੂ ਦਾ ਪਿਆਰ, ਬਾਹਰਲਾ ਵਿਖਾਵਾ ਨਹੀਂ । ਆਓ, ਗੁਰਬਾਣੀ ’ਚੋਂ ਫਿਰ ਵੇਖੀਏ:

**—ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥**

(ਅੰਗ ੨੫੩)

**—ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ॥**

(ਅੰਗ ੨੪੦)

ਮੈਂ ਇਹ ਕਦੇ ਵੀ ਨਹੀਂ ਕਹਿ ਸਕਦਾ ਯਾ ਮੇਰੇ ਕਹਿਣ ਦਾ ਇਹ ਅਰਥ ਬਿਲਕੁਲ ਨਹੀਂ ਕਿ ਸਾਨੂੰ ਆਪਣੇ ਕਕਾਰਾਂ ਨਾਲ ਪਿਆਰ ਨਹੀਂ ਕਰਨਾ ਚਾਹੀਦਾ, ਯਾ ਅੰਮ੍ਰਿਤ ਨਹੀਂ ਛਕਣਾ ਚਾਹੀਦਾ ਯਾ ਆਪਣੀ ਤਸਵੀਰ **(Image)** ਦਾ ਧਿਆਨ ਨਹੀਂ ਰੱਖਣਾ ਚਾਹੀਦਾ ਹੈ । ਪਰ ਮੇਰੀ ਇਹ ਪੁਰਜ਼ੋਰ ਅਪੀਲ ਹੈ ਕਿ ਆਪਣੀ ਤਸਵੀਰ ਸੁਧਾਰਣ ਦੇ ਬਾਹਰਲੇ ਉਪਾਵ, ਯਾ 'ਗਿਣਤੀ ਵਧਾ ਲਵੋ'' ਦੀ ਮੁਹਿੰਮ ਦੇ ਪਿੱਛੇ ਉਹ ਕਿਰਦਾਰ ਹੋਣਾ ਚਾਹੀਦਾ ਹੈ ਜੋ ਭਾਈ ਦਿਆਲਾ, ਭਾਈ ਮਤੀਦਾਸ ਤੇ ਹੋਰਨਾਂ ਸ਼ਹੀਦਾਂ ਦਾ ਸੀ । ਅਸੀਂ ਕਦੇ ਵੀ ਇਹ ਨਾ ਭੁੱਲ ਜਾਈਏ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਆਪਣੇ ਪੁੱਤਰ ਕਿਹਾ ਸੀ ਤੇ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਜ਼ਰੂਰ ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੇ ਕਾਰਨਾਮਿਆਂ ਦੇ ਯੋਗ ਹੋ ਸਕੀਏ ।

ਅੰਮ੍ਰਿਤ ਛਕਣ ਤੋਂ ਪਹਿਲਾਂ ਤੇ ਇਸ ਤੋਂ ਪਹਿਲਾਂ ਕਿ ਸਾਨੂੰ ਅੰਮ੍ਰਿਤ ਛਕਾਇਆ ਜਾਏ, ਸਾਨੂੰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ—ਕੀ ਅਸੀਂ ਨੀਂਹਾਂ ਵਿੱਚ ਚਿਣੇ ਜਾਣ ਨੂੰ ਜਾਂ ਜ਼ਿੰਦਾ ਉਬਾਲੇ ਜਾਣ ਨੂੰ ਤਿਆਰ ਹਾਂ? ਜਦੋਂ ਮੈਂ ਅੰਮ੍ਰਿਤ ਛਕਿਆ ਸੀ ਤਾਂ ਮੈਨੂੰ ਇਹ ਪੁੱਛਿਆ ਗਿਆ ਸੀ—

"ਕੀ ਤੁਸੀਂ ਆਪਣਾ ਸਿਰ ਗੁਰੂ ਨੂੰ ਵੇਚ ਦਿੱਤਾ ਹੈ? ਜਦੋਂ ਮੈਂ ਅੱਥਰੂਆਂ ਨਾਲ ਰੋ-ਰੋ ਕੇ ਕਿਹਾ, ਹਾਂ ਜੀ, ਇੰਵ ਲੱਗਦਾ ਹੈ।" ਫਿਰ, "ਕੀ ਤੁਸੀਂ ਕਿਸੇ ਦਬਾਉ ਯਾ ਕਿਸੇ ਦੇ ਕਹਿਣੇ 'ਤੇ ਆਏ ਹੋ ਜਾਂ ਆਪਣੀ ਮਰਜ਼ੀ ਨਾਲ ਆਏ ਹੋ ਤੇ ਕੀ ਤੁਸੀਂ ਗੁਰੂ ਲਈ ਜਿਊਣ ਤੇ ਮਰਨ ਲਈ ਤਿਆਰ ਹੋ?" ਮੇਰੀਆਂ ਭੁੱਬਾਂ ਨਿਕਲ ਗਈਆਂ ਇਹ ਕਹਿੰਦਿਆਂ, 'ਹਾਂ, ਮੈਂ ਆਪਣੀ ਮਰਜ਼ੀ ਨਾਲ ਆਇਆ ਹਾਂ ਪਰ ਮੇਰੀਆਂ ਕਮੀਆਂ ਆਪ ਪੂਰੀਆਂ ਕਰੋ।"

ਹੁਣ ਇਹ ਲੇਖ ਪੂਰਾ ਕਰਦਿਆਂ ਵੀ ਮੇਰੇ ਅੱਥਰੂ ਨਹੀਂ ਰੁਕਦੇ ਤੇ ਮੈਂ ਇੰਵ ਮਹਿਸੂਸ ਕਰਦਾ ਹਾਂ—

**"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥**
**ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥"**

(ਅੰਗ ੧੩੬੮)

(ਅਨੁਵਾਦਕ: ਰਮੇਸ਼ ਸਿੰਘ, ਜਮਸ਼ੇਦਪੁਰ)



# ਹ—ਗੁਰੂ ਸਾਹਿਬਾਨਾਂ ਦੇ ਚਰਣਾਂ 'ਚ

"ਅੱਜ ਮੇਰਾ (ਖ਼ਾਲਸੇ ਦਾ) ਜਨਮ ਦਿਨ ਹੈ, ਪਰ ਮੈਂ ਜਨਮਾਂ ਜਨਮਾਂ ਦੀ ਮੈਲ ਚੜ੍ਹਾਈ ਬੈਠਾ ਸਭ ਕੁਝ ਭੁੱਲ ਚੁੱਕਾ ਹਾਂ....ਸੱਚੇ ਪਾਤਿਸ਼ਾਹ ! ਐਸੀ ਕਿਰਪਾ ਕਰ ਕਿ ਅਗਲੀ ਵਿਸਾਖੀ 'ਤੇ ਮੈਂ ਤੇਰੀਆਂ ਦਾਤਾਂ ਨਾਲ ਭਰਪੂਰ ਹੋ ਕੇ ਅੰਮ੍ਰਿਤ ਛਕਾਂ, ਤਾਂ ਫਿਰ ਨਵਾਂ ਆਦਮੀ ਬਣ ਜਾਵਾਂ....ਮੇਰੀ ਲਾਜ ਤੂੰ ਹੈਂ, ਮੇਰਾ ਪਿਤਾ, ਮੇਰੀ ਮਾਤਾ, ਮੇਰੇ ਰਿਸ਼ਤੇਦਾਰ ਸੰਗੀ ਸਾਥੀ, ਸਭ ਕੁਝ ਤੂੰ ਹੈਂ; ਕਿਉਂਕਿ ਮੈਂ ਦੇਖ ਚੁੱਕਾ ਹਾਂ ਕਿ ਬਾਕੀ ਸਭ ਝੂਠੇ ਹਨ । ਮੈਂ ਆਪ ਝੂਠਾ ਹਾਂ, ਪਰ ਤੇਰੀ ਸਚਾਈ ਵਿੱਚ ਲੀਨ ਹੋਣ ਲਈ ਤਰਸ ਰਿਹਾ ਹਾਂ।"



# ਇਕ ਸਿੱਖ ਦੀਆਂ ਰੀਝਾਂ ਗੁਰੂ ਨਾਨਕ ਦੀ ਯਾਦ ਵਿੱਚ

**Sikhism (Reality) vs materialism (Appearance)**

ਅਨਪੜ੍ਹ ਜਾਂ ਘੱਟ ਪੜ੍ਹੇ ਹੋਏ ਲਈ ਇਹ ਮੁਸ਼ਕਿਲ ਹੈ ਕਿ ਸਿਰਲੇਖ ਨੂੰ ਪੰਜਾਬੀ ਵਿੱਚ ਪ੍ਰਗਟ ਕਰ ਸਕੇ । ਮਤਲਬ ਕਹਿਣ ਦਾ ਇਹ ਹੈ ਕਿ "**ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥**" **Sikhism** (ਸਿੱਖੀ) ਸੰਗ ਸਹਾਈ ਦੀ ਯਾਦ ਕਰਵਾਂਦਾ ਹੈ, **Materialism** (ਪਖੰਡ) ਦੂਜੀਆਂ ਚੀਜ਼ਾਂ ਨਾਲ ਪ੍ਰੀਤ ਪਾਉਣ ਲਈ ਪ੍ਰੇਰਦਾ ਹੈ। ਮੇਰੇ ਇਕ ਮਿੱਤਰ ਨੇ ਕਿਸੇ ਬਾਹਰਲੇ ਅਮੀਰ ਦੇਸ਼ ਤੋਂ ਇਸ ਬਾਰੇ ਇਕ ਜ਼ਾਹਰਾ ਜ਼ਹੂਰ ਨਕਸ਼ਾ ਖਿੱਚਿਆ ਹੈ, ਉਹ ਪਾਠਕਾਂ ਦੀ ਭੇਟ ਕਰਦਾ ਹਾਂ । ਮਾਣ ਨਾਲ ਸਾਰਿਆਂ ਨੂੰ ਉਛਲਣ ਲਈ ਉਤਸ਼ਾਹ ਦੇ ਕੇ ਕਹਿੰਦਾ ਹਾਂ, "ਧੰਨ ਗੁਰੂ ਨਾਨਕ" ਤੇ ਕਿਉਂਕਿ ਅਸੀਂ ਉਸ ਦੇ ਅਖਵਾਉਂਦੇ ਹਾਂ, ਕੁਝ ਧੰਨਤਾ ਸਾਨੂੰ ਆਪੇ ਚੰਮੜ ਜਾਂਦੀ ਹੈ ਭਾਵੇਂ ਸਾਡੇ ਕੰਮ ਉਸ ਲਾਇਕ ਨਹੀਂ । ਇਹ ਕਹਿ ਕੇ ਝੱਟ ਪੱਟ ਨਾਲ **Warning** (ਚੇਤਾਵਨੀ) ਦੇਂਦਾ ਹਾਂ, ਗੁਰੂ ਦੇ ਚਰਨਾਂ ਦੀ ਛੂਹ ਤੋਂ ਨਿਕਲਿਆ **Warning** (ਚੇਤਾਵਨੀ) ਤੇ ਮੇਰੇ ਮਿੱਤਰ ਦੇ ਲੰਦਨ ਤੋਂ ਭੇਜੇ ਨਕਸ਼ੇ ਤੋਂ ਪਰਤੱਖ ਹੁੰਦਾ, **Warning** (ਚੇਤਾਵਨੀ) ਕਿ ਜੇ ਸਿੱਖ ਕੇਵਲ ਰਿਵਾਜਨ ਸਿੱਖ ਨੂੰ ਅਪਨਾਉਂਦਾ ਰਹੇ ਜਾਂ ਸਿੱਖੀ ਨੂੰ ਅਸਲੀ ਰੂਪ ਵਿੱਚ ਮੁਕੰਮਲ ਤੌਰ 'ਤੇ ਨਾ ਕੀਤਾ ਤਾਂ ਓਹੀ ਹਾਲ ਹੋਏਗਾ ਜੋ ਮੇਰੇ ਮਿੱਤਰ ਨੇ ਲਿਖਿਆ ਹੈ **Materialism** (ਪਖੰਡ) ਪੂਜਨ ਵਾਲਿਆਂ ਦਾ ਹੋਇਆ ਹੈ ।

ਮੇਰੇ ਮਿੱਤਰ ਕਈ ਸਾਲਾਂ ਤੋਂ ਲੰਦਨ ਰਹਿੰਦੇ ਹਨ, ਸਿੱਖੀ ਤੇ ਸਦਾ ਹੀ ਮਾਣ ਕਰਦੇ ਹਨ, ਪੂਰਨ ਪ੍ਰੇਮ ਵਿੱਚ ਰਹਿਤ ਮਰਯਾਦਾ ਰੱਖਣਾ ਗੁਰੂ ਦੀ ਮਿਹਰ ਜਾਣਦੇ ਹਨ ਤੇ ਅਸਲੀ ਜੀਵਨ ਬਣਾਉਣ ਦਾ ਉਨ੍ਹਾਂ ਨੂੰ ਬਹੁਤ ਸ਼ੌਕ ਹੈ। ਕੁਝ ਕੁ ਮਹੀਨੇ ਹੋਏ ਉਨ੍ਹਾਂ ਦੇ ਮਨ ਵਿੱਚ ਚਾਅ ਉੱਠਿਆ ਕਿ ਕਿਸੇ ਸੇਵਾ ਸਭਾ ਵਿੱਚ ਹਿੱਸਾ ਲੈ ਕੇ ਆਪਣੇ ਗੁਰੂ ਦੀ ਆਗਿਆ ਨੂੰ ਭਾਈ ਘਨੱਈਏ ਵਰਗੀ ਨਿਰਪੱਖਤਾ ਨਾਲ ਨਿਭਾਉਣ; ਬੜੀਆਂ ਖੋਜਾਂ ਦੇ ਬਾਅਦ ਉਨ੍ਹਾਂ ਨੂੰ ਕਿਸੇ ਨੇ ਅੰਗਰੇਜ਼ਾਂ ਦੀ ਇਕ ਸਭਾ Little Brother (ਛੋਟੇ ਵੀਰ) ਨਾਲ ਪਰਿਚੈ ਕਰਾਇਆ ਜਿਨ੍ਹਾਂ ਦਾ ਕੰਮ ਹੈ ਬੁੱਢੇ ਲੋਕਾਂ ਦੀ ਸੇਵਾ ਕਰਨਾ । ਇਹ ਸੋਸਾਇਟੀ ਕੁਝ ਧਰਮੀ ਆਗੂਆਂ ਵੱਲੋਂ ਚਲਾਈ ਗਈ ਹੈ; ਪਰ ਇਸ

ਵਿੱਚ ਬਗੈਰ ਮਜ਼ਹਬ ਮਿਲਤ ਤੇ ਕਿਸੇ ਹੋਰ ਫ਼ਰਕ ਤਫ਼ਰਕੇ ਦੇ ਹਰ ਬੁੱਢੇ ਮਰਦ ਪੁਰਸ਼ ਦੀ ਸੇਵਾ ਲਈ ਕੁਝ ਪੱਕੇ ਤੌਰ 'ਤੇ ਕੁਝ **Volunteers** (ਸੇਵਾਦਾਰ) ਉਨ੍ਹਾਂ ਦੇ ਘਰ ਭੇਜ ਕੇ ਉਨ੍ਹਾਂ ਦੀਆਂ ਜ਼ਰੂਰਤਾਂ ਪੁੱਛ ਕੇ ਉਨ੍ਹਾਂ ਦੀ ਪਿਛਲੀ ਜ਼ਿੰਦਗੀ ਸੌਖੀ ਤਰ੍ਹਾਂ ਕੱਟਣ ਦਾ ਯਤਨ ਹੈ । ਆਫਰੀਨ ਹੈ ਇਸ ਕੋਸ਼ਿਸ਼ ਦੇ ਤੇ ਕੋਈ ਘਾਟਾ ਨਹੀਂ ਦਾਨ ਦੇਣ ਵਾਲਿਆਂ ਦਾ । ਇਨ੍ਹਾਂ ਦੀ ਸੇਵਾ ਵਿੱਚ ਸ਼ਾਮਲ ਹਨ:- (ਬੁੱਢੇ ਓਥੇ ਆਮ ਤੌਰ 'ਤੇ ਇਕੱਠੇ ਹੀ ਰਹਿੰਦੇ ਹਨ)

(੧) ਬੁੱਢੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੇ ਝਾੜੂ ਲਾਉਣਾ ।

(੨) ਕੁਝ ਬਜ਼ਾਰੋਂ ਮੰਗਾਉਣਾ ਹੋਵੇ ਤਾਂ ਲਿਆ ਕੇ ਦੇਣਾ ।

(੩) ਪਿਆਰ ਨਾਲ ਉਨ੍ਹਾਂ ਕੋਲ ਬਹਿ ਕੇ ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਤੇ ਉਨ੍ਹਾਂ ਦਾ ਦਿਲ ਲਾਉਣਾ ।

(੪) ਉਨ੍ਹਾਂ ਦੇ ਘਰ ਗੰਦੇ ਹੋਣ ਤਾਂ ਉਨ੍ਹਾਂ ਨੂੰ ਸਫ਼ੈਦੀ ਕਰਾ ਦੇਣੀ ।

(੫) ਕਦੇ-ਕਦੇ ਫੁੱਲ, ਹੋਰ ਤੋਹਫ਼ੇ ਜਾਂ ਮਹੀਨੇ ਵਿੱਚ ਇਕ ਵਾਰ ਕੁਝ ਖਾਣ-ਪੀਣ ਦਾ ਸਮਾਨ ਭੇਜਣਾ ।

(੬) ਐਨਕਾਂ ਠੀਕ ਕਰਵਾ ਦੇਣਾ ।

(੭) **Heating** (ਨਿੱਘ) ਦਾ ਚੰਗਾ ਬੰਦੋਬਸਤ ਕਰਨਾ ਕਿਉਂਕਿ ਸਰਦੀ ਬਹੁਤ ਹੁੰਦੀ ਹੈ ।

(੮) **TV** (ਟੈਲੀਵਿਜ਼ਨ) ਲੈ ਦੇਣਾ ਜਾਂ ਠੀਕ ਕਰਵਾ ਦੇਣਾ ।

(੯) ਛੁੱਟੀਆਂ ਦੇ ਸਮੇਂ ਬੁੱਢਿਆਂ ਦੇ **Group** (ਟੋਲੇ) ਬਣਾ ਕੇ ਉਨ੍ਹਾਂ ਨੂੰ ਛੁੱਟੀਆਂ 'ਤੇ ਲੈ ਜਾਣਾ ।

(੧੦) ਉਨ੍ਹਾਂ ਦੇ **Birthday** (ਜਨਮ ਦਿਵਸ) 'ਤੇ **Present** (ਸੌਗਾਤ) ਭੇਜਣਾ ਜਾਂ **Restaurant** (ਹੋਟਲ) ਜਾਂ ਸਿਨਮੇ ਲੈ ਜਾਣਾ ।

ਮੇਰੇ ਮਿੱਤਰ ਉਹਨਾਂ ਇੰਤਜ਼ਾਮ ਕਰਨ ਵਾਲਿਆਂ ਨਾਲ ਮਿਲ ਕੇ ਬਹੁਤ ਹੀ ਖ਼ੁਸ਼ ਹੋਏ; ਪਰ ਕਹਿਣ ਲੱਗੇ, "ਪਿਆਰਿਓ! ਧੰਨ ਹੋ ਤੁਸੀਂ ਤੇ ਧੰਨ ਤੁਹਾਡੀਆਂ ਮਿਹਨਤਾਂ, ਵਾਹਿਗੁਰੂ ਦੀ ਅਪਾਰ ਬਖ਼ਸ਼ਿਸ਼ ਹੈ ਤੁਹਾਡੇ ਤੇ ਉਨ੍ਹਾਂ ਬੁੱਢਿਆਂ 'ਤੇ। ਮੈਂ ਖ਼ੁਸ਼ਕਿਸਮਤ ਹਾਂ, ਮੈਨੂੰ ਸੁਭਾਗ ਹਾਸਲ ਹੋਇਆ ਹੈ ਐਸੇ ਰੱਬ ਦੇ ਪਿਆਰਿਆਂ ਨਾਲ ਮਿਲਣ ਦਾ । ਮੈਂ ਤਾਂ ਬਿਲਕੁਲ ਨਿਕੰਮਾ ਹਾਂ, ਜੇ ਮੈਨੂੰ ਵੀ ਕੋਈ ਸੇਵਾ ਬਖ਼ਸ਼ੋ ਤਾਂ ਆਪ ਦਾ ਧੰਨਵਾਦੀ ਹੋਵਾਂਗਾ ।

ਪਿਆਰ ਨਾਲ ਮੇਰੇ ਮਿੱਤਰ ਨੂੰ ਉਨ੍ਹਾਂ ਰਲਾ ਲਿਆ ਤੇ ਕਹਿਣ ਲੱਗੇ



ਆਪ ਵੀ ਇਕ **Little Brother** (ਨਿੱਕੇ ਭਰਾ) ਹੋ । ਆਪ ਨੂੰ ਇਕ ਦੋ ਘਰ ਦੱਸ ਦਿਆਂਗੇ, ਆਪ ਬਾਕਾਇਦਾ ਹਫ਼ਤੇ ਵਿੱਚ ਇਕ ਵਾਰ ਉੱਥੇ ਜਾ ਕੇ ਸੇਵਾ ਕਰੋ । ਮੇਰੇ ਮਿੱਤਰ ਦਾ ਚਿਹਰਾ ਚਮਕਿਆ, ਉਸ ਅਰਦਾਸ ਕੀਤੀ—'ਸੱਚੇ ਪਾਤਿਸ਼ਾਹ ! ਰਹਿਮਤ ਕਰਨ ਲੱਗਾ ਹੈਂ, ਤਰੁੱਠਾ ਹੈਂ, ਆਕੜ ਤੋਂ ਬਚਾਈਂ, ਮਾਣ ਤੋਂ ਬਚਾਈਂ ਤੇ ਆਪਣੀ ਸੇਵਾ ਆਪੇ ਲਈਂ, ਮੈਂ ਮੂਰਖ ਸੇਵਾ ਕੀ ਜਾਣਾ, ਨਾਲੇ ਤੇਰੇ ਬਗੈਰ ਮੈਂ ਤਾਂ ਕੁਝ ਵੀ ਨਹੀਂ ।

ਜਿਹੜੇ ਸਭਾ ਦਾ ਇੰਤਜ਼ਾਮ ਕਰ ਰਹੇ ਸਨ, ਬਹੁਤ ਸ਼ਰੀਫ਼ ਸਦਪੁਰਸ਼—ਤੇ ਪਤਾ ਲੱਗਾ ਕਿ ਇਕ ਪਾਦਰੀ ਸਨ, ਪਰ ਆਮ ਕੱਪੜਿਆਂ ਵਿੱਚ ਮੇਰੇ ਮਿੱਤਰ ਨੂੰ **Reflection** (ਪ੍ਰਭਾਵ) ਵਿੱਚ ਦੇਖ ਕੇ ਕਹਿਣ ਲੱਗੇ ਆਪ ਦਾ ਇਹ ਤਾਂ ਪਤਾ ਹੈ ਕਿ ਭਾਰਤ ਤੋਂ ਹੋ, ਪਰ ਆਪ ਨੂੰ ਇਹ ਚਾਅ ਕਿਉਂ ਹੈ ਸੇਵਾ ਦਾ । ਮੇਰੇ ਮਿੱਤਰ ਲਿਖਦੇ ਨੇ, ਉਨ੍ਹਾਂ ਅੱਖਾਂ ਬੰਦ ਕਰ ਲਈਆਂ ਤੇ ਸ਼ਾਇਦ ਦੋ ਅੱਥਰੂ ਵੀ ਕੇਰੇ । ਫੇਰ ਕਹਿਣ ਲੱਗੇ ਇਹ ਮੇਰਾ "ਜੀਵਨ" ਹੈ, ਕਿਉਂਕਿ ਮੇਰੇ ਗੁਰੂ ਜਿਸ ਦਾ ਮੈਂ ਸਿੱਖ ਹਾਂ ਉਸ ਦਾ ਸਭ ਤੋਂ ਪਹਿਲਾਂ ਹੁਕਮ ਹੈ ਕਿ ਸੇਵਾ ਕਰੀਏ । ਉਨ੍ਹਾਂ ਦੇ ਪੁੱਛਣ 'ਤੇ ਉਨ੍ਹਾਂ ਨੂੰ ਸਿੱਖੀ ਦੇ ਮੋਟੇ-ਮੋਟੇ ਅਸੂਲ ਦੱਸੇ ਤੇ ਨਾਲ ਅੰਗਰੇਜ਼ੀ ਵਿੱਚ ਆਖਿਆ ਹੈ ਕਿ ਅੱਠੇ ਪਹਿਰ ਨਾਮ ਦੇ ਪੂਰਨ ਪੈਗ਼ਾਮ ਦੇ ਨਾਲ-ਨਾਲ **Sikhism is based on Service and Sacrifice** (ਸਿੱਖੀ ਦੀ ਬੁਨਿਆਦ ਸੇਵਾ ਅਤੇ ਕੁਰਬਾਨੀ ਪਰ ਹੈ)। ਪਾਦਰੀ ਜੀ ਨੇ ਪਿਆਰ ਨਾਲ ਦਿਲਚਸਪੀ ਲੈ ਕੇ ਕਿਹਾ ਕਿ ਫੇਰ ਸਾਡੇ ਵਾਂਗ ਹੀ ਹੋਇਆ । ਮੇਰੇ ਮਿੱਤਰ ਨੇ ਕਿਹਾ ਬਿਲਕੁਲ; ਪਰ ਜੇ ਦੋਵੇਂ ਅਮਲ ਵਿੱਚ ਇਸ ਨੂੰ ਮੰਨੀਏਂ । ਪਾਦਰੀ ਜੀ ਨੇ ਆਪ ਹੀ ਕਿਹਾ ਅਸੀਂ ਬਹੁਤ **Materialism** (ਪਖੰਡ) ਵਿੱਚ ਫਸ ਗਏ ਹਾਂ ।

ਕੁਝ ਹੋਰ ਗੱਲਾਂ ਦੇ ਬਾਅਦ ਸਿੱਖ ਮਿੱਤਰ ਨੇ ਕਿਹਾ ਕਿ ਆਪ ਮੈਨੂੰ ਕੰਮ ਸਿਖਾਉਗੇ? ਕਿਉਂਕਿ ਮੈਨੂੰ ਤਾਂ ਕੁਝ ਵੀ ਨਹੀਂ ਆਉਂਦਾ, ਨਾਲੇ ਕਿਰਪਾ ਕਰਕੇ ਬਿਲਕੁਲ ਕਿਸੇ ਨੂੰ ਨਾ ਦੱਸਣਾ ਕੁਝ ਵੀ ਮੇਰੇ ਬਾਰੇ ਕਿ ਮੈਂ ਕੀ ਕਰਦਾ ਹਾਂ । ਮੇਰੇ ਮਿੱਤਰ ਇਕ ਅਮੀਰ ਵਿਉਪਾਰੀ ਹਨ ਤੇ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਕੋਈ ਜਾਣੇ । ਪਾਦਰੀ ਜੀ ਕਹਿਣ ਲੱਗੇ ਕਿਉਂਕਿ ਆਪ ਦੀ ਪਗੜੀ ਦਾੜ੍ਹੀ ਆਪ ਨੂੰ ਵੱਖਰਾ ਤਾਂ ਦੱਸੇਗੀ ਹੀ, ਪਰ ਜੇ ਕੁਝ ਆਪ ਗੱਲਬਾਤ ਕਰੋ ਠੀਕ ਹੈ, ਸਿਵਾਏ ਇਸਦੇ ਕਿ ਮੈਂ ਕਵ੍ਹਾਂ ਇਹ **Little Brother** (ਛੋਟੇ ਵੀਰ) ਭਾਰਤ ਤੋਂ ਹਨ ਮੈਂ ਕੁਝ ਨਹੀਂ ਕਵ੍ਹਾਂਗਾ ।

ਮੇਰੇ ਮਿੱਤਰ ਨੂੰ ਪੂਰਨ ਸਤਿਕਾਰ ਤੇ ਪਿਆਰ ਨਾਲ ਆਉਂਦੇ ਜਾਂਦੇ ਕੁੜੀ ਜਾਂ ਮੁੰਡੇ **Volunteers** (ਸੇਵਾਦਾਰ) ਨਾਲ ਮਿਲਾਇਆ ਗਿਆ ਤੇ ਸਭ ਨੇ ਉਨ੍ਹਾਂ ਦਾ ਪ੍ਰੇਮ ਨਾਲ ਸਵਾਗਤ ਕੀਤਾ । ਮੇਰੇ ਮਿੱਤਰ ਆਪਣੇ ਗੁਰੂ ਦਾ ਸ਼ੁਕਰ ਕਰ ਰਹੇ ਸਨ ਕਿ ਉਸ ਨੇ ਬਖ਼ਸ਼ਿਸ਼ ਕੀਤੀ ਹੈ । ਪਾਦਰੀ ਜੀ ਨੇ ਇਕ ਕਾਰਡ 'ਤੇ ਇਕ ਬੁੱਢੀ ਔਰਤ ਜੋ ਕੋਈ ੭੯ ਸਾਲ ਦੀ ਸੀ ਪਤਾ ਲਿਖ ਦਿੱਤਾ ਤੇ ਇਕ ਹੋਰ **Volunteer** ਨੂੰ ਨਾਲ ਭੇਜ ਕੇ ਕਹਿਣ ਲੱਗੇ 'ਜਾਓ ਇਹ ਤੁਹਾਨੂੰ **introduce** ਕਰਾ ਆਵੇਗਾ।' ਮੇਰੇ ਮਿੱਤਰ ਉੱਠਣ ਲੱਗਿਆਂ ਕਹਿਣ ਲੱਗੇ: ਮੈਂ ਮੂਰਖ ਨੂੰ ਤਾਂ ਸਿਵਾਏ ਇਹ ਜਾਣਨ ਦੇ ਕਿ ਸਭ ਕੁਝ ਵਾਹਿਗੁਰੂ ਆਪ ਹੈ ਹੋਰ ਤਾਂ ਕੁਝ ਆਉਂਦਾ ਹੀ ਨਹੀਂ, ਮੈਂ ਤਾਂ ਕਹਾਂਗਾ ਵਾਹਿਗੁਰੂ ਨੂੰ ਯਾਦ ਕਰੋ ਤੇ ਹੋਰ ਜੋ ਕੰਮ ਹੈ ਮੈਨੂੰ ਦੱਸੋ । ਪਾਦਰੀ ਜੀ ਨੇ ਉਨ੍ਹਾਂ ਨੂੰ ਬੈਠਾ ਲਿਆ ।

ਕਹਿਣ ਲੱਗੇ ਇਕ ਗੱਲ ਤੁਹਾਨੂੰ ਦੱਸੀ ਹੀ ਨਹੀਂ ਕਿ ਅਸੀਂ **Religion** (ਧਰਮ) ਜਾਂ ਵਾਹਿਗੁਰੂ ਦੀ ਗੱਲ ਕਿਸੇ ਨਾਲ ਕਰਦੇ ਹੀ ਨਹੀਂ ਕਿਉਂਕਿ ਇਸ ਨਾਲ ਵੱਖਰੇ-ਵੱਖਰੇ ਲੋਕਾਂ ਦੇ ਵੱਖਰੇ-ਵੱਖਰੇ ਧਰਮ ਵਿੱਚ ਕਸ਼-ਮਕੱਸ਼ ਜਾਂ **Missionary** (ਪ੍ਰਚਾਰ) ਭੁਲੇਖਾ ਨਾ ਪਵੇ । ਇਕ ਪਲ ਲਈ ਦਿਲ ਢਹਿ ਗਿਆ ਮੇਰੇ ਮਿੱਤਰ ਦਾ । ਕਹਿਣ ਲੱਗੇ ਫੇਰ ਮੈਂ ਕੀ ਕਰਾਂਗਾ; ਪਰ ਸੰਭਲ ਕੇ ਬੋਲੇ, 'ਚੰਗਾ ਜਿਹੜੀ ਸੇਵਾ ਹੋਵੇਗੀ ਕਰ ਆਵਾਂਗਾ'। ਪਰ ਕਹਿਣ ਲੱਗੇ ਇਸ ਦਾ ਹੱਲ ਸੌਖਾ ਨਹੀਂ ਕਿ ਕਿਸੇ ਧਰਮ ਦੀ ਗੱਲ ਨਾ ਹੋਵੇ; ਪਰ ਵਾਹਿਗੁਰੂ ਦੀ ਤਾਂ ਹੋਵੇ, ਕਿਉਂਕਿ ਸਭ ਦਾ ਸਾਂਝਾ ਹੈ, ਨਾਲੇ ਮੈਂ ਤੇ ਆਪਣੇ ਧਰਮ ਤੋਂ ਹੀ ਸਿੱਖਿਆ ਹੈ ਕਿ ਮੇਰਾ ਗੁਰੂ ਸਭ ਦਾ ਸਾਂਝਾ ਹੈ, ਮੇਰਾ ਰੱਬ ਸਭ ਦਾ ਸਾਂਝਾ ਹੈ, ਮੈਂ ਸਭ ਦਾ ਸਾਂਝਾ ਸੇਵਕ ਹਾਂ । ਨਾਲੇ ਮੈਂ ਤਾਂ ਕੁਝ ਹੈ ਹੀ ਨਹੀਂ, ਵਾਹਿਗੁਰੂ ਬਗੈਰ ਜਾਂ ਗੁਰੂ ਬਗੈਰ । ਕੁਝ **Litrature** (ਪੁਸਤਕਾਂ) ਲੈ ਕੇ ਮੇਰੇ ਮਿੱਤਰ ਤੇ ਉਨ੍ਹਾਂ ਦਾ ਸਾਥੀ ਇਕ ਮਿਸਟਰ ਇਬਰਾਹਿਮ ਦੇ ਘਰ ਗਏ । ਵਲਾਇਤ ਦੇ ਹਿਸਾਬ ਨਾਲ ਘਰ ਬਿਲਕੁਲ ਸਾਂਭਿਆ ਹੋਇਆ ਨਹੀਂ ਸੀ। ਔਰਤ ਇਕੱਲੀ ਰਹਿੰਦੀ ਸੀ ਤੇ ਇਕ ਨਿਕੰਮਾ ਦੂਰੋਂ ਪਾਰੋਂ ਸੁਣਿਆ ਨਾਲ ਰਹਿੰਦਾ ਸੀ । ਮੇਰੇ ਮਿੱਤਰ ਨੂੰ ਮਿਲਾਇਆ ਗਿਆ । ਪਗੜੀ ਦੀ ਹੋਂਦ ਨੇ ਕੋਈ ਫ਼ਰਕ ਨਾ ਪਾਇਆ । ੭੮/੭੯ ਸਾਲ ਦੀ ਔਰਤ ਨੇ ਮੇਰੇ ਮਿੱਤਰ ਨੂੰ ਆਪਣਾ ਹਾਲ ਚਾਲ ਦੱਸਿਆ । ਉਨ੍ਹਾਂ ਨੇ ਸੇਵਾ ਪੁੱਛੀ ਪਰ ਉਸ ਦਿਨ ਕੋਈ ਸੇਵਾ ਨਹੀਂ ਸੀ । ਉਸ ਬੁੱਢੀ ਨੇ ਉਨ੍ਹਾਂ ਨੂੰ ਦੱਸਿਆ ਕਿ ਕੁਝ ਦਿਨ ਅਜੇ ਉਹ ਲੋਕਾਂ ਦੇ ਘਰ ਕੰਮ ਵੀ ਕਰਦੀ ਹੈ ਤੇ ਬਜ਼ਾਰ ਵੀ ਜਾਂਦੀ ਹੈ । ਇਕ ਘੰਟਾ



ਬੈਠੇ ਰਹੇ । ਮੇਰੇ ਮਿੱਤਰ ਤੇ ਉਸ ਬੁੱਢੀ ਨੇ ਸਿਵਾਏ ਮਹਿੰਗੇ ਕਿਰਾਇਆਂ, ਤੇ ਹੋਰ ਮੁਸ਼ਕਲਾਂ ਦੇ ਕੋਈ ਗੱਲ ਨਾ ਕੀਤੀ, ਵਾਹਿਗੁਰੂ ਦਾ ਨਾਂ ਤਾਂ ਲੈਣਾ ਹੀ ਨਹੀਂ ਸੀ । ਹੋਰ ਮਕਾਨ ਦੀ ਸਫ਼ੈਦੀ ਬਾਰੇ ਕਿਹਾ ਉਹ ਦਫ਼ਤਰ ਵਿੱਚ ਲਿਖਵਾ ਦਿੱਤਾ ਗਿਆ ।

ਮੇਰੇ ਮਿੱਤਰ ਨੇ ਮੈਨੂੰ ਲਿਖਿਆ ਕਿ ਉਹ ਉਸ ਰਾਤ ਖ਼ੁਸ਼ੀ ਵਿੱਚ ਵੀ ਤੇ ਗ਼ਮੀ ਵਿੱਚ ਵੀ ਰਹੇ । ਵਾਹਿਗੁਰੂ ਤੋਂ ਬਗੈਰ ਕੋਈ ਰਹਿ ਸਕਦਾ ਹੈ ਜਾਂ ਕੁਝ ਕਰ ਸਕਦਾ ਹੈ ਭਲਾ? ਪਰ ਖ਼ੁਸ਼ ਇਸ ਲਈ ਕਿ ਵਾਪਸੀ 'ਤੇ ਆਪਣੇ ਮਨ ਵਿੱਚ ਪੂਰਾ ਭਰੋਸਾ ਕਿ ਇਹ ਕੋਈ ਖੇਡ ਵਾਹਿਗੁਰੂ ਦੀ ਹੀ ਹੈ ।

ਹਰ ਸ਼ਨਿੱਚਰਵਾਰ ਸਭਾ ਵਿੱਚ ਦਿਹਾੜੀ ਰੋਟੀ ਹੁੰਦੀ ਹੈ, ਜਿੱਥੇ ਮੇਰੇ ਮਿੱਤਰ ਇਸ ਲਈ ਚਲੇ ਜਾਂਦੇ ਹਨ ਕਿ ਬਾਕੀ ਲੋਕਾਂ ਨਾਲ ਗੱਲਬਾਤ ਕਰ ਸਕਣ ਤੇ ਸੇਵਾ ਦੇ ਮੌਕੇ ਲੱਭ ਸਕਣ । ਰੋਟੀ ਪਕਾਉਣਾ, ਖਾਣਾ ਅਤੇ ਪਲੇਟਾਂ ਧੋਣੀਆਂ ਆਪ ਹੀ ਉਹ Volunteers (ਵਲੰਟੀਅਰਜ਼) ਕਰਦੇ ਹਨ । ਰੋਟੀ ਖਾਂਦਿਆਂ ਮੇਰੇ ਮਿੱਤਰ ਨੇ ਇਕ ਦਿਨ ਕਿਹਾ ਇਹ ਸਮਝ ਨਹੀਂ ਆਈ ਕਿ ਆਪ ਮਾਲਕ ਦੇ ਉਤਸ਼ਾਹ ਤੇ ਪ੍ਰੇਰਣਾ ਨਾਲ ਇਤਨਾ ਉੱਚਾ ਕੰਮ ਕਰਦੇ ਹੋ ਪਰ ਉਸ ਮਾਲਕ ਨੂੰ ਨਾਲ ਨਹੀਂ ਸ਼ਾਮਲ ਕਰਦੇ । ਮਤਲਬ ਇਹ ਕਿ ਇਕ ਫੁੱਲਾਂ ਦਾ ਗੁੱਛਾ ਬੁੱਢੀ ਨੂੰ ਅੱਜ ਹੀ ਖ਼ੁਸ਼ ਕਰੇਗਾ ਪਰ ਜੇ ਮੈਂ ਇਹ ਕਵ੍ਹਾਂ ਕਿ ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਇਹ ਤੇਰੇ ਲਈ ਲਿਆਇਆ ਹਾਂ ਤੇ ਇਸ ਨੂੰ ਵਾਹਿਗੁਰੂ ਦੀ ਯਾਦ ਵਿੱਚ ਤੱਕੇ । ਉਸ ਦਿਨ ਇਕ ਹੋਰ ਪਾਦਰੀ ਬੈਠਾ ਸੀ, ਸਾਰਾ ਕੁਝ ਪੁੱਛਣ ਲੱਗ ਪਿਆ । ਮੇਰੇ ਮਿੱਤਰ ਨੇ ਪੂਰੇ ਵਿਸਥਾਰ ਨਾਲ ਮੈਨੂੰ ਲਿਖਿਆ ਕਿ ਇਉਂ ਗੱਲਬਾਤ ਚੱਲੀ—

**ਸਿੱਖ**—ਆਪ **Materialism** (ਪਖੰਡ) ਵਿੱਚ ਹੋ, ਇਸ ਲਈ **Christianity** (ਈਸਾਈਪਨ) ਦੀ ਮਹਾਨ ਸਿੱਖਿਆ ਅਮਲ ਵਿੱਚ ਲਿਆਉਣ ਲਈ ਸ਼ਾਇਦ ਆਪ ਨੂੰ ਤਕਲੀਫ਼ ਲੱਗਦੀ ਹੈ । ਭਾਰਤ ਵਿੱਚ ਸਾਡੀ ਬਦਕਿਸਮਤੀ ਹੈ ਕਿ ਨਾਂ ਦੇ ਅਸੀਂ ਬੜੇ ਧਰਮੀ ਹਾਂ ਪਰ ਵਿੱਚੋਂ ਝੂਠੇ ਹਾਂ । ਜੇ ਅਸੀਂ ਸਾਰੇ ਸੱਚੇ ਸਿੱਖ ਹੋਈਏ ਤਾਂ ਦੁੱਖ ਤੇ ਗ਼ਰੀਬੀ ਕੱਟੀ ਜਾਏ ।

**ਪਾਦਰੀ**—(ਕੰਨ ਖੜ੍ਹੇ ਕਰਕੇ) ਪਰ ਅੱਜਕੱਲ੍ਹ ਇਹ ਮੁਸ਼ਕਲ ਹੈ । ਦੇਖੋ ਜੇ ਆਪ **Materialism** (ਪਖੰਡ) ਨੂੰ ਨਿੰਦਦੇ ਹੋ ਤਾਂ ਹਵਾਈ ਜਹਾਜ਼ ਤੇ ਭਾਰਤੋਂ ਨਾ ਆਉਂਦੇ ਤਾਂ ਕੀ ਕਰਦੇ ।

**ਸਿੱਖ**—ਮਹਾਰਾਜ ਹਵਾਈ ਜਹਾਜ਼ ਵੀ ਅਸੀਂ ਤਾਂ ਸਾਹਿਬ ਦੀ

ਕਿਰਪਾ ਸਮਝਦੇ ਹਾਂ । ਸਾਇੰਸ ਦੀ ਤਰੱਕੀ ਤੋਂ ਮੂੰਹ ਨਹੀਂ ਮੋੜਦੇ, ਪਰ ਸਾਡਾ ਗੁਰੂ ਇਹ ਕਹਿੰਦਾ ਹੈ ਕਿ ਪੂਰੀ ਤਰ੍ਹਾਂ ਜ਼ਿੰਦਗੀ ਮਾਣੋ ਪਰ ਸੁਰਤ ਪ੍ਰਭ ਚਰਨਨ ਵਿੱਚ ਤੇ ਮਾਇਆ ਤੋਂ ਅਲਿਪਤ ਰਹਿ ਕੇ । ਹਵਾਈ ਜਹਾਜ਼ ਖ਼ਰਾਬ ਨਹੀਂ ਪਰ ਹਵਾਈ ਜਹਾਜ਼ 'ਤੇ ਚੜ੍ਹਨ ਦੀ ਆਕੜ, ਬਨਾਉਣ ਦੀ ਆਕੜ ਤੇ ਇਨਸਾਨ ਦੀਆਂ ਬੇਹੱਦ ਜ਼ਰੂਰਤਾਂ ਦੀ ਪੂਰਨਤਾ ਦੀ ਧੁਨ ਸਾਡੇ ਮਨ ਨੂੰ ਪ੍ਰਭੂ ਨਾਲੋਂ ਉਖਾੜੀ ਰੱਖਦੀ ਹੈ । ਇਸ ਲਈ ਦੁਖੀ ਹੁੰਦੇ ਹਾਂ । ਆਪ ਦੇਖੋ ਜੇ ਮੇਰਾ ਗੁਰੂ ਮੇਰੇ ਨਾਲ ਹੈ ਤਾਂ ਮੈਂ ਹਵਾਈ ਜਹਾਜ਼ 'ਤੇ ਚੜ੍ਹ ਕੇ ਇੱਥੇ ਆਣ ਵੱਸਿਆ; ਪਰ ਤੁਹਾਨੂੰ ਢੂੰਡ ਕੇ ਉਸ ਮੈਨੂੰ ਸੇਵਾ ਲਈ ਪ੍ਰੇਰਿਆ । ਨਾਲ ਅਸੀਂ ਦੁਨਿਆਵੀ ਭੁੱਖਾਂ ਨਾ ਆਪਣੀਆਂ ਤੇ ਨਾ ਕਿਸੇ ਦੀਆਂ ਪੂਰੀਆਂ ਕਰ ਸਕਦੇ ਹਾਂ । ਕੇਵਲ "ਨਾਮ" ਨਾਲ ਹੀ **"ਮੈਂ ਬਹੁਤ ਨਾ ਤ੍ਰਿਸ਼ਨਾ ਭੁਖੜੀ"** ਹੋ ਸਕਦੀ ਹੈ ।

**ਪਾਦਰੀ**–(**Interesting Understand**) ਸਵਾਦ ਆਇਆ, ਸਮਝ ਗਿਆ ।

ਦੋ ਹਫ਼ਤੇ ਹੋਏ, ਇਕ ਹੋਰ ਚਿੱਠੀ ਵਿੱਚ ਮੇਰੇ ਮਿੱਤਰ ਨੇ ਲਿਖਿਆ ਕਿ ਇਕ ਹੋਰ ੯੨ ਸਾਲ ਦੀ ਬੁੱਢੀ **Mrs. Presonne** (ਸ੍ਰੀ ਮਤੀ ਪਰਸੋਨੇ) ਦੇ ਘਰ ਗਏ । ਉੱਥੇ ਸਭ ਕੁਝ ਸੀ, ਬੁੱਢੀ ਨੇ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ, ਪਗੜੀ ਚੁੰਮ੍ਹ ਕੇ ਸੋਹਣਾ ਵੀ ਕਿਹਾ; ਪਰ ਨਾਲ ਆਪਣੇ ਦੁੱਖ, ਆਪਣੀ ਭੈਣ ਦੀ ਨਿੰਦਿਆ, ਆਪਣੀਆਂ ਲੋੜਾਂ, ਆਪਣੇ ਨਿੱਕੇ-ਨਿੱਕੇ **Possessions** (ਮਲਕੀਅਤਾਂ) ਕਈ **Present** (ਸੌਗਾਤਾਂ) ਤੇ ਹੋਰ ਗੱਲਾਂ ਦੱਸੀਆਂ । ਮੇਰੇ ਮਿੱਤਰ ਸੋਸਾਇਟੀ ਦੇ ਅਸੂਲਾਂ ਮੁਤਾਬਕ ਚੁੱਪ ਰਹੇ, ਸੁਣਿਆ ਅਣਸੁਣਿਆ ਕਰ ਛੱਡਿਆ; ਪਰ ਉਨ੍ਹਾਂ ਮੈਨੂੰ ਇਹ ਹੁਕਮ ਕੀਤਾ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਵਿਚਾਰ ਸਿੱਖ ਫੈਮਲੀਆਂ, ਖ਼ਾਸ ਤੌਰ 'ਤੇ ਮਾਤਾਵਾਂ, ਭੈਣਾਂ ਤੇ ਬੱਚੀਆਂ ਤਕ ਪਹੁੰਚਾਵਾਂ । ਉਹ ਕਹਿੰਦੇ ਹਨ ਕਿ ਜਿਵੇਂ ਅਸੀਂ ਰਿਵਾਜਾਂ ਵਿੱਚ ਰੁੜ੍ਹਦੇ ਜਾ ਰਹੇ ਹਾਂ–ਡਰ ਹੈ ਕਿ ਅਸੀਂ ਵੀ ਗੁਰੂ ਨਾਨਕ ਦੇ ਚਰਨਾਂ ਤੋਂ ਸਿੱਖੀ ਦੀ ਦਇਆ ਦੀ ਰਹਿਮਤ ਨੂੰ ਇਕ ਸੱਖਣਾ ਦਇਆ ਦਾ ਇਕ **Materialist** (ਪਖੰਡੀ) ਚੱਕਰ ਨਾ ਬਣਾ ਲਈਏ । ਮਤਲਬ ਇਹ ਕਿ ਬੁੱਢੀ ਉਮਰ ਵਿੱਚ ਵੀ

(੧) ਇਸ ਧੁਨ ਵਿੱਚ ਰਹੀਏ ਕਿ ਜਿਹੜੀ ਅੱਗ ਸਾਨੂੰ ਜਵਾਨੀ ਵਿੱਚ ਤ੍ਰਿਸ਼ਨਾ ਬਣ ਕੇ ਸਾੜਦੀ ਸੀ, ਹੁਣ ਦੂਜਿਆਂ ਦੇ ਭਰੋਸੇ ਵਾਹਿਗੁਰੂ ਤੋਂ ਭੁੱਲੇ ਰਹਿਣ ਨਾਲ ਸਾੜੇ ।

(੨) ਗੁਰੂ ਸਾਹਿਬ ਦੇ ਹੁਕਮ ਨਾਲ 'ਵਾਹਿਗੁਰੂ' ਕਹਿ ਕੇ ਪਾਰ ਹੋਈਏ ਨਾ ਸਗੋਂ ਪ੍ਰੇਤ, ਸੂਅਰ ਜਾਂ ਸੱਪਣੀ ਬਣਨ ਦੇ ਯਤਨ ਵਿੱਚ ਰਹੀਏ ।



ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਮੇਰੇ ਮਿੱਤਰ ਸ਼ਲਾਘਾਯੋਗ ਕੰਮ ਦੀ ਨਿਖੇਧੀ ਕਰਦੇ ਹਨ; ਪਰ ਉਹ ਧਿਆਨ ਦਿਵਾਉਂਦੇ ਹਨ ਕਿ ਸੱਖਣਾ **Materialism** (ਪਖੰਡ) ਜਿਸ ਬਾਰੇ ਭਾਰਤ ਨੂੰ ਇਸ ਵੇਲੇ ਬੜਾ ਚਾਓ ਹੈ ਦਿਮਾਗ਼ ਹੀ ਇੱਥੋਂ ਤਕ ਜਕੜ ਦਿੰਦਾ ਹੈ ਕਿ ਜਿਵੇਂ ਵਾਹਿਗੁਰੂ ਤੋਂ ਉਪਜ ਕੇ ਅਸੀਂ ਮਾਇਆ ਵਿੱਚ ਭੁੱਲਣ ਨਾਲ ਵਾਹਿਗੁਰੂ ਨੂੰ ਵਿਸਾਰ ਦਿੰਦੇ ਹਾਂ, ਤਿਵੇਂ ਹੀ **Christianity (**ਈਸਾਈਅਤ) ਦੀ ਪਵਿੱਤਰਤਾ ਤੋਂ ਸਿੱਖੀ ਹੋਈ ਸੇਵਾ **Materialism** (ਪਖੰਡ) ਦੀ ਗਲੇਫ਼ ਹੇਠ **Christianity** (ਈਸਾਈਅਤ) ਦਾ ਨਾਂ ਨਹੀਂ ਲੈਣ ਦਿੰਦੀ । ਜਦੋਂ ਅਸਲ ਵਿੱਚ ਇਹ ਲੋਕ ਸੇਵਾ ਕਰਨ ਵਿੱਚ ਤਿਆਰ ਹਨ, ਗੁਰੂ ਨਾਨਕ ਸੱਚਾ ਪਾਤਿਸ਼ਾਹ ਆਪਣੇ ਗੁਰਪੁਰਬ ਦੀ ਖ਼ੁਸ਼ੀ ਵਿੱਚ ਸਾਡੇ 'ਤੇ ਕਿਰਪਾ ਕਰੇ ਕਿ ਇਹ ਵਾਰਨਿੰਗ ਯਾਦ ਰਹੇ । ਸੇਵਾ **Materialism** (ਪਖੰਡ) ਦੀ ਸੇਵਾ ਨਹੀਂ ਸਗੋਂ ਗੁਰੂ ਚਰਨਾਂ ਦੀ ਸੇਵਾ ਕਰੇ ।

੧. **ਜਵਾਨ ਕੁੜੀਆਂ ਲਈ**:- ਗੁਰਸਿੱਖੀ ਤੋਂ ਦੂਰ ਸੱਭਿਅਤਾ ਲੋੜਨ ਵਾਲਿਓ ਬੱਚਿਓ! ਤੁਹਾਡਾ ਬੁਢੇਪਾ ਉਸੇ ਤਰ੍ਹਾਂ ਇਕੱਲਾ ਤੇ 'ਬਿਨ ਰਾਮ ਨਾਮ' ਦੁੱਖ ਵਿੱਚ ਨਿਕਲੇਗਾ ਜਿਵੇਂ **West** (ਪੱਛਮ) ਵਿੱਚ ਹੋ ਰਿਹਾ ਹੈ ।

੨. **ਅੱਧਖੜ ਭੈਣਾਂ ਲਈ**:- ਗੁਰਸਿੱਖੀ ਦਾ ਅਮਲੀ ਜੀਵਨ ਚੁਣੋ ਤਾਂ ਜੋ ਬੱਚੇ ਅਮਲੀ ਤੌਰ 'ਤੇ ਵੇਖਣ ਸਿੱਖ ਕੀ ਹੈ Hypocrisy (ਪਖੰਡ) ਵਿੱਚ ਨਹੀਂ ।

੩. **ਬੁੱਢੜੀਆਂ ਮਾਵਾਂ ਲਈ**:- ਗੁਰਮਤਿ ਧਾਰਨ ਕਰਕੇ ਧੀਰਜ ਬੰਨ੍ਹ ਕੇ ਆਪਣੀਆਂ ਨੂੰਹਾਂ ਧੀਆਂ ਨਾਲ ਗੁਰਸਿੱਖਾਂ ਵਾਂਗੂੰ ਵਰਤੋ ਨਾ ਕਿ ਭੇਡਚਾਲ । ਸੱਸ ਦਾ ਕੰਮ ਹੈ ਨੂੰਹ ਨੂੰ ਛਿਕ ਕੇ ਰੱਖਣ, ਹਰ ਗੁਰਸਿੱਖ ਦਾ ਕੰਮ ਹੈ ਦੂਜਿਆਂ ਦੀ ਚਰਨਧੂੜ ਬਣਨਾ ।

੪. **ਗੁਰਸਿੱਖਾਂ ਲਈ**:- ਆਓ ਭੇਖ ਛੱਡੀਏ ਗੁਰੂ ਨਾਨਕ ਨੂੰ ਅਪਨਾਈਏ ਤਾਂ ਜੋ ਤੋੜ ਤਕ ਇਸੇ ਸਿਆਪੇ ਵਿੱਚ ਨਾ ਰਹੀਏ TV (ਟੈਲੀਵਿਜ਼ਨ) ਹੈ ਕਿ ਨਹੀਂ । ਸਾਡਾ ਫ਼ਿਕਰ ਅਜੇ ਕੱਲ੍ਹ ਪਰਸੋਂ, ਹਰ ਰੋਜ਼ ਹੋਵੇ ਗੁਰੂ ਨਾਨਕ ਇੱਥੇ ਹੈ ਕਿ ਨਹੀਂ । ਪਿਆਰਿਓ, ਜਿੱਥੇ ਵਾਹਿਗੁਰੂ ਦਾ ਨਾਂ ਨਹੀਂ ਉੱਥੇ ਦੁਨਿਆਵੀ ਸੁੱਖਾਂ ਦੇ ਢੇਰ ਹੁੰਦਿਆਂ ਵੀ ਸੁਖ ਨਹੀਂ ।

# ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥** (ਅੰ:੧੬੭)

## ਕੋਹੜ ਦੇ ਮਰੀਜ਼ ਮੇਰੇ ਭੈਣ-ਭਰਾ

ਮੈਂ ਕੋਹੜਾ ਹਾਂ, ਕਈ ਜਨਮਾਂ ਤੋਂ ਕੋਹੜਾ ਹਾਂ; ਕਿਉਂਕਿ ਸਾਹਿਬਾਂ ਨੇ ਆਪ ਆਖਿਆ ਹੈ ਜੋ ਨਾਮ ਨਹੀਂ ਜੱਪਦਾ ਉਹ ਕੋਹੜਾ ਹੈ । ਕਿਵੇਂ ਇਸ ਕੋਹੜ ਤੋਂ ਛੁੱਟੀ ਪਾਵਾਂ । ਗੁਰੂ ਨਾਨਕ ਸਾਹਿਬ ਮਹਾਰਾਜ ਆਪ ਤਾਂ ਕੋਹੜਿਆਂ ਦੇ ਵੀ ਰਖਵਾਲੇ ਹੋ, ਆਪ ਤਾਂ ਗ਼ਰੀਬ ਨਿਵਾਜ ਹੋ, ਆਪ ਦੀਆਂ ੫੦੯ਵੀਂ ਵਾਰ ਮੁੜ ਦਰਸ਼ਨ ਦੇਣ ਦੀਆਂ ਖ਼ੁਸ਼ੀਆਂ ਵਿੱਚ ਗਲ ਵਿੱਚ ਪੱਲਾ ਪਾ ਕੇ ਅੱਖਾਂ ਵਿੱਚ ਅੱਥਰੂ ਭਰਕੇ ਆਪ ਦੇ ਚਰਨਾਂ 'ਤੇ ਆਣ ਖਲੋਤਾ ਹਾਂ। ਸਾਹਿਬਾ ਮੇਰਾ ਕੋਹੜ ਕੱਟ ਦੇ, ਮੈਨੂੰ ਪ੍ਰਭੂ ਦੇ ਨਾਮ ਵਿੱਚ ਰੰਗ ਦੇ, ਉਸੇ ਤਰ੍ਹਾਂ ਜਿਵੇਂ ਤੂੰ ਮਰਦਾਨੇ ਨੂੰ ਨਾਲ ਲੈ ਕਿਸੇ ਝੁੱਗੀ ਵਿੱਚ ਕੋਹੜ ਦਾ ਮਾਨਸਿਕ ਤੇ ਸਰੀਰਕ ਰੋਗ ਕੱਟਿਆ ਸੀ । ਪਾਤਿਸ਼ਾਹ ਬੇਸ਼ਰਮ ਹਾਂ, ਇਕ ਹੋਰ ਅਸੀਸ ਮੰਗਦਾ ਹਾਂ, ਕੇਵਲ ਮੇਰਾ ਰੋਗ ਹੀ ਨਾ ਕੱਟ, ਮੇਰੇ ਕੋਹੜੇ ਭੈਣ-ਭਰਾ ਜਿਨ੍ਹਾਂ ਨੂੰ ਕੋਈ ਪਿਆਰ ਨਹੀਂ ਕਰਦਾ, ਸਾਰੇ ਦੁਰਕਾਰਦੇ ਨੇ, ਸਾਰੇ ਜਿਨ੍ਹਾਂ ਦੇ ਰੋਗ ਤੋਂ ਡਰਦੇ ਨੇ, ਸਾਰੇ ਜਿਨ੍ਹਾਂ ਦੇ ਨੇੜੇ ਵੀ ਨਹੀਂ ਲੱਗਦੇ, ਸਾਰੇ ਜਿਨ੍ਹਾਂ ਨੂੰ ਪੈਸਾ ਵੀ ਦੂਰੋਂ ਸੁੱਟਦੇ ਨੇ, ਜਿਨ੍ਹਾਂ ਨੂੰ ਘਰ ਵਾਲੇ ਮਾਂ ਪਿਓ, ਭੈਣ-ਭਰਾ, ਬੀਵੀ ਬੱਚੇ ਵੀ ਠੁੱਡੇ ਮਾਰਦੇ ਨੇ, ਉਨ੍ਹਾਂ ਨੂੰ ਅਪਣਾ ਲੈ । ਐਸੀ ਕਿਰਪਾ ਕਰ ਕਿ ਮੈਂ ਤੇਰਾ ਸਿੱਖ ਹੋਣ ਦੇ ਨਾਤੇ, ਅਮਲੀ ਜੀਵਨ ਵਿੱਚ ਤੇਰੇ ਚਰਨਾਂ ਦਾ ਧਿਆਨ ਕਰਕੇ ਉਨ੍ਹਾਂ ਕੋਹੜ ਦੇ ਮਰੀਜ਼ਾਂ ਦਾ ਹੱਥ ਬੱਧਾ ਗ਼ੁਲਾਮ ਕੇਵਲ ਇਸ ਲਈ ਬਣ ਜਾਵਾਂ ਕਿਉਂਕਿ ਤੇਰਾ ਬੈਖ਼ਰੀਦ ਗ਼ੁਲਾਮ ਹਾਂ ਤੇ ਤੂੰ ਮੇਰਾ ਮਾਲਕ, ਉਨ੍ਹਾਂ ਨਾਲ ਵੀ ਪਿਆਰ ਕਰਦਾ ਹੈਂ ।

ਇਕ ਰੀਝ ਬਣ ਗਈ ਹੈ, ਹਰ ਸਾਲ ਤੂੰ ਬੇਅੰਤ ਕਿਰਪਾ ਕਰਕੇ ਰਹਿਮਤ ਦੇ ਸਮੁੰਦਰ ਵਗਾ ਕੇ ਮੈਨੂੰ ਚੇਤੇ ਕਰਵਾਉਂਦਾ ਹੈਂ ਕਿ ਤੂੰ ਸਭ ਦਾ ਪਿਆਰਾ ਹੈਂ ਤੇ ਜਿਸ ਨੂੰ ਖ਼ਾਹਸ਼ ਹੈ ਤੇਰੇ ਨਾਲ ਪਿਆਰ ਦੀ ਉਸ ਨੂੰ ਵੀ ਸਭ ਨਾਲ ਪਿਆਰ ਕਰਨਾ ਪਵੇਗਾ, ਉਸ ਨੂੰ ਵੀ ਨਾਮ ਦੇ ਨਾਲ ਆਪ ਰੰਗੇ ਜਾਣ ਬਾਅਦ ਹੋਰਨਾਂ ਨੂੰ ਨਾਮ ਨਾਲ ਰੰਗਣ ਦਾ ਚਾਅ ਆਪ-ਮੁਹਾਰੇ ਆਵੇਗਾ ।



ਹੁਣ ਭਰਦੇ ਮੇਰੀਆਂ ਝੋਲੀਆਂ, ਸਭ ਕੁਝ ਪੂਰਾ ਕਰ ਤਾਂ ਜੋ ਤੇਰੇ ਕੰਮ ਵਿੱਚ ਲੱਗ ਜਾਵਾਂ । ਬਿਲਕੁਲ ਮੂਰਖ ਹਾਂ, ਆਕੜ ਦਾ ਟਿੱਬਾ ਮੇਰੀ ਖਸਲਤ ਹੈ, ਪਰ ਤੂੰ ਮੇਰੇ ਪੜਦੇ ਕੱਜਣ ਵਾਲਾ ਹੈਂ । ਇਸ ਲਈ ਦਾਨ ਮੰਗਦਾ ਹਾਂ, ਖ਼ੈਰ ਪਾ ਦੇ । ਦਿਨ-ਰਾਤ ਨਾਮ ਜੱਪਦਿਆਂ ਕੋਹੜ ਦੇ ਮਰੀਜ਼ਾਂ ਨੂੰ ਨਾਮ ਦੇ ਆਸਰੇ ਤੇ ਗੁਰੂ ਚਰਨਾਂ ਰਾਹੀਂ ਸੇਵਾ ਨਾਲ ਆਪ ਤਕ ਲੈ ਆਵਾਂ ।

ਕੁਝ ਦਿਨ ਹੋਏ **Vellore** (ਵੈਲੂਰ) ਗਿਆ ਸਾਂ **CMC** ਹਸਪਤਾਲ ਵਿੱਚ ਕਿਸੇ ਇਲਾਜ ਲਈ, ਤਾਂ ਕੁਝ ਅਜੀਬ ਗੱਲ ਦੇਖੀ । ਇਕ ਸਿੱਖ ਕੋਈ ਅੱਧਖੜ ਉਮਰ ਦਾ ਹਸਪਤਾਲ ਵਿੱਚ ਇਕ ਦੋ ਵਾਰ ਘੁੰਮਦਾ ਦੇਖਿਆ, ਕਿਤਾਬਾਂ ਹੱਥ ਵਿੱਚ, ਕਦੇ ਗਿਰਜੇ ਜਾਂਦਾ, ਕਦੇ ਕੰਟੀਨ ਵਿੱਚ, ਕਿਸੇ ਨਾਲ ਵਾਹਿਗੁਰੂ ਦੀਆਂ ਗੱਲਾਂ ਕਰਦਾ ਤੇ ਕਦੇ ਮਰੀਜ਼ਾਂ ਨਾਲ ਸਾਹਿਬਾਂ ਦੇ ਨਾਮ ਦਾ ਹੌਂਸਲਾ ਦੇਂਦਿਆਂ ਪਿਆਰ ਕਰਦਿਆਂ । ਇਕ ਦਿਨ ਪੁੱਛ ਬੈਠਾ ਕਿ ਆਪ ਦਾ ਕੌਣ ਬਿਮਾਰ ਹੈ ਤਾਂ ਉਸ ਹੱਸ ਕੇ ਕਿਹਾ, ਨਹੀਂ ਬਿਮਾਰ ਆਪਣਾ ਤਾਂ ਕੋਈ ਨਹੀਂ ਪਰ ਇਹ ਸਾਰੇ ਆਪਣੇ ਹੀ ਹਨ । ਮੈਂ ਹੈਰਾਨੀ ਨਾਲ ਪੁੱਛਿਆ ਆਪ ਇੱਥੇ ਹੀ ਰਹਿੰਦੇ ਹੋ, ਡਾਕਟਰ ਹੋ? ਉਸ ਕਿਹਾ ਨਹੀਂ, ਮੈਂ ਕੁਝ ਪੜ੍ਹਨ ਆਇਆ ਹਾਂ । ਮੈਂ ਪੁੱਛਿਆ ਕੀ ਪੜ੍ਹਦੇ ਹੋ? ਉਸ ਨੇ ਕਿਹਾ ਕੋਹੜ ਦੀ ਮਰਜ਼ ਬਾਰੇ ਕੁਝ ਸਿੱਖਦਾ ਹਾਂ । ਜਦ ਮੈਨੂੰ ਇਹ ਵੀ ਪਤਾ ਲੱਗਾ ਕਿ ਉਹ ਡਾਕਟਰੀ ਦਾ ਕੰਮ ਵੀ ਨਹੀਂ ਕਰਦੇ ਤਾਂ ਮੈਂ ਨਾ ਰਹਿ ਸਕਿਆ ਤੇ ਪੁੱਛਿਆ ਕੀ ਆਪ ਨੂੰ ਆਪਣੇ ਦਫ਼ਤਰ ਵਾਲਿਆਂ ਨੇ ਭੇਜਿਆ ਹੈ? ਉਹ ਪੂਰੀ ਗੱਲ ਕਰਨ ਤੋਂ ਝੱਕ ਰਿਹਾ ਸੀ, ਪਰ ਜਦ ਉਸ ਮੇਰਾ ਇਸਰਾਰ ਵੇਖਿਆ ਤਾਂ ਕਹਿਣ ਲੱਗਾ, 'ਆ ਤੈਨੂੰ ਸਭ ਕੁਝ ਦੱਸਦਾ ਹਾਂ । ਮੈਂ ਇਸ ਨੂੰ **God's grace** (ਵਾਹਿਗੁਰੂ ਦੀ ਰਹਿਮਤ ਆਖਦਾ ਹਾਂ) ਮੈਂ ਦਿੱਲੀ ਨੌਕਰੀ ਕਰਦਾ ਹਾਂ, ਸਾਹਿਬਾਂ ਨੇ ਛੁੱਟੀ ਲੈ ਕੇ ਇੱਥੇ ਭੇਜਿਆ ਹੈ ਕਿ ਇਹ ਕੰਮ ਸਿੱਖ ਲਵਾਂ ਤੇ ਜੇ ਉਨ੍ਹਾਂ ਨੂੰ ਮਨਜ਼ੂਰ ਹੋਵੇ ਤਾਂ ਪਹਿਲਾਂ **part-time** ਤੇ ਛੇਤੀ **retire** ਹੋ ਕੇ **full-time** ਇਨ੍ਹਾਂ ਮਰੀਜ਼ਾਂ ਦੀ ਸੇਵਾ ਕਰਾਂ। ਪਹਿਲਾਂ ਇਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਵਾਲੇ ਪਾਸੇ ਪ੍ਰੇਰਾਂ ਤੇ ਫੇਰ ਇਨ੍ਹਾਂ ਨੂੰ ਦਵਾਈ ਦੇਵਾਂ, ਜ਼ਖ਼ਮ ਸਾਫ਼ ਕਰਾਂ, ਪੱਟੀਆਂ ਬੰਨ੍ਹਾਂ ਆਦਿ । ਨਾਲੇ ਇਨ੍ਹਾਂ ਨੂੰ ਬਿਮਾਰੀ ਤੋਂ ਬਚਣ ਲਈ ਤੇ ਬਿਮਾਰੀ ਹੋਣ 'ਤੇ ਬਹੁਤ ਤਕਲੀਫ਼ ਹੋਣ ਦੀ ਲਾਪਰਵਾਹੀ ਤੋਂ ਬਚ ਕੇ ਜੀਣ ਦੀ ਜਾਚ ਦੱਸਾਂ । ਇਹ ਮੇਰੀ ਰੀਝ ਹੈ; ਪਰ ਇਹ ਕੰਮ ਉਸੇ ਦਾ ਹੈ ਜੇ ਉਹ ਪੂਰਾ ਕਰੇ ਤਾਂ ਵਡਿਆਈ ਵੀ ਸਾਹਿਬਾਂ ਦੀ ਹੈ ।'

ਫਿਰ ਉਸ ਸਿੱਖ ਨੇ ਮੈਨੂੰ ਖੋਲ੍ਹ ਕੇ ਕੋਹੜ ਦੀ ਬਿਮਾਰੀ ਬਾਰੇ ਗ਼ਲਤ

ਫ਼ਹਿਮੀਆਂ, ਪੁੱਠੇ ਖ਼ਿਆਲ ਜਾਣ ਬੁੱਝ ਕੇ ਕੋਹੜ ਦੇ ਮਰੀਜ਼ਾਂ ਦਾ ਨਿਰਾਦਰ ਕਰਨਾ ਤੇ ਹੋਰ ਗੱਲਾਂ ਦੱਸੀਆਂ ਜੋ ਮੈਂ ਪਾਠਕਾਂ ਦੇ ਗਿਆਨ ਲਈ ਭੇਟਾ ਕਰਦਾ ਹਾਂ ।

## ਕੋਹੜ ਦੇ ਰੋਗ ਬਾਰੇ

ਕੋਹੜ ਕੋਈ CURSE OF GOD (ਪ੍ਰਭੂ ਦਾ ਸਰਾਪ) ਨਹੀਂ—ਤੇ ਨਾ ਹੀ ਇਹ ਇਤਨੀ ਭਿਆਨਕ ਬਿਮਾਰੀ ਹੈ ਜਿਤਨੀ ਸਮਝੀ ਜਾਂਦੀ ਹੈ । ਕੋਹੜ ਦਾ ਰੋਗ Certainly ਠੀਕ ਹੋ ਸਕਦਾ ਹੈ; ਨਾਲੇ ਕੋਹੜ ਦੇ ਰੋਗ ਕਰਕੇ ਲੋਕਾਂ ਦੇ ਹੱਥ ਪੈਰ ਗਲਦੇ ਨਹੀਂ । ਸਗੋਂ ਇਹ ਮਰੀਜ਼ ਦੇ ਅਣਜਾਣਪੁਣੇ ਤੇ ਲਾਪਰਵਾਹੀ ਦਾ ਕਾਰਨ ਹੁੰਦਾ ਹੈ । ਬਿਮਾਰੀ ਦਾ **80%** ਆਪਣਾ ਅਸਰ ਕੇਵਲ ਜਿਸਮ ’ਤੇ ਕੁਝ ਦਾਗ਼ਾਂ ਦਾ, ਜਾਂ ਨਾੜਾਂ ਦੇ ਦਰਦ ਦਾ ਜਾਂ ਕੁਝ ਹਿੱਸਿਆਂ ਵਿੱਚ ਸੁੰਨ ਹੋ ਜਾਣ ਦਾ (LACK OF SENSATION) ਦਾ ਹੁੰਦਾ ਹੈ ਜਾਂ ਹੱਥ ਦੀਆਂ ਉਂਗਲਾਂ ਦੇ ਮੁੜਨ ਦਾ ਤੇ ਪੈਰਾਂ ਦੇ ਥੱਲੇ ਗਿਰ ਜਾਣ ਦਾ (Foot-drop) ਜਿਹੜੇ ਕਿ ਓਪਰੇਸ਼ਨ ਨਾਲ ਠੀਕ ਹੋ ਸਕਦੇ ਹਨ । ਇਸ ਤੋਂ ਵੱਧ ਜੋ ਮਰੀਜ਼ਾਂ ਦੇ ਪੈਰਾਂ ’ਤੇ ਪੱਟੀਆਂ ਤੇ ਅਣਗਿਣਤ ਬੁਰੀ ਤਰ੍ਹਾਂ ਖ਼ਰਾਬ ਹੋਏ ਫੋੜੇ, ਪਾਕ ਤੇ ਖ਼ੂਨ ਵਗਦੇ ਜ਼ਖ਼ਮ, ਹੱਥਾਂ ਦੀਆਂ ਉਂਗਲਾਂ ਦਾ ਛੋਟਾ ਹੋ ਜਾਣਾ, ਹੱਥਾਂ ਪੈਰਾਂ ’ਤੇ ਘੜੀ-ਘੜੀ ਜ਼ਖ਼ਮ ਹੋਣੇ ਰੋਕੇ ਜਾ ਸਕਦੇ ਹਨ ਤੇ ੮੦ ਫ਼ੀ ਸਦੀ ਮਰੀਜ਼ ਗਿਆਨ ਤੇ discipline ਨਾਲ ਆਪਣਾ ਜੀਵਨ ਸੁਖੀ ਕੱਟ ਸਕਦੇ ਹਨ।

## ਬਿਮਾਰੀ ਦਾ ਕਾਰਨ

ਬਦਕਿਸਮਤੀ ਨਾਲ ਪੂਰੀ ਤਰ੍ਹਾਂ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਬਿਮਾਰੀ ਕਿਉਂ, ਕਦੋਂ ਤੇ ਕਿਵੇਂ ਆਉਂਦੀ ਹੈ । ੧੯੭੪ ਵਿੱਚ **Norway** (ਨਾਰਵੇ) ਇਕ ਡਾਕਟਰ ਹੈਨਸਨ ਨੇ ਇਸ ਨੂੰ ਪਛਾਣ ਕੇ ਇਸ ਦਾ ਨਾਂ ਰੱਖਿਆ ਸੀ । ਇਸ ਨੂੰ ਹੈਨਸਨ ਦੀ ਬਿਮਾਰੀ ਵੀ ਆਖਦੇ ਹਨ । ਪੂਰਾ ਪਤਾ ਤਾਂ ਨਹੀਂ ਲੱਗ ਸਕਿਆ ਪਰ ਇਹ ਮੰਨਿਆ ਜਾਂਦਾ ਹੈ ਕਿ ਇਹ ਦੂਜੇ ਮਰੀਜ਼ਾਂ ਨਾਲ **Prolongel Skin-to Skin Contact** (ਲੰਮੇ ਅਰਸੇ ਲਈ ਜਿਸਮਾਨੀ ਨੇੜਤਾ) ਦੇ ਕਾਰਨ ਹੁੰਦੀ ਹੈ । ਬੱਚਿਆਂ ਨੂੰ ਜ਼ਿਆਦਾ ਖ਼ਤਰਾ ਹੁੰਦਾ ਹੈ ਅਤੇ ਜੇ **bacilli** ਅੰਦਰ ਚਲੇ ਵੀ ਜਾਣ ਤਾਂ ਕਈ ਸਾਲਾਂ ਬਾਅਦ ਇਸ ਬਿਮਾਰੀ ਦਾ ਬਾਹਰ ਪ੍ਰਗਟਾਵਾ ਹੁੰਦਾ ਹੈ । ਆਮ ਤੌਰ ’ਤੇ **Automatic defence mechanism** ਨਾਲ ਜਿਸਮ ਇਸ ਨੂੰ ਨਹੀਂ ਰਹਿਣ ਦਿੰਦਾ; ਪਰ ਜੇ ਹੋ ਜਾਵੇ ਤਾਂ ਲੰਮੇ ਅਰਸੇ ਲਈ ਬਾਕਾਇਦਾ ਦਵਾਈ ਖਾਣ ਨਾਲ ਠੀਕ ਹੋ ਸਕਦੀ ਹੈ । ਇਹ ਬਾਕੀ ਬਿਮਾਰੀਆਂ ਵਾਂਗੂ



ਹੀ ਹੈ ਤੇ ਘਬਰਾਉਣ ਦੀ ਕੋਈ ਲੋੜ ਨਹੀਂ; ਪਰ, ਕਿਉਂਕਿ ਸੋਸਾਇਟੀ ਦਾ STIGMA (ਤੋਹਮਤ) ਹੈ ਇਸ ਲਈ ਇਹ ਬਹੁਤ ਡਰਾਉਣੀ ਸਮਝੀ ਜਾਂਦੀ ਹੈ, ਹਾਲਾਂ ਕਿ 80% NON INFECTIOUS ਹੁੰਦੀ ਹੈ ।

## ਬਿਮਾਰੀ ਦੀਆਂ ਕਿਸਮਾਂ

ਕੁਝ 20% ਕੇਸ ਸਖ਼ਤ ਬਿਮਾਰੀ ਵਾਲੇ ਤੇ INFECTIOUS ਵੀ ਹੁੰਦੇ ਹਨ, ਪਰ ਇਹ ਵੀ ਬਾਕਾਇਦਾ ਇਲਾਜ ਨਾਲ ਠੀਕ ਹੋ ਸਕਦੇ ਹਨ । ਮੁਸੀਬਤ ਇਹ ਇਸ ਲਈ ਹੈ ਕਿ ਸਾਰੀ ਉਮਰ-ਦਵਾਈ ਖਾਣ ਦੀ ਲੋੜ ਹੈ । ਪੂਰਾ ਹਾਲ ਇਹ ਹੈ, ਮੋਟੇ ਤੌਰ ’ਤੇ ਦੋ ਕਿਸਮਾਂ ਹਨ—

### TUBERCULOID

ਜਿਸ ਦੇ ਕਿਸੇ ਹਿੱਸੇ ’ਤੇ ਇਕ ਜਾਂ ਵੱਧ ਤੋਂ ਵੱਧ ਤਿੰਨ ਕਿਸਮ ਦੇ ਰੰਗ ਨਾਲ ਘਟੀਆ ਰੰਗ ਵਾਲੇ Patches (ਦਾਗ਼ਾਂ) ਵਿੱਚ ਪ੍ਰਗਟ ਹੁੰਦੀ ਹੈ ਤੇ ਉਨ੍ਹਾਂ ਦਾਗ਼ਾਂ ਵਿੱਚ Sensation ਨਹੀਂ ਹੁੰਦੀ । ਹੋ ਸਕਦਾ ਹੈ ਕਿ ਇਕ ਜਾਂ ਵਾਧੂ NERVE ਵੀ ਮੋਟੀ ਹੋ ਜਾਏ ਤੇ ਦਰਦ ਕਰੇ । ਜੇ ਛੇਤੀ-ਛੇਤੀ ਇਲਾਜ ਸ਼ੁਰੂ ਕਰ ਦਿੱਤਾ ਜਾਏ ਤਾਂ ਹੋ ਸਕਦਾ ਹੈ ਕਿ ਛੇਤੀ ਠੀਕ ਹੋ ਜਾਏ ਤੇ ਕੋਈ Deformity ਉਂਗਲਾਂ ਦਾ ਮੁੜਨਾ ਜਾਂ ਪੈਰ ਦੇ ਜੋੜ ਦਾ ਥੱਲੇ ਹੋ ਜਾਣਾ—(Claw hand or foot drop) ਵੀ ਨਾ ਹੋਵੇ । ਹਾਂ, ਜਿੱਥੇ-ਜਿੱਥੇ ਨਾੜਾਂ paralyse ਹੋਣਗੀਆਂ, ਉਨ੍ਹਾਂ ਦਾ ਵਰੋਸਾਇਆ ਹੋਇਆ area ਸਾਰਾ ਸੁੰਨ ਹੋ ਜਾਏਗਾ, Sensation ਨਹੀਂ ਹੋਵੇਗੀ । ਨਾੜਾਂ ਦੇ ਮੋਟੇ ਹੋਣ ਦਾ ਕਾਰਨ ਵੀ ਇਹ ਹੈ ਕਿ ਜਦੋਂ ਜਿਸਮ ਦੀ ਅੰਦਰਲੀ ਤਾਕਤ ਬਿਮਾਰੀ ਦੇ ਕੀੜਿਆਂ (Bacilli) ਨਾਲ ਲੜਦੀ ਹੈ ਤਾਂ ਉਸ ਲੜਾਈ ਨਾਲ Superfieral ਨਾੜਾਂ ਦੀ ਸੌੜੀ ਜਗ੍ਹਾ ਹੋਣ ਕਰਕੇ ਜ਼ਖ਼ਮੀ ਹੋ ਜਾਂਦੀਆਂ ਹਨ; ਕਿਉਂਕਿ ਨਾੜਾਂ ਕਰਕੇ ਪਸੀਨਾ SEBUM ਆਦਿ ਨਿਕਲਦਾ ਹੈ, ਉਹ ਵੀ ਬੰਦ ਹੋ ਜਾਂਦਾ ਹੈ ਜਿਸ ਦਾ effected ਹਿੱਸਾ ਰੁੱਖਾ ਸੁੱਕਾ ਜਿਹਾ ਹੋ ਜਾਂਦਾ ਹੈ । ਇਹ ਬਿਮਾਰੀ 80% ਲੋਕਾਂ ਨੂੰ ਹੁੰਦੀ ਹੈ ਅਤੇ ਇਹ ਬਿਲਕੁਲ ਠੀਕ ਹੋ ਸਕਦੀ ਹੈ ਜੇ ਕੁਝ ਸਾਲ ਬਾਕਾਇਦਾ D.D.S. ਦਵਾਈ ਖਾਧੀ ਜਾਏ । ਇਹ ਬਿਮਾਰੀ infectious ਨਹੀਂ ।

### LEPROMATUS

ਇਹ ਜ਼ਿਆਦਾ ਖ਼ਰਾਬ ਹੈ ਤੇ ਜੇ ਜ਼ਿਆਦਾ BACILLI ਹਨ ਤਾਂ INFECTIOUS ਭੀ ਹੈ । ਇਸ ਨਾਲ ਸਾਰੇ ਜਿਸਮ ’ਤੇ Undefined

**infiltrated** ਲਾਲ ਦਾਗ਼ ਹੋ ਜਾਂਦੇ ਹਨ ਅਤੇ ਚਿਹਰਾ ਸ਼ੇਰਾਂ ਵਰਗਾ ਮੋਟਾ ਮੋਟਾ ਹੋ ਜਾਂਦਾ ਹੈ । ਕੰਨ ਮੋਟੇ ਹੋ ਜਾਂਦੇ ਹਨ, **EYE BROWS** ਢਹਿ ਪੈਂਦੀਆਂ ਹਨ; ਪਰ ਇਸ ਵਿੱਚ ਨਾੜਾਂ ਪਹਿਲਾਂ ਬਹੁਤਾ ਦਰਦ ਨਹੀਂ ਕਰਦੀਆਂ ਕਿਉਂਕਿ ਜਿਸਮ ਦੀ ਆਪਣੀ ਤਾਕਤ 'ਕਮਜ਼ੋਰ ਹੋਣ ਕਰਕੇ ਲੜਾਈ ਹੀ ਨਹੀਂ ਹੁੰਦੀ । **DEFORMITIES** ਵੀ ਦੇਰ ਬਾਅਦ ਹੁੰਦੀਆਂ ਹਨ; ਪਰ ਜਦ ਇਹ ਹਾਲਤ ਪਹੁੰਚ ਜਾਏ ਤਾਂ ਬਹੁਤ ਬੁਰੇ ਤੌਰ 'ਤੇ ਹੋ ਜਾਂਦੀਆਂ ਹਨ । ਪਰ ਜੇ ਵੇਲੇ ਸਿਰ ਤੇ ਪਹਿਲਾਂ-ਪਹਿਲਾਂ ਦਵਾਈ ਖਾਣ ਲੱਗ ਪਏ ਤਾਂ ਬਹੁਤ ਨੁਕਸਾਨ ਤੋਂ ਬਚ ਜਾਂਦਾ ਹੈ ਅਤੇ ਠੀਕ ਹੋ ਜਾਂਦਾ ਹੈ । ਦਵਾਈ ਹਮੇਸ਼ਾਂ ਖਾਣੀ ਪੈਂਦੀ ਹੈ ਤਾਂ ਜੋ ਫਿਰ ਨਾ ਹੋ ਜਾਏ । ਜੋ ਨੁਕਸਾਨ **ANAESTHESIA** (ਸੁੰਨ ਹੋਣਾ) ਜਾਂ **MUSCLE ATROPHY** ਦਾ ਹੋ ਜਾਂਦਾ ਹੈ, ਉਹ ਮੁੜ ਠੀਕ ਨਹੀਂ ਹੋ ਸਕਦਾ; ਪਰ ਪਹਿਲਾਂ ਹੀ ਰੋਕ ਲਿਆ ਜਾਏ ਤਾਂ ਬਚ ਸਕਦਾ ਹੈ ।

ਇਨ੍ਹਾਂ ਦੋਵਾਂ ਦੇ ਦਰਮਿਆਨ ਇਕ ਕਿਸਮ ਹੈ **BORDERLINE** ਜਿਸ ਵਿੱਚ ਦੋਵਾਂ ਦੇ **Symptoms** ਹੁੰਦੇ ਹਨ ਅਤੇ ਆਮ ਤੌਰ 'ਤੇ **Patches** ਨਾੜਾਂ ਦਾ ਦਰਦ ਦੋਵੇਂ ਜਿਸਮ ਦੇ ਹਿੱਸਿਆਂ ਵਿੱਚ ਹੁੰਦਾ ਹੈ ।

ਆਮ ਤੌਰ 'ਤੇ ਬਾਂਹ ਤੇ ਲੱਤ ਦੀਆਂ ਨਾੜਾਂ—**ULNAR, MEDIAN, RADIAL,** ਤੇ ਵਿੱਚੋਂ ਕੋਈ **Paralyse** ਹੁੰਦੀ ਹੈ; ਪਰ ਕਈ ਵਾਰ ਚਿਹਰੇ ਦੀ **7th Craniel Nerve** ਅੱਖਾਂ ਦੇ ਨਾ ਬੰਦ ਹੋਣ ਦੀ ਬਿਮਾਰੀ ਖੜ੍ਹੀ ਕਰ ਦਿੰਦੀ ਹੈ, ਛੇਤੀ ਇਲਾਜ ਨਾਲ ਇਹ ਵੀ ਕਾਬੂ ਕੀਤੀ ਜਾ ਸਕਦੀ ਹੈ ।

ਸਭ ਤੋਂ ਵੱਡੀ ਮੁਸ਼ਕਲ ਹੈ ਹੱਥ ਤੇ ਪੈਰ ਵਿੱਚ **ANAESTHESIA** ਹੋ ਜਾਣਾ, ਮਤਲਬ ਇਹ ਕਿ **affected** ਹਿੱਸੇ ਵਿੱਚ ਮਰੀਜ਼ ਨੂੰ **touch pain, heat, cold** ਆਦਿ ਦੀ ਕੋਈ **Sensation** ਨਹੀਂ ਹੁੰਦੀ । ਇਸ ਲਈ ਹੱਥਾਂ ਵਿੱਚ ਸਖ਼ਤ ਕੰਮ ਕਰਕੇ, ਤੱਤੀ ਚਾਹ ਦੁੱਧ ਪੀਣ ਕਰਕੇ, ਹੋਰ ਗਰਮ ਚੀਜ਼ਾਂ ਨੂੰ ਹੱਥ ਲਾਉਣ ਕਰਕੇ ਤੇ ਹੱਡੀਆਂ ਨੂੰ ਬਹੁਤਾ ਇਸਤੇਮਾਲ ਕਰਕੇ **(Overact)** ਤੇ ਪੈਰਾਂ ਵਿੱਚ ਕਿੱਲਾਂ ਵਾਲੇ ਜੁੱਤੇ ਪਾ ਕੇ ਜਾਂ ਜੋੜੇ ਬਗੈਰ ਚੱਲ ਕੇ, ਜਾਂ ਕੰਡੇ, ਸ਼ੀਸ਼ਾ ਚੁੱਭਣ ਕਰਕੇ ਬੰਦਾ **Secondary deformities** ਪੈਦਾ ਕਰ ਲੈਂਦਾ ਹੈ; ਕਿਉਂਕਿ ਦਰਦ ਹੁੰਦਾ ਹੀ ਨਹੀਂ ਤੇ ਨਾ ਹੀ ਦਬਾਅ ਜਾਂ ਛੂਹ ਦਾ ਪਤਾ ਲੱਗਦਾ ਹੈ । ਇਸੇ ਲਈ ਘੜੀ-ਘੜੀ ਜ਼ਖ਼ਮ ਪੈਰਾਂ 'ਤੇ ਹੱਥਾਂ ਵਿੱਚ ਹੋ ਜਾਂਦੇ ਹਨ ਅਤੇ ਹੱਡੀਆਂ ਜ਼ਖ਼ਮੀ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਤੋੜਨਾ ਮੋੜਨਾ, ਪੈਰ ਦਾ ਖ਼ਰਾਬ ਹੋ ਜਾਣਾ, ਹੱਥਾਂ ਦੇ ਪੋਟੇ ਕੱਟਣੇ ਪੈਣੇ, ਇਹ ਸਭ



ਕੁਝ ਕਰਨਾ ਪੈਂਦਾ ਹੈ ਅਤੇ ਮਰੀਜ਼ ਹੋਰ ਡਰਾਉਣਾ ਬਣੀ ਜਾਂਦਾ ਹੈ; ਕਿਉਂਕਿ ਘਰ ਵਾਲੇ ਕੱਢ ਦਿੰਦੇ ਹਨ, ਉਹ ਭਿਖਾਰੀ ਬਣ ਜਾਂਦਾ ਹੈ ਤੇ ਘਰੋਂ ਵੀ ਨੱਸ ਜਾਂਦਾ ਹੈ । ਇਕ ਹੋਰ **phase** ਹੈ **REACTION,** ਇਹ ਕਿਸੇ ਕਿਸਮ ਦੀ ਬਿਮਾਰੀ ਵਿੱਚ ਆ ਜਾਂਦਾ ਹੈ ਅਤੇ ਇਸ ਨਾਲ ਜਿਸਮ 'ਤੇ ਫੋੜੇ, ਬੁਖ਼ਾਰ, ਹੱਥਾਂ ਪੈਰਾਂ ਦਾ ਮੁੜ ਜਾਣਾ ਤੇ ਹੋਰ ਕਈ **COMPLICATIONS** ਹੁੰਦੀਆਂ ਹਨ; ਪਰ ਇਹ ਜ਼ਿਆਦਾ **20% LEPROMATOUS** ਵਿੱਚੋਂ ਹੀ ਹੁੰਦਾ ਹੈ ਤੇ ਹਮੇਸ਼ਾਂ ਨਹੀਂ ।

## ਉਹ ਸਿੱਖ ਕੀ ਸਿੱਖਦਾ ਹੈ?

ਅੱਗੋਂ ਉਸ ਸਿੱਖ ਨੇ ਦੱਸਿਆ ਕਿ ਮੈਂ ਬਿਮਾਰੀ ਦਾ ਗਿਆਨ ਤੇ ਮਰੀਜ਼ਾਂ ਨੂੰ ਆਪਣਾ ਭੈਣ-ਭਰਾ, ਮਾਤਾ-ਪਿਤਾ ਸਮਝ ਕੇ ਪਿਆਰ ਨਾਲ **Careful** ਰਹਿਣ ਦੀ ਸਿੱਖਿਆ ਦੇਣੀ, **Physiotherapy** ਨਾਲ ਹੱਥ ਪੈਰ ਮੁੜਨ ਤੋਂ ਬਚਣ ਦਾ ਤਰੀਕਾ, ਹੋਰ **useful** ਗੱਲਾਂ ਸਿਖਾ ਰਿਹਾ ਹਾਂ । ਨਾਲੇ ਹਰ ਇਕ ਮਰੀਜ਼ ਨੂੰ ਕਹਿੰਦਾ ਹਾਂ—ਪਿਆਰਿਆ ਅੱਠੇ ਪਹਿਰ ਨਾਮ ਜੱਪ, ਵਾਹਿਗੁਰੂ ਭਲਾ ਕਰੇਗਾ । ਜੇ ਇਹ ਬਾਹਰਲਾ ਰੋਗ ਕੱਟਿਆ ਵੀ ਗਿਆ, ਤੈਨੂੰ ਅੰਦਰਲੇ ਰੋਗ ਲਈ ਨਾਮ ਜੱਪਣਾ ਪਵੇਗਾ ਤਾਂ ਹੀ ਅਰੋਗ ਹੋਵੇਂਗਾ ।

## WILD IMAGINATION
## HUMANITY'S HOSPITAL

ਉਸ ਸਿੱਖ ਨੇ ਦੱਸਿਆ ਕਿ ਅਜੇ ਤਾਂ ਉਹ ਆਪ ਹੀ ਸਿੱਖਦਾ ਹੈ, ਪਰ ਉਸ ਨਾਲ ਕੰਮ ਕਰਨ ਲਈ ਇਕ ਛੋਟੀ ਸਿੱਖ ਭੈਣ (ਜਦੋਂ ਬੱਚਿਆਂ ਤੋਂ ਵਿਹਲੀ ਹੋ ਜਾਏ) ਤੇ ਨਾਲ ਇਕ **Tamil** ਲੜਕੀ ਜਿਹੜੀ ਉਸ ਦੀ ਆਪਣੀ ਬੇਟੀ ਬਣ ਗਈ ਹੈ, ਤਿਆਰ ਹਨ । ਉਸ ਦਾ ਵਿਚਾਰ ਹੈ ਕਿ **SOUTH INDIA** ਵਿੱਚ ਜਿੱਥੇ ਇਹ ਬਿਮਾਰੀ ਜ਼ਿਆਦਾ ਹੈ (**50%** ਕੇਸ ਹਿੰਦੁਸਤਾਨ ਦੇ **3-3½** ਲੱਖ ਕੇਸਾਂ ਵਿੱਚੋਂ ਤਾਮਿਲਨਾਡੂ ਤੇ ਆਂਧਰਾ ਵਿੱਚ ਹਨ) ਇਕ ਹਸਪਤਾਲ ਜਾਂ **Center** ਖੋਲ੍ਹਿਆ ਜਾਏ ਜਿਸ ਵਿਚਕਾਰ ਵੱਡਾ ਹਾਲ **(Hall)** ਹੋਵੇ, ਜਿਸ ਵਿੱਚ ਕੋਈ ਕਿਸੇ ਤਰੀਕੇ ਨਾਲ ਪੂਜਾ ਕਰ ਸਕੇ। ਆਸ ਪਾਸ ਵੱਡੀ ਲਾਇਬ੍ਰੇਰੀ ਵਿੱਚ ਸਾਰੇ ਧਰਮ ਗ੍ਰੰਥ ਹੋਣ । ਸੱਚਮੁੱਚ ਸਾਂਝਾ ਧਰਮ ਹੋਵੇ । ਮਰੀਜ਼ ਨਾਮ ਜੱਪਣ ਤੇ ਸੇਵਾ ਕਰਨ ਵਾਲੇ ਵੀ ਨਾਮ ਜੱਪਣ । ਨਾਮ ਜੱਪਣ ਵਾਲਿਆਂ ਦੀ ਸੇਵਾ ਨਾਲ ਤੇ ਮਰੀਜ਼ਾਂ ਦੀ ਨਾਮ ਦੀ ਕਮਾਈ ਨਾਲ ਅਰੋਗ ਹੋ ਜਾਣ । ਸਿੱਖਾਂ ਨੂੰ **South** ਵਿੱਚ ਸੇਵਾ ਕਰਨ ਵਾਲੇ ਬੰਦੇ ਕਰਕੇ

ਲੋਕੀਂ ਨਹੀਂ ਜਾਣਦੇ, **Businessman**, ਫ਼ੌਜੀ ਜਾਂ ਸ਼ਰਾਬੀ ਡਰਾਈਵਰ ਜਾਂ ਹੋਰ ਗੱਲਾਂ ਕਰਕੇ; ਪਰ ਸਿੱਖ ਦਾ ਅਮਲੀ ਜੀਵਨ ਦਰਸਾਉਣ ਦੀ ਲੋੜ ਹੈ । ਇਸ ਲਈ ਨਹੀਂ ਕਿ ਅਸੀਂ ਸਿੱਖ ਬਣਾਈਏ ਜਾਂ ਅਸੀਂ ਵਡਿਆਈ ਖੱਟੀਏ, ਇਸ ਲਈ ਕਿ ਸਾਡੇ ਗੁਰੂ ਨੇ ਸਾਨੂੰ ਹੁਕਮ ਕੀਤਾ ਹੈ । **MOTHER TERESSA** ਤੇ ਭਗਤ ਪੂਰਨ ਸਿੰਘ ਕਦੇ ਕਦੇ ਕਿਤੇ ਕਿਤੇ ਨਹੀਂ ਹੋਣੇ ਚਾਹੀਦੇ; ਸਗੋਂ ਹਰ ਥਾਂ 'ਤੇ, ਹਰ ਵੇਲੇ ਆਪਣੇ ਗੁਰੂ ਦੀ ਵਡਿਆਈ, ਆਪਣੇ ਪਿਆਰ ਤੇ ਨਿਮਰਤਾ ਨਾਲ ਦਰਸਾ ਸਕਣ ।

ਗੁਰੂ ਨਾਨਕ ਸਾਹਿਬ ਨੇ, ਹਜ਼ਰਤ ਈਸਾ ਨੇ ਤੇ ਗਾਂਧੀ ਜੀ ਨੇ ਕੋਹੜ ਦੇ ਮਰੀਜ਼ਾਂ ਦੀ ਸੇਵਾ ਕੀਤੀ । ਸਿੱਖ ਕਹਿਣ ਲੱਗਾ ਮੈਨੂੰ ਚਾਅ ਚੜ੍ਹਿਆ ਕਿ ਜੇ ਮੈਂ ਗੁਰੂ ਨਾਨਕ ਦਾ ਸਿੱਖ ਅਖਵਾਉਂਦਾ ਹਾਂ ਤਾਂ ਕਿਉਂ ਨਾ ਇਹ ਦਾਤ ਮੰਗਾਂ । ਮੈਨੂੰ ਯਕੀਨ ਹੈ ਕਿ ਮੇਰਾ ਆਪਣਾ ਕੋਹੜ ਕੱਟਿਆ ਜਾਏਗਾ ।

## ਇਕ ਸਨਿਮਰ ਅਪੀਲ

ਜਿਹੜਾ ਹਸਪਤਾਲ ਦਾ ਜ਼ਿਕਰ ਆਇਆ ਹੈ; ਉਹ ਵਾਸਤਵ ਵਿੱਚ **HUMANITY'S HOSPITAL** (ਸਾਰੀ ਇਨਸਾਨੀਅਤ ਦਾ ਹਸਪਤਾਲ) ਹੋਵੇਗਾ । ਸਾਰੇ ਬੰਦੇ ਤਨ ਮਨ ਧਨ ਗੁਰੂ ਨੂੰ ਵੇਚ ਕੇ ਕੰਮ ਕਰਨਗੇ । ਲੋੜ ਹੈ ਕਿ ਇਹ ਪਤਾ ਲੱਗੇ ਕਿਤਨੇ ਕੁ ਲੋਕ ਆਪਣੇ ਗੁਰੂ ਦੀ ਸ਼ਾਨ ਲਈ ਅਮਲੀ ਸਿੱਖ ਜੀਵਨ ਅਪਨਾ ਕੇ ਉਨ੍ਹਾਂ ਬੰਦਿਆਂ ਦੇ ਦਿਲਾਂ ਵਿੱਚ ਦੀਵਾ ਜਗਾਉਣ ਲਈ ਤਿਆਰ ਹਨ ਜਿਨ੍ਹਾਂ ਨੂੰ ਘਰ ਵਾਲੇ ਵੀ ਮੁਖ ਮੋੜ ਦਿੰਦੇ ਹਨ । ਕੋਹੜ ਦਾ ਰੋਗ ਬਹੁਤ ਮੁਸ਼ਕਲ ਚਮੁਟਦਾ ਹੈ ਅਤੇ ਜਿਹੜੇ ਲੋਕੀਂ ਇਨ੍ਹਾਂ ਲਈ ਕੰਮ ਕਰ ਰਹੇ ਹਨ (ਬਹੁਤਾ ਕਰਕੇ ਈਸਾਈ ਮਿਸ਼ਨਰੀ ਤੇ ਹੋਰ ਵੀ ਹੁਣ ਲੱਗੇ ਹਨ) ਉਨ੍ਹਾਂ ਵਿੱਚੋਂ ਇਕੋ ਕੇਸ ਕਹਿੰਦੇ ਹਨ **FATHER DAMIEN** ਦਾ ਹੋਇਆ ਹੈ, ਪਰ ਉਸ ਨੇ ਬਿਲਕੁਲ ਮਰੀਜ਼ਾਂ ਨਾਲ ਮਰੀਜ਼ਾਂ ਵਾਂਗ ਰਹਿ ਕੇ ਹਜ਼ਰਤ ਈਸਾ ਕੋਲੋਂ ਇਹ ਸ਼ਹੀਦੀ ਜਾਣ ਕੇ ਲਈ ਸੀ ।

ਸਿੱਖ ਡਾਕਟਰਾਂ, ਨਰਸਾਂ ਦੀ, ਹੋਰ ਕਈ ਤਰ੍ਹਾਂ ਦੀ ਸਹਾਇਤਾ ਲਈ ਤਨ, ਮਨ, ਧਨ ਦੀ ਲੋੜ ਹੈ ਜਿਹੜੇ ਆਪਣਾ ਆਪ ਵੇਚ ਕੇ ਗੁਰੂ ਦੇ ਚਰਨਾਂ ਵਿੱਚ ਸਮਾਅ ਜਾਣ ਤੇ ਮਰੀਜ਼ਾਂ ਵਿੱਚ ਸਾਹਿਬ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇਖਣ। ਉਨ੍ਹਾਂ ਨੂੰ ਲੋੜ ਹੈ, ਨਾਮ ਜੱਪਣ ਜਪਾਉਣ ਤੇ ਸੇਵਾ ਗੁਰੂ ਦੀ ਕਰਕੇ ਜਨਮ ਮਰਨ ਤੋਂ ਰਹਿਤ ਹੋਣ ।



# ਸੱਚਾ ਪਾਤਿਸ਼ਾਹ
# ਗੁਰੂ ਅਮਰਦਾਸ ਸਾਹਿਬ

ਕਦੇ ਨਿਮਾਣਤਾ ਤੇ ਨਿਰਮਾਣਤਾ ਦੀਆਂ ਤਸਵੀਰਾਂ ਘੜੀਆਂ ਜਾ ਸਕਣ ਤੇ ਉਨ੍ਹਾਂ ਵਿੱਚ ਜਾਨ ਪਾਈ ਜਾ ਸਕੇ ਤੇ ਲੋਕਾਂ ਨੂੰ ਪਰਤੱਖ 'ਮਰਜੀਵਣਾ' ਦਿਖਾਇਆ ਜਾ ਸਕੇ, ਤਾਂ ਉਹ ਤਸਵੀਰਾਂ ਸਾਡੇ ਗੁਰੂ ਸਾਹਿਬਾਨ ਦੀਆਂ ਹੋਣਗੀਆਂ; ਪਰ ਜੇ ਉਨ੍ਹਾਂ ਵਿੱਚ **'ਸੇਵਾ'** ਤੇ **'ਭਾਉ ਭਗਤਿ ਕਰਿ ਨੀਚੁ ਸਦਾਏ'** ਦਾ ਜਾਦੂ ਅਮਿੱਟਵੀਂ ਦਲੀਲ ਨਾਲ ਚਮਕਦਾ ਵੇਖਣਾ ਹੋਵੇ ਤਾਂ ਗੁਰੂ ਅਮਰਦਾਸ ਦੇ ਚਰਨਾਂ ਵਿੱਚ ਆਪਣਾ ਮਨ ਮਾਰ ਕੇ ਰਾਮ ਕਸਵੱਟੀ 'ਤੇ ਸੁੱਚੇ ਉਤਰ ਕੇ ਧਿਆਨ ਲਗਾਈਏ । ਜੇ ਉਸੇ 'ਖ਼ਾਲਸਾ' ਜਿਹੜਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬੯੯ ਵਿੱਚ ਸਾਜਿਆ ਸੀ **Anatomy** ਪੂਰੇ ਜੋਬਨ ਵਿੱਚ ਨਜ਼ਰ ਨਾ ਆਵੇ, ਤਾਂ ਮੇਰਾ ਮੂੰਹ ਕਾਲਾ ਕਰ ਦਿੱਤਾ ਜਾਏ । ਕਿਉਂ, ਯਕੀਨ ਹੈ ਤੈਨੂੰ ਇਤਨਾ ਦ੍ਰਿੜ੍ਹ? ਆਉ, ਗੁਰੂ ਪਿਆਰਿਓ ਤੁਹਾਨੂੰ ਦੱਸਾਂ :

੧) ਗੁਰੂ ਅਮਰਦਾਸ ਨੂੰ ਜਦੋਂ 'ਅਮਰੂ ਨਿਥਾਵਾਂ' ਕਿਹਾ ਜਾਂਦਾ ਸੀ ਤਾਂ ਭੀ ਸੁਭਾਵਿਕ ਹੀ ਰੋਸ ਨਹੀਂ ਸਨ ਕਰਦੇ ।

੨) ਜਦੋਂ ਆਪ ਨੂੰ ਲੋਕੀਂ ਕੁੜਮਾਂ ਦੇ ਬੂਹੇ 'ਤੇ ਢੱਠਾ ਹੋਇਆ ਸਮਝਦੇ ਸਨ ਤਾਂ ਆਪ ਪ੍ਰਵਾਹ ਨਹੀਂ ਸੀ ਕਰਦੇ ।

੩) ਜਦੋਂ ਆਪ ਨਾਲ ਨਿਰਾਦਰੀ ਵਾਲਾ ਸਲੂਕ ਕਰਦੇ ਸਨ ਭਾਈ ਦਾਤੂ ਜੀ ਤਾਂ ਆਪ ਨਿਮਰਤਾ ਦਾ ਪੁੰਜ ਬਣ ਕੇ ਹੋਰ ਆਪਣਾ ਆਪ ਮਿਟਾ ਦਿੰਦੇ ਸੀ ।

੪) ਜਦੋਂ ਆਪ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਰੀਝਾਅ ਚੁੱਕੇ ਸੀ ਤਾਂ ਵੀ ਆਪ ਕੁਝ ਨਹੀਂ ਬਣੇ ਰਹਿੰਦੇ ਸੀ ।

ਨਾ ਤਾਂ ਮੈਂ ਵਿਦਵਾਨ ਹਾਂ, ਨਾ ਗੁਰਸਿੱਖ, ਨਾ ਸੋਝੀਵਾਨ ਤੇ ਨਾ ਹੀ ਪ੍ਰੀਤ ਵਾਲਾ, ਪਰ ਮੈਨੂੰ ਚਾਅ ਹੈ ਗੁਰੂ ਅਮਰਦਾਸ ਸਾਹਿਬ ਦੀ ਮਿਹਰ ਦੇ ਪਾਤਰ ਬਣਨ ਦਾ । ਇਸ ਲਈ ਹੰਭਲਾ ਮਾਰਦਾ ਹਾਂ ਪਛਾਣਨ ਲਈ ਕਿ ਗੁਰੂ ਮੇਰਾ ਕੀ ਸੀ? ਮੇਰੀ ਖੋਜ ਝੱਲੀ ਜਿਹੀ ਹੈ, ਮੇਰਾ **Source Material** ਗੁਰੂ ਦੀ ਬਾਣੀ ਹੈ, ਮੇਰਾ ਉੱਦਮ ਗੁਰੂ ਮਿਹਰ, ਮੇਰਾ ਨਿਸ਼ਚਾ ਗੁਰੂ ਦਾ ਪ੍ਰੇਮ ਹੈ ਤੇ ਮੇਰੀ ਰੀਝ ਸਿਆਣਾ ਬਣਨ ਦੀ ਨਹੀਂ, ਸਗੋਂ ਇਆਣਾ ਬਣਨ ਦੀ ਹੈ ।

ਗੁਰੂ ਗ੍ਰੰਥ ਸਾਹਿਬ ਇਕ ਵੱਖਰੀ ਦੁਨੀਆਂ ਹੈ ਜਿਸ ਦਾ ਨਾਮ ਹੈ ਬੇਗ਼ਮਪੁਰਾ । ਉੱਥੋਂ ਦੀ ਪੁਲਿਸ ਤੇ ਹੋਰ ਇੰਤਜਾਮ ਚਲਾਉਣ ਵਾਲੇ ਹਨ ਸੱਚ, ਦਿਆਨਤਦਾਰੀ, ਇਮਾਨਦਾਰੀ, ਪ੍ਰੇਮ, ਭਾਈਵਾਲਤਾ, ਨਿਮਰਤਾ, ਹਲੀਮੀ ਤੇ ਸਦੀਵੀ ਰਾਮ ਨਾਮ ਦਾ ਰੰਗ । ਇਸ ਦੁਨੀਆਂ ਦੇ ਸ਼ਹਿਨਸ਼ਾਹ ਹਨ ਗੁਰੂ ਗੋਬਿੰਦ ਸਿੰਘ ਮਹਾਰਾਜ । ਉਨ੍ਹਾਂ ਨੇ ਆਪੇ ਇਸ ਦੁਨੀਆਂ ਦੀ ਸ਼ਹਿਨਸ਼ਾਹੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਬਖ਼ਸ਼ੀ ਹੈ । ਇਸ ਦੁਨੀਆਂ ਦਾ ਆਰੰਭ ਗੁਰੂ ਨਾਨਕ ਸਾਹਿਬ ਨੇ ਕੀਤਾ ਤੇ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਨੇ ਰਲ ਕੇ ਇਸ ਨੂੰ ਪੋਥੀ ਪਰਮੇਸ਼ਰ ਦਾ ਥਾਨ ਬਣਾਇਆ । ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਗਤ ਜਨਾਂ—ਕਬੀਰ, ਰਵਿਦਾਸ, ਫਰੀਦ, ਨਾਮਦੇਵ ਤੇ ਹੋਰ ਉੱਘੇ ਭਗਤਾਂ ਨਾਲ ਰਲ ਕੇ ਇਕ ਨੀਂਹ ਰੱਖੀ—ਸਦਾ ਜੀਂਵਦੀ ਦੁਨੀਆਂ ਦੀ, ਜਿੱਥੇ ਨਾ ਧੋਖਾ ਨਾ ਫ਼ਰੇਬ, ਨਾ ਤਅੱਸਬ ਨਾ ਰਈਯਤ, ਨਾ ਕੂੜ ਨਾ ਖੁਸ਼ਾਮਦ, ਨਾ ਅਫ਼ਸੋਸ ਨਾ ਡਰ ਤੇ ਨਾ ਗ਼ਮ ਹੈ । ਸਦੀਵੀ ਖੇੜਾ ਇਸ ਦੁਨੀਆਂ ਦਾ **Motto** ਹੈ ।

ਮੈਂ ਮੂਰਖ ਨੂੰ ਕੁਝ ਪਤਾ ਨਹੀਂ। ੧੦ ਫੁੱਲਾਂ ਵਿੱਚੋਂ ਕਿਹੜਾ ਫੁੱਲ ਵੱਖਰਾ ਹੈ । ਦਸ ਹੀਰਿਆਂ ਵਿੱਚੋਂ ਕਿਹੜਾ ਹੀਰਾ ਜ਼ਿਆਦਾ ਚਮਕਦਾ ਹੈ । ਦਸ ਪਿਆਰਿਆਂ ਵਿੱਚ ਕਿਹੜਾ ਵਾਧੂ ਪਿਆਰਾ ਹੈ । ਇਸ ਲਈ ਭਾਵੇਂ ਮੈਂ ਗੁਰੂ ਅਮਰਦਾਸ ਦੇ ਚਰਨਾਂ 'ਤੇ ਸਿਰ ਰੱਖ ਕੇ ਬੈਠਾ ਹਾਂ, ਮੈਨੂੰ ਕੁਝ ਪਤਾ ਨਹੀਂ ਭਾਵੇਂ ਇਹ ਗੁਰੂ ਨਾਨਕ ਹੈ ਜਾਂ ਭਾਵੇਂ ਗੁਰੂ ਗੋਬਿੰਦ ਸਿੰਘ; ਕਿਉਂਕਿ—

੧) ਪੈਗ਼ਾਮ ਇਕੋ ਹੈ ।

੨) ਖੇੜਾ ਇਕੋ ਹੀ ਹੈ ।

੩) ਖੁਸ਼ਬੋ ਇਕੋ ਹੀ ਹੈ ।

੪) ਦਰਦ ਇਕੋ ਹੀ ਹੈ ।

੫) ਪਿਆਰ ਇਕੋ ਹੀ ਹੈ ।

ਜਦੋਂ ਦਾ ਮੈਂ 'ਗੁਰਪ੍ਰਸਾਦਿ' ਪੜ੍ਹਿਆ ਹੈ ਮੈਂ ਸੁੱਧ-ਬੁੱਧ ਵਿਸਾਰ ਬੈਠਾ ਹਾਂ, ਮੈਂ ਕਦੇ ਆਪਣੇ ਵੱਲ ਤੱਕਦਾ ਹਾਂ ਕਦੇ ਆਪਣੇ ਗੁਰੂ ਗ੍ਰੰਥ ਸਾਹਿਬ ਵੱਲ। ਵਾਰੋ ਵਾਰੀ ਦਸੇ ਦੇ ਦਸੇ ਪਾਤਿਸ਼ਾਹ, ਕਬੀਰ, ਰਵਿਦਾਸ, ਨਾਮਦੇਵ, ਫ਼ਰੀਦ ਤੇ ਹੋਰ ਭਗਤ ਹੀ ਨਹੀਂ ਸਗੋਂ ਈਸਾ, ਮੁਹੰਮਦ, ਸ੍ਰੀ ਕ੍ਰਿਸ਼ਨ, ਸ੍ਰੀ ਰਾਮ, ਪੰਜ



ਪਿਆਰੇ, ਚਾਰ ਸਾਹਿਬਜ਼ਾਦੇ ਤੇ ਪਿਆਰੀ ਸਾਧ ਸੰਗਤ ਮੇਰੀਆਂ ਅੱਖਾਂ ਅੱਗੇ ਆ ਜਾਂਦੇ ਹਨ ਸਾਰੇ ਮੈਨੂੰ ਅਸੀਸਾਂ ਦੇਣ ਲਈ; ਇਕ ਹੁਲਾਰਾ ਆਉਂਦਾ ਹੈ :

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਗੁਰੂ ਅਮਰਦਾਸ ਸਾਹਿਬ ਨੇ ਤਾਂ ਇਹ ਗੁਰੂ ਨਾਨਕ ਦੀ ਜੋਤ ਗੁਰੂ ਅੰਗਦ ਸਾਹਿਬ ਦੀ ਸੇਵਾ ਕਰਦਿਆਂ ਇਹ ਹੁਲਾਰਾ ਖਾਧਾ ਹੋਵੇਗਾ, ਪਰ ਮੇਰੇ ਨੀਚ ਲਈ ਇਸ ਹੁਲਾਰੇ ਦਾ ਸਵਾਦ ਕੇਵਲ ਉਨ੍ਹਾਂ ਦੀ ਬਖ਼ਸ਼ਿਸ਼ ਹੈ ।

ਕਦੇ-ਕਦੇ ਮੈਂ ਆਪਣੀ ਗਿਰਾਵਟ ਵੱਲ ਤੱਕਦਾ ਹਾਂ ਤਾਂ ਸ਼ੁਕਰ ਤੇ ਹੈਰਾਨੀ ਵਿੱਚ ਪਾਗਲ ਹੋ ਜਾਂਦਾ ਹੈ । ਮੇਰੇ ਵਰਗੇ ਅਕ੍ਰਿਤਘਣ ਕੁੱਤੇ ਨੂੰ ਇਹ ਪਵਿੱਤਰ ਵਾਕ ਹੁਲਾਰਾ ਖਾ ਕੇ ਪੜ੍ਹਨ ਦਿੱਤੇ ਜਾਂਦੇ ਹਨ । ਇਕ ਅਦੁੱਤੀ ਮਿਹਰ ਹੈ; ਪਰ ਜਦੋਂ ਇਹ ਖੇੜਾ ਵੀ ਦੇਣ ਤਾਂ ਇਹ ਸੱਚਮੁੱਚ ਪਤਿਤ ਪਾਵਨ ਸੁਭਾਅ ਹੈ ਸਾਹਿਬਾਂ ਦਾ ।

ਕਦੇ-ਕਦੇ ਮੈਂ ਸੋਚਦਾ ਹਾਂ ਕਿ ਜਦੋਂ ਸਾਹਿਬਾਂ ਨੇ ਆਪਣੇ ਘਰ ਭਰਾ ਦੀ ਨੂੰਹ ਕੋਲੋਂ ਗੁਰੂ ਨਾਨਕ ਦੀ ਬਾਣੀ ਸੁਣ ਕੇ ਗੁਰੂ ਅੰਗਦ ਸਾਹਿਬ ਕੋਲ ਪੇਸ਼ ਹੋਣ ਦੀ ਖ਼ਾਹਸ਼ ਤੇ ਨਿਗੁਰਾ ਹੋਣ ਦਾ ਘਾਟਾ ਪੂਰਾ ਕਰਨ ਦੀ ਖ਼ਾਹਸ਼ ਪ੍ਰਗਟ ਕੀਤੀ ਹੋਣੀ ਹੈ, ਉਹ ਕਿਹੋ ਜਿਹਾ 'ਚਾਅ ਭਰਿਆ ਉਲਾਸ' ਹੋਏਗਾ ਤੇ ਸਾਹਿਬਾਂ ਨੇ ਫੇਰ ਪੁੱਠੇ ਪੈਰੀਂ ਵੱਡੀ ਉਮਰ ਵਿੱਚ ਗਾਗਰ ਪਾਣੀ ਭਰ ਕੇ ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਲਈ ਮਿਟ ਕੇ ੧੨ ਸਾਲ ਲਾਏ ਹੋਣਗੇ । ਮੇਰਾ ਮਨ ਕਹਿੰਦਾ ਹੈ ਕਿ ਉਸ ਜੁਲਾਹੀ ਨੂੰ ਕੀ ਪਤਾ ਸੀ ਕਿ ਗੁਰੂ ਅਮਰਦਾਸ ਸਾਹਿਬ ਦੀ ਇਕ ਤੁਕ ਦਾ **"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।"** ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ; ਭਾਵੇਂ ਸਾਰੀ ਸ੍ਰਿਸ਼ਟੀ ਦਾ ਰਾਜ ਸਾਡੇ ਹਵਾਲੇ ਹੋ ਜਾਏ ।

ਫੇਰ ਮੈਂ ਸੋਚਦਾ ਹਾਂ ਕਿ ਸਾਹਿਬਾਂ ਦੇ ਮਨ ਦੀ ਹਾਲਤ ਕੀ ਹੋਵੇਗੀ ਜਦੋਂ ਹੁਲਾਰਾ ਖਾ ਕੇ ਤੇ ਦ੍ਰਿੜ੍ਹਤਾ ਨਾਲ ਠਾਠਾਂ ਮਾਰ ਕੇ ਕਿਹਾ ਹੋਵੇਗਾ ਕਿ ਮੈਨੂੰ ਆਨੰਦ ਆ ਗਿਆ ਹੈ, ਕਿਉਂਕਿ ਮੈਂ ਸਤਿਗੁਰੂ ਪਾ ਲਿਆ ਹੈ । ਫੇਰ ਅੱਗੇ ਜਾ ਕੇ ਸਾਹਿਬਾਂ ਦਾ ਹੋਰ ਦ੍ਰਿੜ੍ਹਤਾ ਨਾਲ ਕਹਿਣਾ: ਸਾਰੀ ਦੁਨੀਆਂ ਕਹਿੰਦੀ ਹੈ 'ਆਨੰਦ ਆ ਗਿਆ'; ਪਰ ਅਸਲੀ ਆਨੰਦ ਕੇਵਲ ਗੁਰੂ ਤੋਂ ਹੀ ਮਿਲ ਸਕਦਾ ਹੈ । ਫਿਰ ਨਾਲ ਹੁਕਮ ਹੈ ਅੰਦਰੋਂ ਮੋਹ ਤੁਟੇ ।

ਸਾਹਿਬਾਂ ਦੇ ਲਈ ਕਈ ਸ਼ਬਦ, ਕਈ ਪ੍ਰੇਮ ਕਥਾਵਾਂ, ਕਈ ਪਿਆਰ

ਭਰੇ ਬੋਲ ਹਨ; ਪਰ ਸਾਰਾ ਆਨੰਦ ਸਾਹਿਬ ਮੇਰੀ ਜੀਵਨ ਧਾਰਾ ਦਾ ਪ੍ਰੇਰਕ ਹੈ ਤੇ ਖੇੜਾ ਬਖ਼ਸ਼ਦਾ ਹੈ । ਸਾਹਿਬਾਂ ਦਾ ਜ਼ੋਰ ਇਨ੍ਹਾਂ ਗੱਲਾਂ 'ਤੇ ਮੈਨੂੰ ਚੰਗਾ ਲੱਗਦਾ ਹੈ :

੧) ਤਨ ਮਨ ਧਨ ਸਭ ਗੁਰੂ ਨੂੰ ਸਉਪਣਾ ਹੈ ਤੇ ਫੇਰ ਹੁਕਮ ਮੰਨਣਾ ਹੈ।

੨) ਇਹ ਕੁਟੰਬ ਸਾਡਾ ਨਾਲ ਨਹੀਂ ਜਾਣਾ, ਇਸ ਲਈ ਸੱਚੇ ਨਾਲ ਚਿੱਤ ਲਾਉਣਾ ਜ਼ਰੂਰੀ ਹੈ ਜਿਹੜਾ ਨਾਲ ਚੱਲੇ ।

੩) ਭਗਤਾਂ ਦੀ ਚਾਲ ਦੁਨੀਆਂ ਦੀ ਚਾਲ ਨਾਲੋਂ ਵੱਖਰੀ ਹੈ ਤੇ ਬਿਖ਼ਮ ਮਾਰਗ ਪਰ, ਗੁਰਪ੍ਰਸਾਦੀ ਜੇ ਆਪਾ ਤਜਿਆ ਜਾਏ ਤਾਂ ਸਾਹਿਬਾਂ ਵਿੱਚ ਸਮਾ ਸਕਦੇ ਹਾਂ ।

੪) ਕਰਮ ਕਰਨ ਨਾਲ ਸਹਿਜ ਨਹੀਂ ਉਪਜ ਸਕਦਾ ਤੇ ਸਹਿਸੇ ਨਹੀਂ ਮੁੱਕ ਸਕਦੇ; ਪਰ ਸ਼ਬਦ ਨਾਲ ਮਨ ਧੋਤਾ ਜਾਏ ਤੇ ਹਰੀ ਨਾਲ ਚਿੱਤ ਲੱਗ ਜਾਏ ਤਾਂ ਗੁਰਪ੍ਰਸਾਦੀ ਸਹਿਜ ਉਪਜ ਆਉਂਦਾ ਹੈ ।

੫) ਜਿਹੜੇ ਅੰਦਰੋਂ ਮੈਲੇ ਹਨ ਤੇ ਬਾਹਰੋਂ ਨਿਰਮਲ ਬਣਦੇ ਹਨ ਉਹ ਜੂਏ ਵਿੱਚ ਜਨਮ ਹਾਰ ਰਹੇ ਹਨ ।

੬) ਜੇ ਸਤਿਗੁਰੂ ਅੱਗੇ ਸਨਮੁੱਖ ਹੋਣਾ ਹੈ ਤਾਂ ਅੰਦਰੋਂ ਹਰ ਵੇਲੇ ਗੁਰੂ ਚਰਨਾਂ ਵਿੱਚ ਰਹਿਣਾ ਪਵੇਗਾ, ਨਾਲੇ ਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਕੁਝ ਨਹੀਂ ਸਮਝਣਾ ਹੋਵੇਗਾ । ਆਪਣਾ ਆਪ ਮਾਰ ਕੇ ਗੁਰੂ ਚਰਨਾਂ ਨਾਲ ਚਮੁਟੇ ਰਹਿਣਾ ਪਵੇਗਾ ।

੭) ਗੁਰੂ ਦੀ ਵਡਿਆਈ ਤੇ ਵਾਹਿਗੁਰੂ ਦੀ ਸਿਫ਼ਤ ਸਲਾਹ ਦੇ ਬਗੈਰ ਹਰ ਗੱਲ ਨੂੰ ਕੱਚੀ ਸਮਝ ਕੇ ਆਪਣਾ ਸਮਾਂ ਲੁਟਾਉਣਾ ਨਹੀਂ ਹੋਵੇਗਾ ।

੮) ਗੁਰੂ ਕੇ ਸ਼ਬਦਾਂ ਨੂੰ ਰਤਨਾਂ ਹੀਰਿਆਂ ਦਾ ਹਾਰ ਸਮਝ ਕੇ ਆਪਣਾ ਮਨ ਮਾਇਆ ਤੋਂ ਤੋੜ ਕੇ ਗੁਰੂ ਚਰਨਾਂ ਵਿੱਚ ਲਾਉਣਾ ਪਵੇਗਾ ।

੯) ਤੱਤ ਇਹ ਹੈ ਕਿ ਗੁਰੂ ਦੀ ਚਾਕਰੀ ਕਰੀਏ ਤਾਂ ਜੋ ਇਨ੍ਹਾਂ ਗੁਣਾਂ ਤੋਂ ਉੱਚਾ ਉੱਠ ਕੇ ਗੁਰੂ ਕਿਰਪਾ ਨਾਲ ਜਾਗ ਪਈਏ । ਹਰੀ ਨਾਲ ਅਨਦਿਨ ਲਿਵ ਲਗਾ ਕੇ ਹਮੇਸ਼ਾਂ ਜਾਗਦੇ ਰਹੀਏ ।

੧੦) ਗੁਰਪ੍ਰਸਾਦੀ ਜਿਨ੍ਹਾਂ ਦੀ ਲਿਵ ਲੱਗ ਜਾਏ ਉਹ ਮਾਇਆ ਵਿੱਚ



ਰਹਿੰਦਿਆਂ ਹੀ ਵਾਹਿਗੁਰੂ ਨੂੰ ਪਾ ਸਕਦੇ ਹਨ ।

੧੧) ਐਸਾ ਸਤਿਗੁਰੂ ਮਿਲ ਜਾਏ (ਜਿਹੜਾ ਲਿਵ ਲਗਾਵੇ) ਤਾਂ ਉਸ ਨੂੰ ਸਿਰ ਸੌਂਪ ਕੇ ਆਪਣਾ ਆਪ ਮਿਟਾ ਦੇਣਾ ਚਾਹੀਦਾ ਹੇ ।

੧੨) ਸਾਡਾ ਸੱਚਾ ਵਿਉਪਾਰ ਕੇਵਲ ਨਾਮ ਹੈ, ਤਾਂ ਜੋ ਸਾਰਾ ਦਿਨ ਲਾਭ ਖੱਟਦੇ ਰਹੀਏ ।

੧੩) ਰਸਨਾ ਦਾ ਕੰਮ ਹੈ ਕਿ ਅਨਰਸ ਛੱਡ ਕੇ ਹਰਿ ਰਸ ਪੀਏ । ਜਦ ਤਕ ਹਰਿ ਰਸ ਦਾ ਸੁਆਦ ਨਹੀਂ ਆਉਂਦਾ ਤਦ ਤਕ ਤ੍ਰਿਸ਼ਨਾ ਮਗਰੋਂ ਨਹੀਂ ਲਹਿ ਸਕਦੀ । ਅਨਰਸ ਮੁੱਕ ਗਏ ਤਾਂ ਹਰਿ ਰਸ ਮਨ ਵਿੱਚ ਵੱਸ ਗਿਆ ।

੧੪) ਸਰੀਰ ਦਾ ਕੰਮ ਹੈ ਕਿ ਹਰੀ ਦੀ ਜੋਤ ਜੋ ਉਸ ਵਿੱਚ ਰੱਖੀ ਹੋਈ ਹੈ ਉਸ ਨੂੰ ਬੁੱਝੇ ਤੇ ਉਸ ਸਾਹਿਬ ਰਚਨਹਾਰ ਨੂੰ ਯਾਦ ਕਰਕੇ ਗੁਰਪ੍ਰਸਾਦੀ ਹਰੀ ਨੂੰ ਮਨ ਵਿੱਚ ਵਸਾ ਲਏ ਤਾਂ ਹੀ ਸਰੀਰ ਪ੍ਰਵਾਨ ਹੋਵੇਗਾ ।

੧੫) ਅੱਖਾਂ ਦਾ ਕੰਮ ਹੈ ਕਿ ਹਮੇਸ਼ਾਂ ਪ੍ਰਭੂ ਨੂੰ ਦੇਖਣਾ । ਵਿਸ਼ੇ ਵਿੱਚੋਂ ਹੀ ਪ੍ਰਭੂ ਨੂੰ ਲੋੜਨਾ । ਗੁਰਪ੍ਰਸਾਦੀ ਹੀ ਤੇਜ਼ ਨਜ਼ਰ ਸੁੱਚ ਤੇ ਸੱਚ ਦੇਖ ਸਕਦੀ ਹੈ । ਅੱਖਾਂ ਨੂੰ ਵਿਕਾਰ ਦੇਖਣ ਦਾ ਹੁਕਮ ਨਹੀਂ ।

੧੬) ਕੰਨਾਂ ਨੂੰ ਕੇਵਲ ਹੁਕਮ ਹੈ ਕਿ ਉਹ ਸੱਚ ਸੁਣਨ ਲਈ ਭੱਜ ਪੈਣ, ਜਿਸ ਨਾਲ ਤਨ ਮਨ ਹਰਿਆ ਹੋ ਜਾਵੇ ।

੧੭) ਸੱਚ ਸੁਣਨਾ, ਸੱਚ ਵੇਖਣਾ, ਸੱਚ ਖਾਣਾ, ਸੱਚ ਪਹਿਨਣਾ—ਕਿਉਂ?

ਕਿਉਂਕਿ ਸੱਚ ਹੀ ਸਭਨਾਂ ਦਾ ਖਸਮ ਹੈ ਤੇ ਉਹੀ ਸੱਚ ਗੁਰੂ ਦੀ ਬਾਣੀ, ਗੁਰੂ ਦਾ ਰੂਪ ਤੇ ਵਾਹਿਗੁਰੂ ਦਾ ਰੂਪ ਬਣ ਕੇ ਸ਼ਹਿਨਸ਼ਾਹੀ ਠਾਠ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਹੁਣ ਸਾਡੀ ਅਗਵਾਈ ਕਰਦਾ ਹੈ, ਜਿਨ੍ਹਾਂ ਨੂੰ ਉਹ ਆਪ ਬਖ਼ਸ਼ਿਸ਼ ਕਰਦਾ ਹੈ ਉਨ੍ਹਾਂ ਨੂੰ ਹੀ ਸੱਚ ਪ੍ਰਾਪਤ ਹੁੰਦਾ ਹੈ ਤੇ ਅਸਾਂ ਸੁਹਾਗਣਾਂ ਬਣਨਾ ਹੈ ਤਾਂ ਸੱਚ ਨੂੰ ਖਸਮ ਮੰਨਣਾ ਹੀ ਪਏਗਾ ।

੧੮) ਸਾਰੇ ਮਨੋਰਥ ਅਨੰਦਮਈ ਆਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਦੀ ਸੁੱਚੀ ਤੇ ਸੱਚੀ ਸੇਵਾ ਆਪਾ ਨਿਭਾਉਣ ਦੇ ਸਦਕੇ ਪੂਰੇ ਹੁੰਦੇ ਹਨ । ਵਡਭਾਗੀ ਮਨੁੱਖ ਹੀ ਆਨੰਦ ਸਾਹਿਬ ਦਾ ਉਪਦੇਸ਼ ਸੁਣ ਕੇ ਤੇ ਇਸ 'ਤੇ ਅਮਲ ਕਰਕੇ ਦੁੱਖਾਂ, ਰੋਗਾਂ ਤੇ ਸੰਤਾਪਾਂ ਤੋਂ ਰਹਿਤ ਹੋ ਜਾਂਦੇ ਹਨ ।

## Special Emphasis

੧੯) ਗੁਰੂ ਅਮਰਦਾਸ ਸਾਹਿਬ ਦੀ ਮਹਾਨ ਦੇਣ ਜਿਹੜੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬੯੯ ਦੀ ਵਿਸਾਖੀ ਨੂੰ ਹੋਰ ਰੂਪ ਵਿੱਚ ਦਿਖਾਈ ਹੈ ।

### ਅੰਮ੍ਰਿਤ

ਅੰਮ੍ਰਿਤ ਨੂੰ ਰਿਸ਼ੀ ਮੁਨੀ ਲੋਚਦੇ ਹਨ ਪਰ ਅੰਮ੍ਰਿਤ ਕੇਵਲ ਗੁਰੂ ਕੋਲੋਂ ਮਿਲਦਾ ਹੈ, ਜਿਹੜਾ ਗੁਰੂ ਅੰਗਦ ਸਾਹਿਬ ਕੋਲੋਂ ਗੁਰੂ ਅਮਰਦਾਸ ਸਾਹਿਬ ਨੂੰ ਮਿਲਿਆ । ਗੁਰੂ ਕ੍ਰਿਪਾ ਨਾਲ ਅੰਮ੍ਰਿਤ ਪਾ ਕੇ ਸੱਚਾ ਮਨ ਵੱਸਦਾ ਹੈ ।

੨੦) ਅੰਮ੍ਰਿਤ ਪੀ ਕੇ ਸੱਚੀ ਬਾਣੀ ਵਿੱਚ ਲੀਨ ਹੋ ਕੇ ਸਦਾ ਹਰੀ ਦੇ ਰੰਗ ਵਿੱਚ ਬੰਦਾ ਰੰਗਿਆ ਰਹਿੰਦਾ ਹੈ ਜਿਸ ਤੇ ਸਾਹਿਬਾਂ ਦੀ ਬਖ਼ਸ਼ਿਸ਼ ਹੋ ਜਾਏ ।

ਆਪ ਹੈਰਾਨ ਹੋਵੋਗੇ ਕਿ ਸਾਹਿਬਾਂ ਦਾ ਪੈਗ਼ਾਮ ਸਾਫ਼ ਹੈ, ਸਪੱਸ਼ਟ ਹੈ; ਪਰ ਮੈਂ ਆਪਣੀ ਵਡਿਆਈ ਦੇ ਮਾਣ ਵਿੱਚ ਅੰਮ੍ਰਿਤ ਨੂੰ ਇਕ ਖੇਡ ਧਾਰ ਬੈਠਾ ਹਾਂ । ਅੰਮ੍ਰਿਤ ਛਕਿਆ, ਦਾੜ੍ਹੀ ਰੱਖੀ ਖੁੱਲ੍ਹੀ ਜਾਂ ਬੱਧੀ, ਪੰਜ ਬਾਣੀਆਂ ਪੜ੍ਹੀਆਂ ਤੇ ਮੁੱਖੋਂ ਨਾਮ ਜੱਪਿਆ ਤਾਂ ਸਿੱਖ ਬਣ ਗਿਆ । ਜਗ੍ਹਾ-ਜਗ੍ਹਾ 'ਤੇ ਰਿਵਾਜਣ ਅੰਮ੍ਰਿਤ ਛਕਾਉਣ ਵਾਲੇ ਅੰਮ੍ਰਿਤ ਦੀ ਰਸਮ ਪੂਰੀ ਕਰਦੇ ਹਨ; ਪਰ ਭੋਲੇ ਭੁੱਲ ਜਾਂਦੇ ਹਨ ਕਿ ਛਕਣ ਛਕਾਉਣ ਵਾਲਿਆਂ ਲਈ ਕੁਝ **Do's** ਤੇ **Don'ts** ਹਨ ।

ਸਭ ਤੋਂ ਵੱਡਾ **Do** (ਕਰਨ ਵਾਲੀ ਗੱਲ ਹੈ)—ਸਿਰ ਗੁਰੂ ਨੂੰ ਵੇਚ ਦੇਣਾ, ਆਪਾ ਛੱਡ ਕੇ ਗੁਰੂ ਚਰਨਾਂ ਦੇ ਪਿਆਰ ਵਿੱਚ ਤਨ ਮਨ ਧਨ ਅਰਪਣ ਕਰਕੇ ਸਤਿਗੁਰੂ ਨੂੰ ਪੁੱਛ ਕੇ ਉਸ ਦੀ ਆਗਿਆ ਵਿੱਚ ਸੱਚ ਦੀ ਪੜ੍ਹਾਈ ਲਈ ਲੀਨ ਰਹਿਣ ਤੇ ਸਭ ਤੋਂ ਵੱਡਾ **Don't** (ਨਾ ਕਰਨ ਵਾਲੀ ਗੱਲ) ਹੈ ਮੁੱਖੋਂ ਹਰਿ ਹਰਿ ਕਰਨਾ ਤੇ ਅੰਦਰ ਕਪਟ ਵਿਕਾਰ ਹੋਣਾ ਜਿਵੇਂ ਕਿ ਮੇਰਾ ਹਾਲ ਹੈ:

**"ਰਹਤ ਅਵਰ ਕਛੁ ਅਵਰ ਕਮਾਵਤ॥**
**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥"** (ਅੰ:੨੬੯)

ਫਿਰ ਯਕੀਨ ਕਰ ਲਈਏ ਕਿ ਜਦ ਤਕ ਸਾਹਿਬ ਗੁਰੂ ਅਮਰਦਾਸ ਵਾਂਙੂੰ ਆਪਾ ਮਿਟਾ ਕੇ ਸੇਵਾ ਵਿੱਚ ਲੀਨ ਨਹੀਂ ਹੁੰਦੇ ਤਦ ਤਕ ਪ੍ਰਭੂ ਜਾਂ ਗੁਰੂ ਦੀ ਖੁਸ਼ੀ ਨਹੀਂ ਨਹੀਂ ਨਹੀਂ ਨਹੀਂ ਨਹੀਂ ਲੈ ਸਕਦੇ । ਭੇਖੀ ਸਿੱਖ ਬਣ ਸਕਦੇ ਹਾਂ ਖ਼ਾਲਸਾ ਨਹੀਂ ਅਖਵਾ ਸਕਦੇ ।



## ਗੁਰੂ ਅਮਰਦਾਸ ਸਾਹਿਬ ਦੇ ਚਰਨਾਂ ਵਿੱਚ ਅਰਦਾਸ

ਆਪ ਨੇ ੫੦੦ ਸਾਲ ਪਹਿਲਾਂ ਪ੍ਰਵੇਸ਼ ਕੀਤਾ । ਆਪ ਗੁਰੂ ਨਾਨਕ ਗੁਰੂ ਅੰਗਦ ਸਾਹਿਬ ਅੱਗੇ ਮਿਟ ਗਏ, ਮੇਰੇ ਗ਼ਰੀਬ 'ਤੇ ਕਿਰਪਾ ਕਰੋ ਮੈਂ ਆਪ ਅੱਗੇ ਉਸੇ ਤਰ੍ਹਾਂ ਮਿਟ ਜਾਵਾਂ ਜਿਵੇਂ ਆਪ ਆਪਣੇ ਗੁਰੂ ਅੱਗੇ ਮਿਟੇ । ਮੈਂ ਉਸੇ ਤਰ੍ਹਾਂ ਸੇਵਾ ਕਰਾਂ ਸਾਰੀ ਇਨਸਾਨੀਅਤ ਦੀ ਬਗੈਰ ਭੇਦ ਭਾਓ ਤੇ ਵਿਤਕਰੇ ਦੇ । ਖ਼ਲਕਤ ਵਿੱਚੋਂ ਵਾਹਿਗੁਰੂ ਨੂੰ ਤੇ ਆਪ ਨੂੰ ਤੱਕਾਂ, ਮੇਰੇ ਰੋਮ ਰੋਮ ਵਿੱਚੋਂ 'ਧੰਨ ਗੁਰੂ ਅਮਰਦਾਸ' ਨਿਕਲੇ ਤੇ ਆਪ ਦੇ ਚਰਨ ਉਸੇ ਤਰ੍ਹਾਂ ਹਿਰਦੇ ਵਿੱਚ ਅੰਤਰ ਆਤਮੈ ਸਮਾਲਾਂ ਜਿਵੇਂ ਆਪ ਦਾ ਹੁਕਮ ਹੈ । ਆਪ ਦੇ ਪੈਰਾਂ ਸਦਕਾ ਇਕ ਕੁਸ਼ਟ ਰੋਗੀਆਂ ਦੇ ਹਸਪਤਾਲ ਵਿੱਚ ਗੁਰੂ ਦੇ ਨਾਮ 'ਤੇ ਆਪਣਾ ਆਪ ਮਿਟਾ ਕੇ ਸੇਵਾ ਕਰਾਂ ਤੇ ਗੁਰੂ ਦੀ ਮਿਹਰ ਨਾਲ ਹੀ ਸੇਵਾ ਕਰਦਾ-ਕਰਦਾ ਆਪ ਦੇ ਚਰਨਾਂ ਵਿੱਚ ਲੀਨ ਹੋ ਜਾਵਾਂ । ਕਦੇ ਕੁਝ ਨਾ ਮੰਗਾਂ, ਕੁਝ ਨਾ ਚਾਹਵਾਂ, ਕੁਝ ਨਾ ਸੋਚਾਂ, ਕੁਝ ਨਾ ਮਾਣਾ, ਕੁਝ ਨਾ ਦੇਖਾਂ, ਕੁਝ ਨਾ ਸੁਣਾ, ਕੇਵਲ ਆਪ ਦੇ ਚਰਨ ਦੇਖਾਂ । ਉਨ੍ਹਾਂ ਚਰਨਾਂ ਦਾ ਸਦਕਾ ਗ਼ਰੀਬਾਂ ਦੁਖੀਆਂ ਦਾ ਮਿੱਤਰ ਬਣ ਜਾਵਾਂ । ਸਭ ਨਾਲ ਸਾਂਝਾ ਪਿਆਰ ਪਾ ਕੇ ਵਾਹਿਗੁਰੂ ਦੀ ਦੁਨੀਆਂ ਵਿੱਚ ਵਾਹਿਗੁਰੂ, ਅੱਲ੍ਹਾ, ਰਾਮ, God ਦੇ ਸਭ ਪਿਆਰਿਆਂ ਦੀ ਚਰਨਧੂੜ ਬਣ ਕੇ ਗੁਰੂ ਅਮਰਦਾਸ, ਆਪ ਦੇ ਪੈਰਾਂ ਦਾ ਸਦਕਾ ਸਵਾਸ-ਸਵਾਸ ਨਾਮ ਜੱਪਦਾ ਹਰ ਘੜੀ ਸੇਵਾ ਵਿੱਚ ਲੀਨ ਰਵ੍ਹਾਂ । ਤੈਨੂੰ ਦੇਖਾਂ, ਤੈਨੂੰ ਸੁਣਾਂ, ਤੈਨੂੰ ਯਾਦ ਕਰਾਂ ਤੇ ਤੈਨੂੰ ਹੀ ਜਾਣਾਂ। ਮੇਰੇ ਹਰ ਕੰਮ ਵਿੱਚੋਂ ਆਪ ਦੇ ਚਰਨ ਕਮਲਾਂ ਦੀ ਖ਼ੁਸ਼ਬੂ ਆਵੇ । ਮੈਨੂੰ ਕੋਈ ਨਾ ਜਾਣੇ । ਤੇਰੀ ਵਡਿਆਈ ਸਾਰੀ ਦੁਨੀਆਂ ਵਿੱਚ ਫੈਲੇ । ਮੇਰਾ ਕੁਝ ਨਾ ਰਹੇ, ਮੈਂ ਤੇਰਾ ਬਣ ਕੇ ਸਾਰੀ ਦੁਨੀਆਂ ਦਾ ਬਣ ਜਾਵਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਛਾਂ ਹੇਠ ਬੇਗ਼ਮਪੁਰਾ ਸ਼ਹਿਰ ਵਿੱਚ ਰਵ੍ਹਾਂ ।

### ਸਾਰੀ ਇਨਸਾਨੀਅਤ ਦਾ ਸਾਂਝਾ ਪਾਤਿਸ਼ਾਹ

# ਗੁਰੂ ਅਰਜਨ ਦੇਵ ਜੀ

ਮੇਰੀਆਂ ਅੱਖਾਂ ਵਿੱਚ ਅੱਥਰੂ ਹਨ, ਨਾ ਖ਼ੁਸ਼ੀ ਦੇ ਨਾ ਉਦਾਸੀ ਦੇ; ਸਗੋਂ ਮੇਰੀਆਂ ਅੱਖਾਂ ਦਾ ਗਰਮ ਪਾਣੀ ਇਸ ਦੁੱਖ ਦਾ ਗਵਾਹ ਹੈ ਕਿ ਮੇਰਾ ਮਾਈ-ਬਾਪ ਮੇਰਾ ਸ਼ਹਿਨਸ਼ਾਹ ਗੁਰੂ ਅਰਜਨ ਦੇਵ, ਜੋ ਕੁਝ ਵੀ ਮੈਨੂੰ ਸਿਖਾ ਗਿਆ ਸੀ, ਉਸ ਨੂੰ ਪੁੱਠੀ ਹੰਕਾਰ ਭਰੀ ਮੌਤ ਨਾਲ ਗ਼ਲਤ ਬਿਆਨੀ ਤੇ ਗ਼ਲਤ ਸਮਝੀ ਦੇ ਸਹਾਰੇ ਮਿੱਟੀ ਵਿੱਚ ਰੋਲ ਦਿੱਤਾ । ਨਤੀਜਾ ਇਹ ਨਿਕਲਿਆ ਕਿ "ਮੈਂ" ਤਾਂ ਆਪਣੇ ਮਨ ਵਿੱਚ, ਆਪਣੇ ਮੁਹੱਲੇ ਵਿੱਚ ਤੇ ਆਪਣੇ ਕਾਰੋਬਾਰ ਵਿੱਚ ਮਹਾਨ ਬਣ ਗਿਆ; ਪਰ ਇਸ "ਮੇਰੀ" "ਮੈਂ" ਨੇ ਮੇਰੇ ਗੁਰੂ ਦੀ ਸ਼ਾਨ ਘਟਾ ਦਿੱਤੀ, ਮੇਰੇ ਗੁਰੂ ਦੀ **University** (ਸਰਵ ਵਿਆਪੀ) ਉਡਾ ਦਿੱਤੀ, ਮੇਰੇ ਗੁਰੂ ਦਾ ਸਾਂਝਾ ਪੈਗ਼ਾਮ ਮੇਰੀ ਆਕੜ ਵਿੱਚ ਘੁਲ ਗਿਆ । ਜਿਸ **National integration** (ਕੌਮਾਂਤਰੀ ਸਾਂਝੀਵਾਲਤਾ) ਨੂੰ ਅੱਜਕੱਲ੍ਹ ਅਸੀਂ ਲਿਲ੍ਹਕਾਂ ਲੈ ਕੇ ਆਪਣੇ ਦੇਸ਼ ਵਿੱਚ ਫੈਲਾਣਾ ਚਾਹੁੰਦੇ ਹਾਂ, ਉਹ ਸਿੱਖ ਦੀ ਜੱਦੀ ਜਾਇਦਾਦ ਹੈ; ਪਰ ਅਸਾਂ ਆਪ ਹੀ ਸ਼ਰਾਬੀ, ਕਬਾਬੀ ਪੁੱਤਰਾਂ ਵਾਂਗ ਪਿਓ-ਦਾਦੇ ਦੀ ਜਾਇਦਾਦ ਲੁਟਾ ਦਿੱਤੀ ਹੈ । ਜੇ ਕਿਤੇ ਪਿਓ ਦਾਦੇ ਦੇ ਹੁਕਮਾਂ 'ਤੇ ਚੱਲਦੇ ਤਾਂ ਇਹ **Truth** (ਸੱਚਾਈ) ਹਮੇਸ਼ਾਂ ਚਮਕਦੀ ਕਿ ਗੁਰੂ ਅਰਜਨ ਸਾਹਿਬ ਤੋਂ ਵੱਡਾ ਕੋਈ ਹੋਰ ਹਿੰਦੁਸਤਾਨੀ ਨਹੀਂ ਹੋਇਆ ਜਿਸ **National Integration** (ਕੌਮਾਂਤਰੀ ਸਾਂਝੀਵਾਲਤਾ) ਸੰਪੂਰਨਤਾ ਨਾਲ ਨਿਭਾਈ ਹੋਵੇ । ਸਗੋਂ ਇਹ ਕਵ੍ਹਾਂ ਕਿ ਉਸ ਫ਼ਕੀਰ ਪਾਤਿਸ਼ਾਹ ਤੋਂ ਵੱਡਾ ਕੋਈ ਮਨੁੱਖ ਨਹੀਂ ਹੋਇਆ ਜਿਸ ਸਾਰੀ ਇਨਸਾਨੀਅਤ ਨੂੰ ਅਮਲੀ ਰੂਪ ਵਿੱਚ ਇਕ ਵਾਹਿਗੁਰੂ ਦੀ ਸਾਂਝੀ ਕੌਮ ਪਛਾਣਿਆ ਹੋਵੇ ।

ਇਹ ਕੋਈ ਸ਼ਰਧਾਲੂ ਸਿੱਖ ਦੇ ਲਫ਼ਜ਼ ਨਹੀਂ । ਮੈਂ ਤਾਂ ਇਕ ਅਤਿ ਮਲੀਣ ਅਲਪਗ ਮੂਰਖ ਕੀੜਾ ਹਾਂ, ਪਰ ਮੈਂ ਗੁਰੂ ਅਰਜਨ ਦੇਵ ਦੇ ਉਸ ਮਹਾਨ ਪੈਗ਼ਾਮ ਨੂੰ ਸੁਣ ਕੇ ਸਿੱਖ ਬਣਨਾ ਚਾਹੁੰਦਾ ਹਾਂ ਤਾਂ ਜੋ ਮਸੀਤਾਂ ਵਿੱਚ ਜਾ ਕੇ ਪ੍ਰੇਮ ਨਾਲ ਨਮਾਜ਼ ਪੜ੍ਹਾਂ ਤਾਂ ਵੀ ਹਜ਼ਰਤ ਮੀਆਂ ਮੀਰ ਵਾਂਗੂੰ ਗੁਰੂ ਦਾ ਸਿੱਖ ਅਖਵਾਵਾਂ । ਨਾਲੇ, ਗੁਰੂ ਗ੍ਰੰਥ ਸਾਹਿਬ ਵਿੱਚ ਬੈਠੇ ਬਾਬਾ ਫ਼ਰੀਦ ਨੂੰ ਪੂਰੀ ਤਰ੍ਹਾਂ ਆਪਣਾ ਮੰਨਾਂ, ਕਿਉਂਕਿ ਗੁਰੂ ਅਰਜਨ ਸਾਹਿਬ ਉਸ ਮਹਾਨ ਮੁਸਲਮਾਨ ਸੰਤ ਨੂੰ ਉੱਥੇ ਬਿਠਾ ਗਏ ਹਨ ਤੇ ਗੁਰੂ ਗੋਬਿੰਦ ਸਿੰਘ ਗ੍ਰੰਥ ਸਾਹਿਬ ਜੀ ਨੂੰ ਗੁਰੂ ਗ੍ਰੰਥ ਸਾਹਿਬ ਕਹਿ ਗਏ ਹਨ ।



ਮੇਰੀ ਮਤਿ ਚਕਰਾ ਗਈ, ਮੈਂ ਪੂਰਨ ਸਿੱਖ ਬਣਨ ਦੇ ਬਹਾਨੇ ਆਪਣੀ ਆਕੜ ਦੇ ਟਿੱਲੇ ਹੇਠ ਕਹਿਣਾ ਸ਼ੁਰੂ ਕਰ ਦਿੱਤਾ—ਭਗਤ ਜਨਾਂ ਦੀ ਬਾਣੀ ਇਤਨੀ **Important** (ਮਹੱਤਵਪੂਰਨ) ਨਹੀਂ, ਗੁਰੂ ਸਾਹਿਬਾਨ ਹੀ ਅਸਲੀ ਗੁਰੂ ਹਨ । ਮੈਨੂੰ ਸ਼ਰਮ ਨਾ ਆਈ ਇਹ ਕਹਿੰਦਿਆਂ ਜਾਂ ਸੋਚਦਿਆਂ, ਭਾਵੇਂ ਮੈਂ ਆਪਣੇ ਸਿੱਖਾਂ ਵਿੱਚ ਮਸ਼ਹੂਰ ਹੁੰਦਿਆਂ ਹੋਇਆਂ ਮੁਸਲਮਾਨਾਂ ਤੇ ਹੋਰ ਵਾਹਿਗੁਰੂ ਦੇ ਪਿਆਰਿਆਂ ਨਾਲੋਂ ਆਪਣੇ ਗੁਰੂ ਨੂੰ ਵਿਛੜਵਾ ਦਿੱਤਾ । ਵਿਛੋੜਿਆ ਹੀ ਨਹੀਂ ਸਗੋਂ ਉਸ ਗੁਰੂ ਦਾ **Message** (ਸੰਦੇਸ਼) ਭੀ ਭੁਲਾ ਦਿੱਤਾ । ਨਤੀਜਾ ਇਹ ਹੋਇਆ ਕਿ ਗੁਰੂ ਅਰਜਨ ਸਾਹਿਬ ਨੂੰ ਤਾਂ ਕੋਈ ਗ਼ੈਰ-ਸਿੱਖ ਜਾਣਦਾ ਹੀ ਨਹੀਂ । ਫੇਰ ਹੋਰ ਮੇਰੇ ਆਪਣੇ ਸਿਰ ਸਵਾਹ ਇਹ ਪਈ ਕਿ ਮੈਂ ਮਹਾਨ ਸ਼ਹੀਦੀ ਗੁਰਪੁਰਬ ਨੂੰ ਜਾਂ ਤਾਂ "ਕੱਚੀ ਲੱਸੀ" ਵਾਲਾ ਗੁਰਪੁਰਬ ਸਮਝਿਆ ਤੇ ਜਾਂ ਮੁਸਲਮਾਨ ਬਾਦਸ਼ਾਹ ਤੇ ਜਾਂ ਉਹਦੇ ਬ੍ਰਾਹਮਣ ਵਜ਼ੀਰ ਦੇ ਜ਼ੁਲਮਾਂ ਨਾਲ ਕੇਵਲ ਇਕ ਸਿੱਖ ਗੁਰੂ ਅਰਜਨ ਦੇਵ ਦੀ ਕੁਰਬਾਨੀ ਸਮਝੀ । ਇਹ ਤਾਂ ਘੋਖਿਆ ਹੀ ਨਾ ਕਿ ਗੁਰੂ ਅਰਜਨ ਦੇਵ ਕੇਵਲ ਸਿੱਖ ਗੁਰੂ ਹੀ ਨਹੀਂ ਸੀ, ਬਲਕਿ ਸਾਰੀ ਇਨਸਾਨੀਅਤ ਦਾ ਸਾਂਝਾ ਪੀਰ ਸੀ, ਜਹਾਂਗੀਰ ਦੀ ਮੁਸਲਮਾਨੀ ਖ਼ਰਾਬ ਨਹੀਂ ਸੀ, ਬਲਕਿ ਮੁਸਲਮਾਨੀ ਤੁਅੱਸਬ ਜਿਹੜਾ ਉਸ ਨੂੰ ਕੁਰਾਨ ਸ਼ਰੀਫ਼ ਦੀ ਸਿੱਖਿਆ ਤੋਂ ਦੂਰ ਰੱਖਦਾ ਸੀ ਤੇ ਚੰਦੂ ਬ੍ਰਹਮਣਤਾਈ ਦਾ ਸਵਾਲ ਨਹੀਂ ਸੀ, ਸਗੋਂ ਉਸ ਦੀ ਆਕੜ, ਬਦਲੇ ਦੀ ਅੱਗ ਤੇ ਆਪਣੇ ਮਾਲਕਾਂ ਕੋਲੋਂ ਸ਼ਾਬਾਸ਼ ਲੈਣਾ, ਉਸ ਦੀ ਮਤਿ ਮਾਰ ਰਹੇ ਸਨ । ਆਉ ਦੇਖੀਏ, ਸਾਡੇ ਸਾਰੇ ਝੂਠੇ ਫ਼ਰਜ਼ੀ ਖ਼ਿਆਲ ਕਿਵੇਂ ਚਕਨਾਚੂਰ ਹੋ ਜਾਂਦੇ ਹਨ, ਗੁਰੂ ਅਰਜਨ ਸਾਹਿਬ ਦੀ ਆਪਣੀ ਫ਼ਰਾਖ਼ ਦਿਲੀ ਨਾਲ—

(੧) ਸਿੱਖਾਂ ਦੇ ਸਭ ਤੋਂ ਵੱਡੇ ਅਸਥਾਨ ਦੀ ਨੀਂਹ ਰੱਖਣ ਵਾਲਾ ਕੌਣ ਸੀ—ਮੁਸਲਮਾਨ । ਇਹ ਬਹੁਤ ਸਾਰੀ ਦੁਨੀਆਂ ਨੂੰ ਪਤਾ ਨਹੀਂ—ਤੇ ਪਤਾ ਕਿਵੇਂ ਲੱਗੇ ਜੇ ਅਸੀਂ ਢੰਡੋਰਾ ਇਹ ਦਿੰਦੇ ਹਾਂ ਕਿ ਸਿੱਖਾਂ ਵਰਗਾ ਹੋਰ ਹੈ ਹੀ ਕੋਈ ਨਹੀਂ; ਪਰ ਕਰਤੂਤਾਂ ਪਸ਼ੂਆਂ ਵਾਲੀਆਂ ਕਰਦੇ ਹਾਂ । ਜੇ ਮੈਂ ਆਪਣੇ ਗੁਰੂ ਦੀ ਮਹਾਨਤਾ ਨੂੰ ਪਛਾਣਦਾ ਤਾਂ ਘੋਖ ਕਰਦਾ ਕਿ ਗੁਰੂ ਜੀ ਨੇ ਮੁਸਲਮਾਨ ਕੋਲੋਂ ਨੀਂਹ ਕਿਉਂ ਰਖਵਾਈ? ਤਾਂ ਫਿਰ ਅਮਲੀ ਜੀਵਨ ਵਿੱਚ ਕੀ ਕਰਦਾ? ਮੁਸਲਮਾਨ ਕੋਲੋਂ ਪਿੱਛਾ ਨਾ ਛੁੜਾਂਦਾ, ਉਸ ਨਾਲ ਨਫ਼ਰਤ ਨਾ ਕਰਦਾ। ਕੇਵਲ ਇਹੋ ਫ਼ਰਕ ਰੱਖਦਾ ਜਿਹੜਾ ਗੁਰੂ ਦੇ ਹੁਕਮਾਂ 'ਤੇ ਚੱਲੇ, ਸਾਹਿਬਾਂ ਨੂੰ ਯਾਦ ਕਰੇ, ਨਮਾਜ਼ ਪੜ੍ਹੇ, ਗੀਤਾ ਪੜ੍ਹੇ, ਇਵੇਂ ਕਰੇ, ਉਹ ਮੇਰਾ ਵੀਰ ਤੇ ਜਿਹੜਾ ਸਾਕਤੀ ਕਰੇ ਭਾਵੇਂ ਸਿੱਖ, ਭਾਵੇਂ ਹਿੰਦੂ, ਭਾਵੇਂ ਈਸਾਈ, ਉਸ ਤੋਂ

ਵੱਖ ਰਹਿੰਦਾ ਨਫ਼ਰਤ ਬਗੈਰ । ਮੈਂ ਕੀ ਕੀਤਾ? ਜਿੱਥੋਂ ਧੋਖੇਬਾਜ਼ੀ, ਝੂਠ, ਬਲੈਕ ਦੇ ਕੰਮ ਤੇ ਹੋਰ ਹੇਰਾ ਫੇਰੀਆਂ ਆਈਆਂ, ਉਨ੍ਹਾਂ ਵਿੱਚ ਮੈਂ ਸਿੱਖ ਹਿੰਦੂ ਮੁਸਲਮਾਨ ਈਸਾਈ ਨਾਲ ਰਲ ਕੇ ਚੋਰੀ ਕੀਤੀ ਤੇ ਭਾਈਵਾਲ ਬਣਾਇਆ; ਪਰ ਜਿੱਥੇ ਇਕ ਵਾਹਿਗੁਰੂ ਦੀ ਯਾਦ ਵਿੱਚ ਸਾਹਿਬਾਂ ਨੂੰ ਯਾਦ ਕਰਨ ਦਾ ਸਵਾਲ ਆਇਆ, ਉੱਥੇ ਮਸੀਤਾਂ ਢਾਹ ਕੇ ਗੁਰਦੁਆਰੇ ਬਣਾਏ, ਮੰਦਰਾਂ ਨਾਲ ਨਫ਼ਰਤਾਂ ਕੀਤੀਆਂ ਤੇ ਗਿਰਜੇ ਨੂੰ ਭੈੜਾ ਆਖਿਆ। ਆਪਣੇ ਮਨ ਨੂੰ ਇਵੇਂ ਸਮਝਾਇਆ ਕਿ ਬਾਕੀ ਵੀ ਇੰਞ ਕਰਦੇ ਹਨ । ਮਤਲਬ ਇਹ ਕਿ ਜੇ ਬਾਕੀ ਚੋਰ ਹਨ ਤੇ ਮੈਂ ਕਿਉਂ ਚੋਰ ਨਾ ਹੋਵਾਂ, ਭਾਵੇਂ ਗੁਰੂ ਤੋਂ ਬੇਮੁੱਖ ਵੀ ਹੋਵਾਂ ਤੇ ਉਹਦੀ ਸ਼ਾਨ ਵੀ ਮੇਰੀ ਆਕੜ ਹੇਠ ਦੱਬੀ ਜਾਏ । ਅਸਲ ਵਿੱਚ ਹੁਣੇ ਹੀ ਪੜ੍ਹ ਕੇ ਹਟਿਆਂ ਹਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਗੁਰੂ ਅਮਰਦਾਸ ਸਾਹਿਬ ਕਹਿੰਦੇ ਹਨ—

**'ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ॥**
**ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥'**

(ਅੰਗ ੨੩੩)

ਹੁਕਮ ਹੈ ਉਹ ਘਰ ਗ੍ਰਹਿਸਥ ਤੇ ਟੱਬਰ ਵੀ ਫਿੱਟੇ ਮੂੰਹ ਹੈ ਜਿੱਥੇ-ਜਿੱਥੇ ਸਾਹਿਬਾਂ ਦੀ ਪ੍ਰੀਤ ਨਹੀਂ; ਤਾਂ ਅਸੀਂ ਨਾਮ ਧਰੀਕ ਸਿੱਖ ਕਿਵੇਂ ਮਾਣ ਕਰ ਸਕਦੇ ਹਾਂ ਕਿ ਕਿਸੇ ਹਰਿ ਗੁਣ ਗਾਉਣ ਵਾਲੇ ਮੁਸਲਮਾਨ, ਹਿੰਦੂ ਜਾਂ ਈਸਾਈ ਤੋਂ ਅਸੀਂ ਚੰਗੇ ਹਾਂ । ਅਸਲ ਵਿੱਚ ਅਸੀਂ ਗੁਰੂ ਨੂੰ ਭਾਂਵਦੇ ਹੀ ਤਾਂ ਹਾਂ ਜੇ ਉਸ ਦੇ ਹੁਕਮ ਹੇਠ ਕਿਸੇ ਨੂੰ ਭੈੜਾ ਨਾ ਆਖੀਏ ।

(੨) ਸਿੱਖਾਂ ਦੇ ਦਰਬਾਰ ਦੇ ਚਾਰ ਦਰਵਾਜ਼ੇ ਚਾਰੇ ਵਰਣਾਂ ਲਈ, ਸਾਰੀ ਇਨਸਾਨੀਅਤ ਲਈ, ਸਾਰੇ ਮਜ਼ਹਬਾਂ ਲਈ ਕਿਉਂ? ਕਿਉਂਕਿ ਕੰਮ ਸਾਂਝਾ ਹੈ । ਵਾਹਿਗੁਰੂ ਨੂੰ ਯਾਦ ਕਰਨਾ ਦਿਨੇ ਰਾਤ, ਖਿਨ-ਖਿਨ ਕੋਈ ਕਰੇ, ਇਵੇਂ ਕਰੇ, ਉਸ ਤੋਂ ਸਦਕੇ! ਪਰ ਅਸੀਂ ਕੇਵਲ ਗੁਰੂ ਦੀ ਤਾਰੀਫ਼ ਕਰ ਦਿੰਦੇ ਹਾਂ । ਗੁਰੂ ਹਮੇਸ਼ਾਂ ਉੱਚਾ ਹੈ ਉਸ ਨੂੰ ਸਾਡੀ ਤਾਰੀਫ਼ ਦੀ ਲੋੜ ਨਹੀਂ, ਉਸ ਨੂੰ ਸਾਡੇ ਅਮਲ ਦੀ ਲੋੜ ਹੈ ਤਾਂ ਜੋ ਸਾਰੀ ਇਨਸਾਨੀਅਤ ਸਾਨੂੰ ਦੇਖ ਕੇ ਅਸਚਰਜ ਹੋ ਕੇ ਪੁੱਛੇ—ਭਾਈ ਤੁਹਾਡਾ ਸਿਖਾਉਣ ਵਾਲਾ ਕੌਣ ਹੈ?

(੩) ਆਕੜ ਦਾ ਨਾਸ਼ ਕਰਨਾ ਗੁਰੂ ਸਾਹਿਬ ਨੇ ਅਨੇਕ ਕਸ਼ਟ ਸਹਿ ਕੇ ਸਿਖਾਇਆ, ਗੁਰੂ ਨੂੰ ਆਕੜ ਕਦੇ ਨਹੀਂ ਭਾਂਵਦੀ । ਸਾਨੂੰ ਇਹ ਤਾਂ ਮਨਜ਼ੂਰ ਹੈ ਕਿ ਚੰਦੂ ਦੀ ਆਕੜ ਟੁੱਟੀ, ਪਰ ਸਾਨੂੰ ਇਹ ਮਨਜ਼ੂਰ ਨਹੀਂ ਕਿ



ਸਾਡੀ ਆਕੜ ਟੁੱਟੇ । ਅਸੀਂ ਇਸੇ ਆਕੜ ਵਿੱਚ ਟੁਰ ਰਹੇ ਹਾਂ ਕਿ ਮਹਾਨ ਗੁਰੂ ਨੇ ਮਹਾਨ ਕੰਮ ਕੀਤੇ, ਪਰ ਅਸੀਂ ਉਸ ਦੀ ਮਹਾਨਤਾ ਨੂੰ ਛੁਪਾਉਣ ਤੇ ਘਟਾਉਣ ਦੇ ਜ਼ਿੰਮੇਵਾਰ ਹਾਂ, ਕਿਉਂਕਿ ਆਪਣੇ ਜਿਹਾ ਕਿਸੇ ਨੂੰ ਸਮਝਦੇ ਨਹੀਂ ।

(੪) ਅਛੂਤ-ਛਾਤ ਜਾਂ ਨੀਵੀਂ ਉੱਚੀ ਜਾਤ ਦਾ ਭੇਦ ਕਮਾਲ ਤਰੀਕੇ ਨਾਲ ਸਾਹਿਬਾਂ ਨੇ ਕੱਢਿਆ, ਹਮੇਸ਼ਾਂ ਤੋਂ ਇਹ ਹੁਕਮ ਤਾਂ ਹੈ ਹੀ ਸੀ; ਪਰ ਗੁਰੂ ਗ੍ਰੰਥ ਸਾਹਿਬ ਵਿੱਚ **So-called** (ਅੰਮ੍ਰਿਤ) ਛੋਟੀਆਂ ਜਾਤਾਂ ਵਾਲੇ ਭਗਤਾਂ ਨੂੰ ਬਿਠਾ ਕੇ ਮੇਰੇ ਮੂੰਹ 'ਤੇ **Permanently** (ਨਾ ਮਿਟਣ ਵਾਲੀ) ਕਾਲਖ ਮਲ ਗਏ ਤੇ ਕਹਿ ਗਏ—ਕੁੱਤਿਆ, ਹੁਣ ਤੂੰ ਹਮੇਸ਼ਾਂ ਇਨ੍ਹਾਂ ਮਹਾਂਪੁਰਖਾਂ ਨੂੰ ਸਿਜਦਾ ਕਰੇਂਗਾ । ਮੈਂ ਕੀ ਕੀਤਾ? ਕਹਿ ਦਿੱਤਾ—ਅੱਛਾ ਜੀ—ਸਿਜਦੇ ਵੀ ਕਰ ਦਿੱਤੇ, ਪਰ ਫੇਰ ਘੋਖਾਂ ਕਰਨੀਆਂ ਵੀ ਸ਼ੁਰੂ ਕਰ ਦਿੱਤੀਆਂ ਕਿ ਵੱਡਾ ਕੌਣ ਸੀ, ਗੁਰੂ ਜੀ ਕਿ ਭਗਤ ਜੀ? ਸੋਝੀ ਕਿਸ ਨੂੰ ਜ਼ਿਆਦਾ ਸੀ—ਗੁਰੂ ਜੀ ਨੂੰ ਕਿ ਭਗਤ ਜੀ ਨੂੰ? ਹੋਇਆ ਕੀ ? ਅਜੇ ਤਕ ਸਿੱਖਾਂ ਵਿੱਚ ਵੀ ਅਛੂਤ-ਛਾਤ ਜਾਰੀ ਹੈ । ਨੀਵੇਂ ਨੂੰ ਰੋਲਿਆ ਜਾ ਰਿਹਾ ਹੈ, ਗ਼ਰੀਬ ਮਾਰ ਹੋ ਰਹੀ ਹੈ । ਲੜਾਈਆਂ ਝਗੜੇ ਗੁਰਦੁਆਰਿਆਂ ਵਿੱਚ ਵੀ ਹੋ ਰਹੇ ਹਨ । ਮਹੰਤਾਂ ਕੋਲੋਂ ਲਛਮਣ ਸਿੰਘ, ਦਲੀਪ ਸਿੰਘ ਵਰਗੇ ਸੂਰਬੀਰਾਂ ਨੇ ਜਾਨਾਂ ਵਾਰ ਕੇ ਗੁਰਦੁਆਰੇ ਆਜ਼ਾਦ ਕਰਵਾਏ ਸਨ । ਹੁਣ ਉਹ ਗੁਰਦੁਆਰਿਆਂ ਵਿੱਚ ਬੰਦੂਕਾਂ ਤੇ ਪੈਸੇ ਦੇ ਜ਼ੋਰ ਨਾਲ ਮਾਇਆਧਾਰੀ ਰਾਜ ਹੋ ਰਿਹਾ ਹੈ ।

(੫) **Democracy** (ਲੋਕ ਰਾਜ) ਦਿੱਲੀ ਦੀ ਸੰਗਤ ਦੇ ਹੁਕਮ ਵਿੱਚ ਗੁਰੂ ਜੀ ਨੇ ਸਾਕ ਮੋੜਿਆ; ਪਰ ਉਹ ਦਿੱਲੀ ਦੀ ਸੰਗਤ ਹੁਣ ਕੀ ਕਰ ਰਹੀ ਹੈ । **Elections** (ਚੋਣਾਂ) ਵਿੱਚ ਕੋਝੇ ਤੋਂ ਕੋਝੇ ਪ੍ਰਾਪੇਗੰਡੇ ਬਣਾ ਆਕੜ ਦਾ ਦਿਖਾਵਾ, ਪੈਸੇ ਤੇ ਧੋਖੇ ਦਾ ਦੌਰ, ਹਕੂਮਤਾਂ ਦੇ ਨਸ਼ੇ, ਹਾਰ ਜਿੱਤ ਦੇ ਪੈਗ਼ਾਮ—ਇਹ ਸਭ ਕੁਝ ਕੀ ਹੋ ਰਿਹਾ ਹੈ? ਪਰ ਮੈਂ "ਪੂਰਨ" ਸਿੱਖ ਹਾਂ । ਤਿੰਨ ਫੁੱਟੀ ਕਿਰਪਾਨ ਹੈ ਤੇ ਦਾੜ੍ਹੀ ਖੁੱਲ੍ਹੀ ਹੈ, ਇਸ ਨਾਲ ਮੈਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਭ ਦੂਜੇ ਸਿੱਖਾਂ ਨੂੰ ਤੇ ਹਰ ਮਜ਼੍ਹਬ ਦੇ ਧਰਮੀ ਆਗੂਆਂ ਨੂੰ ਬੁਰਾ ਭਲਾ ਕਹਿ ਸਕਦਾ ਹਾਂ । ਗੁਰੂ ਅਰਜਨ ਸਾਹਿਬ ਸੰਗਤਾਂ ਦੇ ਜੋੜੇ ਝਾੜਨ ਤੇ ਸਿੱਖ ਨਵਾਬ ਬਣ ਕੇ ਵੀ ਲਿੱਦਾਂ ਹੂੰਝਣ, ਪਰ ਮੈਂ ਕਿਸੇ ਦਾ **Election Agent** (ਇਲੈਕਸ਼ਨ ਏਜੰਟ) ਜਾਂ ਗੁਰਦੁਆਰੇ ਦਾ ਸਕੱਤਰ ਜਾਂ ਪ੍ਰਧਾਨ ਬਣ ਕੇ ਹੀ ਆਕੜ ਦਾ ਪਰਵਾਹ ਚਲਾ ਦਿੱਤਾ ।

ਗੁਰੂ ਅਰਜਨ ਸਾਹਿਬ, ਕਿਹੜੇ ਮੂੰਹ ਨਾਲ ਆਪ ਦੇ ਪੇਸ਼ ਹੋਵਾਂ ।

ਨਾ ਮੇਰੇ ਵਿੱਚ ਨਿਮਰਤਾ, ਨਾ ਸਾਂਝੀਵਾਲਤਾ, ਨਾ ਬਾਣੀ ਦੀ ਸਹਿਜ ਧੁਨ, ਨਾ ਨਿਰਵੈਰਤਾ, ਨਾ ਨਿਡਰਤਾ, ਨਾ ਮੌਤ ਦੇ ਡਰ ਤੋਂ ਰਹਿਤ, ਨਾ ਤੇਰੇ ਦਰਸ਼ਨਾਂ ਦਾ ਚਾਅ; ਪਰ ਤੂੰ ਪਤਿਤ ਪਾਵਨ ਹੈਂ, ਮੇਰੇ 'ਤੇ ਕਿਰਪਾ ਕਰ, ਮੇਰੀ ਲਾਜ ਰੱਖ । ਉਹ ਜਾਣੇ, ਮੈਂ ਅਕਿਰਤਘਣ ਹੀ ਸਹੀ, ਪਰ ਅੱਜ ਮੇਰੀ ਅਰਜ ਸੁਣ ਕੇ ਇਨ੍ਹਾਂ ਕਕਾਰਾਂ ਦਾ ਸਦਕਾ, ਇਨ੍ਹਾਂ ਗੁਰਸਿੱਖਾਂ ਦਾ ਸਦਕਾ, ਜਿਹੜੇ ਤੇਰੇ ਵਾਂਗੂੰ ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਰਾਏ ਗਏ, ਤੱਤੀਆਂ ਤਵੀਆਂ 'ਤੇ ਬੈਠੇ, ਦਰੱਖਤਾਂ ਨਾਲ ਬੰਨ੍ਹ ਕੇ ਸਾੜੇ ਗਏ ਤੇ ਹੋਰ ਕਸ਼ਟਾਂ ਨਾਲ ਤਸੀਹੇ ਦੇ ਕੇ ਮਾਰੇ ਗਏ, ਅੱਜ ਤਰੁੱਠ ਪਉ—

(੧) ਮੇਰੀ ਕਿਰਪਾਨ ਪੂਰਨ ਮਿਠਾਸ ਭਰੇ ਪ੍ਰੇਮ ਦੀ ਪ੍ਰਤੀਨਿਧ ਹੋ ਜਾਏ । ਕੋਈ ਬੇਸ਼ੱਕ, ਗ਼ਰੀਬ, ਬੇਸਹਾਰਾ ਇਸ ਕਿਰਪਾਨ ਦੇ ਸਦਕੇ ਤੇ ਤੇਰੇ ਸਦਕੇ ਮੈਨੂੰ ਇਹ ਜਾਣੇ ਕਿ ਮੇਰੀ ਮੁਸੀਬਤ ਵੇਲੇ ਮੇਰੀ ਰਾਖੀ ਵਾਹਿਗੁਰੂ ਵਿੱਚ ਲੀਨ ਹੋ ਕੇ ਇਹ ਕਰੇਗਾ, ਉਹ ਗ਼ਰੀਬ ਕਿਸੇ ਧਰਮ ਦਾ ਵੀ ਹੋਵੇ, ਮੇਰਾ ਲੱਗੇ ।

(੨) ਮੇਰੀ ਕੇਸ ਦਾੜ੍ਹੀ ਵਾਲੀ ਸੂਰਤ, ਇਕ ਸੇਵਾ ਦੀ ਮੂਰਤ ਹੋਵੇ— ਨਿਸ਼ਕਾਮ ਸੇਵਾ । ਸੁਖਮਨੀ ਸਾਹਿਬ ਵਿੱਚ ਦਿੱਤੀ ਸਿੱਖਿਆ ਦਾ ਨਕਸ਼ਾ ਬਣ ਜਾਵਾਂ ।

(੩) ਜਿਵੇਂ ਕੰਘੇ ਨਾਲ ਕੇਸ ਸਾਫ਼ ਕਰਦਾ ਹਾਂ ਤਿਵੇਂ ਬਾਣੀ ਨਾਲ ਅੰਦਰ ਦੀ ਮੈਲ ਧੋ ਦੇਵਾਂ ।

(੪) ਕੱਛਾ ਕੇਵਲ ਇਹ ਨਾ ਯਾਦ ਕਰਾਏ ਕਿ ਆਪਣੀ ਪਤਨੀ ਨਾਲ ਔਖਾ ਬੋਲ ਕੇ ਇਹੀ ਪੁੱਛਾਂ—ਅੱਜ ਕਿਉਂ ਨਹੀਂ ਸੀ ਗੁਸਲਖ਼ਾਨੇ ਵਿੱਚ। ਕੱਛੇ ਦਾ ਮਤਲਬ ਹੋਵੇ ਰਾਹ ਜਾਂਦੀਆਂ ਭੈਣਾਂ, ਬੱਚੀਆਂ; ਆਪਣੇ ਆਪ ਮੇਰੀਆਂ ਅੱਖਾਂ ਉਨ੍ਹਾਂ ਦੇ ਚਰਨਾਂ ਵਿੱਚ ਪਹੁੰਚ ਜਾਣ । ਅਤਿ ਲਾਚਾਰ ਔਰਤ ਨਾਲ ਵੀ ਆਪਣੀ ਭੈਣ ਜਾਂ ਬੱਚੀ ਵਾਂਗੂੰ ਪਿਆਰ ਕਰਾਂ ਕੇਵਲ ਗੁਰੂ ਦੇ ਨਾਂ ਦਾ ਸਦਕਾ ।

(੫) ਕੜਾ ਮੈਨੂੰ ਚੇਤੇ ਕਰਾਏ ਕਿ ਕਿਸੇ ਦਾ ਪਟਾ ਮੇਰੇ ਗਲ ਵਿੱਚ ਹੈ; ਕੁੱਤੇ ਦਾ ਕੇਵਲ ਇਹੀ ਹੈ ਕਿ ਮਾਲਕ ਵੱਲ ਟਿਕ-ਟਿਕੀ ਲਗਾ ਕੇ ਸਵਾਸ-ਸਵਾਸ ਸਾਹਿਬ ਨੂੰ ਯਾਦ ਕਰੇ ਤੇ ਕਦੇ ਕੁਝ ਨਾ ਮੰਗੇ, ਰਜ਼ਾ ਵਿੱਚ ਰਹੇ ।

ਮੇਰਾ ਜੀ ਕਰਦਾ ਹੈ ਕਿ ਸਾਡੇ ਸਕੂਲਾਂ ਕਾਲਜਾਂ ਵਿੱਚ ਆਪਣੇ ਧਰਮ



ਦੇ ਇਲਾਵਾ ਦੂਜੇ ਆਗੂਆਂ ਦੀਆਂ **Original** (ਅਸਲੀ) ਬਾਣੀਆਂ ਸਾਦੀ ਜ਼ਬਾਨ ਵਿੱਚ ਪੜ੍ਹਾਈਆਂ ਜਾਣ, ਤਾਂ ਜੋ ਪਤਾ ਲੱਗੇ ਕਿ ਜੋ ਸਾਡਾ ਗੁਰੂ ਕਹਿੰਦਾ ਹੈ ਉਹੋ ਕੁਝ ਦੂਜੇ ਆਗੂ ਕਹਿੰਦੇ ਹਨ । ਇਹ ਵਡਿਆਈ ਨਾ ਰਹੇ ਕਿ ਕੇਵਲ ਅਸੀਂ ਹੀ ਚੰਗੇ ਹਾਂ, ਕਿਉਂਕਿ ਦੂਜਿਆਂ ਬਾਰੇ ਪਤਾ ਨਹੀਂ । ਧਰਮ ਸਾਰੇ ਇਕੋ ਗੱਲ ਕਹਿੰਦੇ ਹਨ; ਕੇਵਲ ਆਪਣੇ ਧਰਮ 'ਤੇ ਨਾ ਚੱਲਣ ਵਾਲੇ ਬੰਦੇ ਦੂਜੇ ਧਰਮਾਂ ਨੂੰ ਮਾੜਾ ਆਖਦੇ ਹਨ ।

ਜਿਹੜੀਆਂ ਘਟੀਆ ਚੀਜ਼ਾਂ ਧਰਮਾਂ ਵਿੱਚ ਆਉਂਦੀਆਂ ਹਨ, ਉਹ ਪੈਰੋਕਾਰਾਂ ਦੀਆਂ ਆਕੜ ਭਰਪੂਰ ਕਰਤੂਤਾਂ ਕਰਕੇ **Vasted interests** (ਨਿਹਿਤ ਸੁਆਰਥ) ਵੱਲੋਂ **Truth** (ਸੱਚ) ਨੂੰ ਛੁਪਾਉਣ ਕਰਕੇ ਆਉਂਦੀਆਂ ਹਨ । ਆਓ, ਗੁਰੂ ਅਰਜਨ ਸਾਹਿਬ ਦੀ ਸੁਣੀਏ ਤੇ ਸਭ ਨੂੰ ਅੱਗੋਂ ਦੇਈਏ:

(੧) ਹਰੀ ਮੰਦਰ ਦੀ ਨੀਂਹ ਰੱਖਣ ਵਾਲਾ ਮੁਸਲਮਾਨ ਸੰਤ।

(੨) ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਮੁਸਲਮਾਨ ਸੰਤ।

(੩) ਨਮਾਜ਼ਾਂ, ਜੋਗ ਤੇ ਹੋਰ ਧਰਮੀ ਤਰੀਕੇ ਸਭ ਪਰਵਾਨ ਹਨ ਜੇ ਨਾਮ ਦੀ ਸੁੱਚੀ ਕਮਾਈ ਮਨ ਨਾਲ ਹੈ ।

(੪) ਸੰਪੂਰਨ ਨਿਰਵੈਰਤਾ ਵੈਰੀਆਂ ਨਾਲ ਵੀ ।

(੫) ਪੂਰਨ ਨਿਮਰਤਾ ਹਰ ਇਕ ਨਾਲ ।

(੬) ਇਕ ਵਾਹਿਗੁਰੂ ਦੀ ਭਗਤੀ ਹਰ ਇਕ ਇਨਸਾਨ ਕਰੇ ਜਿਵੇਂ ਮਰਜ਼ੀ ਕਰੇ ।

(੭) ਸੇਵਾ ਹਰ ਇਕ ਦੀ ਤੇ ਬਗੈਰ ਵਿਤਕਰੇ ।

(੮) ਅਮਲੀ ਜੀਵਨ ਹੋਵੇ, ਭਾਵੇਂ ਕਿਸੇ ਧਰਮ ਵਿੱਚ ਹੋਵੇ ।

(੯) ਵਾਹਿਗੁਰੂ ਦਾ ਘਰ—ਗਿਰਜਾ ਮੰਦਰ ਮਸੀਤ ਪਵਿੱਤਰ ਹੈ ।

(੧੦) ਵਾਹਿਗੁਰੂ, ਅੱਲ੍ਹਾ, ਰਾਮ, **God** ਸਾਰੇ ਪਿਆਰ ਦੇ ਨਾਂ ਹਨ ਤੇ ਪਿਤਾ ਨੂੰ ਬੱਚਾ ਕਿਸੇ ਨਾਂ ਨਾਲ ਪੁਕਾਰੇ (ਪਰ ਹਿਰਦੇ ਦੇ ਪ੍ਰੇਮ ਨਾਲ) ਉਹ ਪ੍ਰਵਾਣ ਹੈ ।

# ਸ੍ਰੀ ਹਰਿਕ੍ਰਿਸ਼ਨ ਧਿਆਈਐ
# ਜਿਸ ਡਿਠੇ ਸਭਿ ਦੁਖਿ ਜਾਇ

੪੫ ਵਰ੍ਹੇ ਦਾ ਹੋਣ ਲੱਗਾ ਹਾਂ । ਹੋਸ਼ ਵਿੱਚ ੪੦ ਸਾਲਾਂ ਤੋਂ ਕਹਿੰਦਾ ਰਿਹਾ ਹਾਂ '**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ**' ਪਰ ਦੁੱਖਾਂ ਦੇ ਘਰ ਵਿੱਚੋਂ ਬਿਲਕੁਲ ਨਹੀਂ ਨਿਕਲ ਸਕਿਆ । ਪਹਿਲਾਂ ਤਾਂ ਕਬੀਰ ਸਾਹਿਬ ਦੇ ਲਫ਼ਜ਼ਾਂ ਵਿੱਚ ਉਸ ਹਾਲਤ ਵਿੱਚ ਰਿਹਾ ਜਿਸ ਵਿੱਚ ਉਹ ਕਹਿੰਦੇ ਹਨ ਕਿ ਜੰਮਣ ਦੀ ਲੋੜ ਹੀ ਕੀ ਸੀ ਜੇ ਰਾਮ ਨਾਮ ਵਿੱਚ ਨਹੀਂ ਸੀ ਲੱਗਣਾ । ਜਦ ਜ਼ਰਾ ਕੁ ਸਮਝ ਆਈ, ਸਾਰੀ ਦੁਨੀਆਂ ਦੇ ਮਗਰ ਲੱਗ ਕੇ ਘੋਟਾ ਲਾਇਆ, ਅਰਦਾਸਾਂ ਕੀਤੀਆਂ ਜਾਂ ਸੁਣੀਆਂ ਦਿਨ ਵਿੱਚ ਕਈ ਵਾਰ; ਪਰ ਨਾ ਤਾਂ ਸਾਹਿਬਾਂ ਨੂੰ ਤੱਕਿਆ ਤੇ ਨਾ ਜਦ ਉਨ੍ਹਾਂ ਦੇ ਪਵਿੱਤਰ ਦਰਸ਼ਨ ਅਸਥਾਨਾਂ ਤੋਂ ਮੱਥਾ ਟੇਕ ਕੇ ਦਰਸ਼ਨ ਕੀਤੇ ਮੇਰੇ ਦੁੱਖ ਗਏ! ਹੁਣ ਪੂਰੀ ਤਰ੍ਹਾਂ ਯਕੀਨ ਹੋ ਚੁੱਕਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦਾ ਕਥਨ ਪੱਥਰ 'ਤੇ ਲਕੀਰ ਹੈ । ਪਰ ਯਕੀਨ ਹੋ ਜਾਣ ਦੇ ਬਾਅਦ ਵੀ ਆਪਣੀ ਸਿਆਣਪ ਤੇ ਚਤੁਰਾਈ ਨੂੰ ਪੱਲੇ ਬੰਨ੍ਹੀ ਰੱਖਦਾ ਹਾਂ, ਕਦੇ ਸਾਹਿਬਾਂ ਦੀ ਮਿਹਰ ਵੱਲ ਤੱਕਦਾ ਹਾਂ ਕਦੇ ਆਕੜ ਵਿੱਚ ਆ ਜਾਂਦਾ ਹਾਂ ਕਿ ਕੇਵਲ ਮੈਂ ਹੀ ਇਹ ਸਮਝਦਾ ਹਾਂ । ਜੇ ਇਸ ਵਹਿਮ 'ਚੋਂ ਨਿਕਲ ਕੇ ਪਰਤੱਖ ਸੰਗਤਾਂ ਤੱਕਦਾ ਹਾਂ ਗੁਰੂ ਤੋਂ ਨਿਸ਼ਾਵਰ ਹੋਣ ਵਾਲੀਆਂ ਤਾਂ ਝੱਟ ਕਹਿ ਦਿੰਦਾ ਹਾਂ, ਬੱਸ ਸਿੱਖ ਗੁਰੂ ਸਾਹਿਬਾਨ ਤੋਂ ਸਭ ਹੋਰ ਮਹਾਂਪੁਰਖ ਤੇ ਧਰਮੀ ਆਗੂ ਥੱਲੇ ਹਨ । ਇਹ ਆਕੜ, ਫਿੱਕਾ ਬੋਲਣਾ, ਇਹ ਝੂਠਾ ਗੁਰੂ ਪਿਆਰ ਉਲਟਾ ਤੇਰੇ ਪੈਰਾਂ ਤੋਂ ਦੂਰ ਕਰ ਦਿੰਦਾ ਹੈ । ਪਾਤਿਸ਼ਾਹ ਜੀਓ, ਕੋਈ ਇਤਿਹਾਸ ਲਿਖੇਗਾ, ਕੋਈ ਸਾਖੀਆਂ ਸੁਣਾਏਗਾ, ਇਹ ਕੂਕਰ ਆਪ ਦੇ ਦਰ ਦੇ ਟੁਕੜੇ ਖਾ ਕੇ ਆਪ ਦੇ ਚਰਨਾਂ ਵਿੱਚ ਨਿੱਤ ਦੇ ਮੰਗਤੇ ਵਾਂਗ ਆਪਣੀਆਂ ਮੰਗਾਂ ਲੈ ਕੇ ਹਾਜ਼ਰ ਹੋਇਆ ਹੈ । ਖ਼ਾਲੀ ਨਾ ਤੋਰੀਂ ।

ਮੈਂ ਉਹ ਛੱਜੂ ਝੀਵਰ ਹਾਂ ਜਿਸ ਦੇ ਸਿਰ 'ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾਏ ਸਨ । "ਫੇਰ ਹੁਣ ਇਸ ਵੇਲੇ ਵੀ ਕੇਵਲ ਤੇਰੀ ਛੜੀ ਦੇ ਅਸਰ ਨਾਲ ਮੇਰੀ ਕਲਮ ਚੱਲ ਰਹੀ ਹੈ । ਨਹੀਂ ਤਾਂ ਜਨਮ ਅਪਰਾਧੀ, ਪੰਜਾਂ ਚੋਰਾਂ ਦਾ ਮਾਰਿਆ ਹੋਇਆ, ਝੂਠ, ਨਿੰਦਾ, ਚੁਗਲੀ ਦਾ ਸ਼ਿਕਾਰ ਤੇਰੇ ਦਰ 'ਤੇ ਆਉਣ ਦੀ ਸੋਝੀ ਕਿਵੇਂ ਪਾ ਸਕਦਾ ਹੈ ।

ਮੇਰੀਆਂ ਨਜ਼ਰਾਂ ੫੦੦੦ ਮੀਲ ਤੋਂ ਗੁਰਦੁਆਰਾ ਬੰਗਲਾ ਸਾਹਿਬ



ਨਵੀਂ ਦਿੱਲੀ ਵਿੱਚ ਬਿਰਾਜਮਾਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਸਾਧ ਸੰਗਤ ਦੇ ਚਰਨਾਂ 'ਤੇ ਹਨ, ਮੇਰੀਆਂ ਅੱਖਾਂ ਵਿੱਚ ਦੋ ਹੰਝੂ ਹਨ, ਹੋਰ ਕੁਝ ਪੇਸ਼ ਕਰਨ ਜੋਗਾ ਨਹੀਂ । ਸੰਗਤਾਂ ਵਿੱਚ ਤੂੰ ਆਪ ਵੱਸਦਾ ਹੈਂ । ਜੇ ਕਦੇ ਆ ਕੇ ਪਿਆਰ ਨਾਲ ਮੇਰੇ ਅੱਥਰੂ ਆਪ ਪੂੰਝੇ, ਉਸੇ ਤਰ੍ਹਾਂ ਜਿਵੇਂ ਗੰਗਾ ਮਾਤਾ ਨੇ ਹੱਥ ਕੱਢ ਕੇ ਭਗਤ ਰਵਿਦਾਸ ਦੀ ਕੌਡੀ ਕਬੂਲੀ ਸੀ ਤਾਂ ਮੇਰੀ ਵਿਸ਼ੇ ਵਿਕਾਰਾਂ ਵਾਲੀ ਜ਼ਿੰਦਗੀ ਦਾ ਪਾਜ ਕਦੇ ਨਾ ਖੁੱਲ੍ਹੇ । ਮੈਨੂੰ ਯਕੀਨ ਹੈ ਕਿ ਤੂੰ ਮੇਰੀ ਲਾਜ ਹਮੇਸ਼ਾਂ ਰੱਖੇਂਗਾ ।

ਬੰਗਲਾ ਸਾਹਿਬ ਗੁਰਦੁਆਰਾ ਮੇਰੀ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਵਾਬਸਤਾ ਹੈ । ਕੁਝ ਸਾਲ ਹੋਏ ਮੈਂ ਤੇਰੇ ਚਰਨਾਂ ਵਿੱਚ ਹਾਜ਼ਰ ਹੋਇਆ ਸਾਂ ਜਦੋਂ ਕੇਵਲ ਦੁੱਖ ਹੀ ਦੁੱਖ ਮੈਨੂੰ ਚਮੁੱਟੇ ਹੋਏ ਸਨ ਤੇ ਮੈਂ ਵੀ ਆਪਣਾ ਵਿਉਹਾਰ ਕੇਵਲ ਦੁੱਖ ਦਾ ਹੀ ਸਮਝਦਾ ਸੀ ਤੇ ਦੂਜਿਆਂ ਦੇ ਮੱਥੇ ਲਾ ਕੇ ਗਾਲ੍ਹਾਂ ਲੋਕਾਂ ਨੂੰ ਕੱਢ ਦਿੰਦਾ ਸੀ । ਜਿਵੇਂ ਤੂੰ ਪਿਤਾ ਵਾਂਗ ਬਾਂਹ ਪਕੜ ਕੇ ਲੰਗੜੇ ਲੂਲ੍ਹੇ ਨੂੰ ਤਸੱਲੀ ਦੇ ਕੇ ਮੇਰਾ ਸਵਾਗਤ ਕੀਤਾ ਸੀ, ਮੇਰੀਆਂ ਸਿਸਕੀਆਂ ਨੇ ਕਿਹਾ ਸੀ, ਪਾਤਿਸ਼ਾਹ ! ਇਕ ਵਾਰੀ ਮੇਰੀ ਜਾਨ ਛੁਡਾ ਦੇ ਇਸ ਰੋਗ ਤੋਂ, ਤਾਂ ਮੈਂ ਹੱਸ ਕੇ ਤੇਰੇ ਚਰਨ ਪਰਸਨ ਆਇਆ ਕਰਾਂ । ਤੂੰ ਮੇਰੀ ਜਾਤ ਨਹੀਂ ਸੀ ਪੁੱਛੀ, ਮੇਰੇ ਕੋਲੋਂ ਕੋਈ ਸਵਾਲ ਨਹੀਂ ਸੀ ਪੁੱਛਿਆ, ਨਾ ਮੇਰੀ ਆਮਦਨੀ, ਨਾ ਮੇਰੇ ਬੱਚੇ, ਨਾ ਮੇਰਾ ਰਹਿਣ-ਸਹਿਣ। ਮੇਰਾ ਇਕੋ ਸਵਾਲ ਸੀ, ਤੇਰਾ ਇਹ ਜਵਾਬ ।

### ਮੇਰਾ ਸਵਾਲ

ਤੈਨੂੰ ਡਿੱਠਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਤਾਂ ਹੁਣ ਕਰ ਕ੍ਰਿਪਾ ।

### ਤੇਰਾ ਜਵਾਬ

**ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥**

**ਤਾ ਤੇ ਦੁਖ ਮੇਰੇ ਸਗਲੇ ਲਾਥੇ ॥** **(ਅੰਗ ੧੮੭)**

ਮੇਰਾ ਕੋਈ ਇਮਤਿਹਾਨ ਤੂੰ ਨਹੀਂ ਸੀ ਲਿਆ । ਮੈਨੂੰ ਵਹਿਮਾਂ ਤੇ ਹੁਜਤਾਂ ਤੋਂ ਆਪ ਬਚਾ ਕੇ ਇਕ ਰੈਣ-ਸਬਾਈ ਰਚੀ ਸੀ ਤੂੰ ਆਪ। ਮੇਰੇ ਖ਼ਿਆਲਾਂ ਨੂੰ ਤੇਰੇ ਚਰਨਾਂ 'ਤੇ ਰੱਖਣ ਲਈ ਮਹਾਨ ਰਾਗੀ ਜਥੇ ਮੰਗਵਾਏ ਸਨ, ਅਖੰਡ ਕੀਰਤਨੀ ਜਥੇ ਜਿਨ੍ਹਾਂ ਨੇ ਮੇਰੇ ਅੰਗ-ਅੰਗ ਵਿੱਚ ਬਾਣੀ ਦੀਆਂ ਮਿੱਠੀਆਂ-ਮਿੱਠੀਆਂ ਪਰ ਤੀਰ ਤੋਂ ਤਿੱਖੀਆਂ ਤੇ Surgeon's Knife (ਡਾਕਟਰਾਂ ਦਾ ਹਥਿਆਰ) ਨਾਲੋਂ ਤੇਜ਼ ਤਰੰਗਾਂ ਭੇਜ ਕੇ ਮੇਰੇ ਰੋਗਾਂ ਨੂੰ ਇਵੇਂ ਮਾਰ ਸੁੱਟਿਆ ਸੀ ਜਿਵੇਂ ਤੂੰ ਆਪ ਮੇਰੇ ਮੱਥੇ ਤੇ ਹੱਥ ਰੱਖ ਕੇ ਵਿੱਚੋਂ ਰੋਗ ਕੱਢ ਸੁੱਟੇ ਹੋਣ ।

ਮੈਂ ਉਸ ਕੁੱਤੇ ਵਾਂਗ ਹਾਂ ਜਿਹੜਾ ਮਾਲਕ ਦੇ ਪਿਆਰ ਕਰਨ ਨਾਲ ਹੀ ਕੁਝ ਅਰੋਗ ਹੋਵੇ ਤੇ ਫੇਰ ਮਾਲਕ ਦਾ ਰਾਹ ਛੱਡ ਕੇ ਦੂਜਿਆਂ ਦੇ ਡੇਰੇ ਪਿਆ ਲੋੜੇ ਉਹ ਕੁਝ ਖਾਣ ਲਈ ਜਿਸ ਨਾਲ ਫਿਰ ਰੋਗੀ ਹੋਣ ਦਾ ਡਰ ਹੋਵੇ ।

**ਮਿਸਾਲ**

ਮੈਂ ਜਦੋਂ ਤੇਰੇ ਦਰ 'ਤੇ ਢੱਠਾ ਸਾਂ ਤਾਂ ਸਾਰੇ ਹਕੀਮ, ਸਾਰੇ ਘਰ ਵਾਲੇ ਸਿਆਣੇ, ਸਾਰੇ ਮੁਹੱਲੇ, ਸ਼ਹਿਰ ਦੇ ਸੰਤ, ਸਾਰੇ ਮਹਾਂਪੁਰਸ਼ ਅਖਵਾਉਣ ਵਾਲੇ ਗੁਰੂ, ਸਾਰੇ ਗੁਰਦੁਆਰਿਆਂ, ਮੰਦਰਾਂ ਮਸਜਦਾਂ ਦੇ ਦੁਨਿਆਵੀ ਅਹੁਦੇਦਾਰ ਸਾਰੇ ਹੀ ਜਵਾਬ ਦੇ ਚੁੱਕੇ ਸਨ, ਇਕੋ ਤੂੰ ਹੀ ਤੂੰ ਸੈਂ ਜਿਸ ਪੂਰਨ ਪਿਆਰ ਨਾਲ ਮੇਰੀ ਬਦਬੂਦਾਰ ਜ਼ਿੰਦਗੀ ਨੂੰ ਬਗੈਰ ਨਫ਼ਰਤ ਦੇ ਮਾਣ ਨਾਲ ਠੀਕ ਕੀਤਾ ਸੀ ਉਸੇ ਤਰ੍ਹਾਂ ਜਿਵੇਂ ਦਰੋਪਦੀ ਦੀ ਲਾਜ ਕ੍ਰਿਸ਼ਨ ਮਹਾਰਾਜ ਨੇ ਰੱਖੀ ਸੀ। ਇਸੇ ਤਰ੍ਹਾਂ ਜਿਵੇਂ ਹਜ਼ਰਤ ਮੁਹੰਮਦ ਸਾਹਿਬ ਹਮੇਸ਼ਾਂ ਦੁਖੀਆਂ ਦਾ ਦੁੱਖ ਵੰਡਦੇ ਸਨ, ਇਸੇ ਤਰ੍ਹਾਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਹਮੇਸ਼ਾਂ ਗ਼ਰੀਬ ਨਿਵਾਜੀ ਕਰਦੇ ਸਨ । ਤੇਰੀ ਸ਼ਰਨ ਆਇਆਂ ਹੀ ਮੇਰਾ ਰੋਗ ਮਿਟ ਗਿਆ ਸੀ, ਮੇਰੇ ਪੜਦੇ ਤੂੰ ਕੱਜ ਲਏ ਸਨ, ਮੈਨੂੰ ਮਨੁੱਖਾ ਜਨਮ ਦਿੱਤਾ ਸੀ । ਜਦੋਂ ਠੀਕ ਹੋ ਗਿਆ, ਲੱਗੇ ਉਪਜਣ ਫੁਰਨੇ । ਮੇਰੇ ਰੋਗ ਕੱਟੇ ਜਾਣ ਲਈ ਸ਼ਬਦ ਸੀ:

**ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥ (ਅੰਗ ੧੦੯੪)**

ਬਸ ਹੁਣ ਮੈਂ ਇਸ ਆਕੜ ਵਿੱਚ ਆ ਗਿਆ ਕਿ ਮੈਂ ਤੇਰੇ ਤੋਂ ਕਦੇ ਨਹੀਂ ਵਿੱਛੜ ਸਕਦਾ । ਪਹਿਲਾਂ ਮੈਂ ਇਕ ਡੇਰਾ ਬਣਾਇਆ ਜਿੱਥੇ ਵੱਡਾ 'ਮਹਾਂਪੁਰਸ਼' ਅਖਵਾਉਣ ਲੱਗ ਪਿਆ। ਤੇਰੇ ਕੋਲ ਆਇਆ ਸਾਂ ਤਾਂ 'ਨਾਮ ਕੇਵਲ ਨਾਮ' ਮੰਗਿਆ ਸੀ; ਹੁਣ ਕਿਉਂਕਿ ਮੇਰਾ ਆਪਣਾ ਡੇਰਾ ਹੋ ਗਿਆ ਸੀ ਤੇ ਦੁਨੀਆਂ ਦੀਆਂ ਸਲਾਮਾਂ ਨੇ ਮੇਰੇ ਮਨ ਵਿੱਚ 'ਮੈਂ' ਕੁਝ ਹਾਂ, ਪਾ ਦਿੱਤਾ ਸੀ, ਮੈਨੂੰ ਇਹ ਵੀ ਫ਼ਿਕਰ ਪੈ ਗਿਆ ਕਿ ਨਾਲ ਦੇ ਡੇਰੇ ਵਾਲਾ ਸੰਤ ਸਾਧੂ ਸੰਗਤ ਤਾਂ ਨਹੀਂ ਖਿੱਚ ਰਿਹਾ । ਈਰਖਾ ਵਧੀ, ਲਾਲਚ ਵਧਿਆ, ਨਫ਼ਰਤ ਵਧੀ, ਨਿੰਦਾ ਵਧੀ ਤੇ ਕਾਮ, ਕਰੋਧ ਤਾਂ ਇਵੇਂ ਚਮੁੱਟੇ ਕਿ ਹੁਣ ਮੇਰੀ ਬਾਹਰਲੀ ਪੁਸ਼ਾਕ ਤਾਂ ਰਈਸ ਸੰਤਾਂ ਵਾਲੀ ਹੋ ਗਈ; ਪਰ ਅੰਦਰ ਬਿਲਕੁਲ ਓਹੋ ਜਿਹਾ ਰੋਗੀ ਹੋ ਗਿਆ ਜਿਵੇਂ ਤੇਰੇ ਕੋਲ ਆਇਆ ਸਾਂ ।

ਹੁਣ ਹੋਰ ਮੁਸੀਬਤ ਹੋ ਗਈ ਕਿ ਇਤਨਾ ਵੱਡਾ ਮਹਾਂਪੁਰਸ਼ ਬਣ ਜਾਣ ਨਾਲ ਪਸ਼ੂ ਬਿਰਤੀ ਆ ਗਈ । ਤੂੰ ਡਿਊਟੀ ਲਾਈ ਸੀ ਸੰਗਤਾਂ ਦੀ



ਸੇਵਾ, ਜੋੜੇ ਝਾੜਨੇ, ਲੰਗਰ ਵਿੱਚ ਕੰਮ ਕਰਨਾ, ਮੈਂ ਅੱਗੇ ਡਿਊਟੀ ਲਾ ਦਿੱਤੀ ਆਪਣੇ ਚੇਲਿਆਂ ਦੀ! ਪਰ ਮੈਂ ਕੇਵਲ ਸੇਜਾਂ 'ਤੇ ਰਹਿਣ ਜੋਗਾ ਹੋ ਗਿਆ ਤੇ ਦਾਤਾਂ ਵੰਡਣ ਲੱਗ ਪਿਆ—

(੧) ਮੁੰਡੇ ਕੁੜੀਆਂ ਦੀ ਦਾਤ
(੨) ਧਨ ਦੌਲਤ ਦੀ ਦਾਤ
(੩) ਵਿਆਹ ਸ਼ਾਦੀਆਂ ਦੀ ਦਾਤ
(੪) ਦੁਕਾਨਦਾਰੀ ਦੇ ਕੰਮ ਦੀ ਦਾਤ
(੫) ਤਰੱਕੀਆਂ ਦੀ ਦਾਤ **(Promotions)**

ਜਦੋਂ ਮੇਰੀ ਸ਼ੋਭਾ ਵਧ ਗਈ ਤੇ ਲੰਦਨ ਤੇ ਹੋਰ ਕਈ ਬਾਹਰਲੇ ਮੁਲਕਾਂ ਵਿੱਚ ਰਹਿੰਦੇ ਸਿੱਖਾਂ ਦੇ 'ਭਲੇ' ਲਈ ਮੈਂ ਉੱਥੋਂ ਦੇ ਦੌਰੇ ਕੀਤੇ । ਆਪਣੇ ਤੋਂ ਇਲਾਵਾ ਸਭ ਜਨਤਾ ਨੂੰ ਮਾੜਾ ਆਖਿਆ, ਸਿੱਖਾਂ ਤੋਂ ਇਲਾਵਾ ਸਭ ਕੌਮਾਂ ਨੂੰ ਘਟੀਆ ਆਖਿਆ ਤੇ ਮਾਇਆ ਦੇ ਪਸਾਰੇ ਵਿੱਚ 'ਨਾਮ' ਦੀ ਦਾਤ ਨੂੰ ਆਪ ਵੀ ਗਵਾ ਬੈਠਾ, ਦੂਜਿਆਂ ਨੂੰ ਕੀ ਸਿਖਾਉਣਾ ਸੀ । ਹੁਣ ਮੇਰਾ ਮੂੰਹ ਚਲਦਾ ਹੈ 'ਵਾਹਿਗੁਰੂ ਵਾਹਿਗੁਰੂ', ਧਿਆਨ ਰਹਿੰਦਾ ਹੈ ਕਿਹੜਾ ਚੇਲਾ ਵੱਡਾ ਹੈ, ਕਿਹੜਾ ਚੇਲਾ ਛੋਟਾ ਹੈ, ਕਿਸ ਮੈਨੂੰ ਕਾਰ ਭੇਟਾ ਕੀਤੀ ਹੈ, ਕਿਸ ਹਵਾਈ ਜਹਾਜ਼ ਦਾ ਟਿਕਟ ਲੈ ਦਿੱਤਾ ਹੈ । ਵਿੱਚੋਂ ਜਾਣ ਵੀ ਗਿਆ ਹਾਂ ਕਿ ਮੈਂ ਅੰਦਰੋਂ ਬਾਹਰੋਂ ਇਕ ਨਹੀਂ, ਲੋਕਾਂ ਨਾਲ ਵੱਖ-ਵੱਖ ਗੱਲਾਂ ਕਰਦਾ ਹਾਂ—ਕਿਸੇ ਨੂੰ 'ਦੁਨੀਆਂ ਮਾੜੀ' ਆਖਦਾ ਹਾਂ, ਕਿਸੇ ਨੂੰ 'ਇਸ ਬਗੈਰ ਗੁਜ਼ਾਰਾ ਨਹੀਂ' ਆਖਦਾ ਹਾਂ । ਕਿਸੇ ਨੂੰ ਨਾਮ ਜੱਪਣ ਦਾ ਸੁਨੇਹਾ ਦਿੰਦਾ ਹਾਂ, ਕਿਸੇ ਨੂੰ ਆਪਣੇ ਨਾਂ ਦੀ ਸਿਫ਼ਾਰਸ਼ ਕਰਦਾ ਹਾਂ, ਪਰ ਹੁਣ ਮੇਰਾ ਮਨ ਕਾਹਲਾ ਪੈਂਦਾ ਹੈ । ਹੁਣ ਜਾਣਦਾ ਹਾਂ ਕਿ ਤੇਰੇ ਤੋਂ ਦੂਰ ਹੋ ਚੁੱਕਾ ਹਾਂ । ਹਿੰਮਤ ਨਹੀਂ ਪੈਂਦੀ ਕਿਸੇ ਨੂੰ ਕਹਿਣ ਦੀ, ਸਗੋਂ ਕੋਈ ਨਿਕਟਵਰਤੀ ਵੀ ਇਸ਼ਾਰਾ ਕਰ ਦੇਵੇ ਮੇਰੀ ਕਮਜ਼ੋਰੀ ਦਾ ਤਾਂ ਉਸ ਵੱਲ ਕਰੋਧ ਨਾਲ ਪੇਸ਼ ਆਉਂਦਾ ਹਾਂ । ਪਰ ਫੇਰ ਕਿਰਪਾ ਕਰ:

**'ਸਤਿ ਕਰੇ ਜਿਨਿ ਗੁਰੂ ਪਛਾਤਾ**
**ਸੋ ਕਾਹੇ ਕਉ ਡਰਦਾ ਜੀਉ ॥** (ਅੰਗ ੧੦੧)

ਕੈਸਾ ਰੰਗ ਬੰਨ੍ਹਦੀ ਹੈ ਬਾਣੀ ਭਾਵੇਂ ਕਿਸੇ ਗੁਰੂ ਸਾਹਿਬਾਨ ਦੀ ਹੋਵੇ; ਭਾਵੇਂ ਰਵਿਦਾਸ 'ਚਮਾਰ' (ਮੇਰੇ ਲਈ ਸ਼ਹਿਨਸ਼ਾਹ), ਭਾਵੇਂ ਕਬੀਰ ਜੁਲਾਹੇ (ਮੇਰੇ ਲਈ ਦੁਨੀਆਂ ਤੇ ਪਰਲੋਕ ਦਾ ਖ਼ਜ਼ਾਨਾ) ਤੇ ਭਾਵੇਂ ਨਾਮਦੇਵ 'ਛੀਂਬੇ' (ਮੇਰੇ ਲਈ ਰੋਸ਼ਨ ਮੁਨਾਰਾ) ਦੀ । ਜਦੋਂ ਤੇਰੀ ਰਹਿਮਤ ਨੇ ਗੁਰੂ ਗ੍ਰੰਥ ਸਾਹਿਬ ਦੇ

ਚਰਨਾਂ ਵਿੱਚ ਮੇਰੀ ਨਜ਼ਰ ਨੂੰ ਟਿਕ-ਟਿਕੀ ਲਗਾ ਕੇ ਬੰਨ੍ਹ ਦਿੱਤਾ ਤਾਂ ਛੱਜੂ ਝੀਵਰ ਵਾਂਗ ਮੈਂ ਸੋਝੀਵਾਨ ਹੋ ਗਿਆ । ਪਤਾ ਨਹੀਂ 'ਮੈਂ' ਕਿਉਂ ਨਹੀਂ ਜਾਂਦੀ; ਪਰ ਤੂੰ ਕਮਾਲ ਹੈਂ, ਤੂੰ ਐਸੇ ਤਰੀਕੇ ਵਰਤਦਾ ਹੈਂ ਕਿ 'ਮੈਂ' ਦਾ ਜ਼ਹਿਰ ਕੱਢ ਦੇ, ਸੁਖ ਦਾ ਸਥਾਨ ਬਣਾ ਸਕਾਂ । ਤੇਰੀ ਰਹਿਮਤ ਨੇ ਇਕ ਸੱਜਣ ਮੇਲਿਆ ਜਿਹੜਾ ਕਹਿਣ ਲੱਗਾ ਡਰਦੇ ਕਿਉਂ ਹੋ? ਖੂਬ 'ਮੈਂ' ਵਿੱਚ ਆਓ, ਕੇਵਲ ਗੁਰੂ ਨੂੰ ਸੱਚ ਕਰ ਕੇ ਜਾਣੋ । 'ਵਾਹ ਵਾਹ' ਇਕਦਮ ਝਲਕਾਰਾ ਵੱਜਾ ਉਸੇ ਠੰਢ ਦਾ ਜਿਹੜੀ ਸੱਜਣ ਠੱਗ ਨੂੰ ਗੁਰੂ ਨਾਨਕ ਨੇ ਪਾਈ ਸੀ, ਜਾਂ ਜਿਸ ਨੇ ਕੌਡੇ ਰਾਖ਼ਸ਼ ਦਾ ਕੜਾਹਾ ਠੰਡਾ ਕੀਤਾ ਸੀ । ਉਹ ਸੱਜਣ ਕਹਿਣ ਲੱਗੇ ਪੂਰੇ ਜੋਬਨ ਵਿੱਚ, ਮੈਨੂੰ ਤਾਂ 'ਮੈਂ' ਤੇ ਬਹੁਤ ਮਾਣ ਹੈ, ਕਿਉਂਕਿ ਮੇਰੀ 'ਮੈਂ' ਸਿਖਾਉਂਦੀ ਹੈ—

—'ਮੈਂ' ਆਪਣੇ ਗੁਰੂ ਦਾ ਬੈਖ਼ਰੀਦ ਗ਼ੁਲਾਮ ਹਾਂ—ਮੈਂ
—'ਮੈਂ' ਸਾਰੀ ਦੁਨੀਆਂ ਨਾਲੋਂ ਨੀਵਾਂ ਹਾਂ—ਮੈਂ
—'ਮੈਂ' ਗੁਰੂ ਨੂੰ ਸਿਰ ਵੇਚ ਚੁੱਕਾ ਹਾਂ—ਮੈਂ
—'ਮੈਂ' ਬਿਲਕੁਲ ਨੌਕਰ ਦੀ ਆਵਾਜ਼ ਹਾਂ—ਮੈਂ
—'ਮੈਂ' ੦ ਸਿਫਰ ਹਾਂ—ਮੈਂ

ਇਕੋ ਇਕ ਵਾਹਿਗੁਰੂ ਤੇ ਉਸ ਦੇ ਸਜਾਏ ਹੋਏ ਰਾਹ ਦਿਖਾਉਣ ਵਾਲੇ ਮੈਨੂੰ ਡਰਾਉਂਦੇ ਹਨ, ਹੋਰ ਮੈਨੂੰ ਕੋਈ ਡਰ ਨਹੀਂ, ਝਟ-ਪਟ ਕਹਿਣ ਲੱਗ ਪਏ ।

(੧) **ਮਨ ਤਨ ਅੰਤਰਿ ਪ੍ਰਭੂ ਧਿਆਇਆ॥**
**ਗੁਰ ਪੂਰੇ ਡਰੁ ਸਗਲ ਚੁਕਾਇਆ ॥** (ਅੰਗ ੧੧੫੨)

(੨) **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ ॥** (ਅੰਗ ੧੧)

ਮੈਂ ਪੁੱਛਿਆ ਤੁਸੀਂ ਬਿਲਕੁਲ ਨਹੀਂ ਡਰਦੇ। ਕਹਿਣ ਲੱਗੇ ਡਾਢਾ ਡਰਦਾ ਹਾਂ, ਕੰਬਦਾ ਹਾਂ, ਪਰ ਕੇਵਲ ਇਕ ਗੱਲ ਤੋਂ ਕਿਤੇ ਮੇਰੀ ਨਜ਼ਰ ਸਾਹਿਬਾਂ ਦੇ ਚਰਨਾਂ ਤੋਂ ਹਿੱਲ ਨਾ ਜਾਏ, ਕਿਤੇ ਮੇਰਾ ਮਨ ਸਾਹਿਬਾਂ ਦੀ ਗ਼ੁਲਾਮੀ ਤੋਂ ਮੁੱਕਰ ਨਾ ਜਾਏ, ਕਿਤੇ ਮੇਰੇ ਹੱਥ ਸਾਹਿਬਾਂ ਦੀ ਸੇਵਾ ਤੋਂ ਮੁੱਖ ਨਾ ਮੋੜ ਦੇਣ, ਕਿਤੇ ਮੇਰੀ ਜੀਭ, ਮੇਰੇ ਕੰਨ, ਮੇਰੇ ਪੈਰ, ਮੇਰਾ ਸਰੀਰ ਸਾਹਿਬਾਂ ਦੀਆਂ ਰਹਿਮਤਾਂ ਵਾਲੀਆਂ ਦਾਤਾਂ ਵਿੱਚ ਫਸ ਕੇ ਦਾਤਾਰ ਨੂੰ ਨਾ ਭੁੱਲ ਜਾਏ । ਮੈਂ ਪੁੱਛਿਆ, ਇਹ ਕੋਈ ਡਰ ਹੈ, ਇਹ ਤਾਂ ਖ਼ਿਆਲ ਹੀ ਹਨ । ਉਹ ਡਾਢੀ ਗੰਭੀਰਤਾ ਵਿੱਚ ਆ ਕੇ ਰੋਣ ਲੱਗ ਪਏ—ਪਿਆਰਿਆ



ਵੀਰਾ, ਜਿਵੇਂ ਤੂੰ ਤੇ ਮੈਂ ਗੱਲਾਂ ਕਰ ਰਹੇ ਹਾਂ ਤੇ ਇਹ ਸੱਚ ਹੈ ਨਾ, ਇਸੇ ਤਰ੍ਹਾਂ ਸਾਹਿਬ ਮੇਰੇ ਮਾਲਕ ਹਨ ਪਰਤੱਖ ਤੇ ਮੈਂ ਨੌਕਰ ਹਾਂ । ਤੂੰ ਤੇ ਮੈਂ ਸ਼ਾਇਦ ਕੇਵਲ ਸੁਪਨਾ ਹੋਵੇ, ਸਾਹਿਬ **Reality** (ਅਸਲੀਅਤ) ਹਨ । ਮੇਰੇ ਮਨ ਵਿੱਚ ਪ੍ਰੇਮ ਆ ਗਿਆ, ਆਕੜ ਨੇ ਥੋੜ੍ਹਾ ਜਿਹਾ ਸਾਹ ਲਿਆ—ਮੈਂ ਕਿਹਾ ਮੈਨੂੰ ਤਾਂ ਲੋਕ ਬਹੁਤ ਡਰਾਉਂਦੇ ਹਨ, ਉਹ ਤੇਰੀ **Promotion** (ਤਰੱਕੀ) ਨਹੀਂ ਹੋਵੇਗੀ, ਤੇਰੇ ਬੱਚੇ ਕਿਸੇ ਵਿਦੇਸ਼ੀ ਨਾਲ ਵਿਆਹ ਕਰ ਲੈਣਗੇ, ਓ ਤੇਰੇ ਬੁਢੇਪੇ ਵਿੱਚ ਕੌਣ ਰਾਖੀ ਕਰੇਗਾ, ਓ ਤੂੰ ਬੇਸ਼ਰਮ ਹੈਂ, ਕੋਈ ਸੋਚ ਵਿਚਾਰ ਨਹੀਂ ਕਰਦਾ । ਵੱਡੇ-ਵੱਡੇ ਸੰਤ ਵੀ, ਮੈਂ ਕਿਹਾ, ਇਹੋ ਡਰਾਵਾ ਦਿੰਦੇ ਹਨ ਤੇ ਨਾਲ ਕਹਿੰਦੇ ਹਨ ਕੁਝ ਪਾਠ ਕਰੋ । ਉਹ ਸੱਜਣ ਮੁਸਕਰਾ ਕੇ ਕਹਿਣ ਲੱਗੇ ਸਨ—

(੧) ਜੋ ਹੋਣਾ ਹੈ ਤੂੰ ਰੋਕ ਨਹੀਂ ਸਕਦਾ
(੨) ਜੋ ਹੋਣਾ ਹੈ ਸਾਹਿਬਾਂ ਦੇ ਹੁਕਮ ਨਾਲ ਹੋਣਾ ਹੈ
(੩) ਜੋ ਹੋਣਾ ਹੈ ਤੇਰੇ ਲਈ ਚੰਗਾ ਹੋਣਾ ਹੈ ।

ਜੇ ਤੂੰ ਮੰਨ ਜਾਏਂ ਕਿ ਗੁਰੂ ਦੀ ਬਾਣੀ ਸੱਚ ਹੈ ਤੇ ਕਰਨ ਕਰਾਵਨ ਆਪ ਉਹ ਵਾਹਿਗੁਰੂ ਹੈ । ਤੂੰ ਉਸ ਦੀ ਗ਼ੁਲਾਮੀ ਕਰਕੇ ਹਜ਼ੂਰੀ ਵਿੱਚ ਰਹੋ ਤੇ ਰਜ਼ਾ ਦੇ ਰੰਗ ਵਿੱਚ ਮਸਤ ਰਹੋ ।

ਇਹ ਗੱਲਾਂ ਬਿਲਕੁਲ ਜਚਦੀਆਂ ਹਨ; ਪਰ ਮੈਂ ਆਪਣੀ B.A. ਦੀ ਸਿਆਣਪ ਨੂੰ ਕਿਵੇਂ ਛੁਪਾਵਾਂ । ਹੁਣ ਅਗਸਤ ਦੇ ਮਹੀਨੇ ਵਿੱਚ ਕਿਰਪਾ ਕਰ । ਆਪ ਦਾ ਆਗਮਨ ਵੀ ਹੈ, ਮੇਰੇ ਦੇਸ਼ ਦੀ ਆਜ਼ਾਦੀ ਦਾ ਮਹੀਨਾ ਵੀ ਹੈ, ਤੇਰੇ ਚਰਨਾਂ ਦੀ ਛੂਹ ਨਾਲ ਕੇਵਲ ਤੇਰੇ ਗਾਉਣ ਗਾਣ ਲਈ ਮੇਰੀ ਗੁਰਮੁਖ ਭੈਣ ਦਾ ਸੰਗ ਵੀ ਇਸ ਮਹੀਨੇ ਵਿੱਚ ਬਣਿਆ ਸੀ । ਹੋਰ ਕਮਾਲ ਮਹਾਰਾਜ ਕ੍ਰਿਸ਼ਨ ਦਾ ਆਗਮਨ ਵੀ ਹੈ । ਫੇਰ, ਛੇਤੀ ਕਰ ਦੇਰ ਨਾ ਕਰ, ਭਰਦੇ ਝੋਲੀਆਂ, ਕ੍ਰਿਸ਼ਨ ਮਹਾਰਾਜ ਬਾਰੇ ਮੈਂ ਸਭ ਕੁਝ ਗੁਰੂ ਗ੍ਰੰਥ ਸਾਹਿਬ 'ਚੋਂ ਸਿੱਖਿਆ ਹੈ । ਤੂੰ ਉਹ ਹੈਂ ਜਾਂ ਉਹ ਤੂੰ ਹੈਂ । ਮੈਨੂੰ ਕੁਝ ਨਹੀਂ ਪਤਾ, ਪਰ ਹੁਣ ਇਸ ਮਹੀਨੇ ਮੇਰੀ 'ਮੈਂ' ਨੂੰ ਪੂਰੀ ਤਰ੍ਹਾਂ ਦੀ ਗ਼ਰੀਬੀ ਬਖ਼ਸ਼ ਤਾਂ ਜੋ ਮੈਂ ਗੀਤਾ ਦੇ ਅਰਥ ਵੀ ਕਰ ਸਕਾਂ ਤਾਂ ਛੱਜੂ ਝੀਵਰ ਹੀ ਰਹਾਂ । ਦੋ ਸਾਲ ਤੇਰੀ ਦਰਗਾਹ ਤੋਂ ਵਿੱਛੜਿਆਂ ਹੋ ਗਏ ਹਨ । ਵਿਲਕਦਾ ਹਾਂ ਫੇਰ ਕਦੋਂ ਦਹਿਲੀਜਾਂ ਤੇ ਮੱਥੇ ਰਗੜਾਂਗਾ, ਨਿਸ਼ਾਨ ਸਾਹਿਬ ਵੱਲ ਤੱਕ ਕੇ ਆਖਾਂਗਾ:

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥**

# ਗੁਰੂ ਤੇਗ਼ ਬਹਾਦਰ ਸਾਹਿਬ ਦਾ ੩੦੦ ਸਾਲਾ ਸ਼ਹੀਦੀ ਪੁਰਬ

ਅੰਮ੍ਰਿਤ ਵੇਲਾ ਹੈ । ਆਪਣੇ ਆਪ ਨੂੰ ਧੋਖਾ ਦੇ ਰਿਹਾ ਹਾਂ । ਕਦੇ ਅੱਖਾਂ ਨੂਟਦਾ ਹਾਂ ਕਦੇ ਖੋਲ੍ਹਦਾ ਹਾਂ । ਜੀ ਇਹ ਕਰ ਰਿਹਾ ਹੈ ਕਿ ਭਾਵੇਂ ਮੇਰੇ ਕੰਮ ਕਦੇ ਵੀ ਸਿੱਧੇ ਨਹੀਂ ਹੋਣੇ ਤੇ ਕੁੱਤੇ ਦੀ ਪੂਛ ਵਾਂਗ ਮੈਂ ਵੀ ਟੇਢਾ ਹੀ ਰਹਿਣਾ ਹੈ, ਕਿਸੇ ਤਰ੍ਹਾਂ ਸਾਹਿਬ ਤਰੁੱਠ ਪੈਣ ਤੇ ਰਹਿਮਤ ਵਿੱਚ ਆ ਕੇ ਮੇਰੇ ਭੇਖ ਨੂੰ ਜਾਣਦਿਆਂ ਹੋਇਆਂ ਵੀ ਕਹਿਣ—ਜਾ ਤੂੰ ਬਖ਼ਸ਼ਿਆ । ਪਰ ਕਿੱਥੇ? ਆਪਣੀ ਕਿਰਤ ਹੀ ਜ਼ਿੰਮੇਵਾਰ ਹੈ ਮੇਰੇ ਪਖੰਡ ਦੀ । ਅੰਦਰੋਂ ਹੋਰ ਬਾਹਰੋਂ ਹੋਰ ਹੋਣ ਕਰਕੇ ਗੁਰੂ ਨਾਲ ਵੀ ਪਖੰਡ ਤੋਂ ਹੀ ਕੰਮ ਲੈਂਦਾ ਹਾਂ ਤੇ ਜਿਉਂ-ਜਿਉਂ ਉਹ ਬਖ਼ਸ਼ਿਸ਼ ਦੇ ਘਰ ਆਉਂਦਾ ਹੈ ਮੈਂ ਬਖ਼ਸ਼ਿਸ਼ ਤੋਂ ਮੂੰਹ ਮੋੜ ਕੇ ਲੋਕਾਂ ਦੀ ਵਡਿਆਈ ਦਾ ਭੁੱਖਾ ਬਣੀ ਜਾਂਦਾ ਹਾਂ ।

ਇਕ ਛਿੰਨ ਲਈ ਵਿਚਾਰ ਆਇਆ ਕਿ ਨਿਰਵੈਰਤਾ ਬਹੁਤ ਜ਼ਰੂਰੀ ਹੈ, ਪਰ ਕਿਵੇਂ ਆਵੇ ? ਬੱਸ ਇਹ ਸੋਚਣ ਦੀ ਦੇਰ ਸੀ ਕਿ ਇਕ ਨਕਸ਼ਾ ਸਾਹਮਣੇ ਆ ਗਿਆ ਤੇ ਮੇਰੀ ਕਲਮ ਚੱਲ ਪਈ । ਆਪਣੇ ਗੁਨਾਹ ਦਿੱਸਣ ਲੱਗ ਪਏ ।

ਗੁਰੂ ਤੇਗ਼ ਬਹਾਦਰ ਸਾਹਿਬ ਦੇ ਗੁਰਪੁਰਬ ’ਤੇ ਮੇਰੀ ਠੇਕੇਦਾਰੀ ਜਾਂ ਮੇਰੀ “ਵਿਦਵਾਨਾਂ” ਵਾਲੀ ਬੁੱਧੀ ਦੇਖ ਕੇ ਮੈਨੂੰ ਉਚੇਚਾ ਬੁਲਾਇਆ ਗਿਆ ਸੀ ਤੇ ਮੇਰਾ ਲੈਕਚਰ ਬਹੁਤ ਹੀ ਸਲਾਹਿਆ ਗਿਆ ਸੀ । ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਦੇ ਉਚੇਚੇ ਦ੍ਰਿਸ਼ ਦਿਖਾ ਕੇ ਮੈਂ ਗੰਭੀਰ ਆਵਾਜ਼ ਵਿੱਚ ਕਿਹਾ ਸੀ ਕਿ ਸਿੱਖੀ ਦੇ ਅਸੂਲ ਹੀ ਇਹ ਹਨ ਕਿ—

(੧) ਗ਼ਰੀਬੀ ਵਿੱਚ ਰਿਹਾ ਜਾਏ ਤੇ ਗ਼ਰੀਬਾਂ, ਦੁਖੀਆਂ ਦਾ ਸਹਾਰਾ ਬਣਿਆ ਜਾਏ ।

(੨) ਜ਼ਾਲਮ ਨਾਲ ਕਦੇ ਵੀ **Compromise** (ਰਾਜ਼ੀਨਾਮਾ) ਨਾ ਕੀਤਾ ਜਾਏ।)

(੩) ਕਦੇ ਕਿਸੇ ਤੋਂ ਨਾ ਡਰਿਆ ਜਾਏ ਤੇ ਨਾ ਕਿਸੇ ਨੂੰ ਡਰਾਇਆ ਜਾਏ।

(੪) ਦੇਹ ਨੇ ਹਮੇਸ਼ਾਂ ਨਹੀਂ ਰਹਿਣਾ, ਇਸ ਤਰ੍ਹਾਂ ਅਸੂਲਾਂ ’ਤੇ ਕਾਇਮ ਰਹਿ ਕੇ ਇਹ ਮਿੱਟੀ ਦਾ ਘਰ ਢਾਉਣਾ ਪਏ ਤਾਂ ਸਿੱਖ ਹੱਸ ਕੇ ਢਾਹੇ।



(੫) ਸਿੱਖ ਕਦੇ ਕਿਸੇ ਲਾਲਚ ਵਿੱਚ ਆ ਕੇ ਆਪਣੀ ਗ਼ੈਰਤ ਕਦੇ ਨਾ ਖੋਵੇ।

(੬) ਚਿੰਤਾਵਾਂ ਨੂੰ ਛੱਡ ਕੇ ਇਕ ਵਾਹਿਗੁਰੂ ਵਿੱਚ ਲੀਨ ਹੋਵੇ ਤੇ ਉਸ ਲੀਨਤਾ ਵਿੱਚੋਂ ਸਭ ਨਾਲ ਪਿਆਰ ਨਿਕਲੇ ।

(੭) ਕਿਉਂਕਿ ਦੁਨੀਆਂ ਵਿੱਚ ਕੌਣ ਭਰਾ, ਮਾਤਾ-ਪਿਤਾ, ਪਤਨੀ ਆਦਿ ਸਭ ਮੁਸਾਫ਼ਿਰ ਹਨ, ਉਨ੍ਹਾਂ ਨਾਲ ਚਿੱਤ ਨਾ ਲਾਉਂਦਿਆਂ ਹੋਇਆਂ ਡਿਊਟੀਆਂ ਨਿਭਾਏ; ਪਰ ਪਰਮੇਸ਼ਰ ਵੱਲੋਂ ਕਦੇ ਨਾ ਅਵੇਸਲਾ ਹੋਵੇ ।

(੮) ਜਵਾਨੀ ਤੇ ਦੌਲਤ ਦੇ ਨਸ਼ੇ ਵਿੱਚ ਨਾ ਆਕੜੇ ਕਿਉਂਕਿ ਇਹ ਸਭ ਨਾਸ਼ ਹੋ ਜਾਏਗਾ ਤੇ ਦੇਹ ਕਾਗ਼ਜ਼ ਵਾਂਗ ਗਲ ਜਾਏਗੀ ।

(੯) ਕੁੱਤੇ ਵਾਂਗ ਸਾਹਿਬਾਂ ਨਾਲ ਇਕ ਮਨ ਇਕ ਲਿਵ ਲਾਏ ਤਾਂ ਜੋ ਆਪਣਾ ਆਪ ਭੁੱਲ ਜਾਏ ।

(੧੦) ਜ਼ੁਲਮ ਨੂੰ ਕੱਟੇ ਪਰ ਨਿਰਵੈਰ ਰਹੇ । ਜ਼ਾਲਮਾਂ ਲਈ ਵੀ ਬਖ਼ਸ਼ਿਸ਼ ਮੰਗੇ ਤਾਂ ਜੋ ਉਨ੍ਹਾਂ ਨੂੰ ਸੁਮਤਿ ਆਵੇ ।

ਪਤਾ ਨਹੀਂ ਹੋਰ ਕੀ ਕੀ ਕਿਹਾ ਹੋਣਾ ਹੈ । “ਬੋਲੇ ਸੋ ਨਿਹਾਲ” ਤੇ “ਸਤਿ ਸ੍ਰੀ ਅਕਾਲ” ਦੀਆਂ ਗੂੰਜਾਂ ਨੇ, ਜਿਹੜੀਆਂ ਮੇਰੇ ਹਰ ਫ਼ਿਕਰੇ ਬਾਅਦ ਆ ਰਹੀਆਂ ਸਨ ਮੈਨੂੰ ਯਕੀਨ ਕਰਾ ਦਿੱਤਾ ਕਿ ਮੇਰਾ ਲੈਕਚਰ ਲੋਕਾਂ ਨੂੰ ਟੁੰਬ ਰਿਹਾ ਹੈ । ਮੈਂ ਬਹੁਤ ਖ਼ੁਸ਼ ਹੋਇਆ, ਲੋਕਾਂ ਅੱਗੇ-ਹੱਥ ਬੰਨ੍ਹ ਕੇ ਕਿਹਾ ਕਿ ਮੈਂ ਤਾਂ ਤੁਹਾਡਾ ਦਾਸ ਹਾਂ, ਆਪ ਨੇ ਹੀ ਕਿਰਪਾ ਕੀਤੀ ਹੈ, ਦੋ ਅੱਖਰ ਆਖ ਸਕਿਆ ਹਾਂ । ਜਦੋਂ ਮੈਂ ਬੈਠਾ ਤਾਂ ਜੈਕਾਰੇ ਅਜੇ ਵੀ ਗੂੰਜ ਰਹੇ ਸਨ । ਸਟੇਜ ’ਤੇ ਬੈਠੇ ਲੋਕੀਂ ਮੇਰੀ ਸ਼ਲਾਘਾ ਵਿੱਚ ਮੇਰੇ ਵੱਲ ਤੱਕ ਰਹੇ ਸਨ । ਮੈਂ ਇਕ ਲੱਖ ਰੁਪਏ ਦਾ ਚੈੱਕ ਲਿਖ ਦਿੱਤਾ ਤੇ ਸੈਕਟਰੀ ਸਾਹਿਬ ਨੇ ਬੜੇ ਜੋਸ਼ ਨਾਲ ਦੱਸਿਆ ਕਿ ਮੇਰੀ ਕੁਰਬਾਨੀ ਲਾਜਵਾਬ ਹੈ ।

ਮੈਂ ਘੜੀ ’ਤੇ ਵਕਤ ਤੱਕਿਆ ੧੦.੩੦ ਵੱਜ ਚੁੱਕੇ ਸਨ । ਮੈਨੂੰ ੪੫ ਮਿੰਟ ਹੋਏ ਸਨ ਗੁਰਦੁਆਰੇ ਆਇਆਂ ਤੇ ੪੦ ਮਿੰਟ ਦਾ ਲੈਕਚਰ ਕਰਕੇ ਹੁਣ ਮੈਂ ਬਾਹਰ ਆਉਣ ਲੱਗਾ । ਮੈਨੂੰ ਇਕ ਸਿਰੋਪਾ ਇਕ ਕਿਰਪਾਨ ਮਿਲੇ । ਮੇਰੇ ਨਾਲ ਜਿਵੇਂ ਪੰਜ ਦਸ ਪ੍ਰਬੰਧਕ ਲੈਣ ਗਏ ਸਨ ਛੱਡਣ ਵੀ ਆਏ । ਜਦੋਂ ਬਾਹਰ ਗਏ ਤਾਂ ਇਕ ਗ਼ਰੀਬੜਾ ਜਿਹਾ ਸਿੱਖ ਆ ਕੇ ਮੇਰੇ ਪੈਰਾਂ ’ਤੇ ਢਹਿ ਪਿਆ । ਮੇਰੇ ਨਾਲ ਮੇਰੀ ਕਾਰ ਦਾ ਡਰਾਈਵਰ ਖਲੋਤਾ ਸੀ । ਮੈਂ ਉਸ ਨੂੰ

ਕਿਹਾ, ਬਈ ਦੇਖ ਇਸ ਨੂੰ ਕੁਝ ਪੈਸੇ ਦੇ ਦੇ, ਮੈਂ ਉਸ ਸਿੱਖ ਨੂੰ ਪਰ੍ਹੇ ਕੀਤਾ ਕਿ ਜਾ ਪੈਸੇ ਲੈ ਲੈ । ਉਸ ਸਿਰ ਨਾ ਚੁੱਕਿਆ ਬਲਕਿ ਰੋਣ ਲੱਗ ਪਿਆ, ਕੁਝ ਡੁਸਕੋਰਿਆਂ ਦੀ ਵੀ ਆਵਾਜ਼ ਆਈ । ਇਤਨੇ ਵਿੱਚ ਜਿਹੜੇ ਪ੍ਰਬੰਧਕ ਛੱਡਣ ਆਏ ਸਨ, ਓਹ ਤਾਂ ਵਾਪਸ ਸਟੇਜ 'ਤੇ ਚਲੇ ਗਏ, ਪਰ ਉਹ ਗ਼ਰੀਬ ਸਿੱਖ ਮੇਰੇ ਪੈਰ ਨਾ ਛੱਡੇ । ਮੈਂ ਉਸ ਨੂੰ ਕਿਹਾ, ਬਈ ਕੀ ਗੱਲ ਹੈ? ਜੀ ਤਾਂ ਕਰ ਰਿਹਾ ਸੀ ਕਿ ਇਕ ਠੁੱਡਾ ਮਾਰ ਕੇ ਲੰਘ ਜਾਵਾਂ; ਪਰ ਹੁਣੇ ਹੁਣੇ ਗੁਰਦੁਆਰੇ ਵਿੱਚ ਲੈਕਚਰ ਕਰ ਕੇ ਨਿਕਲਿਆ ਸਾਂ ਤੇ ਬਹੁਤ ਲੋਕੀਂ ਮੇਰੇ ਵੱਲ ਤੱਕ ਕੇ ਕਹਿ ਰਹੇ ਸਨ, "ਬਈ ਬਹੁਤ ਸੋਹਣਾ ਲੈਕਚਰ ਕੀਤਾ ਸੀ ਸਰਦਾਰ ਸਾਹਿਬ ਨੇ।" ਠੁੱਡਾ ਮਾਰਨ ਨਾਲ ਤਾਂ ਸਾਰੀ ਗੱਲ ਵਿਗੜਨੀ ਸੀ । ਜਦ ਮੈਂ ਸਿੱਖ ਨੂੰ ਆਪਣੀ ਮੋਟਰ ਤਕ ਲੈ ਆਇਆ ਤੇ ਹਲੀਮੀ ਨਾਲ ਪੁੱਛਿਆ—ਬਈ ਕੀ ਚਾਹੁੰਦਾ ਹੈਂ, ਤਾਂ ਉਸ ਅੱਥਰੂ ਭਰੀਆਂ ਅੱਖਾਂ ਵਿੱਚੋਂ ਤੱਕਦਿਆਂ ਕਿਹਾ—

**"ਮਹਾਰਾਜ ਆਪ ਤੋਂ ਇਕ ਦਾਨ ਮੰਗਦਾ ਹਾਂ । ਆਪ ਨੇ ਮਹਾਨ ਗੱਲਾਂ ਸਿੱਖ ਬਣਨ ਲਈ ਦੱਸੀਆਂ ਹਨ । ਮੇਰੇ ਗ਼ਰੀਬ ਦੀ ਝੋਲੀ ਵਿੱਚ ਇਕ ਖ਼ੈਰ ਪਾਓ-ਨਿਰਵੈਰਤਾ ਦੀ । ਆਪ ਭਾਵੇਂ ਠੁੱਡੇ ਮਾਰੋ, ਪੋਲੀਸ ਦੇ ਹਵਾਲੇ ਕਰ ਦਿਓ, ਮੈਂ ਆਪ ਤੋਂ ਇਹ ਦਾਨ ਪਾਏ ਬਗੈਰ ਜਾਣਾ ਨਹੀਂ । ਜਿਸ 'ਤੇ ਇਤਨੀ ਕਿਰਪਾ ਹੋਵੇ ਸੰਗਤ ਦੀ, ਜੈਕਾਰਿਆਂ ਨਾਲ ਸਵਾਗਤ ਕਰੇ ਤੇ ਜਿਸ ਨੂੰ ਇਤਨਾ ਗਿਆਨ ਹੋਵੇ, ਉਸ ਤੋਂ ਮੈਂ ਅਨਪੜ੍ਹ ਇਕ ਦਾਤ—ਤੇ ਕੇਵਲ ਇਕੋ ਦਾਤ ਨਿਰਵੈਰਤਾ ਦੀ ਮੰਗਦਾ ਹਾਂ ।"**

ਇਕ ਦੋ ਵਾਰ ਉਸ ਨੂੰ ਟਾਲਿਆ, ਪਰ ਪੂਰੀ ਨਿਮਰਤਾ ਵਿੱਚ ਤੇ ਦ੍ਰਿੜ੍ਹਤਾ ਵਿੱਚ ਉਹ ਇਸ ਵਿਸ਼ਵਾਸ ਨਾਲ ਬੋਲੀ ਜਾ ਰਿਹਾ ਸੀ ਕਿ ਮੈਂ ਉਸ ਨੂੰ ਕੁਝ ਸਿਖਾ ਸਕਦਾ ਹਾਂ । ਮੈਂ ਡਰਾਈਵਰ ਨੂੰ ਕਿਹਾ, ਬਈ ਇਸ ਤੋਂ ਛੁਟਕਾਰਾ ਤਾਂ ਨਹੀਂ ਹੋਣਾ ਚੱਲ ਇਸ ਨੂੰ ਨਾਲ ਹੀ ਲੈ ਚੱਲੀਏ । ਉਹ ਗ਼ਰੀਬ ਸਿੱਖ ਮੰਨ ਗਿਆ । ਮੇਰੇ ਮਨ ਵਿੱਚ ਸੀ ਕਿ ਥੋੜ੍ਹੀ ਦੂਰ ਜਾ ਕੇ ਸੰਗਤਾਂ ਤੋਂ ਦੂਰ ਇਸ ਨੂੰ ਲਾਹ ਦਿਆਂਗਾ ਤੇ ਮਗਰੋਂ ਲਹਿ ਜਾਏਗਾ । ਮੋਟਰ ਵਿੱਚ ਬੈਠਦਿਆਂ ਸਾਰ ਸਿੱਖ ਨੇ ਆਪਣੀ ਗ਼ਰੀਬੀ ਨੂੰ ਜ਼ਰਾ ਕੁ ਦਰਸਾਇਆ । ਮੇਰੇ ਪੈਰਾਂ 'ਤੇ ਸਿਰ ਰਗੜ ਕੇ ਆਖਣ ਲੱਗਾ ਕਿ ਮੈਂ ਤਾਂ ਇਕੋ ਦਾਤ ਮੰਗੀ ਹੈ ਪਰ ਆਪ ਤਾਂ ਇਤਨੀਆਂ ਦਾਤਾਂ ਦੇ ਮਾਲਕ ਹੋ । ਨਾਲੇ ਮੈਨੂੰ ਦਾਤ ਦਿਓ ਤੇ ਨਾਲੇ ਇਹ ਦੱਸੋ ਕਿ—

(੧) ਕਿਤਨੀ ਵਾਰ ਆਪ ਨੇ ਜਿਤਨੀਆਂ ਸਿੱਖ ਦੀਆਂ ਸਿਫ਼ਤਾਂ ਦੱਸੀਆਂ



ਹਨ, ਉਨ੍ਹਾਂ 'ਤੇ ਅਮਲ ਕੀਤਾ ਹੈ ਤੇ ਕਿਤਨੀ ਵਾਰੀ ਨਹੀਂ?

(੨) ਕਿਤਨੀ ਵਾਰ ਆਪ ਕੋਲੋਂ ਖੁੰਝ ਨਾਲ ਜਾਂ ਭੁਲੇਖੇ ਵਿੱਚ ਉਲੰਘਣਾ ਹੋਈ ਹੈ ਤੇ ਕਿਤਨੀ ਵਾਰ ਆਪ ਨੇ ਜਾਣ ਬੁੱਝ ਕੇ ਸਿੱਖੀ ਦੇ ਅਸੂਲਾਂ ਦੀ ਯਾਦ ਹੁੰਦਿਆਂ ਹੋਇਆਂ ਵੀ ਉਲੰਘਣਾ ਕੀਤੀ ਹੈ?

ਵਾਹਿਗੁਰੂ ਜਾਣੇ ਕਿਉਂ? ਮੈਂ ਆਪਣੀ ਮੋਟਰ ਵਿੱਚ ਬੈਠਾ ਸਾਂ, ਇਸ ਗ਼ਰੀਬ ਸਿੱਖ ਨੂੰ ਮੈਂ ਕੁਝ ਸਮਝਦਾ ਹੀ ਨਹੀਂ ਸਾਂ; ਪਰ ਉਸ ਦਾ ਪ੍ਰਭਾਵ ਇਤਨਾ ਸੀ ਕਿ ਹੁਣ ਮੈਂ ਉਸ ਨੂੰ ਲਾਹੁਣਾ ਤਾਂ ਕਿਤੇ ਰਿਹਾ, ਅਰਾਮ ਨਾਲ ਵੀ ਨਹੀਂ ਸਾਂ ਕਹਿ ਸਕਦਾ, "ਤੇਰਾ ਕੀ ਮਤਲਬ? ਤੂੰ ਵੱਡਾ ਚੌਧਰੀ ਆਇਆ ਹੈਂ?" ਭਾਵੇਂ ਮੈਨੂੰ ਡਰ ਲੱਗ ਰਿਹਾ ਸੀ ਤੇ ਅੰਦਰੋਂ ਕਾਹਲੀ ਪੈ ਰਹੀ ਸੀ, ਉਸ ਗ਼ਰੀਬ ਸਿੱਖ ਦੀਆਂ ਅੱਖਾਂ ਵਿੱਚ ਨਾ ਕਰੋਧ ਸੀ ਨਾ ਜ਼ਲੀਲ ਕਰਨ ਦਾ ਮਾਣ । ਉਹ ਤਾਂ ਕੇਵਲ ਭਿਖਾਰੀ ਵਾਂਗ ਹੀ ਮੇਰੇ ਕੋਲੋਂ ਨਾਲੇ ਦਾਤਾਂ ਮੰਗ ਰਿਹਾ ਸੀ ਨਾਲੇ "ਸੱਚ" ਸੁਣਾ ਕੇ ਮੇਰੇ ਕਲੇਜੇ ਵਿੱਚ "ਸੱਚ ਦੀ ਝੂਠ ਮਿਲਾਈ ਖਿੱਚੜੀ" ਦੀ ਹੋਂਦ ਪ੍ਰਗਟ ਕਰ ਰਿਹਾ ਸੀ । ਜਦ ਉਸ ਡਿੱਠਾ ਕਿ ਮੈਂ ਕੋਈ ਜਵਾਬ ਨਹੀਂ ਦੇ ਰਿਹਾ ਤਾਂ ਫੇਰ ਉਸ ਪਿਆਰ ਨਾਲ ਕਈ ਸਵਾਲ ਕੀਤੇ । ਉਸ ਦੀ ਜ਼ਬਾਨ ਵਿੱਚ ਮਿਠਾਸ, ਦਿਲ ਵਿੱਚ ਹਮਦਰਦੀ, ਹੱਥਾਂ ਵਿੱਚ ਸੁਚੱਜਤਾ ਦੀ ਛੂਹ ਸੀ । ਉਸ ਕਿਹਾ ਮੈਂ ਆਪ ਦੇ ਆਪਣੇ ਦੱਸੇ ਅਸੂਲਾਂ ਨੂੰ ਵਾਰੀ ਵਾਰੀ ਲੈ ਕੇ (ਜੋ ਉੱਤੇ ਦਿੱਤੇ ਗਏ ਹਨ) ਪੁੱਛਦਾ ਹਾਂ ਕਿ—

(੧) ਜਿਵੇਂ ਆਪ ਕਹਿੰਦੇ ਹੋ ਕਿ ਗ਼ਰੀਬੀ ਵਿੱਚ ਰਿਹਾ ਜਾਏ ਤੇ ਗ਼ਰੀਬਾਂ ਦੁਖੀਆਂ ਦਾ ਸਹਾਰਾ ਬਣਿਆ ਜਾਏ, ਕੀ ਆਪ ਗ਼ਰੀਬੀ ਵਿੱਚ ਰਹਿੰਦੇ ਹੋ ਤੇ ਗ਼ਰੀਬਾਂ ਤੇ ਦੁਖੀਆਂ ਦਾ ਸਹਾਰਾ ਬਣਦੇ ਹੋ? ਕੀ ਜਦੋਂ ਤੁਸਾਂ ਆਪਣੇ ਮਕਾਨ ਲਈ ਜ਼ਮੀਨ ਲੈਣੀ ਸੀ ਤੇ ਗ਼ਰੀਬਾਂ ਦਾ ਖ਼ੂਨ ਚੂਸ ਕੇ, ਧੋਖੇ ਨਾਲ ਜ਼ਮੀਨ ਘੱਟ ਮੁੱਲ ਦੀ ਬਣਾ ਕੇ ਨਹੀਂ ਸੀ ਲਈ? ਕੀ ਤੁਸਾਂ ਨਾਲ ਦੇ ਵਿਹੜੇ ਵਿੱਚ ਰਹਿੰਦੇ ਗ਼ਰੀਬਾਂ ਨੂੰ ਬੇਘਰ ਨਹੀਂ ਸੀ ਕੀਤਾ? ਕੀ ਤੁਹਾਨੂੰ ਨਹੀਂ ਪਤਾ ਕਿ ਗੁਰੂ ਨਾਨਕ ਸਾਹਿਬ ਨੇ ਦੁਨੀ ਚੰਦ ਵਰਗੇ ਮਹਾਨ ਸੁੱਚੇ ਸਿੱਖ ਨੂੰ ਵੀ ਕਿਹਾ ਸੀ ਕਿ ਆਪਣਾ ਮਾਲ ਲੁਟਾ ਦੇ, ਨਿਰਬਾਹ ਜੋਗਾ ਰੱਖ ਲੈ ਤੇ ਸੁੱਚੀ ਕਮਾਈ ਕਰਦਿਆਂ ਹੋਇਆਂ ਵਾਹਿਗੁਰੂ ਵਿੱਚ ਲੀਨ ਹੋ? ਕੀ ਆਪ ਜੋ ਕਹਿੰਦੇ ਹੋ ਕਰਦੇ ਵੀ ਹੋ? ਕੀ ਆਪ ਦੀ ਕੋਠੀ ਦੇ ਨਾਲ ਕਈ ਲੋਕ ਝੁੱਗੀਆਂ ਝੌਂਪੜੀਆਂ ਵਿੱਚ ਭੁੱਖੇ ਨੰਗੇ ਰਹਿੰਦੇ ਹਨ ਜਾਂ ਨਹੀਂ? ਆਪ ਉਨ੍ਹਾਂ ਲਈ ਕੀ ਕਰ ਰਹੇ ਹੋ? ਕਦੇ ਉਨ੍ਹਾਂ ਝੁੱਗੀਆਂ ਵਿੱਚ ਜਾ ਕੇ ਉਨ੍ਹਾਂ ਦੀਆਂ ਤਕਲੀਫ਼ਾਂ ਦੇਖੀਆਂ ਹਨ?

(੨) ਆਪ ਨੇ ਤਾਂ ਕਈ ਵਾਰੀ ਜ਼ਾਲਮਾਂ ਨਾਲ **Compromise** (ਸਮਝੌਤਾ) ਕੀਤਾ ਹੈ । ਉਨ੍ਹਾਂ ਜ਼ਿਮੀਂਦਾਰਾਂ ਨੇ ਜਿਨ੍ਹਾਂ ਹਰੀਜਨਾਂ 'ਤੇ ਜ਼ੁਲਮ ਕੀਤੇ, ਨਾਲੇ ਉਨ੍ਹਾਂ ਨੂੰ ਬਗੈਰ ਪੈਸੇ ਦਿੱਤੇ ਕੰਮ ਕਰਵਾ ਕਰਵਾ ਕੇ ਮਾਰਿਆ, ਜੇ ਉਹ ਬੋਲੇ ਤਾਂ ਗੋਲੀਆਂ ਨਾਲ ਉਡਾਇਆ, ਉਨ੍ਹਾਂ ਦੇ ਘਰਾਂ ਨੂੰ ਸਾੜ ਦਿੱਤਾ; ਪਰ ਆਪ ਤਾਂ ਉਨ੍ਹਾਂ ਜ਼ਿਮੀਂਦਾਰਾਂ ਨਾਲ ਰਲ ਕੇ ਵੱਡੇ-ਵੱਡੇ ਕਾਰਖ਼ਾਨੇ ਖੋਲ੍ਹਦੇ ਰਹੇ ਤੇ ਗ਼ਰੀਬਾਂ ਦੀ ਕਮਾਈ ਤੇ ਪਸੀਨੇ ਨਾਲ ਆਪਣੇ ਢਿੱਡ ਭਰਦੇ ਰਹੇ । ਉਸ ਪਸੀਨੇ ਦੀ ਕਮਾਈ ਨਾਲ ਹੁਣ ਕਈ ਕੋਠੀਆਂ ਦੇ ਮਾਲਕ ਬਣੇ ਬੈਠੇ ਹੋ ਤੇ ਅਜੇ ਵੀ ਜ਼ਾਲਮਾਂ ਨਾਲ ਰਲ ਕੇ ਜ਼ੁਲਮ ਕਰਨੋਂ ਨਹੀਂ ਰੁਕਦੇ, ਇਨਸਾਨੀਅਤ ਨਹੀਂ ਵਰਤਦੇ ।

(੩) ਆਪ ਤਾਂ ਹਰ ਵੇਲੇ ਗ਼ਰੀਬਾਂ ਨੂੰ ਡਰਾਉਂਦੇ ਹੋ—ਆਪਣੇ ਘਰ ਦੇ ਨੌਕਰਾਂ ਨੂੰ, ਮੁਹੱਲੇ ਦੇ ਸਫ਼ਾਈ ਸੇਵਕਾਂ ਨੂੰ ਇਹੋ ਕਹਿ ਕੇ ਡਰਾਉਂਦੇ ਹੋ ਕਿ ਆਪ ਉਨ੍ਹਾਂ ਦੀਆਂ ਨੌਕਰੀਆਂ ਲੁਹਾ ਦਿਉਗੇ । ਦੂਜੇ ਪਾਸੇ ਡਰਦੇ ਹੋ ਆਪਣੇ ਲਾਲਚ ਪਿੱਛੇ ਹਰ ਇਕ ਕੋਲੋਂ । ਜਦੋਂ ਆਪ ਵਜ਼ੀਰ ਸੋ ਤਾਂ ਹਰ ਵੇਲੇ ਡਰ ਲੱਗਾ ਰਹਿੰਦਾ ਸੀ ਕਿਹੜੇ ਵੇਲੇ ਕੱਢ ਦਿੱਤੇ ਜਾਓਗੇ, ਕਿਹੜੇ ਵੇਲੇ ਆਪ ਦਾ ਰਿਸ਼ਵਤ ਖਾਣਾ ਪਕੜਿਆ ਜਾਏਗਾ, ਕੋਈ ਆਪ ਤੋਂ ਚੋਰੀ ਦਾ ਮਾਲ, ਅਸੈਂਬਲੀ ਵਿੱਚ ਬਦਨਾਮ ਕਰਵਾ ਕੇ ਕਢਵਾ ਲਏਗਾ । ਜੇ ਆਪ ਪਾਪ ਨਾ ਕਰਦੇ ਤਾਂ ਡਰਦੇ ਕਿਉਂ?

(੪) ਜੇ ਦੇਹ ਨਹੀਂ ਰਹਿਣੀ ਤਾਂ ਆਪ ਦੀ ਰਖਵਾਲੀ ਵਿੱਚ ਹੀ ਕਿਉਂ ਲੱਗੇ ਰਹਿੰਦੇ ਹੋ ਤੇ ਕਦੇ ਵੀ ਇਹ ਨਹੀਂ ਦੇਖਦੇ ਕਿ ਆਪਣੀ ਮਰਜ਼ੀ ਨਾਲ Voluntarily (ਆਪਣੇ ਆਪ) ਹਸਪਤਾਲਾਂ ਵਿੱਚ ਜਾ ਕੇ ਦੁਖੀਆਂ ਦੀ ਸੇਵਾ ਕਰੋ, ਗੁਰੂ ਦੇ ਨਾਂ ਹੇਠ ਬੇਸਹਾਰਿਆਂ ਕੋਲ ਜਾ ਕੇ ਪਿਆਰ ਕਰੋ । ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪੋ ਤੇ ਗੁਰੂ ਦੀਆਂ ਖ਼ੁਸ਼ੀਆਂ ਲਓ । ਆਪ ਹੱਸ ਕੇ ਮੌਤ ਕਬੂਲਣ ਦੀਆਂ ਗੱਲਾਂ ਤਾਂ ਕਰਦੇ ਹੋ, ਪਰ ਕਦੇ ਸਵੇਰੇ ਉੱਠਣਾ ਪੈ ਜਾਏ ਤਾਂ ਔਖੇ ਹੋ ਜਾਂਦੇ ਹੋ । ਆਪ ਤਾਂ ਕੀ ਮਰਨਾ ਹੈ ਤੁਸਾਂ, ਆਪ ਦੇ ਇਖ਼ਤਿਆਰ ਹੋਵੇ ਤਾਂ ਗ਼ਰੀਬਾਂ ਦੇ ਬੱਚਿਆਂ ਦੀਆਂ ਬਾਹਵਾਂ ਲੱਤਾਂ ਖ਼ਰੀਦ ਕੇ ਆਪਣੇ ਲੂਲ੍ਹੇ ਲੰਗੜੇ ਬੱਚਿਆਂ ਨੂੰ ਲਵਾ ਲਓ!

(੫) ਜਦੋਂ ਆਪ **Journalist** (ਅਖ਼ਬਾਰ ਨਵੀਸ) ਸੀ ਤਾਂ ਕਈ ਵਾਰ ਪੈਸੇ ਖ਼ਾ ਕੇ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਲਿਖਿਆ । ਅਸੈਂਬਲੀ ਇਲੈਕਸ਼ਨ ਲਈ ਕਿਤਨੇ ਝੂਠ ਬੋਲੇ, ਕਿਤਨੇ ਗ਼ਲਤ ਕੰਮ ਕੀਤੇ—ਤੇ ਕਹਿੰਦੇ ਹੋ ਕਿ



ਸਿੱਖ ਨੂੰ ਗੁਰੂ ਤੇਗ਼ ਬਹਾਦਰ ਦੀ ਸਿੱਖਿਆ ਹੈ ਕਿ ਲਾਲਚ ਤੇ ਡਰ ਹੇਠ ਗ਼ੈਰਤ ਨਾ ਛੱਡੋ?

(੬) ਜਦੋਂ ਆਪ ਦਲਾਲੀ ਦਾ ਕੰਮ ਕਰਦੇ ਸੀ ਤਾਂ ਕਿਵੇਂ ਲੋਕਾਂ ਦੀ ਹੇਠਲੀ ਉੱਤੇ ਕਰਕੇ ਖ਼ੁਸ਼ ਹੁੰਦੇ ਸੀ । ਪ੍ਰੋਫ਼ੈਸਰ ਸੀ ਤਾਂ ਆਪਣੀ ਨੌਕਰੀ ਕਾਇਮ ਰੱਖਣ ਲਈ ਦੂਜੀ ਪਾਰਟੀ ਦੇ ਲੋਕਾਂ ਨਾਲ ਕਿਵੇਂ ਨਫ਼ਰਤ ਕਰਦੇ ਸੀ, ਫੇਰ ਚਿੰਤਾ ਨਾਲ ਜਾਨ ਨਿਕਲਦੀ ਰਹਿੰਦੀ ਸੀ । ਵਾਹਿਗੁਰੂ ਵਿੱਚ ਲੀਨ ਰਹਿਣਾ ਤਾਂ ਕਿਤੇ ਰਿਹਾ ਆਪ ਨੂੰ ਤਾਂ ਵਕਤ ਹੀ ਨਹੀਂ ਸੀ ਮਿਲਦਾ, ਨਾ ਹੁਣ ਮਿਲਦਾ ਹੈ ਗੁਰਦੁਆਰੇ ਜਾਣ ਦਾ । ਆਪ ਤਾਂ ਕੇਵਲ ਲੈਕਚਰ ਕਰਨ ਹੀ ਜਾਂਦੇ ਹੋ ।

(੭) ਆਪ ਨੇ ਤਾਂ ਸਾਰੀ ਦੁਨੀਆਂ ਦੇ ਜੰਜਾਲ ਪਾਏ ਹੋਏ ਹਨ । ਪੁੱਤਰ ਦੇ ਵਿਆਹ ਲਈ ਦਹੇਜ ਮੰਗਦਿਆਂ ਸ਼ਰਮ ਨਹੀਂ ਆਉਂਦੀ, ਕੁੜੀ ਦੇ ਵਿਆਹ 'ਤੇ ਅਡੰਬਰ ਰਚ ਕੇ ਆਪਣੀ ਬਦ ਕਮਾਈ ਦਾ ਹੋਛਾ ਦਿਖਾਵਾ ਕਰਦਿਆਂ ਸ਼ਰਮ ਨਹੀਂ ਆਉਂਦੀ, ਅੰਨ੍ਹੇਵਾਹ ਸਰਕਾਰੀ ਹੁਕਮ ਨੂੰ ਭੁੱਲ ਕੇ ਹਜ਼ਾਰਾਂ ਆਦਮੀਆਂ ਨੂੰ ਰੋਟੀ ਖਵਾਉਂਦਿਆਂ ਸ਼ਰਮ ਨਹੀਂ ਆਉਂਦੀ । ਫੇਰ ਕਹਿੰਦੇ ਹੋ ਇਸ ਦੁਨੀਆਂ ਵਿੱਚ ਚਿੱਤ ਨਹੀਂ ਲਾਉਣਾ ਚਾਹੀਦਾ । ਹਜ਼ਰਤ ਈਸਾ ਜੀ ਕਹਿੰਦੇ ਹਨ ਕਿ ਆਪ ਕੇਵਲ ਗ਼ਰੀਬ ਨੂੰ ਖਾਣਾ ਖਲਾਓ, ਜਿਸ ਕੋਲ ਮੋੜਨ ਦਾ ਸਾਧਨ ਹੀ ਨਹੀਂ । ਵਾਹਿਗੁਰੂ ਆਪ ਤੁਹਾਡਾ ਹੋ ਜਾਏਗਾ । ਗੁਰੂ ਨਾਨਕ ਨੀਵਿਆਂ ਦੀ ਦੋਸਤੀ ਚਾਹੁੰਦੇ ਹਨ, ਆਪ ਦੁਨੀਆਂ ਦੀਆਂ ਵਡਿਆਈਆਂ ਵਿੱਚ ਲੱਗੇ ਰਹਿੰਦੇ ਹੋ ਤੇ ਕਹਿੰਦੇ ਹੋ ਕਿ ਕੇਵਲ ਡਿਊਟੀਆਂ ਨਿਭਾਉਣ ਲਈ ਦੁਨੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ, ਉਹ ਵੀ ਉੱਤੋਂ ਉੱਤੋਂ ।

(੮) ਆਪ ਤਾਂ ਹੁਣ ਜਵਾਨ ਵੀ ਨਹੀਂ ਤਾਂ ਵੀ ਇਤਨੀ ਆਕੜ ਵਿੱਚ ਰਹਿੰਦੇ ਹੋ । ਆਕੜ ਨਾਲ ਕਰੋਧ ਕਰਦੇ ਹੋ । ਐਸ਼ ਵਿੱਚ ਵਾਹਿਗੁਰੂ ਦੀ ਯਾਦ ਨੂੰ ਭੁੱਲ ਜਾਂਦੇ ਹੋ ਤੇ ਕਰੋਧ ਵਿੱਚ ਵਾਹਿਗੁਰੂ ਦੇ ਡਰ ਨੂੰ ਭੁੱਲ ਜਾਂਦੇ ਹੋ । ਆਪ ਨੇ ਗੁਰੂ ਤੇਗ਼ ਬਹਾਦਰ ਸਾਹਿਬ ਵਾਂਗ ਕੁਰਬਾਨੀ ਕੀ ਦੇਣੀ ਹੈ, ਆਪ ਤਾਂ ਅੱਜ ਵੀ 'ਸੱਚ' ਬੋਲਣ ਵਾਲੇ ਨੂੰ ਕਤਲ ਕਰਵਾ ਦਿਓਗੇ । ਜਦੋਂ ਆਪ ਮਿਉਂਸਿਪਲ ਕਮੇਟੀ ਦੇ ਪ੍ਰਧਾਨ ਸੀ ਤਾਂ ਆਪ ਨੇ ਉਸ ਕਲਰਕ ਨੂੰ ਨਹੀਂ ਕੱਢ ਦਿੱਤਾ ਸੀ ਜਿਹੜਾ ਆਪ ਦੇ ਦਫ਼ਤਰ ਵਿੱਚ ਪੈਸੇ ਖਾਣ ਬਾਰੇ ਲੋਕਾਂ ਨੂੰ ਦੱਸਦਾ ਸੀ? ਆਪ ਜਦ ਮੈਜਿਸਟਰੇਟ ਸੀ ਤਾਂ ਆਪ ਨੂੰ ਕਿਸੇ ਨੇ ਸਲਾਮ ਨਹੀਂ ਸੀ ਕੀਤਾ ਤਾਂ ਆਪ ਨੇ ਉਸ ਨੂੰ ਅੰਦਰ ਕਰਵਾ ਦਿੱਤਾ ਸੀ । ਆਪ ਜਦ ਪੋਲੀਸ ਦੇ ਅਫ਼ਸਰ ਸੀ ਤਾਂ ਦੁਕਾਨਦਾਰਾਂ ਤੇ ਰਿਕਸ਼ਾ ਵਾਲਿਆਂ ਤੋਂ ਜ਼ਬਰਨ ਪੈਸੇ ਖੋਂਹਦੇ ਸੀ ।

(੯) ਆਪ ਨੇ ਕੁੱਤੇ ਵਾਂਗ ਇਕ ਮਨ ਇਕ ਚਿੱਤ ਲਿਵ ਲਾਈ ਤਾਂ ਹੈ, ਪਰ ਰੱਬੀ ਮਾਲਕ ਨਾਲ ਨਹੀਂ, ਦੁਨਿਆਵੀ ਭੁਲੇਖੇ ਮਾਇਆ ਨਾਲ । ਆਪ ਦੀ ਲਿਵ ਹੈ ਧੋਖੇ ਨਾਲ, ਜ਼ੁਲਮ ਨਾਲ, ਝੂਠ ਨਾਲ, ਦਗੇਬਾਜ਼ੀ ਨਾਲ, ਤਾਕਤ ਨਾਲ, ਜ਼ਬਰਦਸਤੀ ਨਾਲ, ਧਰਮੀ ਭੇਖ ਨਾਲ ।

(੧੦) ਆਪ ਜ਼ੁਲਮ ਨੂੰ ਕੀ ਕੱਟੋਗੇ, ਆਪ ਨੇ ਤਾਂ ਹਰ ਸ਼ਕਲ ਵਿੱਚ ਜ਼ੁਲਮ ਕੀਤਾ ਹੈ । ਆਪ ਤਾਂ 'ਸੱਚ' ਨੂੰ ਕਦੇ ਨਹੀਂ ਸਹਿ ਸਕੋਗੇ । ਆਪ ਤਾਂ ਸੱਚ ਨੂੰ ਤਸੀਹੇ ਦਿਓਗੇ, ਸੱਚ ਨੂੰ ਜੇਲ੍ਹਾਂ ਵਿੱਚ ਪਾਓਗੇ, ਫਾਂਸੀ ਚਾੜ੍ਹੋਗੇ ਤੇ ਜਾਣ ਬੁੱਝ ਕੇ ਚਾੜ੍ਹੋਗੇ, ਕੇਵਲ ਇਸ ਡਰ ਲਈ ਕਿ ਆਪ ਦੀ ਨਿੱਜੀ ਤਾਕਤ, ਨਿੱਜੀ ਮਾਨ, ਨਿੱਜੀ ਪ੍ਰਤਾਪ, ਨਿੱਜੀ ਪਾਲਣ-ਪੋਸ਼ਣ, ਨਿੱਜੀ ਵਡਿਆਈ, ਨਿੱਜੀ ਦੌਲਤ, ਨਿੱਜੀ ਰੋਹਬ, ਨਿੱਜੀ ਦਰਬਾਰ ਨੂੰ ਖ਼ਤਰਾ ਨਾ ਹੋਵੇ । ਆਪ ਦੇ ਪਾਪ ਨੰਗੇ ਨਾ ਹੋ ਜਾਣ ।

ਜਦੋਂ ਉਸ ਗ਼ਰੀਬ ਸਿੱਖ ਨੇ ਮੈਨੂੰ ਇਸ ਤਰ੍ਹਾਂ ਨੰਗਿਆਂ ਕੀਤਾ ਤਾਂ ਮੇਰੀਆਂ ਅੱਖਾਂ ਵਿੱਚ ਲਾਲੀ ਸੀ, ਮੇਰੇ ਮੂੰਹ 'ਤੇ ਕਰੋਧ ਸੀ, ਪਰ ਮੇਰੇ ਉੱਤੇ ਜਿਵੇਂ ਨਿਸੱਤੇ ਹੋਣ ਦਾ ਪੂਰਨ ਭਾਰ ਸੀ । ਮੇਰਾ ਡਰਾਈਵਰ ਘੜੀ-ਘੜੀ ਮੇਰੇ ਵੱਲ ਤੱਕਦਾ ਸੀ ਕਿ ਮੈਂ ਹੁਕਮ ਕਰਾਂ ਤੇ ਉਹ ਉਸ ਗ਼ਰੀਬ ਸਿੱਖ ਦਾ ਸਫ਼ਾਇਆ ਕਰ ਦੇਵੇ, ਮੇਰੇ ਕੋਲ ਬੋਲਣ ਦੀ ਹਿੰਮਤ ਵੀ ਨਹੀਂ ਸੀ । ਜਿਉਂ-ਜਿਉਂ ਕ੍ਰੋਧ ਵਿੱਚ ਸੜਦਾ ਸਾਂ ਤਿਉਂ-ਤਿਉਂ ਹੋਰ ਨਿਸੱਤਾ ਹੋ ਰਿਹਾ ਸਾਂ । ਹਜ਼ਰਤ ਮੁਹੰਮਦ ਸਾਹਿਬ ਕਹਿੰਦੇ ਹਨ ਕਿ ਜਦੋਂ ਕੰਮ ਠੀਕ ਨਹੀਂ ਕਰੀਦਾ ਤਾਂ ਮਨ ਅੰਦਰੋਂ ਆਪੇ ਹੀ ਚੱਕ ਮਾਰਦਾ ਹੈ ।

ਹੁਣ ਗ਼ਰੀਬ ਸਿੱਖ ਨੇ ਮੇਰੇ ਪੈਰਾਂ ਨੂੰ ਘੁੱਟ ਕੇ ਪਕੜਿਆ, ਮੈਨੂੰ ਜੱਫ਼ਾ ਮਾਰ ਲਿਆ ਤੇ ਪਿਆਰ ਨਾਲ ਕਹਿਣ ਲੱਗਾ । ਗੁਰਮੁਖ ਵੀਰ ਜੀਉ, ਮੇਰਾ ਮਤਲਬ ਇਹ ਬਿਲਕੁਲ ਨਹੀਂ ਕਿ ਆਪ ਖ਼ਾਸ ਭੈੜੇ ਹੋ । ਮੈਂ ਆਪ ਤੋਂ **Certainly** (ਸੱਚਮੁੱਚ) ਬਹੁਤ ਹੀ ਭੈੜਾ ਹਾਂ; ਪਰ ਮੇਰੀ ਮਰਜ਼ੀ ਇਹ ਸੀ ਕਿ ਆਪ ਦੇ ਚਰਨਾਂ ਵਿੱਚ ਇਹ ਖ਼ਿਆਲ ਰੱਖਾਂ ਕਿ ਧਰਮ ਨੂੰ ਸਭ ਤੋਂ ਵੱਡਾ ਖ਼ਤਰਾ ਆਪ ਵਰਗੇ ਲੋਕਾਂ ਤੋਂ ਹੈ । ਆਪ ਮਾਇਆ ਦੇ ਪ੍ਰਭਾਵ ਹੇਠ ਝੂਠ ਨੂੰ ਉੱਪਰੋਂ ਸੱਚ ਨਾਲ ਕੱਜ ਕੇ ਦਿਖਾਵਾ ਕਰਦੇ ਹੋ, ਤਾਂ ਮੇਰੇ ਵਰਗੇ ਅੱਲ੍ਹੜ ਇਹ ਸਮਝ ਲੈਂਦੇ ਹਨ ਕਿ ਇਹ ਪਖੰਡ ਹੀ "ਧਰਮ" ਹੈ । ਕਿਸੇ ਨੂੰ ਲੈਕਚਰ ਕਰਨ ਦਾ ਕੋਈ ਹੱਕ ਹੀ ਨਹੀਂ ਜੇ ਉਹ ਆਪ ਕਮਾਈ ਨਹੀਂ ਕਰਦਾ ! ਕਿਉਂਕਿ ਕਦੇ ਵੀ ਕੁਝ ਛੁਪ ਨਹੀਂ ਸਕਦਾ । ਸੱਚ ਬਾਹਰ ਆ ਜਾਂਦਾ



ਹੈ ਹਮੇਸ਼ਾਂ! ਪਿਆਰਿਓ, ਹਮੇਸ਼ਾਂ!! ਹੁਣ ਮੈਨੂੰ ਹੋਸ਼ ਆਈ । ਮੈਂ ਉਸ ਗ਼ਰੀਬ ਸਿੱਖ ਦੇ ਚਰਨ ਪਕੜ ਕੇ ਖਲੋ ਗਿਆ । ਮੈਂ ਕਿਹਾ, ਆਪ ਬਿਲਕੁਲ ਠੀਕ ਕਹਿੰਦੇ ਹੋ । ਮੋਟਰ ਤੋਂ ਉੱਤਰ ਕੇ ਉਸ ਨਾਲ ਹੀ ਚਲਾ ਗਿਆ । ਡਰਾਈਵਰ ਨੂੰ ਘਰ ਭੇਜ ਦਿੱਤਾ । ਮੈਂ ਹੁਣ ਸੱਚਮੁੱਚ ਨਿਰਵੈਰਤਾ ਢੂੰਡਦਾ ਹਾਂ । ਵਾਹਿਗੁਰੂ ਅੱਗੇ ਹੱਥ ਜੋੜਦਾ ਹਾਂ, ਸਾਹਿਬਾ ਕਿਰਪਾ ਕਰ ਇਕ ਲਫ਼ਜ਼ ਵੀ ਨਾ ਕਵ੍ਹਾਂ ਜਿਸ ਵਿੱਚ ਆਪ ਵਿਸ਼ਵਾਸ ਨਹੀਂ ਕਰਦਾ । ਮੇਰੀ ਜ਼ਿੰਦਗੀ ਤੋਂ ਸਿੱਖ ਦਾ "ਜੀਵਨ" ਪ੍ਰਗਟ ਹੋਵੇ ਨਾ ਕਿ ਲੈਕਚਰਾਰ ਦਾ ।

ਗੁਰੂ ਦੇ ਹਜ਼ੂਰ ਬੈਠੇ ਇਹੋ ਜਾਚਨਾ ਕਰਦਾ ਹਾਂ ਕਿ ਲੈਕਚਰਾਰ ਬਣਿਆ ਤਾਂ ਝੂਠਾ ਸਾਬਤ ਹੋਇਆ । ਉਸ ਗ਼ਰੀਬ ਸਿੱਖ ਨੇ ਮੇਰੇ 'ਤੇ ਰਹਿਮਤ ਕਰਦਿਆਂ ਕਿਹਾ ਸੀ—

ਪਿਆਰਿਆ, ਜੋ ਕੁਝ ਮੈਂ ਆਖਿਆ ਹੈ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਕਹਿੰਦੀ ਹੈ; ਕੇਵਲ ਨਿਰਵੈਰ ਇਨਸਾਨ ਹੀ ਸ਼ਹੀਦ ਹੋ ਸਕਦਾ ਹੈ—ਤੇ ਨਿਰਵੈਰਤਾ ਹੀ ਕਹਿ ਸਕਦੀ ਹੈ—**'ਸੀਸ ਦੀਆ ਪਰ ਸਿਰਰ ਨ ਦੀਆ'** । ਕੇਵਲ ਨਿਰਵੈਰਤਾ ਹੀ ਰੱਬ ਦੀ ਹੋਂਦ ਦਿਖਾਉਂਦੀ ਹੈ । ਜਿਹੜਾ ਬੰਦਾ ਨਿਰਵੈਰ ਹੈ ਉਹ ਵਾਹਿਗੁਰੂ (ਨਿਰਵੈਰ ਵਾਹਿਗੁਰੂ) ਦੀ ਗੋਦ ਵਿੱਚ ਬੈਠਾ ਹੈ । ਮੇਰੀ ਝੋਲੀ ਵਿੱਚ ਖ਼ੈਰ ਪਾਓ, ਸਾਹਿਬ ਜੀਓ!

# ਅੰਮ੍ਰਿਤ ਕਾ ਦਾਤਾ ਗ਼ਰੀਬ ਨਿਵਾਜ

੧੨ ਸਾਲਾਂ ਬਾਅਦ ਅੰਮ੍ਰਿਤ ਛਕ ਕੇ ਕਿੱਥੇ ਪਹੁੰਚਿਆ ਹਾਂ? ਸਵਾ ਦੋ ਵਜੇ ਹਨ ਅੰਮ੍ਰਿਤ ਵੇਲੇ ਦੇ । ਆਪਣੇ ਅੰਦਰ ਦੀ ਝਾਤ ਮਾਰਨ ਲਈ ਸਤਿਗੁਰੂ ਸੱਚੇ ਪਾਤਿਸ਼ਾਹ ਨੇ ਕਲਮ ਪਕੜਾਈ ਹੈ । ਬੜੀ ਮੁੱਦਤ ਬਾਅਦ ਹਿਰਦੇ ਵਿੱਚ ਖੇੜਾ ਆਇਆ ਹੈ । ਨੀਂਦ ਖੁੱਲ੍ਹਦਿਆਂ ਸਾਰ ਜਦ ਮੁੱਖੋਂ ਵਾਹਿਗੁਰੂ ਨਿਕਲਿਆ ਤਾਂ ਕਲੇਜੇ ਵਿੱਚੋਂ ਸ਼ੁਕਰ ਨਿਕਲਿਆ । ਅੱਜ ਕਈ ਸਹਿਕਦੇ ਹਫ਼ਤਿਆਂ ਬਾਅਦ ਇਉਂ ਲੱਗਿਆ ਹੈ ਕਿ ਪਿਆਰ ਨਾਲ ਮੇਰਾ ਵਾਹਿਗੁਰੂ ਸੁਣ ਕੇ ਮੁਸਕਰਾ ਪਿਆ ਹੈ । ਮੈਂ ਵੀ ਹੱਸ ਪਿਆ ਹਾਂ ਕਈ ਚਿਰਾਂ ਬਾਅਦ। ਅਸਲ ਵਿੱਚ ਗੁਰੂ ਸਿੱਖ ਦਾ ਰਿਸ਼ਤਾ ਤਾਂ ਇਹੋ ਜਿਹਾ ਹੀ ਹੈ—ਗੁਰੂ ਹਰ ਵੇਲੇ ਮੁਸਕਰਾਏ, ਸਿੱਖ ਹਰ ਵੇਲੇ ਹੱਸੇ; ਕਿਉਂਕਿ

੧. **'ਗੁਰੂ ਸਿਖ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥' ਮੁਸਕਰਾ ਕੇ ।** (ਅੰਗ ੪੪੪)

੨. **'ਸਤਿਗੁਰੁ ਸਿਖੁ ਕੇ ਬੰਧਨ ਕਾਟੈ॥' ਹੱਸ ਕੇ ।** (ਅੰਗ ੨੮੬)

੩. **ਗੁਰੂ ਕਾ ਸਿਖੁ ਵਡਭਾਗੀ ਹੇ॥** (ਅੰਗ ੨੮੬)

੪. **ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥**
**ਸੇਵਕ ਕਉ ਗੁਰੁ ਸਦਾ ਦਇਆਲ॥** (ਅੰਗ ੨੮੬)

ਬਿਸਤਰੇ 'ਤੇ ਹੀ ਕਹਿ ਰਿਹਾ ਸਾਂ—ਸਾਹਿਬ, ਗ਼ਰੀਬ ਨੂੰ ਨਾਲ ਮਿਲਾਈ ਰੱਖੋ ਨਾ—ਤੇ ਫਿਰ 'ਵਾਹਿਗੁਰੂ-ਵਾਹਿਗੁਰੂ' ਦੰਦਾਂ ਦੀ ਮਿਠਾਸ ਲੈ ਕੇ ਹਿਰਦੇ ਵਿੱਚ ਉਤਰ ਕੇ ਸਮਝਾ ਰਿਹਾ ਸੀ ਕਿ ਤੂੰ ਆਪੇ ਸੋਚ ਇਹ ਹਿਰਦੇ ਦਾ ਅਨਹਦ ਸੁਆਦ ਇਕ ਵਾਰ ਵੀ 'ਵਾਹਿਗੁਰੂ' ਕਹਿਣ ਨਾਲ ਜਿਹੜਾ ਇਸ ਵੇਲੇ ਮਾਣ ਰਿਹਾ ਹਾਂ, ਉਹ ਗ਼ਰੀਬ ਨਿਵਾਜੀ ਦੀ ਨਿਸ਼ਾਨੀ ਨਹੀਂ ਤੇ ਤੈਨੂੰ ਨਾਲ ਰੱਖਣ ਦੀ ਨਿਸ਼ਾਨੀ ਨਹੀਂ? ਮਨ ਵਿੱਚ ਉਬਾਲ ਆਇਆ, ਅੱਖਾਂ ਵਿੱਚ ਮਸਤੀ ਆਈ, ਕੰਨਾਂ ਵਿੱਚ 'ਉੱਠ ਛੱਡ ਮੰਜਾ' ਦਾ ਸੱਦਾ ਆਇਆ, ਹੱਥਾਂ ਵਿੱਚ ਲਿਖਣ ਦੀ ਤੀਬਰਤਾ, ਨੱਕ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਤਲਵਾਰ ਦੇ ਜ਼ਾਲਮਾਂ ਦੇ ਜ਼ੁਲਮ ਨੂੰ ਕੱਟਣ ਦੀ ਖ਼ੁਸ਼ਬੂ ਆਈ, ਮੇਰੇ ਰੋਮ-ਰੋਮ ਵਿੱਚ ਗੁਰੂ ਦੀ ਹੋਂਦ ਪ੍ਰਗਟੀ । ਮੇਰੇ ਵਿੱਚ ਬੈਠਾ ਸਾਹਿਬ ਆਪ ਉੱਠਿਆ ਤੇ ਆਪ ਕਹਿਣ ਲੱਗਾ, "ਲੈ ਆਪੇ ਲਿਖ, ਆਪੇ ਮਾਣ, ਆਪੇ ਗਾ, ਆਪ ਜਰੁ, ਆਪੇ ਖੇਡ, ਆਪੇ ਰਚ ਜਾ ਗ਼ਰੀਬ ਨਿਵਾਜ ਵਿੱਚ ।" ਅੰਮ੍ਰਿਤ ਦਾਤਾ



ਗ਼ਰੀਬ ਨਿਵਾਜ ਸਾਹਮਣੇ ਆਣ ਖਲੋਤਾ । ਇਹ ਮਹੀਨੇ ਐਸੇ ਪ੍ਰੇਮ ਦੇ ਮਹੀਨੇ ਹਨ ਜਿਨ੍ਹਾਂ ਵਿੱਚ ਸਿੱਖਾਂ ਦਾ ਕਲੇਜਾ ਜਾਂ ਪਿਆਰ ਵਿੱਚ ਰੀਝਦਾ ਹੈ ਜਾਂ ਵੈਰਾਗ ਵਿੱਚ ਤੜਪਦਾ ਹੈ ਜਾਂ ਅਰਦਾਸ ਵਿੱਚ ਸਿੰਮਦਾ ਹੈ ਤੇ ਜਾਂ ਸ਼ੁਕਰ ਵਿੱਚ ਗਦ-ਗਦ ਹੁੰਦਾ ਹੈ; ਪਰ ਮੇਰੇ ਲਈ ਇਹ ਸਾਰਾ ਸਾਲ ਇਨ੍ਹਾਂ ਚਾਰੇ ਦੀਆਂ ਚਾਰੇ ਭਾਵਨਾਵਾਂ ਨਾਲ ਭਰਿਆ ਰਿਹਾ ਹੈ । ਸਗੋਂ ਇਨ੍ਹਾਂ ਵਿੱਚੋਂ ਇਕ ਨਵੀਂ ਕਿਸਮ ਦੀ **Involuntary** ਭਾਵਨਾ ਨਿਕਲੀ ਹੈ—ਨਿਕਲੀ ਨਹੀਂ, ਸਾਹਿਬਾਂ ਦ੍ਰਿੜ੍ਹ ਕਰਵਾਈ ਹੈ । ਆਪਣੇ ਗੁਨਾਹਾਂ ਵਿੱਚ ਧਿਆਨ ਲਗਾ ਕੇ ਸਾਹਿਬਾਂ ਦੀ ਰਹਿਮਤ ਦਾ ਧਿਆਨ ਰੱਖਣਾ ਹੈ । ਇਹ ਇਕ ਨਵਾਂ ਮੋੜ ਹੈ, ਨਵੀ ਸੇਧ ਹੈ, ਨਵਾਂ ਤਜਰਬਾ ਹੈ, ਨਵਾਂ ਰੰਗ ਹੈ ਪਰ ਸਾਰੇ ਸਾਲ ਵਿੱਚ ਸਾਹਿਬਾਂ ਨੇ ਤਾੜਨਾ ਦੇ ਦੇ ਕੇ, ਵਿਛੋੜੇ ਦੇ ਦੇ ਕੇ ਇਤਨੀ **Strict** ਨਜ਼ਰ ਨਾਲ ਤੱਕਿਆ ਹੈ ਕਿ ਰੰਗ ਮਾਣਨ ਦਾ ਤਰੀਕਾ ਹੀ ਬਦਲਾ ਦਿੱਤਾ ਹੈ । ਰੰਗ ਤਾਂ ਹਮੇਸ਼ਾ ਹੀ ਮਾਣੇ ਹਨ । ਸਵਾ ਤੇਰਾਂ ਸਾਲ ਗੁਰੂ ਦੀ **Direct** ਨਜ਼ਾਰੇ-ਇਨਾਇਤ ਨਾਲ ਤੇ ੧੨ ਸਾਲ ਅੰਮ੍ਰਿਤ ਦੇ ਸਵਾਦ ਨਾਲ; ਪਰ ਮੇਰੇ ਅੰਮ੍ਰਿਤ ਦੇ ਦਾਤੇ ਨੇ ਹੋਰ ਗ਼ਰੀਬ ਨਿਵਾਜੀ ਦਿਖਾਈ ਹੈ ਕੁਝ ਅਨੂਠੇ ਅੰਦਾਜ਼ ਵਿੱਚ । ਨਵੰਬਰ, ਦਸੰਬਰ, ਜਨਵਰੀ, ਇਹ ਮਹੀਨੇ ਹਨ ਸੱਚ ਦੇ ਮੈਦਾਨ ਵਿੱਚ ਨਿਤਰਨ ਵਾਲਿਆਂ ਦੇ, ਮਿਹਰਾਂ ਦੇ ਭੰਡਾਰ ਦੇ, ਸਿੱਖੀ ਦੇ ਮਹਿਲ ਉਸਾਰਨ ਲਈ ਆਪਣੀਆਂ ਹੱਡੀਆਂ ਤੇ ਖ਼ੂਨ ਨੀਹਾਂ ਵਿੱਚ ਪਾਉਣ ਵਾਲਿਆਂ ਦੇ, ਸਰਬੰਸ ਵਾਰਨ ਵਾਲਿਆਂ ਦੇ ਤੇ ਇਕੋ ਸਰੂਪ ਵਿੱਚ ਗੁਰੂ ਨਾਨਕ ਦੀ ਗ਼ਰੀਬੀ ਹਥਿਆਰ ਵਿੱਚ ਸੁੱਚਤਾ ਤੇ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਵਿੱਚ ਸੁੱਚਤਾ ਆਪਣੇ ਆਪ ਪ੍ਰਗਟ ਹੁੰਦੀ ਹੈ ਤੇ ਨਾਲ ਹੀ ਦੱਸ ਜਾਂਦੀ ਹੈ ਕਿ "ਸੱਚ" ਦੇ ਪੌਦੇ ਨੂੰ ਪਾਣੀ ਨਹੀਂ ਦੇਂਦੇ ਸਗੋਂ ਖ਼ੂਨ ਨਾਲ ਸਿੰਜੀਦਾ ਹੈ। ਖ਼ੂਨ ਦਾਦਾ ਦੇਵੇ ਭਾਵੇਂ ਪੋਤਰਾ, ਮਾਸੂਮ ਦੇਵੇ ਭਾਵੇਂ ਬਜ਼ੁਰਗ ਸੁੱਚਤਾ ਦੀ ਪਰਖ਼ ਹੈ ਉਮਰਾਂ ਦੀਆਂ ਗਿਣਤੀਆਂ ਨਹੀਂ । ਜਦੋਂ ਇਹ ਮਹੀਨੇ ਮੇਰੀ ਨਿੱਜੀ ਜ਼ਿੰਦਗੀ ਦੇ ਸਿਲੇਬਸ ਵਿੱਚ ਪੜ੍ਹਾਈ ਕਰਾਉਂਦੇ ਹਨ ਤਾਂ ਸੱਚਮੁੱਚ ਗ਼ਰੀਬ ਨਾਲ ਗ਼ਰੀਬ ਨਿਵਾਜੀ ਕਰਦੇ ਹਨ । ੧੦ ਅਕਤੂਬਰ ੧੯੭੦ ਨੂੰ ਸਾਹਿਬਾਂ ਦੀ ਨਜ਼ਰ ਨੇ ਦੁੱਖ ਕੱਟੇ, ੨੫ ਦਸੰਬਰ ੧੯੭੧ ਨੂੰ ਸਾਹਿਬਾਂ ਅੰਮ੍ਰਿਤ ਪਿਲਾਇਆ । ਬੰਗਲਾ ਸਾਹਿਬ ਨਵੀਂ ਦਿੱਲੀ ਵਿੱਚ ਗੁਰੂ ਹਰਿਕ੍ਰਿਸ਼ਨ ਪ੍ਰਗਟ ਸੀ ਤੇ ਅੰਮ੍ਰਿਤ ਨਿਵਾਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ; ਪਰ ਕਿੱਥੇ ਫ਼ਰਕ ਹੈ । ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਨੇ ਹੀ ਸਾਰਿਆਂ ਨੂੰ ਦ੍ਰਿਸ਼ਟ ਰੂਪ ਵਿੱਚ ਅਦ੍ਰਿਸ਼ਟ ਹੀ ਦਿਖਾਏ ਹਨ ।

## ਪੜ੍ਹਾਈ ਦਾ ਮੋੜ

ਗੱਡੀ ਤੇਜ਼ੀ ਨਾਲ ਚੱਲਦੀ ਹੈ । ਜ਼ਰਾ ਇਧਰ-ਉਧਰ ਹੋਵੇ ਤਾਂ ਲਾਈਨ ਤੋਂ ਲਹਿ ਜਾਣ ਦਾ ਖ਼ਤਰਾ ਹੁੰਦਾ ਹੈ; ਪਰ ਜੇ ਕਾਂਟੇ ਵਾਲਾ ਸਿਗਨਲ ਵੇਖ ਕੇ ਕਾਂਟਾ ਬਦਲ ਦੇਵੇ ਤਾਂ ਉਸੇ ਸਪੀਡ ਵਿੱਚ ਗੱਡੀ ਮੁੜ ਜਾਂਦੀ ਹੈ ਪਟੜੀ ਤੋਂ ਉਤਰੇ ਬਗੈਰ। ਇਸੇ ਤਰ੍ਹਾਂ ਜਦ ਸਿੱਖ ਗੁਰੂ ਦੇ ਚਰਨਾਂ ਵਿੱਚ ਤੇਜ਼ੀ ਨਾਲ ਨਿੱਘ ਲੋੜਦਾ ਹੈ ਤਾਂ ਉਸ ਦੇ ਢਹਿ ਜਾਣ ਦਾ ਖ਼ਤਰਾ ਹੁੰਦਾ ਹੈ, ਆਕੜ ਤੇ ਕਰੋਧ ਗੁਰੂ ਦੀ ਮਿਹਰ ਨੂੰ **Sabotage** ਕਰਦੇ ਹਨ, ਤਾਂ ਗੁਰੂ ਨੂੰ ਕਾਂਟੇ ਵਾਲਾ ਬਣਕੇ ਇਕ ਨਵਾਂ ਮੋੜ ਕੱਢਣਾ ਪੈਂਦਾ ਹੈ ਤਾਂ ਜੋ ਪਟੜੀ ਤੋਂ ਗਿਰੇ ਬਗੈਰ ਨਵੇਂ ਸਿਲੇਬਸ ਵਿੱਚ ਸਿੱਖ ਲੱਗ ਜਾਏ । ਪਰ ਸਿੱਖ ਅਨਜਾਣ ਹੈ, ਆਕੜ ਦੀ ਬਲਾ ਵਿੱਚ ਫਸਦਾ ਹੈ, ਪ੍ਰੇਮ ਵਿੱਚ ਮਸਤ ਹੋ ਕੇ 'ਪੁਗ ਗਿਆ' ਸਮਝ ਬੈਠਦਾ ਹੈ । ਇਸ ਅਗਿਆਨਤਾ ਨੂੰ ਦੂਰ ਕਰਨ ਲਈ ਸਿੱਖ ਦੇ ਅੰਦਰ ਹੀ ਸਤਿਗੁਰੂ ਆਪੇ ਛੁਪ ਕੇ, ਪਰ੍ਹੇ ਹੋ ਕੇ, ਝੂਠ ਮੂਠ ਦਾ ਗੁੱਸਾ ਕਰਕੇ, ਲਾਚਾਰ ਤੇ ਆਵਲ, ਬਾਵਲ, ਭੌਂਥਲਿਆ ਹੋਇਆ ਬਣਾ ਕੇ, ਇਕ 'ਫਲੈਸ਼ ਲਾਈਟ' ਘੁਮਾਉਂਦੇ ਰਹਿੰਦੇ ਹਨ, ਜਿਹੜੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਹੇਠ ਕੀਤੇ ਪਾਪ ਸਾਫ਼ ਦਿੱਸਦੇ ਹਨ । ਸ਼ਰਮ ਨਾਲ ਮੂੰਹ ਕਾਲਾ ਕਰਦੇ ਹਨ, ਹਿਰਦੇ ਵਿੱਚ ਦਰਦ ਪੈਦਾ ਕਰਕੇ ਦੱਸਦੇ ਹਨ "ਸਿੱਖ, ਤੇਰਾ ਇਹ ਅਸਲ ਹੈ।" ਸਿੱਖ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ, ਕਿਉਂਕਿ ਆਪਣੇ ਆਪ ਹੀ ਪਤਾ ਲੱਗਦਾ ਹੈ ਕਿ

੧) ਇਨ੍ਹਾਂ ਗੁਨਾਹਾਂ ਨਾਲ ਮੇਰੀ ਕਿੱਥੇ ਢੋਈ ਹੈ ।

੨) ਗੁਰੂ ਬੋਲਦਾ ਨਹੀਂ ।

੩) ਮੈਂ ਆਪਣੇ ਆਪ ਨੂੰ ਕੀ ਸਮਝੀ ਬੈਠਾ ਸਾਂ ਤੇ ਹੈ ਕੀ ਹਾਂ।

੪) ਜੇ ਇਹੋ ਜਿਹਾ ਨਿਘਰਿਆ ਹੋਇਆ ਹਾਂ ਤਾਂ ਅੱਗੋਂ ਕਿਵੇਂ ਚੱਲਾਂ?

੫) ਇਕਲੜੀ ਬਨ ਮਾਹੇ ।

ਮਹਿਸੂਸ ਕਰਕੇ ਸਿੱਖ ਆਪਣੇ ਵਿਕਾਰਾਂ ਦੀ **Realisation** ਵਿੱਚ ਪੂਰੀ ਤਰ੍ਹਾਂ **Helpless** ਹੋ ਜਾਂਦਾ ਹੈ ।

ਉਸੇ ਵੇਲੇ ਫਿਰ ਹੋਪ ਉਪਜਦੀ ਹੈ, ਉਹ ਫਲੈਸ਼-ਲਾਈਟ ਗੁਨਾਹਾਂ ਦੇ ਢੇਰ ਉੱਤੋਂ ਹਟ ਕੇ ਗੁਰੂ ਦੇ ਚਰਨਾਂ ਵਿੱਚ '**ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ**' ਦਾ ਜ਼ਿਕਰ ਕਰਦੀ ਹੈ । ਕਦੀ ਮੁਸਕਰਾਹਟ ਵਿੱਚ



ਸਿੱਖ ਸੋਚਦਾ ਹੈ, ਸਾਹਿਬਾ ਤੂੰ ਬੇਅੰਤ ਤਾਂ ਹੈ ਹੀ ਪਰ ਤੇਰੇ ਚੋਜ ਕਮਾਲ ਹਨ, ਤੂੰ ਤਾਂ ਮੇਰਾ ਸਾਰਾ ਗੰਦਾ ਮਨ, ਐਕਸਰੇ, ਕਰਕੇ ਸਾਹਮਣੇ ਲੈ ਆਂਦਾ ਹੈ ਤੇ ਹੁਣ ਤਾਂ ਉਦਾਸ ਹੋਣਾ ਹੈ; ਪਰ ਤੂੰ ਉਦਾਸੀ ਦੂਰ ਕਰ ਰਿਹਾ ਹੈਂ । ਸਾਹਿਬਾਂ ਦੀ ਗ਼ਰੀਬ ਨਿਵਾਜੀ ਮੁੜ ਪ੍ਰਗਟ ਹੁੰਦੀ ਹੈ । ਇਨ੍ਹਾਂ ਲਫ਼ਜ਼ਾਂ ਵਿੱਚ ।

ਗੁਨਾਹ ਤਾਂ ਹਮੇਸ਼ਾਂ ਸਨ ਹੀ, ਵਿਕਾਰ ਤਾਂ ਕਿਤੇ ਛੁਪੇ ਨਹੀਂ ਸਨ, ਪਰ ਸਿੱਖ ਨੂੰ ਆਪਣੇ ਰਾਹ 'ਤੇ ਪਾਉਣ ਲਈ ਹੌਂਸਲਾ ਦੇਣ ਲਈ ਗੁਰੂ ਨੇ 'ਫ਼ੋਕਸ' ਆਪਣੇ ਪ੍ਰੇਮ ਵਿੱਚ, ਆਪਣੇ ਭਾਉ ਵਿੱਚ ਤੇ ਆਪਣੀਆਂ ਰਹਿਮਤਾਂ 'ਤੇ ਰੱਖਿਆ ਹੋਇਆ ਸੀ ਤਾਂ ਜੋ ਸਿੱਖ ਖੇੜੇ ਵਿੱਚ ਰਹੇ, ਠਾਠਾਂ ਮਾਰੇ, ਗੁਰੂ ਦੀ ਹਜ਼ੂਰੀ ਜਾਣ ਕੇ 'ਸਦਾ ਮੇਰੇ ਸੰਗ' ਦੀ ਹਾਲਤ ਵਿੱਚ ਖਿੜੇ ਤੇ ਖੇਡੇ।

ਜ਼ਰੂਰੀ ਗੱਲ ਹੈ, ਜਦ ਇਤਨੀ ਅਤੁੱਟ ਬਖ਼ਸ਼ਿਸ਼ ਹੋਵੇ ਤਾਂ ਸਿੱਖ ਮਸਤੀ ਵਿੱਚ ਆ ਕੇ ਖਰਮਸਤੀਆਂ ਕਰ ਸਕਦਾ ਹੈ । ਮੈਂ ਐਨ ਇੰਵ ਕੀਤਾ—ਬਲਕਿ ਨਾ ਕਰਨ ਦੀ ਦ੍ਰਿੜ੍ਹਤਾ ਵਿੱਚ ਵੀ ਪੰਜਾਂ ਚੋਰਾਂ ਦੇ ਕਾਬੂ ਆਉਂਦਾ ਰਿਹਾ, ਲੋਕਾਂ ਦੇ ਨੁਕਸਾਂ ਵੱਲ ਧਿਆਨ ਜਾਣ ਲੱਗਾ । ਇਹ ਵੀ ਨਹੀਂ ਪਤਾ ਕਿ ਗੁਰੂ ਨੇ ਹੀ ਕਿਰਪਾ ਕਰਕੇ ਇਨ੍ਹਾਂ ਵਿਕਾਰਾਂ ਦਾ ਸਵਾਦ ਪਾ ਕੇ ਮੇਰੀ ਅਕ੍ਰਿਤਘਣਤਾ ਪ੍ਰਗਟ ਕੀਤੀ ਤੇ ਫਿਰ ਆਪ ਹੀ ਨਵੇਂ ਮੋੜ ਦੀ ਪੜ੍ਹਾਈ ਦਿਖਾਈ । ਇਸ ਪੜ੍ਹਾਈ ਦੀ ਨਵੀਂ ਖੇਡ ਇਹ ਹੈ ਕਿ—

੧. ਜਿਉਂ-ਜਿਉਂ ਸਾਹਿਬ ਲੁਕਣ ਮੀਟੀ ਖੇਡਣ ਲੱਗੇ ਮੈਂ ਅਤਿਅੰਤ ਦੁਖੀ ਹੋਣ ਲੱਗਾ ।

੨. ਜਿਉਂ-ਜਿਉਂ ਦੁਖੀ ਹੋਣ ਲੱਗਾ ਤਾਂ ਨਿੱਕਾ-ਨਿੱਕਾ ਝਲਕਾਰਾ ਦੇਣ ਲੱਗੇ ।

੩. ਜਿਉਂ-ਜਿਉਂ ਝਲਕਾਰੇ ਨਾਲ ਹੌਂਸਲਾ ਹੋਇਆ, ਮੁੜ-ਮੁੜ ਗੁਨਾਹਾਂ ਦਾ ਅਹਿਸਾਸ ਕਰਵਾਉਣ ਲੱਗੇ ਤਾਂ ਜੋ ਝਲਕਾਰੇ ਵਿੱਚ **Satisfied** ਨਾ ਹੋ ਜਾਵਾਂ ।

੪. ਜਿਉਂ-ਜਿਉਂ ਮੈਂ ਘਬਰਾਉਣ ਲੱਗਾ ਤਿਉਂ-ਤਿਉਂ ਨਬਜ਼ ਪਕੜ ਕੇ ਦੇਖਣ ਲੱਗੇ ਕਿ ਮਰ ਨਾ ਜਾਏ । ਮਰਨ ਨਾ ਦੇਣ ਦਾ ਫ਼ੈਸਲਾ ਕਰਕੇ ਮਾਰਨ ਲੱਗੇ ।

੫. ਜਦ ਬੇਹਾਲ ਹੋ ਕੇ ਪੂਰਨ ਨਿੰਮੋਝੂਣਤਾ ਵਿੱਚ ਆਉਣ ਲੱਗਾ ਤਾਂ ਮੁਸਕਰਾ ਪਏ, ਜਿਵੇਂ ਕਹਿ ਰਹੇ ਹੋਣ ਕਿ ਹੁਣ ਅੱਗੇ ਚੱਲਾਂ:

ੳ) ਨਵੀਆਂ ਸਮਝਾਂ ਬਾਣੀ ਦੀਆਂ, ਨਵੇਂ ਮੋੜ ਗੁਰਚਾਲ ਦੇ, ਨਵੇਂ ਤਜਰਬੇ ਰਹਿਮਤਾਂ ਦੇ, ਨਵੀਂ ਕੰਬਣੀ ਗੁਨਾਹਾਂ ਦੀ ।

ਅ) ਇਹ ਸਮਝ ਕੇ ਗੁਰੂ ਦੀ ਚਾਕਰੀ ਕਰਦਿਆਂ ਹੋਇਆਂ ਆਪਣੀ ਬੇਸਹਾਰਾ ਹਾਲਤ ਹੈ ਕਦੇ ਨਾ ਭੁੱਲੀਂ।

## ਨਵੀਂ ਪੜ੍ਹਾਈ ਦੀ Clarity ਤੇ ਦ੍ਰਿੜ੍ਹਤਾ:

੧. ਗੁਰੂ ਮਿਹਰ ਕਰਕੇ ਹੀ ਸਿੱਖ ਦੇ ਔਗੁਣ ਸਾਫ਼ ਤਰ੍ਹਾਂ ਵਿਖਾਉਂਦਾ ਹੈ ।

੨. ਇਨ੍ਹਾਂ ਔਗੁਣਾਂ ਵਿੱਚ ਪ੍ਰਗਟ ਹੁੰਦਾ ਹੈ ਕਿ ਸਿੱਖ ਦੀ ਕੋਸ਼ਿਸ਼ ਨਹੀਂ, ਦ੍ਰਿੜ੍ਹਤਾ ਨਹੀਂ, ਅਕਲ ਨਹੀਂ, ਸਿਆਣਪ ਨਹੀਂ; ਸਗੋਂ ਕੇਵਲ ਰਹਿਮਤ ਨਾਲ ਚਲਦਾ ਹੈ । ਇਸ ਲਈ ਸਾਫ਼ ਦਿੱਸਦਾ ਹੈ, **ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ॥** (ਅੰ:੪੫੦)

੩. ਜਦ ਮੈਂ ਇਸ ਹਾਲਤ ਵਿੱਚ ਹਾਂ ਤਾਂ ਹੋਰ ਸਾਰੇ ਵੀ ਤਾਂ ਇਸੇ ਹਾਲਤ ਵਿੱਚ ਹਨ। ਲੋਕਾਂ ਨਾਲ ਪਿਆਰ ਤੇ ਤਰਸ ਉਪਜਦਾ ਹੈ ।

੪. ਆਪਣੇ ਗੁਨਾਹ ਦਿੱਸਦੇ ਹਨ ਤਾਂ ਪਿਆਰ ਤੇ ਤਰਸ ਵੀ ਨਿਮਰਤਾ ਤੇ ਗ਼ਰੀਬੀ ਵਿੱਚ ਉਪਜਦੇ ਹਨ । ਜੇ ਕੋਈ ਠੀਕ ਨਹੀਂ ਕਰਦਾ ਤਾਂ ਮੈਂ ਕਿਹੜਾ ਠੀਕ ਹਾਂ? ਇਹੋ ਖ਼ਿਆਲ ਆਉਂਦਾ ਹੈ ।

੫. ਸਾਹਿਬ ਮੁੜ ਮੁਸਕਰਾ ਕੇ, ਮੂੰਹੋਂ ਅਖਵਾਉਂਦੇ ਹਨ (ਭਾਵੇਂ ਪਹਿਲਾਂ ਕਈ ਮਹੀਨੇ ਵਿਛੋੜੇ ਦੇ ਦੁੱਖ ਨਾਲ ਜਾਨ ਨਿਕਲ ਰਹੀ ਹੁੰਦੀ ਹੈ) ਸਾਹਿਬਾ! ਚੰਗਾ ਕੀਤਾ ਹੈ ਤੂੰ; ਤੂੰ ਸਦਾ ਦਇਆਲ ਹੈਂ, ਇੰਞ ਹੀ ਰੱਖ, ਦਰਦੀ ਰੀਝ ਰਹੇ, ਮੇਰੇ ਗੁਨਾਹ ਦਿੱਸਦੇ ਰਹਿਣ, ਰਹਿਮਤ ਵਿੱਚ ਭਾਵੇਂ ਕੱਜ ਕੇ ਮੇਰੀ ਲਾਜ ਰੱਖ, ਪਰ ਮੈਨੂੰ ਆਪਣੀ ਗੰਦੀ ਅਸਲੀਅਤ ਨਾਲੋਂ ਕਦੇ ਵੱਖ ਨਾ ਕਰ । ਮੈਂ ਖਿਨ-ਖਿਨ ਨਾਮ ਜਪਦਾ ਵੀ ਵੇਖਦਾ ਰਵ੍ਹਾਂ ਕਿ ਮੈਂ ਤੇਰੀ ਰਹਿਮਤ ਤੋਂ ਬਗੈਰ ਕਿਹੋ ਜਿਹਾ ਹਾਂ, ਤਾਂ ਜੋ ਤੇਰਾ ਦਰ ਕਦੇ ਨਾ ਛੁੱਟੇ ।

੧੨ ਸਾਲ ਅੰਮ੍ਰਿਤ ਦੀ ਧਾਰ ਪੀਂਦਿਆਂ-ਪੀਂਦਿਆਂ ਇੰਞ ਲੱਗਣ ਲੱਗ ਪਿਆ ਸੀ ਕਿ ਇਹ ਮੇਰੀ Permanent ਖ਼ੁਰਾਕ ਹੈ, ਭਾਵੇਂ ਮਿਹਰ ਤਾਂ ਪਰਤੱਖ ਦਿੱਸਦੀ ਸੀ; ਪਰ ਉਸ ਮਿਹਰ ਦਾ ਅਹਿਸਾਸ ਅੰਮ੍ਰਿਤ ਦੇ ਰਸ ਵਿੱਚ ਮੱਧਮ ਪੈ ਰਿਹਾ ਸੀ ਤੇ 'ਮੈਂ' ਚੰਗਾ ਬਣ ਗਿਆ ਹਾਂ ਅੰਦਰੋਂ-ਅੰਦਰ ਖੋਖਲਾ ਕਰ ਰਿਹਾ ਸੀ । ਸਾਹਿਬਾਂ ਤਰਸ ਖਾ ਕੇ ਆਪਣੇ ਗੁਨਾਹਾਂ ਸਾਹਮਣੇ ਕਰਵਾ ਕੇ ਸਾਫ਼ ਦੱਸਿਆ ਕਿ ਜਦ ਮੈਂ ਹੇਠਲੀਆਂ ਅਰਦਾਸਾਂ ਕਰਦਾ ਹਾਂ ਤਾਂ



ਨਿਮਰਤਾ ਤੇ ਰਿਵਾਜ ਨਹੀਂ । ਸੱਚਮੁੱਚ—

੧) ਸਮੁੰਦਰਾਂ ਦੇ ਪਾਣੀਆਂ ਤੋਂ ਵੱਧ ਮੇਰੇ ਗੁਨਾਹ ਹਨ ਤੇ ਅਜੇ ਵੀ ਕਰੀ ਜਾ ਰਿਹਾ ਹਾਂ ।

੨) ਮੇਰੀ ਆਦਤ ਤੇ ਸੁਭਾਅ ਬਣ ਗਏ ਹਨ, ਮੈਂ ਖਿਨ-ਖਿਨ ਗ਼ਲਤੀਆਂ ਕਰਦਾ ਹਾਂ actually.

੩) ਕਿਉਂਕਿ ਮੈਂ ਹੁਕਮ ਵਿੱਚ ਹਾਂ ਤੇ ਮੇਰੇ ਇਖ਼ਤਿਆਰ ਕੁਝ ਵੀ ਨਹੀਂ, ਮੈਂ ਤਾਂ ਗ਼ਲਤੀਆਂ ਕਰਨੋਂ ਵੀ ਆਪਣੀ ਮਰਜ਼ੀ ਨਾਲ ਬਾਜ਼ ਨਹੀਂ ਆ ਸਕਦਾ । ਮਿਹਰ ਦਾ ਸਦਾ ਮੁਹਤਾਜ ਹਾਂ ।

੪) ਜਦ ਮੈਂ ਆਪ ਮੁਹਤਾਜ ਹਾਂ ਤਾਂ ਗੁਰੂ ਚਰਨਾਂ ਨਾਲ ਲਿਪਟਿਆ ਰਵ੍ਹਾਂ ਤੇ ਆਪਣੇ ਗੁਨਾਹਾਂ ਲਈ ਸ਼ਰਮਿੰਦਾ ਰਹਿ ਕੇ ਪੂਰੀ ਕੋਸ਼ਿਸ਼ ਕਰਾਂ ਠੀਕ ਹੋਣ ਦੀ । ਭਾਵੇਂ ਹੁਕਮ ਵਿੱਚ ਸਮਝਾਂ ਆਪਣੇ ਸਾਹਿਬ ਨੂੰ, ਪਰ ਕਦੇ ਆਪਣੀਆਂ ਗ਼ਲਤੀਆਂ ਮਾਫ਼ ਕਰਾ ਐਵੇਂ Casually ਵਿਚਾਰ ਤੇ ਅਰਦਾਸ ਕਰਕੇ ਭੁੱਲਾਂ ਬਖ਼ਸ਼ਾਉਂਦਾ ਰਵ੍ਹਾਂ ।

੫) ਮੈਂ ਕਦੇ ਵੀ ਨਹੀਂ ਬਚ ਸਕਦਾ । ਜੇ ਤੇਰੀ ਬਖ਼ਸ਼ਿਸ਼ ਨਾ ਬਚਾਏ ਤਾਂ ਮੈਨੂੰ ਤਾਂ ਜੁੱਤੀਆਂ ਹੀ ਪੈਣੀਆਂ ਹਨ । ਗ਼ਰੀਬ ਨਿਵਾਜ ਸਾਹਿਬਾ ! ਕਿਆ ਰੰਗ ਹੈ ਤੇਰੇ ਅੰਮ੍ਰਿਤ ਦਾ, ਕਿਆ ਪ੍ਰੇਮ ਹੈ ਤੇਰੇ ਗੁੱਸੇ ਵਿੱਚ, ਨੇੜਤਾ ਹੈ ਤੇਰੇ ਦੂਰ ਕਰਨ ਵਿੱਚ। ਤੂੰ ਸੱਚਮੁੱਚ ਗ਼ਰੀਬ ਨਿਵਾਜ ਹੈਂ ।

ਹਾਂ, ਇਕ ਅਖ਼ੀਰਲੀ ਗੱਲ, ਮੈਂ ਤਾਂ ਨਿੱਘਰ ਚੁੱਕਾ ਹਾਂ, ਪਰ ਕਦੇ ਤੈਨੂੰ ਤੇਰੇ ਬੱਚਿਆਂ, ਆਪਣੇ ਵੀਰਾਂ ਨੂੰ, ਕਦੇ ਤੇਰੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਜੋਦੜੀਆਂ ਕਰਦਾ ਸਾਂ, ਸ਼ਹੀਦੀਆਂ ਬਖ਼ਸ਼ੋ ਤਾਂ ਜੋ ਸੁਰਖ਼ਰੂ ਹੋਵਾਂ; ਪਰ ਹੁਣ ਗੁਨਾਹਾਂ ਵਿੱਚ ਢਹਿ ਪਿਆ ਹਾਂ । ਫਿਰ ਉਠਾ ਲੈ ਸਾਹਿਬਾ ! ਮੇਰੀ ਭੈਣ ਨੂੰ ਸੁਪਨਾ ਆਇਆ ਹੈ, ਮੈਂ ਸ਼ਹੀਦ ਹੋਣ ਲਈ ਜਦ ਜਲਾਦ ਦੇ ਸਾਹਮਣੇ ਲਿਆਂਦਾ ਗਿਆ ਤਾਂ ਮੇਰਾ ਜਲਾਦ ਨੂੰ ਜੱਫ਼ੇ ਮਾਰਨ 'ਤੇ ਜੀਅ ਕੀਤਾ । ਹੁਣ ਤਾਂ ਸੱਚਮੁੱਚ ਸੁਪਨਾ ਹੀ ਸਵਾਦੀ ਹੈ, ਮੇਰੇ ਵਿੱਚੋਂ ਤਾਂ ਸੁੱਚਤਾ, ਪ੍ਰੇਮ ਤੇ ਰੀਝ ਵੀ ਖ਼ਤਮ ਹੋ ਰਹੀ ਹੈ । ਪਰ ਤੂੰ ਆਪਣਾ ਬਿਰਦ ਪਾਲਣ ਲਈ ਆਪਣੇ ਨਾਮ ਦੀ ਖ਼ਾਤਰ, ਆਪਣੀ ਬਾਣੀ ਦੀ ਖ਼ਾਤਰ ਇਹ ਰੀਝ ਪੂਰੀ ਕਰੀਂ ਤੇ ਸੁਪਨਾ ਸੱਚ ਬਣਾਵੀਂ, ਕਿਉਂਕਿ ਆਖਿਰ ਤੂੰ ਹੀ ਮੈਨੂੰ ਆਪਣੀ ਜਾਤ ਦਾ ਬਣਾਇਆ ਸੀ ਅੰਮ੍ਰਿਤ ਦੀ ਬੂੰਦ ਦੇ ਕੇ । ਹੁਣ ਲਾਜ ਰੱਖਣ ਲਈ ਯਾਦ ਰੱਖੀਂ, ਗ਼ਰੀਬ ਨਿਵਾਜ ਸਾਹਿਬਾ ।"

# ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ ਵਿੱਚ ਇਕ ਅਲਪੱਗ ਦੀਆਂ ਲਿਲ੍ਹਕਾਂ

ਮੇਰੇ ਸਾਹਿਬ,

ਇਕ ਪੰਦਰਵਾੜੇ ਤਕ ਸਾਰਾ ਸਿੱਖ ਸੰਸਾਰ (ਵਿਰਲਿਆਂ ਨੂੰ ਛੱਡ ਕੇ) ਅਨੰਦਪੁਰ ਸਾਹਿਬ ਦੇ ਉਸ ਮਹਾਨ ਸਾਕੇ ਨੂੰ ਇਵੇਂ ਯਾਦ ਕਰੇਗਾ ਜਿਵੇਂ Table (ਟੇਬਲ) ਦੇ ਗਿਰਦ ਅਸੀਂ ਦੁਨਿਆਵੀ ਤੇ ਮੂਰਖਤਾ ਭਰਪੂਰ ਲੋਕ ਬੇਮਹਿਨੇ ਤਰੀਕੇ ਨਾਲ ਵੇਖੋ ਵੇਖੀ ਮੋਮਬੱਤੀਆਂ ਨੂੰ ਫੂਕ ਮਾਰਦੇ ਬੱਚੇ ਵੱਲ ਵੇਖ ਕੇ Happy Birthday (ਵਧਾਈ) ਕਹਿ ਦਿੰਦੇ ਹਾਂ; ਪਰ ਮਨ ਵਿੱਚ ਇਹ ਸੋਚ ਰਹੇ ਹੁੰਦੇ ਹਾਂ ਕਿ ਸਾਡੀ ਇੱਥੇ ਠੀਕ ਪੁੱਛ ਪ੍ਰਤੀਤ ਨਹੀਂ ਹੋ ਰਹੀ ਜਾਂ ਸਾਡੇ Present (ਸੁਗਾਤ) ਦੀ ਕਦਰ ਨਹੀਂ ਪਈ । ਅਫ਼ਸੋਸ ਇਸ ਗੱਲ ਦਾ ਹੈ ਕਿ ਅਸੀਂ ਆਪਣਾ Birthday (ਜਨਮ ਦਿਨ) ਵੀ (ਜੋ ਤੂੰ ਆਪਣੀ ਦਇਆ ਤੇ ਪ੍ਰੇਮ ਨਾਲ ਇਕ ਸ਼ੇਰਾਂ ਦੀ ਕੌਮ ਦੀ ਨੀਂਹ ਰੱਖਣ ਦੇ ਸਦਕੇ ਕਾਇਮ ਕੀਤਾ ਸੀ) ਰਿਵਾਜਨ ਤੌਰ 'ਤੇ ਤੇਰੀਆਂ ਗੱਲਾਂ ਕਰਕੇ ਤੇ ਤੇਰੀ ਮਹਾਨਤਾ ਦੀਆਂ ਕਥਾ ਕਹਾਣੀਆਂ ਸੁਣਾ ਕੇ ਮੋਮਬੱਤੀਆਂ ਨੂੰ ਫੂਕਾਂ ਮਾਰਨ ਵਾਂਗੂੰ ਹੀ ਮਨਾ ਲੈਂਦੇ ਹਾਂ । ਗੁਰੂ ਨਾਨਕ ਦੀ ਮਹਾਨ ਬਖ਼ਸ਼ਿਸ਼ "ਜਪੁ ਜੀ ਸਾਹਿਬ" ਦੀਆਂ ਪਹਿਲੀਆਂ ਹਦਾਇਤਾਂ ਦਾ ਧਿਆਨ ਹੀ ਨਹੀਂ ਕਰਦੇ ।

**"ਗਾਵੀਐ ਸੁਣੀਐ ਮਨਿ ਰਖੀਐ ਭਾਉ॥" (ਅੰ:੨)**

ਅੱਜ, ਮੇਰੇ ਮਾਲਕ ਮੈਂ ਇਹ Problem (ਮਸਲਾ) ਲੈ ਕੇ ਤੇਰੇ ਦਰਵਾਜ਼ੇ ਤੇ ਇਸ ਲਈ ਹਾਜ਼ਰ ਹੋਇਆ ਹਾਂ ਕਿ ਜਿਵੇਂ ਸਿਰ ਮੰਗ ਕੇ ਮੇਰੇ ਵਰਗੇ Waverer (ਡਗਮਗਾਉਣ ਵਾਲਾ ਆਦਮੀ) ਨੂੰ ਫ਼ੈਸਲਾ ਕਰਨ ਲਈ ਮਜਬੂਰ ਕਰ ਦਿੱਤਾ (ਵਿਸਾਖੀ ਵਾਲੇ ਦਿਨ) ਸੀ ਕਿ ਅਸੀਂ ਤੇਰੇ ਹਾਂ ਕਿ ਨਹੀਂ, ਤਿਵੇਂ ਹੀ ਇਕ ਮਿਹਰ ਭਰੀ ਨਜ਼ਰ ਨਾਲ ਆਪਣੇ ਨੌਕਰ ਨੂੰ ਇਹ ਸਮਝਾ ਦੇਵੇਂ ਕਿ ਅਸੀਂ ਇੰਵ ਕਿਉਂ ਕਰਦੇ ਹਾਂ?

ਤੇਰਾ ਇਕ-ਇਕ ਅਹਿਸਾਨ ਯਾਦ ਹੈ ਮੈਨੂੰ; ਹਰ ਪਲ ਹਰ ਘੜੀ ਚੇਤੇ ਰੱਖਿਆ ਹੈ; ਪਰ ਨਾਂ ਤਾਂ ਤੇਰਾ ਲੈਂਦਾ ਹਾਂ, ਪੂਜਾ ਉਹਨਾਂ ਦੀ ਕਰਦਾ ਹਾਂ ਜਿਨ੍ਹਾਂ ਨੂੰ ਤੂੰ ਹਮੇਸ਼ਾਂ ਲਈ ਨਿੰਦਿਆ, ਉਪਦੇਸ਼ ਦਿੱਤਾ ਕਿ ਗੁਰੂ ਦਾ ਸਿੱਖ ਨਿਆਰਾ; ਸੁਭਾਵਿਕ ਤੌਰ 'ਤੇ ਤਾਂ ਮੈਂ ਤੇਰੇ ਨਾਲ ਗੱਲ ਕਰਨ ਦੀ ਸਮਰੱਥਾ



ਨਹੀਂ ਰੱਖਦਾ ਪਰ "ਬਖ਼ਸ਼ਣਹਾਰ" **Abjective** (ਗੁਣ) ਮੇਰੇ ਵਰਗੇ ਪਾਪੀ ਨੂੰ **Encourage** (ਹੌਸਲਾ) ਕਰਦਾ ਹੈ ਕਿ 40 ਖੋਤਿਆਂ ਵਰਗੀ ਜ਼ਿੰਦਗੀ ਕੱਟਣ ਦੇ ਬਾਅਦ ਤੈਨੂੰ ਬਣਾ ਕੇ ਜਿਤਨਾ ਚਾਹਵਾਂ ਲਾਡ ਕਰ ਸਕਦਾ ਹਾਂ, ਸਵਾਲ ਪੁੱਛ ਸਕਦਾ ਹਾਂ, ਵਾਹਿਗੁਰੂ ਦਾ ਨਾਂ ਢੀਠਾਂ ਹਾਰ ਮੰਗ ਸਕਦਾ ਹਾਂ ।

ਤੇਰੀ ਕਿਰਪਾ ਹੋਈ ਤਾਂ ਮੇਰਾ ਜਨਮ **10-1-70** ਦੀ ਰਾਤ ਨੂੰ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿਖੇ ਅਖੰਡ ਕੀਰਤਨੀ ਜਥੇ ਦੀ **Midwifery** (ਦਾਈ ਦੁਆਰਾ) ਹੋਇਆ ਸੀ । ਪਰ ਜੰਮਦਿਆਂ ਸਾਰ ਹੀ ਮੈਨੂੰ ਫ਼ਿਕਰ ਲੱਗ ਗਿਆ ਸੀ ਕਿ ਪਤਾ ਨਹੀਂ **Baptism Ceremony** (ਅੰਮ੍ਰਿਤ ਸੰਚਾਰ) ਕਦੋਂ ਹੋਵੇਗੀ । ਜਦੋਂ ਜੰਮਦਿਆਂ ਸਾਰ ਮੈਨੂੰ ਹੋਸ਼ ਆਈ ਹੀ ਸੀ ਕਿ ਸਭ ਨੇ ਆਸ-ਪਾਸ ਜਮ੍ਹਾਂ ਹੋ ਕੇ ਰੌਲਾ ਪਾ ਦਿੱਤਾ ਕਿ ਇਸ ਨੂੰ **Baptise** (ਅੰਮ੍ਰਿਤ ਛਕਾਉਣਾ) ਚਾਹੀਦਾ ਹੈ । ਮੈਂ ਹੱਥ ਬੰਨ੍ਹ ਕੇ ਅਰਜ਼ ਕਰਦਾ ਰਿਹਾ, ਮੈਨੂੰ ਪਤਾ ਤਾਂ ਲੱਗਣ ਦਿਓ, ਇਹ **Ceremony** (ਰਸਮ) ਦਾ ਮਹਿਨਾ ਕੀ ਹੈ? ਇਸ ਪੜ੍ਹਾਈ ਦਾ ਸਿਲੇਬਸ ਕੀ ਹੈ? ਮੈਨੂੰ ਕੋਈ ਵੀ ਨਾ ਦੱਸੇ; ਪਰ ਇਹੀ ਕਹੀ ਜਾਏ ਕਿ **Ceremony** ਹੋਣੀ ਜ਼ਰੂਰੀ ਹੈ । ਮੈਂ ਹਾਰ ਗਿਆ— ਮੇਰੀ ਕੋਈ ਨਾ ਸੁਣੇ ਤਾਂ ਮੈਂ ਪ੍ਰਾਈਵੇਟ ਕਾਗ਼ਜ਼ਾਂ ਵਿੱਚ ਤੇਰੇ ਚਰਨਾਂ ਵਿੱਚ **14-4-70** (ਵਿਸਾਖੀ ਵਾਲੇ ਦਿਨ) ਤੇਰੇ ਅੱਗੇ ਇਉਂ ਬੇਨਤੀ ਕੀਤੀ ਸੀ :

"ਅੱਜ ਮੇਰਾ (ਖ਼ਾਲਸੇ ਦਾ) ਜਨਮ ਦਿਨ ਹੈ, ਪਰ ਮੈਂ ਜਨਮਾਂ ਜਨਮਾਂ ਦੀ ਮੈਲ ਚੜ੍ਹਾਈ ਬੈਠਾ ਸਭ ਕੁਝ ਭੁੱਲ ਚੁੱਕਾ ਹਾਂ....ਸੱਚੇ ਪਾਤਿਸ਼ਾਹ ਐਸੀ ਕਿਰਪਾ ਕਰ ਕਿ ਅਗਲੀ ਵਿਸਾਖੀ 'ਤੇ ਮੈਂ ਤੇਰੀਆਂ ਦਾਤਾਂ ਨਾਲ ਭਰਪੂਰ ਹੋ ਕੇ ਅੰਮ੍ਰਿਤ ਛਕਾਂ ਤਾਂ ਫਿਰ ਨਵਾਂ ਆਦਮੀ ਬਣ ਜਾਵਾਂ.....ਮੇਰੀ ਲਾਜ ਤੂੰ ਹੈਂ, ਮੇਰਾ ਪਿਤਾ, ਮੇਰੀ ਮਾਤਾ, ਮੇਰੇ ਰਿਸ਼ਤੇਦਾਰ, ਸੰਗੀ ਸਾਥੀ, ਸਭ ਕੁਝ ਤੂੰ ਹੈਂ; ਕਿਉਂਕਿ ਮੈਂ ਦੇਖ ਚੁੱਕਾ ਹਾਂ ਕਿ ਬਾਕੀ ਸਭ ਝੂਠੇ ਹਨ । ਮੈਂ ਆਪ ਝੂਠਾ ਹਾਂ ਪਰ ਤੇਰੀ ਸਚਾਈ ਵਿੱਚ ਲੀਨ ਹੋਣ ਲਈ ਤਰਸ ਰਿਹਾ ਹਾਂ ।"

ਤੂੰ ਤਰੁੱਠ ਪਿਆ ਮੇਰੀ ਜੋਦੜੀ ਦੇਖ ਕੇ—ਤੇ ਆਪਣੀ ਰਹਿਮਤ ਦਾ ਇਕ ਹੋਰ ਕ੍ਰਿਸ਼ਮਾ ਦਿਖਾਉਂਦਿਆਂ ਹੋਇਆਂ ਮੇਰੀ ਤੀਬਰਤਾ 'ਤੇ ਇਕ **Accelerator** (ਨਵਾਂ ਜੋਸ਼) ਲਾ ਦਿੱਤਾ। ਬਹੁਤ ਸਾਰੇ ਲੋਕੀਂ ਮੇਰੇ ਮਗਰ ਲੱਗ ਗਏ, ਉਹ ਕਹਿੰਦੇ ਕਿ ਜਦ ਤਕ ਅੰਮ੍ਰਿਤ ਨਹੀਂ ਛਕੇਂਗਾ ਕਦੀ ਪਰਵਾਨ ਨਹੀਂ ਹੋਵੇਂਗਾ । ਮੈਂ ਹੱਥ ਜੋੜਾਂ ਕਿ ਵਾਹਿਗੁਰੂ ਦੀ ਕਿਰਪਾ ਨਾਲ ਮੈਂ ਅੰਮ੍ਰਿਤ ਜ਼ਰੂਰ ਛਕਣਾ ਹੈ ਪਰ ਮੇਰੀ ਨਿੱਕੀ ਜਿਹੀ ਜਾਨ ਨੂੰ ਪਤਾ ਤਾਂ ਲੱਗ ਲੈਣ ਦਿਓ

ਕਿ ਮੈਂ ਰਹਿਤਾਂ ਰੱਖਣ ਦੇ ਕਾਬਲ ਤੇ Willing (ਰਜ਼ਾਮੰਦ) ਵੀ ਹਾਂ ਕਿ ਨਹੀਂ । ਲੋਕੀਂ ਰਹਿਤਾਂ ਬਾਰੇ ਕੇਵਲ ਪੰਜ ਕਕਾਰ, ਪੰਜ ਬਾਣੀਆਂ ਤੇ ਚਾਰ ਕੁਰਹਿਤਾਂ ਦੱਸਣ, ਪਰ ਕੋਈ ਵੀ ਇਹਨਾਂ ਰਹਿਤਾਂ ਦਾ ਜ਼ਿਕਰ ਨਾ ਕਰੇ ਜਿਹੜੀਆਂ ਮੇਰੇ ਮਨ ਨੇ ਤੇਰੀ ਨਜ਼ਰ-ਇਨਾਇਤ ਨਾਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਜੁੱਗੋ-ਜੁੱਗ ਅਟੱਲ ਬਾਣੀ ਦੇ ਆਧਾਰ 'ਤੇ ਸਾਦਾ ਅੱਖਰਾਂ ਵਿੱਚ ਪ੍ਰਾਈਵੇਟ ਪੇਪਰਾਂ ਵਿੱਚ ੧੪-੪-੭੧ ਨੂੰ ਦਰਜ ਕੀਤੀਆਂ । ਉਹ ਹੈ:-

ਫਿੱਕਾ ਨਹੀਂ ਬੋਲਣਾ

ਨਿੰਦਾ ਨਹੀਂ ਕਰਨੀ ਜਾਂ ਸੁਣਨੀ

ਮੰਦਾ ਕਿਸੇ ਨੂੰ ਨਹੀਂ ਕਹਿਣਾ

ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਣਾ

ਮਾਲਕ ਦਾ ਹੁਕਮ ਹਰ ਹਾਲਤ ਵਿੱਚ ਮੰਨਣਾ।

ਗ਼ਰੀਬ, ਅਮੀਰ, ਵੱਡੇ, ਛੋਟੇ ਦਾ ਤੇ ਮਜ਼ਹਬੀਅਤ ਦਾ ਫ਼ਰਕ ਮਿਟ ਜਾਣਾ ।

ਵਾਹਿਗੁਰੂ ਦਾ ਨਾਂ ਅੱਠੇ ਪਹਿਰ, ਬਹਿੰਦਿਆਂ ਉੱਠਦਿਆਂ ਲੈਣਾ ।

ਪਰਾਏ ਧਨ ਤੇ ਪਰਾਈ ਇਸਤਰੀ ਵੱਲ ਨਾ ਤੱਕਣਾ ।

ਸਿਵਾਏ ਵਾਹਿਗੁਰੂ ਦੇ ਨਾਂ ਦੇ ਉਸ ਕੋਲੋਂ ਕੁਝ ਨਹੀਂ ਮੰਗਣਾ ।

ਦੋਸਤ ਦੁਸ਼ਮਣ, ਖ਼ੁਸ਼ੀ, ਗ਼ਮੀ ਦਾ ਫ਼ਰਕ ਨਾ ਜਾਣਨਾ ।

ਨਾਮ ਦੇ ਬਿਨਾਂ ਸਭ ਗੱਲਾਂ ਨੂੰ ਹੋਛੀਆਂ ਸਮਝਣਾ, ਭਾਉ ਭਗਤੀ ਕਰ ਕੇ ਨੀਚ ਸਦਾਉਣਾ ।

ਮਨ ਨਾਲ ਹਰ ਵੇਲੇ ਲੜਾਈ ਕਰਨੀ ਤੇ ਜਿੱਤਣਾ ।

ਸੇਵਾ ਲਈ ਹਰ ਵੇਲੇ ਉਤਾਵਲੇ ਰਹਿਣਾ ਅਤੇ ਆਪਣਾ ਆਪ ਮਿਟਾ ਕੇ ਸਭ ਦੀ ਚਰਨਧੂੜ ਬਣਨਾ ।

ਮੌਤ ਨੂੰ ਹਰ ਵੇਲੇ ਚੇਤੇ ਰੱਖਣਾ ਤੇ ਮਾਲਕ ਦੀਆਂ ਸਿਫ਼ਤਾਂ ਕਰਨੀਆਂ ।

ਉਸਤਤ ਨਿੰਦਾ ਤੋਂ ਹਮੇਸ਼ਾਂ ਲਈ ਬੇਅਸਰ ਰਹਿਣਾ ।

ਜੇ ਉਸਤਤ ਹੋਵੇ ਤਾਂ ਮਾਲਕ ਦੀ ਸਮਝਣਾ ਤੇ ਜੇ ਨਿੰਦਾ ਹੋਵੇ ਤਾਂ ਉਸ ਨਾਲ ਕ੍ਰੋਧਤ ਨਹੀਂ ਹੋਣਾ ।

ਕਾਮ, ਕਰੋਧ, ਲੋਭ, ਮੋਹ, ਅਹੰਕਾਰ ਵਗੈਰਾ ਤੋਂ ਬਚਣ ਲਈ



ਗੁਰਸ਼ਬਦ ਦਾ ਪਹਿਰਾ ਪੱਕੀ ਤੌਰ 'ਤੇ ਲਾਈ ਰੱਖਣਾ ।

ਨਿੰਦਕਾਂ ਦੀ ਵੀ ਸੇਵਾ ਕਰਨੀ ਤੇ ਉਹਨਾਂ ਨਾਲ ਨਫ਼ਰਤ ਨਹੀਂ ਕਰਨੀ ।

ਢੀਠ ਹੋ ਕੇ ਮਾਲਕ ਦੇ ਦਰਵਾਜ਼ੇ ਉੱਪਰ ਬੈਠੇ ਰਹਿਣਾ ਤੇ ਖ਼ੈਰ ਮੰਗਦੇ ਰਹਿਣਾ । ਸੁਖ ਦੁਖ ਨੂੰ ਇਕੋ ਜਿਹਾ ਸਮਝਣਾ ਤੇ ਇਹਨਾਂ ਨੂੰ ਉਸ ਦੀ ਆਗਿਆ ਸਮਝਣਾ ।

ਵਾਹਿਗੁਰੂ ਦਾ ਨਾਂ ਲੈਂਦਿਆਂ ਜੋ ਤਕਲੀਫ਼ ਹੋਵੇ ਉਸ ਨੂੰ ਸਹਿਣਾ ।

ਇਹ ਸਾਰਾ ਕੁਝ ਗ੍ਰਹਿਸਥ ਦੀਆਂ ਡਿਊਟੀਆਂ ਨਿਭਾਉਂਦਿਆਂ ਕਰਨਾ ਹੈ ।

ਇਹਨਾਂ ਦਾ ਸਮੁੱਚੇ ਤੌਰ 'ਤੇ ਭਾਵ ਇਹ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਨੂੰ ਪੱਥਰ 'ਤੇ ਲਕੀਰ ਸਮਝ ਕੇ ਉਹਨਾਂ 'ਤੇ ਚੱਲਣ ਦੀ ਪੂਰੀ ਕੋਸ਼ਿਸ਼ ਕਰਨੀ ਤੇ ਗੁਰੂ ਸਾਹਿਬ ਨੂੰ ਤੇਰੇ ਹੁਕਮ ਅਨੁਸਾਰ **"ਪਰਗਟ ਗੁਰਾਂ ਕੀ ਦੇਹ"** ਜਾਣ ਕੇ ਆਪਣਾ ਆਪ ਹਮੇਸ਼ਾਂ ਲਈ ਉਸ ਤੋਂ ਵਾਰ ਦੇਣਾ ।

ਤੂੰ ਜਾਣੀ ਜਾਣ ਹੈਂ । ਇਹਨਾਂ ਰਹਿਤਾਂ 'ਤੇ ਪੂਰਾ ਉਤਰਨਾ ਤਾਂ ਇਕ ਪਾਸੇ, ਇਹਨਾਂ ਨੂੰ ਗਿਣਦਿਆਂ ਹੀ ਮੇਰੇ ਪ੍ਰਾਣ ਖ਼ੁਸ਼ਕ ਹੋ ਗਏ । ਮੇਰੇ ਸਾਹਿਬ ਮੈਂ ਨਿਮਾਣਾ ਇਹਨਾਂ 'ਤੇ ਕਿਵੇਂ ਚੱਲ ਸਕਦਾ ਸਾਂ । ਇਹ ਤਾਂ ਤੇਰੀ ਮਿਹਰ ਤੇ—ਕੇਵਲ ਤੇਰੀ ਮਿਹਰ ਹੋਵੇ ਤਾਂ ਇਤਨੇ ਔਖੇ ਸਿਲੇਬਸ ਨੂੰ ਕੋਈ ਹੱਥ ਵੀ ਪਾਵੇ । ਮੇਰਾ ਜੀ ਕਹੇ ਮੈਨੂੰ ਇੰਤਜ਼ਾਰ ਕਰਨੀ ਚਾਹੀਦੀ ਹੈ । ਘੱਟ ਤੋਂ ਘੱਟ ਮੇਰਾ ਮਨ ਇਹਨਾਂ ਰਹਿਤਾਂ ਨੂੰ **Digest** (ਹਜ਼ਮ) ਕਰ ਕੇ ਇਹ ਤਾਂ ਫ਼ੈਸਲਾ ਕਰ ਲਵੇ ਕਿ ਉਹ ਇਸ '**ਖੰਨਿਓ ਤਿਖੀ ਵਾਲਹੁ ਨਿਕੀ**' ਤਾਰ 'ਤੇ ਚੱਲਣ ਲਈ **Willing** (ਰਜ਼ਾਮੰਦ) ਹੈ । ਪੂਰਾ ਤਾਂ ਮੈਂ ਕਦੇ ਵੀ ਨਹੀਂ ਉੱਤਰ ਸਕਦਾ, ਪਰ ਕੋਸ਼ਿਸ਼ ਕਰਨ ਲਈ ਤਿਆਰ ਹੋ ਜਾਵਾਂ ।

ਜਦ ਤੂੰ ਮੇਰੀ ਲਾਚਾਰੀ ਦੇਖੀ, ਮੇਰੀ ਮਜਬੂਰੀ ਦੇਖੀ ਤੇ ਦੂਜੇ ਪਾਸੇ ਮੇਰਾ **Analysis** (ਘੋਖ) ਵੇਖਿਆ ਤਾਂ ਇਕ ਅਦੁੱਤੀ ਦਯਾ ਦੇ ਸਦਕੇ ਤੇਰੀ ਨਜ਼ਰ ਨੇ ਮੈਨੂੰ ਛੇਤੀ **Willing** (ਰਜ਼ਾਮੰਦ) ਬਨਾਉਣ ਦਾ ਜ਼ਿੰਮਾਂ ਚੁੱਕ ਲਿਆ । ਜਦ ਅਸੀਂ ਸਾਰੇ ਤੇਰਾ ਪਿਛਲਾ ਗੁਰਪੁਰਬ (੨੫ ਦਸੰਬਰ ਨੂੰ) ਮਨਾ ਰਹੇ ਸਾਂ, ਤਾਂ ਤੂੰ ਮੈਨੂੰ ਸੁਨੇਹਾ ਭੇਜਿਆ ਕਿ ਜੇ ਹੁਣ ਮੈਂ ਆਪਣੀ **willingness** (ਰਜ਼ਾਮੰਦੀ) ਦੇ ਦੇਵਾਂ ਤਾਂ ਤੂੰ ਆਪ ਮੈਨੂੰ ਅੰਮ੍ਰਿਤਧਾਰੀ ਸਿੰਘ ਬਣਨ ਤੇ ਰਹਿਣ ਵਿੱਚ ਹਿੰਮਤ ਦਿਵਾਏਂਗਾ । ਫੇਰ ਕੀ ਸੀ, ਉਸ ਰਾਤ ਆਪਣੇ ਨਾਲ ਤਿੰਨ ਵਜੇ

ਸਵੇਰੇ ਤੇਰੇ ਦੁਆਰੇ ਹੋ ਗਿਆ । ਸਾਡੇ ਨਾਲ ਇਕ ਭੈਣ ਤੇ ਉਹਦਾ ਪਤੀ ਸਨ । ਅੰਮ੍ਰਿਤ ਛਕਣ ਵੇਲੇ ਦੇ ਵਿਚਾਰਾਂ ਨੂੰ ਤੇ ਦਾਸ ਨੇ ਕਿਤੇ ਹੋਰ ਅੰਕਤ ਕੀਤਾ ਪਰ ਹੁਣ **Memory** (ਯਾਦ-ਦਾਸ਼ਤ) 'ਤੇ ਭਰੋਸਾ ਕਰਦਿਆਂ ਤੇਰਿਆਂ ਚਰਨਾਂ ਵਿੱਚ ਆਪਣੀਆਂ ਉਮੀਦਾਂ ਤੇ ਇੱਛਾਵਾਂ ਕਰਦਾ ਹਾਂ ।

ਮਨ ਨੇ ਅਖ਼ੀਰਲੀ ਵਾਰ ਹੰਭਲਾ ਮਾਰ ਆਪਣੇ ਆਪ ਨੂੰ ਤਾੜਨਾ ਕੀਤੀ: "ਕੀ ਤੂੰ ਤਿਆਰ ਹੈਂ?" ਉੱਤਰ ਮਿਲਿਆ ਕਿ Mind (ਮਨ) ਤਿਆਰ ਹੈ ਪਰ ਜਾਣਦਾ ਹੈ ਕਿ ਮਿਹਰ ਤੋਂ ਬਗੈਰ ਮੈਂ ਕੁਝ ਨਹੀਂ ਕਰ ਸਕਦਾ; ਹੌਂਸਲਾ ਹੋਇਆ ਕਿ ਥਿੜਕਿਆ ਨਹੀਂ । ਫੇਰ ਇਕ ਝਰਨਾਟ ਵਿੱਚ ਆਪਣਾ-ਆਪਣਾ ਕੰਮ ਕੇਵਲ ਇਤਨਾ ਯਾਦ ਹੈ ਕਿ ਪੰਜਾਂ ਪਿਆਰਿਆਂ ਨੇ ਪੂਰੇ ਗੁਰੂ ਦੀ ਹਜ਼ੂਰੀ ਵਿੱਚ ਇਹ ਪੁੱਛਿਆ ਕਿ ਤੁਸੀਂ ਕਿਸੇ ਦਬਾਉ ਹੇਠ ਜਾਂ ਮਰਜ਼ੀ ਬਗੈਰ ਅੰਮ੍ਰਿਤ ਛਕ ਰਹੇ ਹੋ ਤੇ ਨਾਲੇ ਕੀ ਤੁਸੀਂ (ਖ਼ੁਸ਼ੀ ਨਾਲ) ਆਪਣਾ ਸਿਰ ਗੁਰੂ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ ਹੈ, ਤਾਂ ਅੱਥਰੂਆਂ ਭਰੇ ਨੇ ਇਕ ਖੇੜੇ ਵਿੱਚ ਅਨੰਦਪੁਰ ਸਾਹਿਬ ਵਿੱਚ ਪਹਿਲੀ ਰਹਿਮਤ ਦੇ ਸਾਕੇ ਨੂੰ ਅਨੁਭਵ ਕਰ ਚੀਖ ਉੱਠਿਆ, ਬਿਲਕੁਲ ਫ਼ੈਸਲਾ ਕਰ ਲਿਆ ਅੰਮ੍ਰਿਤ ਛਕਣ ਦਾ ਅਤੇ ਅੰਮ੍ਰਿਤ ਛਕ ਕੇ ਅੰਦਰ ਵੱਲ ਧਿਆਨ ਗਿਆ ਤੇ ਰੀਝ ਉੱਠੀ ਕਿ ਕੀ ਕਦੇ ਮੈਂ ਵੀ ਅਜੀਤ, ਜੁਝਾਰ ਬਣ ਸਕਾਂਗਾ, ਕੀ ਦਯਾ ਸਿੰਘ ਤੇ ਧਰਮ ਸਿੰਘ ਵਰਗੀਆਂ ਮਹਾਨ ਹਸਤੀਆਂ ਦੀ ਚਰਨਧੂੜ ਦਾ ਧਿਆਨ ਕਰਕੇ ਮੇਰਾ ਮਨ ਹਮੇਸ਼ਾਂ ਇਹ ਸੋਚੇਗਾ ਕਿ ਮੇਰਾ ਸਿਰ ਵਿਕ ਚੁੱਕਾ ਹੈ । ਡਰ ਇਕੋ ਹੀ ਆਇਆ ਕਿ ਕਦੇ ਮੇਰੇ ਗੁਨਾਹ ਤੇਰੀਆਂ ਬਰਕਤਾਂ ਨੂੰ ਮੱਧਮ ਤਾਂ ਨਹੀਂ ਕਰ ਦੇਣਗੇ—ਪਰ ਉਹ ਵੇਲਾ ਡਰ ਦਾ ਨਹੀਂ ਸੀ—ਅੰਮ੍ਰਿਤ ਛਕ ਕੇ ਜਦੋਂ ਬਾਹਰ ਆਏ ਤਾਂ ਮਹਿਸੂਸ ਹੋ ਰਿਹਾ ਸੀ ਕਿ ਹੁਣ ਇਕ ਤੈਨੂੰ ਬੋਲਿਆ ਗਿਆ ਤਾਂ ਮੈਂ ਤੇਰੇ ਨਾਲ ਕਿਵੇਂ ਲਾਡ ਕਰ ਸਕਾਂਗਾ, ਜੇ ਇਕ ਲਾਚਾਰ ਵੱਲੋਂ ਮੁੱਖ ਮੋੜ ਕੇ ਅਣਗਹਿਲੀ ਕਰ ਗਿਆ ਤਾਂ ਕਿਵੇਂ ਤੈਨੂੰ ਪਰਵਾਨ ਹੋਵੇਗਾ । Corresponding advantage ਇਹ ਹੋਇਆ ਕਿ ਦ੍ਰਿੜ੍ਹ ਹੋ ਗਿਆ ਕਿ ਹੁਣ ਮੈਂ ਨਿਮਾਣਾ, ਗ਼ਰੀਬ ਬੇਸਹਾਰਾ ਨਹੀਂ ਜੋ ਸਹਾਰਾ ਦੇਣ ਵਾਲੇ ਦੀ ਵਡਿਆਈ ਵਿੱਚ ਲੀਨ ਹੋ ਕੇ ਮਿਟ ਜਾਵਾਂ ।

**"ਮੋਹਿ ਅਨਾਥ ਗਰੀਬ ਨਿਮਾਨੀ॥**
**ਕੰਤ ਪਕਰਿ ਹਮ ਕੀਨੀ ਰਾਨੀ॥"** (ਅੰਗ ੩੯੪)

ਲਿਖੀ ਜਾ ਰਿਹਾ ਹਾਂ, ਕਿਉਂਕਿ:



**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥** (ਅੰਗ ੮੫)

ਕਿੱਥੇ ਜਾਵਾਂ, ਕਿਸ ਨਾਲ ਗੱਲਾਂ ਕਰਾਂ—ਹੋਰ ਹੈ ਤਾਂ ਕੋਈ ਨਹੀਂ । ਹੁਣ ਕੇਵਲ ਤੂੰ ਹੈਂ—ਤੇ ਜਦੋਂ ਧਿਆਨ ਕਰਦਾ ਹਾਂ ਤਾਂ ਗੁਰੂ ਅਰਜਨ ਸਾਹਿਬ ਦਾ ਸ਼ਬਦ ਆਣ ਵੱਸਦਾ ਹੈ—

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥**
**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥** (ਅੰ:੫੧੭)

ਹੁਣ ਮੈਂ ਤੇਰਾ ਹੋ ਚੁੱਕਾ ਹਾਂ, ਭਾਵੇਂ ਮਾਰ ਤੇ ਭਾਵੇਂ ਰੱਖ, ਭਾਵੇਂ ਰਾਜ ਕਰਾ ਤੇ ਭਾਵੇਂ ਭੀਖ ਮੰਗਾ, ਭਾਵੇਂ ਆਕਾਸ਼ਾਂ 'ਤੇ ਲੈ ਜਾ ਤੇ ਭਾਵੇਂ ਨਾਲੀਆਂ ਵਿੱਚ ਰੋਲ; ਭਾਵੇਂ ਉਸਤਤਾਂ ਕਰਵਾ ਤੇ ਭਾਵੇਂ ਗਾਲ੍ਹਾਂ ਪਵਾ, ਭਾਵੇਂ ਮਹਿਲਾਂ ਵਿੱਚ ਰੱਖ ਤੇ ਭਾਵੇਂ ਮੋਚੀ ਬਣਾ । ਇਕੋ ਆਸ ਤੇ ਇਕੋ ਰੀਝ ਹੈ, ਤੇਰੇ ਚਰਨਾਂ ਨਾਲ ਇਵੇਂ ਲਿਪਟਿਆ ਰਵ੍ਹਾਂ ਜਿਵੇਂ ਕੁੱਤਾ ਆਪਣੇ ਮਾਲਕ ਦਾ ਦਰ ਨਹੀਂ ਛੱਡਦਾ ਤੇ ਇਕ-ਮਨ ਇਕ-ਚਿੱਤ ਹੋ ਕੇ ਉਸ ਵਿੱਚ ਲੀਨ ਰਹਿੰਦਾ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਗਲ ਵਿੱਚ ਜ਼ੰਜੀਰ ਹੈ ਤੇ ਹੁਣ ਤੂੰ ਜਿੱਥੇ ਚਾਹੁੰਦਾ ਹੈਂ ਖਿੱਚੀ ਜਾ ਰਿਹਾ ਹੈਂ । ਇਸ ਹਾਲ ਵਿੱਚ ਮੈਂ ਅਤਿਅੰਤ ਅਨੰਦ ਮਾਣ ਰਿਹਾ ਹੈਂ । ਇਹ ਅਨੰਦ ਮੈਂ ਸਾਰੀ ਉਮਰ ਕਦੇ ਨਹੀਂ ਮਾਣਿਆ । ਮੇਰੇ ਰਿਸ਼ਤੇਦਾਰ ਉਹ ਭੈਣਾਂ ਭਰਾ ਹਨ ਜੋ ਮੇਰੇ ਨਾਲ ਰਲ ਕੇ ਤੇਰੇ ਚਰਨਾਂ ਦੀ ਜਾਚਨਾ ਕਰਦੇ ਹਨ ।

ਅੱਛਾ ਹੁਣ ਤਕ ਤਾਂ ਮੈਂ ਹਿੰਮਤ ਕੀਤੀ ਹੈ—ਕੁੱਤਾ ਮਾਲਕ ਦਾ ਲਾਡ ਦੇਖ ਕੇ ਜੁਰਅਤ ਕਰ ਲੈਂਦਾ ਹੈ, ਕਿਉਂਕਿ **"ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ"** ਕਿ ਮੈਂ ਤੈਨੂੰ ਆਪਣਾ ਹਾਲ ਦੱਸਾਂ; ਪਰ ਇਹਦਾ ਇਹ ਮਤਲਬ ਨਹੀਂ ਕਿ ਆਪਣੀਆਂ ਕਰਤੂਤਾਂ ਤੋਂ ਬਾਜ਼ ਆ ਗਿਆ ਹਾਂ । ਮੈਂ ਉਸੇ ਤਰ੍ਹਾਂ ਔਗੁਣਾਂ ਦਾ ਭਰਿਆ ਹੋਇਆ ਹਾਂ, ਸਾਰਾ ਦਿਨ ਵਿਕਾਰਾਂ ਵਿੱਚ, ਚੁਗ਼ਲੀ, ਨਿੰਦਾ ਵਿੱਚ ਪਿਆ ਰਹਿੰਦਾ ਹਾਂ, ਭਗਤੀ, ਸਿਮਰਨ ਨਹੀਂ ਕਰਦਾ; ਪਰ ਤੇਰੇ ਨਾਮ ਦੀ ਆਸ ਲਗਾਈ ਬੈਠਾ ਹਾਂ ।

ਮੇਰੀ ਮੂਰਖਤਾ ਭਰੀ ਕਹਾਣੀ ਖ਼ਤਮ ਹੋਈ, ਹੁਣ ਜੋ ਤੂੰ ਮੇਰੇ ਨਾਲ ਲਾਡ ਕੀਤੇ ਹਨ ਉਹ ਮੇਰੇ ਸਾਹਮਣੇ ਰਹਿੰਦੇ ਹਨ । ਮੇਰੀ ਬੇਨਤੀ ਇਹ ਹੀ ਰਹੇਗੀ—

**ਔਗੁਣਹਾਰੇ ਕੀ ਬੇਨਤੀ ਸੁਣੋ ਗਰੀਬ ਨਵਾਜ।**
**ਜੇ ਹਉ ਪੂਤ ਕਪੂਤ ਹੈ ਬਹੁਤ ਪਿਤਾ ਕੋ ਲਾਜ।**

**ਚੋਜੀ ਮੇਰੇ ਪ੍ਰੀਤਮਾ, ਚੋਜੀ ਮੇਰੇ ਗੋਵਿੰਦਾ**, ਮੇਰੇ 'ਤੇ ਤੂੰ ਕਈ ਅਹਿਸਾਨ ਕੀਤੇ ਹਨ । ਇਨ੍ਹਾਂ ਵਿੱਚ ਕੋਈ ਅੰਤ ਨਹੀਂ; ਪਰ ਵਿਸਾਖੀ ਦੀ ਯਾਦ ਵਿੱਚ ਮੇਰਾ ਮਨ ਰੀਝ ਰਿਹਾ ਹੈ ਕਿ ਕੁਝ-ਕੁਝ ਕੁ ਗਿਣਾ ਕੇ ਆਪਣੇ ਮਨ ਨੂੰ ਇਹ ਕਵ੍ਹਾਂ "**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥**"

ਮੈਨੂੰ ਯਾਦ ਹੈ ਜਦੋਂ ਮੈਂ ਕੋਈ ਵੁਕਅਤ ਨਹੀਂ ਸਾਂ ਰੱਖਦਾ ਤਾਂ ਤੂੰ ਮੈਨੂੰ "ਗੁਰੂ ਜੋਗਾ" ਬਣਾ ਲਿਆ ਸੀ । ਮੈਨੂੰ ਹੁਕਮ ਮੰਨਣਾ ਸਿਖਾਇਆ ਸੀ, ਮੈਨੂੰ ਹੰਕਾਰ ਤੋਂ ਬਚਣਾ ਸਿਖਾਇਆ ਸੀ ਤੇ ਫੇਰ ਜਦੋਂ ਮੈਂ ਡੁੱਬਣ ਲੱਗਾ ਸੀ ਤਾਂ ਸਾਰੀ ਰਾਤ ਪਹਿਰਾ ਦੇ ਕੇ ਵੇਸਵਾ ਦੇ ਦਰਬਾਰ 'ਚੋਂ ਕੱਢ ਕੇ ਆਪਣੇ ਚਰਨਾਂ ਵਿੱਚ ਖਿੱਚ ਲਿਆ ਸੀ । (ਗੁਰੂ ਸਿੱਖ ਦੇ ਅੰਗ-ਸੰਗ ਹੁੰਦਾ ਹੈ)

ਮੈਨੂੰ ਯਾਦ ਹੈ ਜਦੋਂ ਤੂੰ ਜੰਗਲ ਵਿੱਚ ਅੰਗਰੇਜ਼ ਦੀ ਲੜਕੀ ਨੂੰ ਆਪਣੀ ਲੜਕੀ ਸਮਝ ਕੇ Safe Conduct (ਚੰਗਾ ਸਲੂਕ) ਹੀ ਨਹੀਂ ਸੀ ਦਿੱਤਾ ਸਗੋਂ ਉਸ ਦੀ ਪ੍ਰਾਰਥਨਾ ਸੁਣਕੇ ਮੈਨੂੰ ਸਾਬਤ ਕਰ ਦਿੱਤਾ ਸੀ ਕਿ ਵਾਹਿਗੁਰੂ ਦੇ ਪਿਆਰੇ ਨਿਹੱਥੇ 'ਤੇ ਵਾਰ ਨਹੀਂ ਕਰਦੇ, ਲਾਚਾਰੀ ਦਾ ਨਾਜਾਇਜ਼ ਫ਼ਾਇਦਾ ਨਹੀਂ ਉਠਾਉਂਦੇ, ਬਦਲੇ ਨਹੀਂ ਲੈਂਦੇ ਤੇ ਮੁਸਲਮਾਨ ਤੇ ਸਿੱਖ ਵਿੱਚ ਫ਼ਰਕ ਨਹੀਂ ਸਮਝਦੇ ।

ਮੈਨੂੰ ਯਾਦ ਹੈ ਮੈਨੂੰ "ਸੇਵਾ" ਸਿਧਾਂਤ ਲਈ ਮੇਰੇ ਹੱਥੋਂ ਪਾਣੀ ਪੀਣੋਂ ਤੂੰ ਨਾਂਹ ਕਰ ਦਿੱਤੀ ਸੀ । ਮੈਨੂੰ ਯਾਦ ਹੈ "ਚੂਲੀਆਂ ਕਰਵਾ ਕੇ" ਮੈਨੂੰ ਬਾਣੀ ਨੂੰ ਹਿਰਦੇ ਵਿੱਚ ਵਸਾਉਣ ਦਾ ਤਰੀਕਾ ਦਿਖਾਇਆ ਸੀ । ਮੈਨੂੰ ਯਾਦ ਹੈ ਜਦ ਮੈਂ ਇਕ ਕੌਡੀ ਲਈ ਸ਼ਰਮ ਨਾਲ ਛੁਪ-ਛੁਪ ਬੈਠਦਾ ਸਾਂ ਤਾਂ ਮੈਨੂੰ ਆਪ ਆਵਾਜ਼ ਮਾਰ ਕੇ ਛਾਤੀ ਨਾਲ ਲਾਇਆ ਸੀ । ਮੈਨੂੰ ਯਾਦ ਹੈ ਤੂੰ ਮੇਰਾ ਮਤਲਬ ਸਮਝ ਗਿਆ ਸੀ ਜਦ ਮੈਂ ਭੁੱਲ ਕੇ ਇਹ ਕਹਿ ਬੈਠਾ ਸਾਂ "**ਤੂੰ ਨਿਮਾਣਾ ਮੈਂ ਤੇਰਾ ਮਾਣ ।**"

ਮੈਨੂੰ ਯਾਦ ਹੈ ਜਦ ਮੈਂ ਤੁਹਾਨੂੰ ਬੁਲਾਵਾ ਦੇ ਕੇ ਘਰੋਂ ਭੱਜ ਗਿਆ ਸੀ, ਤੂੰ ਮੇਰੇ ਉੱਤੇ ਕਿਰਪਾ ਕਰਕੇ ਮੇਰੀ ਇਸਤਰੀ ਦੇ Through (ਰਾਹੀਂ) ਜਾਗ ਕੇ ਫਿਰ ਆਪਣੇ ਚਰਨਾਂ ਵਿੱਚ ਬੁਲਾਇਆ ਸੀ । ਮੈਨੂੰ ਯਾਦ ਹੈ ਤੇਰੀ ਮਿਹਰ ਨਾਲ ਮੈਂ ਕਿਹਾ ਸੀ ਕਿ ਇਹ ਬੰਦਾ ਤਾਂ ਡੁੱਬਾ ਹੈ ਕਿਉਂਕਿ ਤੇਰੇ ਹੱਥੋਂ ਜੋ ਡਿੱਗੇਗਾ ਉਹ ਡੁੱਬੇਗਾ ਹੀ ।

ਮੈਨੂੰ ਯਾਦ ਹੈ ਮੈਨੂੰ ਕੁੱਤੇ ਤੋਂ ਆਦਮੀ ਬਣਾ ਕੇ ਤੂੰ ਮਾਣ ਮੈਨੂੰ ਬਖ਼ਸ਼ਿਆ ਸੀ—"**ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋਸੇ ਗਰੀਬ**



**ਕਰੋਰ ਪਰੇ।**'

ਮੈਨੂੰ ਯਾਦ ਹੈ ਤੂੰ ਮੇਰੇ 'ਤੇ ਰਹਿਮਤ ਕਰ ਕੇ ਮੈਦਾਨੇ ਜੰਗ ਵਿੱਚ ਜ਼ਖ਼ਮੀ ਦੁਸ਼ਮਣ ਦੋਸਤਾਂ ਵਿੱਚ ਆਪਣੀ ਸ਼ਕਲ ਦਿਖਾਈ ਸੀ ਤੇ ਮਰ੍ਹਮ ਬਖ਼ਸ਼ੀ ਸੀ । ਮੈਨੂੰ ਯਾਦ ਹੈ ਤੂੰ ਮੈਨੂੰ ਘੜੀ-ਘੜੀ ਚੇਤੇ ਕਰਾਇਆ ਸੀ ਕਿ ਤੂੰ ਪਰਮੇਸ਼ਰ ਨਹੀਂ ਭਾਵੇਂ ਮੇਰੀ ਸਿੱਖਿਆ ਇਹ ਹੈ "**ਗੁਰ ਪਰਮੇਸ਼ਰ ਨਾਹੀ ਭੇਦ।**"

ਮੈਨੂੰ ਯਾਦ ਹੈ ਜਦੋਂ ਸਰਹਿੰਦ ਦੀਆਂ ਨੀਂਹਾਂ ਵਿੱਚ ਮੈਂ ਚਿਣਿਆਂ ਜਾ ਰਿਹਾ ਸਾਂ ਤਾਂ ਤੇਰਾ ਇਕੋ ਖ਼ਿਆਲ ਸੀ ਕਿ ਮੈਂ ਡੋਲਦਾ ਤਾਂ ਨਹੀਂ; ਫੇਰ ਮੈਨੂੰ ਆਪਣੇ ਚਰਨਾਂ ਨਾਲ ਰੱਖ ਕੇ ਡੋਲਣ ਨਹੀਂ ਸੀ ਦਿੱਤਾ ।

ਮੈਨੂੰ ਯਾਦ ਹੈ ਕਿ "ਪਾਰਬ੍ਰਹਮ ਗੁਰ ਨਾਨਕ ਸਾਖੀ" ਕਰ ਕੇ ਤੂੰ ਮੈਨੂੰ ਛਾਤੀ ਨਾਲ ਲਾਉਂਦਾ ਹੈ, ਮੇਰਾ ਅਸਲੀ ਮਿੱਤਰ ਹੈਂ, ਮੇਰੇ ਨਾਲ ਹਰ ਵੇਲੇ ਰਹਿੰਦਾ ਹੈਂ, ਮੈਨੂੰ ਆਪਣਾ ਗੁਰੂ ਵੀ ਕਹਿੰਦਾ ਹੈਂ; ਪਰ ਤੇਰੇ ਲਾਡ, ਤੇਰੀਆਂ ਮਿਹਰਬਾਨੀਆਂ ਤੇ ਤੇਰਾ ਅਹਿਸਾਨ ਯਾਦ ਕਰ-ਕਰ ਕੇ ਮੈਂ ਹੁਣ ਆਪਣੀਆਂ ਕਮੀਆਂ ਵੱਲ ਦੇਖ-ਦੇਖ ਕੇ ਕਾਹਲਾ ਪੈਣ ਲੱਗ ਪਿਆ ਹਾਂ, ਕਿਉਂਕਿ—

(ੳ) ਮੈਂ ਜੋ ਕੁਝ ਸੀ ਤੇਰੇ ਬਾਰੇ ਪੜ੍ਹਦਾ ਜਾਂ ਸੁਣਦਾ ਹਾਂ, ਉਸ ਉੱਤੇ ਅਮਲ ਤਾਂ ਇਕ ਪਾਸੇ ਉਸ ਵਿੱਚ ਵਿਸ਼ਵਾਸ ਵੀ ਨਹੀਂ ਰੱਖਦਾ । ਤੇਰਾ ਹਵਾਲਾ ਦਿੰਦਾ ਹਾਂ, ਪਰ ਕਹਿੰਦਾ ਹਾਂ ਦੁਨੀਆਂ ਵਿੱਚ ਰਹਿ ਕੇ ਇਹ ਨਹੀਂ ਹੋ ਸਕਦਾ । ਮੇਰੀ ਦੁੱਖ ਭਰੀ ਦਾਸਤਾਨ ਇਹ ਹੈ ਕਿ ਪ੍ਰਚਾਰਕ ਤੇ ਰਾਹ ਦੱਸਣ ਵਾਲੇ ਵੀ ਆਪਣੇ ਆਪ ਨੂੰ ਦੁਨੀਆਂ ਦੇ ਲੋਕ-ਪਚਾਰੇ ਵਿੱਚ ਫਸ ਕੇ ਲੋਕ ਲਾਜ ਨੂੰ ਤੇਰੀ ਸਿੱਖਿਆ ਤੋਂ ਉੱਚਾ ਸਮਝਦੇ ਹਨ । ਹੋਰ ਦੁੱਖ ਭਰੀ ਗੱਲ ਇਹ ਹੈ ਕਿ ਤੇਰੇ **Birthday** (ਜਨਮ ਦਿਨ) ਮਨਾਉਂਦਿਆਂ ਸਟੇਜ ਤੋਂ ਉਹ ਇਹੋ ਕੁਝ ਹੀ ਕਹਿੰਦੇ ਹਨ ਜੋ ਤੂੰ ਕਹਿੰਦਾ ਸੀ । ਮੈਂ ਹੋਰ ਭੰਬਲਭੂਸੇ ਵਿੱਚ ਪੈ ਜਾਂਦਾ ਹਾਂ ।

(ਅ) ਤੇਰੀ ਬਾਣੀ ਜਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਇਲਾਹੀ ਬਾਣੀ ਹੈ ਤੇ ਡੂੰਘੀ ਹੈ, ਮੇਰੇ ਵਰਗਾ ਅਲਪੱਗ (**Ignorant**) ਉਸ ਨੂੰ ਕਿਵੇਂ ਸਮਝ ਸਕਦਾ ਹੈ ਪਰ **Commentators** (ਬੁਲਾਰੇ) ਜਦੋਂ ਵਿਚਾਰਾਂ ਤੇ ਹੋਰ ਲੇਖ ਲਿਖਦੇ ਹਨ, ਉਹ ਹੂ-ਬ-ਹੂ ਉਸ ਤਰ੍ਹਾਂ ਲਿਖਦੇ ਹਨ ਜਿਵੇਂ ਗੁਰੂ ਦਾ ਹੁਕਮ ਅਟੱਲ ਹੈ; ਪਰ **Off-Stage** (ਮਰਯਾਦਾ ਤੋਂ ਬਾਹਰ) ਨਾ ਆਪ ਕਰਦੇ ਹਨ ਨਾ ਕਰਨਾ ਜ਼ਰੂਰੀ ਸਮਝਦੇ ਹਨ ।

(ੲ) ਅਸੀਂ ਰੈਣ-ਸਬਾਈਆਂ ਤੇ ਸਪੈਸ਼ਲ ਦੀਵਾਨ ਮਨਾਉਂਦੇ ਹਾਂ, ਤੇਰੀਆਂ

ਸਿਫ਼ਤਾਂ ਕਰਦੇ, ਤੇਰੇ ਵਰੋਸਾਏ ਹੋਏ ਸਿੱਖਾਂ ਦਾ ਜੀਵਨ ਸ਼ਲਾਘਾ ਭਰਪੂਰ ਬੋਲੀਆਂ ਵਿੱਚ ਯਾਦ ਕਰਦੇ ਹਾਂ; ਪਰ ਇਉਂ ਲੱਗਦਾ ਹੈ ਕਿ ਪੀ ਜਾਂਦੇ ਹਾਂ, ਸੁਣਦੇ ਨਹੀਂ, ਜੇ ਵਿਚਾਰਦੇ ਹਾਂ ਤਾਂ ਮੰਨਦੇ ਨਹੀਂ । ਜੇ ਮੰਨਣ ਦਾ ਫ਼ੈਸਲਾ ਕਰ ਲੈਂਦੇ ਹਾਂ ਤੇਰੇ ਹੁਕਮਾਂ ਨੂੰ ਰਾਮ ਕਸੌਟੀ ਨਹੀਂ ਸਗੋਂ ਲੋਕ-ਲਾਜ ਕਸੌਟੀ 'ਤੇ ਪਰਖਦੇ ਹਾਂ ।

ਹੁਣ ਮੇਰੇ 'ਤੇ ਕਿਰਪਾ ਕਰ ਤੇ ਇਹ ਸਮਝਾ ਦੇ ਕਿ ਕੀ ਇਹ ਹੇਠ ਲਿਖੇ ਹੁਕਮ ਅਟੱਲ ਨਹੀਂ? ਕੀ ਇਹ ਜ਼ਰੂਰੀ ਹੈ ਕਿ ਇਹਨਾਂ 'ਤੇ ਚੱਲਣਾ ਹਮੇਸ਼ਾਂ ਘਰ ਦੇ ਸੁੱਖ, ਦੁਨਿਆਵੀ ਲੋਕ-ਪਚਾਰੇ ਤੇ ਰਿਸ਼ਤੇਦਾਰਾਂ ਦੀਆਂ ਮਰਜ਼ੀਆਂ 'ਤੇ ਨਿਰਭਰ ਹੋਵੇਗਾ ।

੧. **ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥**
**ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥** (ਅੰ:੭੩੭)

੨. **ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥** (ਅੰ:੯੨੦)

੩. **ਸਤਿਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥** (ਅੰ:੭੨)

੪. **ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥** (ਅੰ:੭੫੭)

੫. "**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥**"(ਅੰ:੯੧੮)
"**ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥**" (ਅੰ:੫੨੦)
**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ...॥** (ਅੰ:੧੦੩)
"**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥**"
(ਅੰ:੫੨੮)

'**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**' (ਅੰ:੧੪੧੨)

ਹੁਣ ਇਹ ਕਿਰਪਾ ਕਰ ਕੇ ਮੇਰੇ ਮੂਰਖ ਮਨ ਨੂੰ ਸਮਝਾ ਦੇ ਕਿ ਕੀ ਇਹ ਜ਼ਰੂਰੀ ਨਹੀਂ ਕਿ—

੧. ਸਾਰੇ ਗ੍ਰਿਹਸਥ ਦੇ ਜ਼ਰੂਰੀ ਕੰਮ ਕਰਦਿਆਂ ਹੋਇਆਂ ਵਾਹਿਗੁਰੂ ਦਾ



ਨਾਂ ਨਾ ਵਿਸਾਰਾਂ (ਭਾਵੇਂ ਕੋਈ ਕਵ੍ਹੇ ਮੱਤ ਮਾਰੀ ਹੋਈ ਹੈ—ਹਰ ਵੇਲੇ ਇਹ ਕੀ ਹੈ?)।

੨. ਦੂਜੇ ਆਪਣੀ ਜ਼ਨਾਨੀ ਜਾਂ ਪਤੀ ਨਿੰਦਾ ਵਿੱਚ ਮਸਤ ਰਹੇ ਤਾਂ ਹੱਥ ਜੋੜ ਕੇ ਦੂਜਾ ਸਾਥੀ ਕਹਿ ਦੇਵੇ, ਮਹਾਰਾਜ ! ਮੇਰੇ ਗੁਰੂ ਨੇ ਮਨ੍ਹਾ ਕਰ ਦਿੱਤਾ ਹੈ, ਹੁਣ ਨਿੰਦਾ ਕਰਨੀ, ਸੁਣਨੀ ਨਹੀਂ । (ਜੇ ਮੇਰੇ ਰਿਸ਼ਤੇਦਾਰ ਗੁੱਸੇ ਹੋਣ ਤਾਂ ਮੈਂ ਤੇ ਨਹੀਂ ਨਾ ਬਦਲਣਾ ਭਾਵੇਂ ਗੁੱਸਾ ਨਹੀਂ ਕਰਨਾ ਤੇ ਔਖਾ ਨਹੀਂ ਬੋਲਣਾ)।

੩. ਜੇ ਘਰ ਵਾਲੇ ਅੰਮ੍ਰਿਤ ਵੇਲੇ ਉੱਠ ਕੇ ਸਤਿਸੰਗ ਜਾਣ ਦੀ ਬਜਾਏ ਰਾਤ ਨੂੰ ਗੱਪਾਂ ਮਾਰ ਕੇ ਜੇ ਸੌਣ ਲਈ ਮਜਬੂਰ ਕਰਨ ਤਾਂ ਕੀ ਮੈਂ ਹੱਥ ਜੋੜ ਕੇ ਕਹਿ ਨਾ ਦੇਵਾਂ, ਮੈਂ ਅੰਮ੍ਰਿਤ ਵੇਲਾ ਛੱਡ ਨਹੀਂ ਸਕਦਾ, ਇਸ ਲਈ ਗੱਪਾਂ ਲਈ ਸਮਾਂ ਨਹੀਂ ।

੪. ਕੀ ਜੇ ਕਿਸੇ ਪਹੁੰਚੀ ਹੋਈ ਸੁਧਰੀ ਹੋਈ ਰੂਹ ਵਾਲੀ ਭੈਣ ਨਾਲ ਤੇਰੇ ਗੁਣ ਗਾਵਾਂ ਤਾਂ ਲੋਕ-ਲਾਜ ਲਈ ਉਸ ਨਾਲ ਨਾ ਬੋਲਾਂ (ਕੀ ਜ਼ਰੂਰੀ ਹੈ ਕਿ ਭੋਰੀ ਆਪਣੀ ਕਿਰਪਾ ਤੇਰੇ ਦੋਨਾਂ ਗੁਰਸਿੱਖਾਂ 'ਤੇ, ਪਰ ਲੋਕਾਂ ਨੂੰ ਖ਼ੁਸ਼ ਕਰਨ ਲਈ ਗੁਰਸਿੱਖ ਭੈਣ ਨਾਲ ਸੱਚੇ ਨਾਮ ਦਾ ਰਿਸ਼ਤਾ ਤੋੜ ਦੇਵਾਂ) ਤੇਰੇ ਨਾਂ **"ਜੇ ਕਰ ਗੱਲ ਸੁਣਾਵੇ ਹਰਿਨਾਮ ਕੀ ਉਹ ਗੁਰਸਿਖਾ ਮਨ ਮੀਠਾ"** ਵੱਲ ਧਿਆਨ ਦੇਵਾਂ ਉਨ੍ਹਾਂ ਵੱਲ ਜਿਨ੍ਹਾਂ ਦਾ ਕੰਮ ਹੀ ਇਹ ਹੈ ਕਰਨਾ ।

੫. ਲੋਕਾਂ ਨਾਲ ਵਰਤਣ ਲਈ ਆਪਣੀ ਵਡਿਆਈ ਦੀ ਕਦਰ ਕਰਾਂ ਜਾਂ ਤੇਰੀ ਸ਼ਾਨ ਦਾ ਧਿਆਨ ਰੱਖਾਂ, ਕਿਉਂਕਿ ਜੇ ਤੇਰੀ ਵਡਿਆਈ ਵੱਲ ਦੇਖਾਂ "ਸਿਰ ਦੇਣ ਦੇ ਬਾਅਦ" ਤੇਰੀ ਗੱਲ ਮੰਨਾਂ । ਜੇ ਘਰ ਦੇ ਕਲੇਸ਼ ਵੱਲ ਤਾਂ ਤੈਨੂੰ ਛੱਡ ਕੇ ਬੇਮੁੱਖ ਹੋ ਜਾਵਾਂ ।

੬. ਵੱਡੀ ਗੱਲ ਇਹ ਹੈ ਕਿ ਜਦੋਂ ਤੂੰ ਆਪ ਹੈਂ ਕਿ "ਮੀਆਂ ਬੀਵੀ" ਵੀ ਕੂੜੇ ਹਨ ਜੇ ਮਾਲਕ ਦੇ ਗੁਣ ਨਹੀਂ ਗਾਉਂਦੇ, ਤਾਂ ਕੀ ਉਹ ਛੱਡ ਕੇ ਉਹਨਾਂ ਦੀ ਗੱਲ ਮੰਨ ਕੇ ਹੀਰਿਆਂ ਦਾ ਵਪਾਰ ਛੱਡ ਦੇਵਾਂ, ਕੌਡੀਆਂ ਚੁਣਦਾ ਇਸ ਲਈ ਕਿ ਘਰ ਕਲੇਸ਼ ਨਾ ਪਵੇ ।

੭. ਕੀ ਮਾਤਾ ਭਾਗੋ ਕਲੇਸ਼ ਕੋਲੋਂ ਡਰਦੀ ਰਹਿੰਦੀ ਤਾਂ ਕਦੇ ੪੦ ਸਿੰਘਾਂ ਨੇ ਵਾਪਸ ਜਾ ਕੇ ਬੇਦਾਵਾ ਪਾੜ ਸਕਣਾ ਸੀ? ਹੁਕਮ ਹੈ, **"ਗੁਰ ਕੇ ਚਰਨ ਧਿਆਵੈ, ਆਪ ਛੱਡ ਸਦਾ ਰਹੇ ਪਰਣੇ, ਅਵਰ ਨ ਦੇਖੇ ਕੋਈ,"** ਪਰ ਕੀ ਇਹ

ਸਾਰੇ ਹੁਕਮ ਮੇਰੀ ਪਤਨੀ ਜਾਂ ਮੇਰੀ ਮਾਂ ਜਾਂ ਮੇਰਾ ਬਾਪ ਰੱਦ ਕਰ ਸਕਦੇ ਹਨ ।

**ਤੇ ਜੇ ਨਹੀਂ ਤਾਂ ਮੇਰੀਆਂ ਸੱਧਰਾਂ ਸੁਣ:**

(ਮੈਨੂੰ ਡਰ ਲੱਗਦਾ ਹੈ ਕਿ ਵੱਡੇ-ਵੱਡੇ ਪ੍ਰਚਾਰਕ ਸਾਰਾ ਕੁਝ ਤੇਰਾ ਪਰਚਾਰ ਕਰਨ ਦੇ ਬਾਅਦ ਜਦੋਂ ਇਹ ਸਮਝਦੇ ਤੇ ਕਹਿੰਦੇ ਹਨ ਕਿ ਘਰ ਦੇ ਸੁੱਖ, ਰਿਸ਼ਤੇਦਾਰਾਂ ਨਾਲ ਬਣਾ ਕੇ ਰੱਖਣੀ ਤੇ ਲੋਕ ਲਾਜ ਦੀ ਪਰਵਾਹ ਕਰਨੀ ਜ਼ਰੂਰੀ ਹੈ, ਤਾਂ ਉਹ ਕਿਤੇ ਮੈਨੂੰ ਉਸ ਰੀਝ ਤੋਂ ਵਾਂਝਿਆਂ ਨਾ ਰੱਖ ਦੇਣ, ਜਿਸ ਰੀਝ ਦੀ ਸੱਧਰ ਨਾਲ ਤੈਨੂੰ ਸਿਰ ਦੇਣ ਲਈ ਮੇਰੇ ਮਨ ਨੇ ਤੇਰੀ ਰਹਿਮਤ ਦੀ ਝਲਕ ਪਾਈ ਸੀ ।)

੧. ਜੇ ਮੇਰਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਤੂੰ ਹੈਂ ਤਾਂ ਮੈਂ ਅਜੀਤ, ਜੁਝਾਰ ਬਣਨਾ ਚਾਹੁੰਦਾ ਹਾਂ ।

੨. ਜੇ ਤੂੰ ਮੇਰਾ ਗੁਰੂ ਹੈਂ ਤਾਂ ਮੈਂ ਤੇਰਾ ਘਨੱਈਆ, ਮਨੀ ਸਿੰਘ, ਤਾਰੂ ਸਿੰਘ, ਬੁੱਧੂ ਸ਼ਾਹ ਬਣਨਾ ਚਾਹੁੰਦਾ ਹਾਂ ।

੩. ਜੇ ਤੂੰ ਮੇਰਾ ਰਹਿਬਰ ਹੈ, ਤਾਂ ਮੈਂ ਕਿਸੇ ਨਾਲ ਨਿੱਜੀ ਤੌਰ 'ਤੇ ਲੜਨਾ ਨਹੀਂ ਚਾਹੁੰਦਾ ਤੇ ਨਾ ਭੇਦ ਭਾਓ ਰੱਖਣਾ ਚਾਹੁੰਦਾ ਹਾਂ । ਕੇਵਲ ਜ਼ੁਲਮ ਦਾ ਮੁਕਾਬਲਾ ਕਰਨ ਲਈ ਜਾਨ ਵਾਰਨਾ ਚਾਹੁੰਦਾ ਹਾਂ ।

੪. ਜੇ ਤੂੰ ਮੇਰਾ ਮਿੱਤਰ ਹੈਂ ਤਾਂ ਤੇਰੇ ਬਗੈਰ ਮੈਂ ਭੱਠੀ ਵਿੱਚ ਪਿਆ ਰਹਿੰਦਾ ਹਾਂ । ਯਾਰੜੇ ਦਾ ਸੱਥਰ ਹਰ ਵੇਲੇ ਮੰਗਦਾ ਹਾਂ ।

੫. ਜੇ ਤੂੰ ਮੇਰਾ ਮਾਲਕ ਹੈਂ ਤਾਂ ਮੈਂ ਤੇਰੀ ਨੌਕਰੀ ਸਭ ਕੁਝ ਭੁੱਲ ਕੇ, ਪਾਗਲਾਂ ਵਾਂਗ ਕਰਨਾ ਚਾਹੁੰਦਾ ਹਾਂ । (ਮੇਰਾ ਵੀਰ ਮੈਨੂੰ **Abnormal** (ਅਸਾਧਾਰਣ) ਕਹਿੰਦਾ ਹੈ ਪਰ ਮੇਰੀ ਅਰਦਾਸ ਹੈ ਕਿ ਮੈਂ ਹੁਣ **Normal** (ਸਾਧਾਰਣ) ਕਦੇ ਨਾ ਹੋਵਾਂ ।

੬. ਜੇ ਤੂੰ ਮੇਰਾ ਪਿਆਰਾ ਹੈਂ ਤਾਂ ਕੁਝ ਵੀ ਮੰਗ ਕੇ ਸੁੱਚੇ ਪਿਆਰ 'ਤੇ ਦਾਗ਼ ਨਹੀਂ ਲਾਉਣਾ ਚਾਹੁੰਦਾ । ਤੇਰੇ ਪਿਆਰ ਦੀ ਛਾਂ ਹੇਠਾਂ ਦੁੱਖ ਸੁਖ ਇਕੋ ਜਿਹਾ ਮਾਣਨਾ ਚਾਹੁੰਦਾ ਹਾਂ ।

੭. ਜੇ ਤੂੰ ਬਖ਼ਸ਼ਣਹਾਰ ਹੈਂ ਤਾਂ ਆਪਣੇ ਸਾਰੇ ਇਹ ਮਾਲ-ਨਾਮੇ ਤੇਰੇ ਸਾਹਮਣੇ ਖੋਲ੍ਹਣਾ ਚਾਹੁੰਦਾ ਹਾਂ ।

੮. ਜੇ ਤੂੰ ਦਯਾਵਾਨ ਹੈਂ ਤਾਂ ਮੈਂ ਇਕੋ ਦਯਾ ਮੰਗਦਾ ਹਾਂ ਕਿ ਤੂੰ ਇਕ ਤਿਲ ਵੀ ਮੈਨੂੰ ਨਾ ਵਿਸਰੇਂ ਤੇ ਤੇਰੇ ਚਰਨਾਂ 'ਤੇ ਮੇਰਾ ਮੱਥਾ ਹਰ ਘੜੀ ਪਿਆ



ਰਵ੍ਹੇ ।

੯. ਜੇ ਤੂੰ **Democrat** (ਪੰਚਾਇਤਵਾਦ) ਹੈਂ ਤਾਂ ਮੈਂ ਇਕੋ **Democracy** (ਲੋਕ-ਰਾਜ) ਮੰਗਦਾ ਹਾਂ ਜਿਸ ਵਿੱਚ ਮੈਂ ਬਿਲਕੁਲ ਮਿਟ ਜਾਵਾਂ ਤੇ ਸ਼ਬਦ **"ਮਰੋ ਫਿਰ ਜੀਵੋ ਸਦਹੀ ਤਾਂ ਫਿਰ ਮਰਨ ਨ ਹੋਈ"** ਜਿਊਂਦਿਆਂ ਮਰ ਕੇ ਰਹਿਣਾ ਚਾਹੁੰਦਾ ਹਾਂ ।

੧੦. ਜੇ ਤੂੰ ਪਤਿਤ ਪਾਵਨ ਹੈਂ ਤਾਂ ਮੈਂ ਆਪਣੇ ਪਤਿਤ ਹੋਣ ਦਾ ਡਰ ਹਮੇਸ਼ਾਂ ਲਈ ਖੋਹ ਦੇਣਾ ਚਾਹੁੰਦਾ ਹਾਂ । "ਤੂੰ ਭਗਤ ਵਛਲ ਹੈਂ ਇਸ ਦੀ ਮੈਨੂੰ ਕੋਈ **Consolation** (ਤਸੱਲੀ) ਨਹੀਂ, ਕਿਉਂਕਿ ਮੈਂ ਭਗਤੀ ਨਹੀਂ ਜਾਣਦਾ । ਪਰ "ਪਤਿਤ ਪਾਵਨ" ਹੋਣ ਨਾਲ ਮੇਰੇ ਪਰਦੇ ਕੱਜ ਲੈਂਦਾ ਹੈ ।"

## ਆਖ਼ਰੀ ਰੀਝ

ਸਾਨੂੰ ਸੁਮੱਤ ਬਖ਼ਸ਼ ਅਸੀਂ ਤੇਰੇ ਹੁਕਮਾਂ 'ਤੇ ਚੱਲਣ ਲਈ ਕਈ ਸਾਲਾਂ ਤੋਂ ਤੇਰੇ ਗੁਰਪੁਰਬ ਮੋਮਬੱਤੀਆਂ ਫੂਕਾਂ ਮਾਰ ਕੇ ਹੀ ਨਾ ਮਨਾਉਂਦੇ ਰਹੀਏ, ਸਗੋਂ ਤੇਰੇ ਨਾਲ ਪ੍ਰੇਮ ਕਰੀਏ । ਤੇਰੇ ਕੁਰਬਾਨ ਹੋਵਾਂ ਤੇ ਮਿਟ ਜਾਵਾਂ । ਇਕ ਮਹਾਂਪੁਰਸ਼ ਨੇ ਕਿਹਾ ਹੈ ਕਿ ੪੦-੪੦ ਸਾਲਾਂ ਤੋਂ ਗੁਰਦੁਆਰੇ ਆਉਣ ਵਾਲਿਆਂ ਦਾ ਅਗਰ ਜੀਵਨ ਨਹੀਂ ਬਦਲਿਆ ਤਾਂ ਉਨ੍ਹਾਂ ਦਾ ਗੁਰਦੁਆਰੇ ਆਉਣਾ ਬੰਦ ਕਰ ਦੇਣਾ ਚਾਹੀਦਾ ਹੈ । ਇਹ ਸੁਣ ਕੇ ਮੈਂ ਚੌਂਕ ਪਿਆ; ਪਰ ਜਦ ਉਸ ਚੰਗੀ ਤਰ੍ਹਾਂ ਸਮਝਾਇਆ ਤਾਂ ਮੈਂ ਸਹਿਮਤ ਹੋ ਗਿਆ । ਉਸ ਆਖਿਆ ਇਹ ਲੋਕ ਗੁਰੂ ਨੂੰ ਬਦਨਾਮ ਕਰ ਕੇ ਅਧਰਮ ਫੈਲਾਉਂਦੇ ਹਨ ।

ਮੇਰੀ ਭੇਖੀ ਸ਼ਕਲ ਵਿੱਚ ਆਪਣੀ ਰੂਹ ਭਰ, ਤਾਂ ਜੋ ਮੇਰੀ ਬਾਹਰਲੀ ਸ਼ਕਲ ਮੇਰੇ ਮਨ ਦੀ ਗਵਾਹੀ ਦੇਵੇ, ਜਿਵੇਂ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਤੇ ਭਾਈ ਸਾਹਿਬ ਸਿੰਘ, ਦਾ ਸਿਰ ਕਬੂਲ ਕੀਤਾ ਇਸ ਵਿਸਾਖੀ 'ਤੇ, ਮੇਰਾ ਸਿਰ ਕਬੂਲ ਕਰ, ਰੀਝਾਂ ਪੂਰੀਆਂ ਕਰ ਦੇ, ਕਰੇਂਗਾ ਨਾ?

# ਗੁਰ ਪੂਰਾ ਭੇਟਿਓ ਵਡਭਾਗੀ

ਸਮਰੱਥ ਪਿਤਾ ਦਾ ਮੈਂ ਪੁੱਤਰ ਹਾਂ ਤੇ ਸਮਰੱਥ ਪਤੀ ਦੀ ਮੈਂ ਪਤਨੀ, ਸਮਰੱਥ ਸ਼ਹਿਨਸ਼ਾਹ ਦਾ ਮੈਂ ਗ਼ੁਲਾਮ ਹਾਂ ਤੇ ਸਮਰੱਥ ਮਿੱਤਰ ਦਾ ਮੈਂ ਮਿੱਤਰ, ਹਾਂ । ਇਹ ਸਭ ਕੁਝ ਮੇਰਾ ਸਾਹਿਬ ਗੁਰੂ ਗ੍ਰੰਥ ਸਾਹਿਬ ਮਹਾਰਾਜ ਹੈ । ਕਿਸੇ ਨੂੰ ਕੋਈ ਮਾਣ ਹੈ ਕਿਸੇ ਨੂੰ ਕੋਈ; ਪਰ ਮੈਨੂੰ ਇਕੋ ਮਾਣ ਹੈ, ਇਕੋ ਵਿਸ਼ਵਾਸ ਹੈ ਤੇ ਇਕੋ ਪ੍ਰੇਮ ਹੈ, ਇਕੋ ਯਾਦ ਹੈ, ਇਕੋ ਚਾਅ ਹੈ, ਇਕੋ ਲਗਨ ਹੈ, ਇਕੋ ਖ਼ਿਆਲ ਹੈ, ਇਕੋ ਵਿਚਾਰ ਹੈ ਤੇ ਇਕੋ ਲਿਲ੍ਹਕ ਹੈ ਤੇ ਸਭ ਤੋਂ ਵੱਧ ਇਕ ਹੀ ਸਦ ਹੈ; ਉਹ ਹੈ ਕਿ ਮੇਰੇ ਗੁਰੂ ਨੇ ਅਪਾਰ ਬਖ਼ਸ਼ਿਸ਼ਾਂ ਕਰਕੇ ਮੈਨੂੰ ਮਿਲਣ ਦਾ ਅਵਸਰ ਬਖ਼ਸ਼ਿਆ ਹੈ ਤੇ ਕਦੇ ਕਿਸੇ ਵਜ੍ਹਾ ਕਰਕੇ ਵੀ, ਕਿਸੇ ਅਣਗਹਿਲੀ ਕਰਕੇ, ਕਿਸੇ ਕਮਜ਼ੋਰੀ ਕਰਕੇ, ਕਿਸੇ ਅਕ੍ਰਿਤਘਣਤਾ ਕਰਕੇ ਜਾਂ ਕਿਸੇ ਦੂਜੇ ਭਾਉ ਵਿੱਚ ਮੇਰਾ ਪਿਆਰ ਟੁੱਟ ਨਾ ਜਾਏ ।

ਜਦੋਂ **22/8** ਦੀ ਰਾਤ ਨੂੰ ਬਾਰਾਂ ਵੱਜਣ ਹੀ ਵਾਲੇ ਸਨ ਤਾਂ ਸਾਹਿਬ ਨੇ ਮੈਨੂੰ ਉਠਾ ਦਿੱਤਾ । ਪਹਿਲੇ ਪ੍ਰਕਾਸ਼ ਦਾ ਦਿਹਾੜਾ ਆਣ ਪਹੁੰਚਿਆ ਹੈ । ਮੈਂ ਸੋਚਿਆ ਕੁਝ ਤਿਆਰੀ ਕਰਾਂ ਉਸ ਯਾਦ ਦਾ ਸਵਾਦ ਲੈਣ ਲਈ, ਜਿਸ ਵਿੱਚ ਮਸਤ ਹੋ ਕੇ ਗੁਰੂ ਅਰਜਨ ਸਾਹਿਬ ਨੇ ਪੋਥੀ ਪਰਮੇਸ਼ਰ ਦਾ ਥਾਨ ਸਮਝ ਕੇ ਹਰਿਮੰਦਰ ਸਾਹਿਬ ਵਿੱਚ ਇਲਾਹੀ ਬਾਣੀ ਦਾ ਪਹਿਲਾ ਪ੍ਰਕਾਸ਼ ਕੀਤਾ ਤੇ ਆਪ ਮੱਥਾ ਟੇਕਿਆ । ਮੈਂ **Westren education** ਹੇਠਾਂ ਆਪਣਾ ਸਿਦਕ, ਆਪਣਾ ਭਾਓ ਤੇ ਆਪਣੀ ਸ਼ਰਧਾ ਭੁੱਲ ਬੈਠਾ ਸਾਂ । ਸੋਚਦਾ ਸਾਂ ਕਿ ਕਿਤਾਬ ਕਿਵੇਂ ਗੁਰੂ ਹੋ ਸਕਦਾ ਹੈ; ਪਰ ਇਕ ਗ਼ਰੀਬੜੇ ਸਿੱਖ ਨੇ ਸਾਹਿਬਾਂ ਦੇ ਪ੍ਰਕਾਸ਼ ਦਾ ਨਕਸ਼ਾ ਮੇਰੇ ਸਾਹਮਣੇ ਲੈ ਆਂਦਾ । ਓਹੀ ਨਕਸ਼ਾ ਹੈ ਕਿ ਮਨ ਵਿੱਚ ਅੱਜ **23-8-79** ਦੀਆਂ ਘੜੀਆਂ ਸ਼ੁਰੂ ਹੋਣ 'ਤੇ ਹੀ ਪ੍ਰਗਟ ਹੋ ਰਿਹਾ ਹੈ । ਮੈਨੂੰ ਦੱਸਿਆ ਗਿਆ ਸੀ ਕਿ ਭੇਟਿਆ ਦਾ ਅਰਥ ਹੈ ਆਪਣਾ ਸਿਰ ਗੁਰੂ ਅੱਗੇ ਭੇਟ ਕਰ ਕੇ ਮਿਲਣਾ । ਸੋ ਗੁਰੂ ਮਹਾਰਾਜ ਦੇ ਹਜ਼ੂਰ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ ਅੰਮ੍ਰਿਤ ਛਕਣ ਬਗੈਰ ਗੁਰੂ ਭੇਟਿਆ ਨਹੀਂ ਜਾ ਸਕਦਾ । ਮੈਂ ਵਿਚਾਰ ਕਰਦਾ ਸਾਂ ਕਿ, ਕਿਉਂਕਿ ਮੈਂ ਅੰਮ੍ਰਿਤ ਛਕ ਲਿਆ ਹੈ, ਲੇਖ ਲਿਖ ਲੈਂਦਾ ਹਾਂ ਤੇ ਕੁਝ ਤੁਕਾਂ ਬਾਣੀ ਦੀਆਂ ਯਾਦ ਕਰ ਲੈਂਦਾ ਹਾਂ, ਨਾਲੇ ਮੋਟਾ ਕੜਾ ਤੇ ਲੰਮੀ ਕਿਰਪਾਨ ਨਾਲ ਦਾੜ੍ਹੀ ਖੁੱਲ੍ਹੀ ਰੱਖ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕੇਵਲ ਮੈਂ ਹੀ ਮਿਲਿਆ ਹਾਂ ਤੇ ਮੈਨੂੰ ਹੀ ਪ੍ਰਕਾਸ਼ ਹੋਇਆ ਹੈ । ਮੇਰੇ ਸਿੱਖ ਵੀਰ ਨੇ ਮੈਨੂੰ ਸਮਝਾਇਆ ਕਿ ਗੁਰੂ ਨੂੰ ਕੇਵਲ ਤਾਂ ਹੀ ਭੇਟਿਆ ਜਾ ਸਕਦਾ ਹੈ ਜਦੋਂ ਗੁਰੂ ਆਪ ਕਿਰਪਾ ਦ੍ਰਿਸ਼ਟੀ ਕਰਕੇ ਬੁਲਾ ਭੇਜੇ ਤੇ ਆਪਣੀ



ਨਜ਼ਰੇ ਇਨਾਇਤ ਨਾਲ ਆਪਣੇ ਚਰਨ ਕਮਲਾਂ ਵਿੱਚ ਥਾਂ ਦੇਵੇ । ਉਹ ਕਹਿਣ ਲੱਗੇ ਇਕ ਰਾਤ ਅੰਮ੍ਰਿਤ ਦੀਆਂ ਝੜੀਆਂ ਸਾਹਿਬਾਂ ਦੀ ਸਿਫ਼ਤ ਸਾਲਾਹ ਤੇ ਕੀਰਤਨ ਨੇ ਲਾਈਆਂ ਤਾਂ ਉਹਨਾਂ ਦੇ ਸਾਰੇ ਦੁੱਖ ਕੱਟੇ ਗਏ ਤੇ ਉਹ ਹੌਲੇ ਫੁੱਲ ਹੋ ਗਏ । ਫੇਰ ਇਕ ਸਾਲ ਸਾਹਿਬਾਂ ਦੇ ਪ੍ਰੇਮ ਵਿੱਚ **Literally** ਰਾਜ ਕਰਦੇ ਰਹੇ । ਹਰ ਕੋਈ ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਲਈ ਪ੍ਰੇਰੇ ਪਰ ਆਪਣੇ ਰੰਗ ਵਿੱਚ ਰਹਿਕੇ ਕਹਿਣ ਕਿ ਜੋ ਕੁਝ ਕਰਨਾ ਹੈ ਉਹ ਮੇਰੇ ਗੁਰੂ ਨੇ ਆਪ ਕਰਨਾ ਹੈ । ਮੇਰੇ ਲਈ ਗੁਰੂ ਦਾ ਹੱਥ, ਗੁਰੂ ਦੀ **Grace,** ਗੁਰੂ ਦੇ ਚਰਨ ਤੇ ਗੁਰੂ ਦੀ ਯਾਦ ਹੀ ਸਭ ਕੁਝ ਹੈ । ਅੰਦਰੋਂ ਲਿਲ੍ਹਕਾਂ ਲੈਂਦੇ ਕਹਿਣ ਕਿ ਸਾਹਿਬ ਜੀਉ ਕਿਰਪਾ ਕਰਕੇ ਅੰਮ੍ਰਿਤ ਦੀ ਬੂੰਦ ਮੇਰੇ ਮੁੱਖ ਵਿੱਚ ਪਾਉ। ਸਾਹਿਬ ਤਰੁੱਠੇ ਤੇ ਇਕ ਸਾਲ ਬਾਅਦ ਉਨ੍ਹਾਂ ਅੰਮ੍ਰਿਤ ਛਕਿਆ । ਸਵਾਦ ਆਇਆ, ਗੁਰੂ ਨਾਲ ਪ੍ਰੇਮ ਹੋਰ ਜੁੜਿਆ, ਰਹਿਮਤ ਵਰਸੀ ਪਰ ਉਨ੍ਹਾਂ ਦ੍ਰਿੜ੍ਹਤਾ ਨਾਲ ਕਿਹਾ ਕਿ ਇਕ ਸਾਲ ਪਹਿਲਾਂ ਦੀਆਂ ਲਿਖਤਾਂ, ਵਿਚਾਰ ਤੇ ਹੋਰ ਪ੍ਰੇਮ ਦੀਆਂ ਕਹਾਣੀਆਂ ਬਿਲਕੁਲ ਉਹੋ ਜਿਹੀਆਂ ਹਨ ਜਿਹੋ ਜਿਹਾ ਹਾਲ ਅੰਮ੍ਰਿਤ ਛਕਣ ਦੇ ਬਾਅਦ ਹੋਇਆ । ਉਨ੍ਹਾਂ ਦ੍ਰਿੜ੍ਹਤਾ ਨਾਲ ਦੁਹਰਾਇਆ ਕਿ ਅੰਮ੍ਰਿਤ:—

੧. ਕੋਈ **Formality** ਨਹੀਂ ਜਿਹੜੀ ਖੇਡ ਬਣਾ ਕੇ ਪ੍ਰੇਮ-ਹੀਣ ਜਨੇਊ ਵਾਂਗੂੰ ਧਾਰ ਲਈ ਜਾਏ ।

੨. ਕੋਈ ਤਲਿਸਮ ਨਹੀਂ ਕਿ ਆਪਾ ਵਾਰੇ ਬਿਨਾਂ ਜਾਦੂ ਕਰ ਦੇਵੇ।

੩. ਕੋਈ ਰਸਮ ਨਹੀਂ ਜਿਹੜੀ ਇਕ **Certificate** ਦੇ ਕੇ ਖ਼ਾਲਸ ਬਣਾ ਦੇਵੇ ਪ੍ਰੇਮਹੀਣ ਬੰਦੇ ਨੂੰ ।

੪. ਕੋਈ ਲੋਕ-ਪਚਾਰੇ ਦੀ ਰੀਤ ਨਹੀਂ ਕਿ ਪ੍ਰਾਪੇਗੰਡਾ ਕਰਕੇ ਕਹਿ ਸਕੀਏ ਇਤਨਿਆਂ ਨੂੰ ਅੰਮ੍ਰਿਤ ਛਕਾਇਆ ਹੈ, ਭਾਵੇਂ ਉਨ੍ਹਾਂ ਵਿੱਚੋਂ **Majority** ਨਾ ਪਾਠ ਕਰਨ, ਨਾ ਦਸਵੰਧ ਕੱਢਣ ਤੇ ਨਾ ਗੁਰਸਿੱਖੀ ਦੀ ਕਮਾਈ ਕਰਨ ।

੫. ਕੋਈ ਦਿਖਾਵਾ ਨਹੀਂ ਜਿਹੜਾ ਗੁਰੂ ਦੀਆਂ ਅੱਖਾਂ ਨੂੰ ਭੁਲੇਖਾ ਪਾ ਸਕੇ । ਗੁਰੂ ਨੇ ਮਨ ਤੱਕਣਾ ਹੈ, ਗੁਰੂ ਨੇ ਅੰਦਰਲਾ ਭਾਵ ਤੱਕਣਾ ਹੈ ਤੇ ਮਰ ਮਿਟਣ ਲਈ ਚਾਉ ਤੱਕਣਾ ਹੈ । ਉਨ੍ਹਾਂ ਕਿਹਾ ਜੇ ਇੰਞ ਨਾ ਹੁੰਦਾ ਤਾਂ ਉਹ ਇਕ ਸਾਲ ਗੁਰੂ ਗ੍ਰੰਥ ਸਾਹਿਬ ਦੀ ਛਾਂ ਹੇਠ ਉਹੋ ਪਿਆਰ, ਉਹੋ ਕਿਰਪਾ, ਉਹੋ ਖੇੜਾ ਕਿਉਂ ਮਾਣਦੇ ਰਹੇ ਜਿਹੜਾ ਉਨ੍ਹਾਂ ਅੰਮ੍ਰਿਤ ਪੀ ਕੇ ਮਾਣਿਆ ।

ਵਹਿਮਾਂ ਤੇ ਭਰਮਾਂ ਵਿੱਚ ਪਏ ਹੋਏ ਆਕੜ ਦੇ ਟਿੱਬੇ 'ਤੇ ਬੈਠੇ ਕਰਮਕਾਂਡੀ ਸਿੰਘ ਹੁਣ ਇਹ ਸਮਝ ਬੈਠੇ ਹਨ ਕਿ, ਕਿਉਂਕਿ ਉਹ ਖ਼ਾਲਸੇ ਬਣਨ ਦੀ **Formality** ਕਰ ਬੈਠੇ ਹਨ, ਗੁਰੂ ਉਨ੍ਹਾਂ ਨਾਲ ਹੀ ਪਿਆਰ

ਕਰਦਾ ਹੈ ਜਾਂ ਹੋਰ ਕੋਈ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨ ਹੀ ਨਹੀਂ ਸਕਦਾ ਜਦ ਤਕ ਅੰਮ੍ਰਿਤ ਨਾ ਛਕੇ; ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਆਰ ਦੇ ਸੌਦੇ ਭੁੱਲ ਕੇ, ਅੰਮ੍ਰਿਤ ਦੀ ਵਡਿਆਈ ਭੁੱਲ ਕੇ, ਉਸ ਨੂੰ ਵੀ ਇਤਨਾ ਨਿੱਕਾ ਸਮਝ ਬੈਠੇ ਹਨ ਜਿਤਨੇ ਉਹ ਆਪ ਹਨ। ਚਾਹੀਦਾ ਤਾਂ ਸੀ ਕਿ ਉਹ ਗੁਰੂ ਦੇ ਚਰਨਾਂ ਦੀ ਮੌਜ ਵਿੱਚ ਆਪ ਉੱਥੇ ਪਹੁੰਚਦੇ ਜਿੱਥੇ ਗੁਰੂ ਸਾਹਿਬ ਪਹੁੰਚੇ ਹੋਏ ਸਨ; ਪਰ ਆਪਣੀ ਆਕੜ, ਤੰਗਦਿਲੀ ਨਾਲ ਉੱਥੇ ਪਹੁੰਚੇ ਜਿੱਥੇ ਉਨ੍ਹਾਂ ਦਾ ਤੰਗ ਦਾਇਰਾ ਉਨ੍ਹਾਂ ਨੂੰ ਲੈ ਜਾ ਸਕਿਆ ਤੇ ਸਮਝ ਬੈਠੇ ਕਿ ਗੁਰੂ ਵੀ ਇਸ ਤੰਗ ਦਾਇਰੇ ਵਿੱਚ ਰਹਿੰਦਾ ਹੈ; ਨਹੀਂ ਨਹੀਂ ਗੁਰੂ ਪਰਮੇਸ਼ਰ ਹੈ, ਉਹ ਬੇਅੰਤ ਹੈ ਅਤੇ ਕੋਈ ਯਾਦ ਕਰੇ ਕਿ ਗੁਰੂ ਕੇਵਲ ਉਸ ਵੱਲ ਹੀ ਬਖ਼ਸ਼ਿਸ਼ ਭਰੀ ਨਜ਼ਰ ਨਾਲ ਤੱਕਦਾ ਹੈ। ਗੁਰੂ ਨਿਰਵੈਰ ਹੈ, ਸਭਨਾਂ ਦਾ ਭਲਾ ਮੰਗਦਾ ਹੈ, ਸਭ ਨਾਲ ਪਿਆਰ ਕਰਦਾ ਹੈ ਤੇ ਸਭ ਦਾ ਸਾਂਝਾ ਹੈ। ਦੁਨੀਆਂ ਤੇ ਜਿਤਨੇ ਵੀ ਧਰਮੀ ਲੋਕ ਆਉਂਦੇ ਹਨ ਸੰਸਾਰ ਦੇ ਸਾਂਝੇ ਹੁੰਦੇ ਹਨ ਤੇ ਉਨ੍ਹਾਂ ਦੀ ਤਾਲੀਮ ਸਾਂਝੀ ਹੁੰਦੀ ਹੈ, ਕੋਈ ਬੰਦਾ ਉਨ੍ਹਾਂ ਦੀ ਬਾਣੀ ਪੜ੍ਹ ਕੇ, ਉਨ੍ਹਾਂ ਦੇ ਚਰਨਾਂ ਨਾਲ ਜੁੜ ਕੇ ਆਪਣਾ ਮਨ ਸੁਧਾਰ ਕੇ ਉਨ੍ਹਾਂ ਦੀ ਬਖ਼ਸ਼ਿਸ਼ ਲੈ ਸਕਦਾ ਹੈ। Of Course ਆਪਣੇ ਧਰਮ ਵਿੱਚ ਆਪਣੇ ਪੈਗ਼ੰਬਰ ਦੀ ਦੱਸੀ ਰਹੁ ਰੀਤ, ਅਸੀਂ ਅਪਣਾਈਏ, ਪਰ ਜੇ ਇਹ ਸਮਝ ਲਈਏ ਕਿ ਪਿਆਰ ਤੇ ਸ਼ਰਧਾ ਵਾਲੇ ਭਾਵੇਂ ਸਿੱਖ ਨਾ ਹੋਣ ਅੰਮ੍ਰਿਤ ਛਕੇ ਬਗੈਰ ਗੁਰੂ ਨੂੰ ਮਿਲ ਨਹੀਂ ਸਕਦੇ ਤਾਂ ਉਹ ਭੁੱਲੇ ਫਿਰਦੇ ਹਨ। ਮੈਂ ਅੱਖਾਂ ਨਾਲ ਦੇਖੀਆਂ ਮਿਸਾਲਾਂ ਲਿਖਦਾ ਹਾਂ।

੧. ਇਕ ਨੇਤ੍ਰਹੀਣ ਮਦਰਾਸੀ ਬੱਚੀ ਤਿੰਨ ਸਾਲ ਤੋਂ ਲਗਾਤਾਰ ਅੰਮ੍ਰਿਤ ਵੇਲੇ ਸਾਹਿਬਾਂ ਦੇ ਹਜ਼ੂਰ ਕੀਰਤਨ ਕਰਦੀ, ਸੁਣਦੀ, ਦਸਵੰਧ ਕੱਢਦੀ ਤੇ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੀ ਹੈ ਤੇ ਉਨ੍ਹਾਂ ਦੇ ਹੁਕਮ 'ਤੇ ਚੱਲਣ ਦੀ ਕੋਸ਼ਿਸ਼ ਕਰਦੀ ਹੈ। ਕਈ ਵਾਰ ਗੁਰੂ ਸਾਹਿਬ ਦੇ ਚਰਨਾਂ 'ਤੇ ਸਿਰ ਰੱਖ ਕੇ ਰੋ ਰੋ ਕੇ ਕਹਿੰਦੀ ਹੈ—ਕਿ ਆਪ ਮੈਨੂੰ ਬਿਲਕੁਲ ਆਪਣੀ ਆਗਿਆ ਵਿੱਚ ਨਹੀਂ ਰੱਖੋਗੇ। ਉਸ ਨੇ ਨਾ ਤਾਂ **Formality** ਧਰਮ ਬਦਲਿਆ ਹੈ ਤੇ ਨਾ ਹੀ ਕੁਝ ਹੋਰ **Formal** ਕੰਮ ਕੀਤਾ ਹੈ। ਇਹ ਚਾਹੁੰਦੀ ਹੈ ਕਿ ਸਾਹਿਬ ਜੀ ਅਗਰ ਜਾਨ ਵੀ ਲੱਗ ਜਾਏ ਤਾਂ ਗੁਰੂ ਦੇ ਚਰਨਾਂ ਤੋਂ ਨਿਛਾਵਰ ਕਰ ਦੇਵਾਂ।

੨. ਇਕ **U.P.** ਦੇ ਮਹਾਂਪੁਰਸ਼ ਪਹਾੜੀ ਇਲਾਕੇ ਤੋਂ ਆ ਕੇ ਦਿੱਲੀ ਕਿਤੇ ਘਰ ਦਾ ਕੰਮ ਕਰਦੇ ਹਨ। ਉਹ ਆਪਣੇ ਸਿੱਖ ਮਾਲਕ ਦੀਆਂ ਅੱਖਾਂ ਵਿੱਚ ਨੌਕਰ ਹਨ, ਪਰ ਮੇਰੀਆਂ ਨਜ਼ਰਾਂ ਵਿੱਚ ਮੇਰੇ ਮਾਲਕ ਹਨ, ਕਿਉਂਕਿ ਮੈਂ ਅੰਮ੍ਰਿਤਧਾਰੀ ਸਿੰਘ ਹੋ ਕੇ ਵੀ ਆਪਣੇ ਗੁਰੂ ਦੇ ਚਰਨਾਂ ਵਿੱਚ ਬੈਠ ਕੇ ਤੇ



ਤੋਬਾ ਕਰਕੇ ਆਖਦਾ ਹਾਂ: ਮੈਂ ਉਨ੍ਹਾਂ ਵਰਗਾ ਬਾਣੀ ਦਾ ਅੰਦਰੂਨੀ ਸਤਿਕਾਰ ਕਿਸੇ ਵਿਰਲੇ ਸਿੱਖ ਦੇ ਹਿਰਦੇ ਵਿੱਚ ਤੱਕਿਆ ਹੋਵੇਗਾ, ਉਨ੍ਹਾਂ ਦੇ ਕਮਰੇ ਵਿੱਚ ਅੰਮ੍ਰਿਤ ਕੀਰਤਨ ਪੋਥੀ ਨੂੰ ਪ੍ਰਕਾਸ਼ ਦੀ ਹਾਲਤ ਵਿੱਚ ਰੁਮਾਲੇ ਨਾਲ ਸਜਾਇਆ ਗਿਆ ਹੈ। ਉਹ ਪੰਜਾਬੀ ਨਹੀਂ ਸਨ ਜਾਣਦੇ, ਅੰਮ੍ਰਿਤ ਵੇਲੇ ਦੀ ਸਤਿਸੰਗਤ ਦੇ ਸ਼ੌਕ ਨਾਲ ਉਹ ਸਿੱਖ ਗਏ ਤੇ ਹੁਣ ਕੋਈ ਲੇਖ, ਕੋਈ ਨਵਾਂ ਸ਼ਬਦ, ਕੋਈ ਪ੍ਰੇਮ ਵਾਲਾ ਗੁਰਸਿੱਖ, ਕੋਈ ਸ਼ਰਧਾ ਵਾਲੀ ਗੱਲ ਉਨ੍ਹਾਂ ਦੇ ਦਿਲ ਨੂੰ ਇੰਵ ਟੁੰਬਦੇ ਹਨ ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪ ਰਹਿਮਤ ਦਾ ਦਰਵਾਜ਼ਾ ਖੋਲ੍ਹ ਕੇ ਕਿਹਾ ਹੋਵੇ ਕਿ ਇਹ ਮੇਰਾ ਸਿੱਖ ਹੈ, ਪਰ ਅੰਮ੍ਰਿਤਧਾਰੀ ਓਹਾ ਦਿਲ, ਆਕੜ ਵਾਲਾ, ਅੰਦਰੋਂ ਹੋਰ ਬਾਹਰੋਂ ਹੋਰ, ਮਾਇਆ ਵਿੱਚ ਲੀਨ, ਮੇਰਾ ਨਹੀਂ। ਇਹ **U.P.** ਦੇ ਵੀਰ 5-6 ਸਾਲ ਤੋਂ ਲਗਾਤਾਰ ਅੰਮ੍ਰਿਤ ਵੇਲੇ ਸਤਿਸੰਗਤ ਵਿੱਚ ਜਾਂਦੇ ਹਨ ਪਰ **Formally** ਧਰਮ ਨਹੀਂ ਬਦਲ ਲਿਆ।

੩. ਇਕ ਸਹਿਜਧਾਰੀ ਭਗਤ ਜੀ, ਕਈ ਸਾਲਾਂ ਤੋਂ ਅੱਧੀ ਰਾਤ ਤੋਂ ਸੇਵਾ ਸਿਮਰਨ ਵਿੱਚ ਲਗਾ ਕੇ ਰੋਜ਼ ਸੁਖਮਨੀ ਸਾਹਿਬ ਦਾ ਪਾਠ ੩-੪ ਵਜੇ ਗੁਰਦੁਆਰੇ ਵਿੱਚ ਕਰਦੇ ਹਨ। ਉਨ੍ਹਾਂ Formally ਅੰਮ੍ਰਿਤ ਨਹੀਂ ਛਕਿਆ ਹੋਇਆ, ਪਰ ਸੇਵਾ ਦੇ ਵੀ ਪੁੰਜ ਹਨ।

੪. ਦਾਦਾ ਚੇਲਾਰਾਮ ਸਿੰਧੀ ਜੀ ਨੇ ਸਾਰੀ ਉਮਰ ਪਰਚਾਰ ਕੀਤਾ—ਅੰਮ੍ਰਿਤ ਵੇਲਾ, ਥੋੜ੍ਹਾ ਸੌਣਾ, ਥੋੜ੍ਹਾ ਖਾਣਾ, ਸ਼ਰਾਬ, ਮੀਟ, ਮੱਛੀ ਦਾ ਪੂਰਾ ਪਰਹੇਜ਼ ਤੇ ਕੇਵਲ ਨਾਮ ਦੀ ਕਮਾਈ, ਜੀਵਨ ਦੀ ਘਾਲਣਾ। ਉਨ੍ਹਾਂ ਅੰਮ੍ਰਿਤ ਨਹੀਂ ਸੀ ਛਕਿਆ ਹੋਇਆ, ਪਰ ਉਨ੍ਹਾਂ ਦੀਆਂ ਚਿੱਠੀਆਂ ਇਕ ਸਿੱਖ ਦੇ ਨਾਂ ਪੜ੍ਹ ਕੇ ਮੇਰੇ ਕਲੇਜੇ ਵਿੱਚ ਧੂਹ ਪਈ। ਅਸੀਂ ਕੇਵਲ ਵਾਲ ਰੱਖੇ ਹੋਏ ਸਿੱਖ ਨੂੰ ਸਿੱਖ ਸਮਝਦੇ ਹਾਂ; ਪਰ ਸਿੱਖ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਿੱਖਿਆ 'ਤੇ ਚੱਲਣ ਵਾਲੇ ਦਾ ਨਾਂ ਹੈ।

੫. ਬਹੁਤ ਸਾਰੇ **Nwfp (Pakistan**) ਤੋਂ ਆਏ ਸਹਿਜਧਾਰੀ ਵੀਰ ਗੁਰੂ ਗ੍ਰੰਥ ਸਾਹਿਬ ਨੂੰ ਜ਼ਿੰਦ-ਜਾਨ ਸਮਝਦੇ ਹਨ। ਕੀ ਉਹ ਗੁਰੂ ਨੂੰ ਮਿਲੇ ਨਹੀਂ ਕਿਉਂਕਿ ਅੰਮ੍ਰਿਤਧਾਰੀ ਨਹੀਂ। ਹੁਣ ਪੌਣੇ ਦੋ ਵੱਜ ਚੁੱਕੇ ਹਨ। ਇਸ਼ਨਾਨ ਕਰਕੇ ਨੇਤ੍ਰਹੀਣ ਬੱਚੀ ਨੂੰ ਨਾਲ ਲੈ ਕੇ ਆਪਣੀ ਉਸ ਭੈਣ ਦੇ ਘਰ ਜਾਣ ਲੱਗੇ ਕਹੇ ਜਿਸ ਮੈਨੂੰ ਸਿਖਾਇਆ ਸੀ ਕਿ:

੧. ਗੁਰੂ ਦਾ ਪ੍ਰਕਾਸ਼ ਮਨ ਵਿੱਚ ੨੪ ਘੰਟੇ ਹੋਣਾ ਚਾਹੀਦਾ ਹੈ— ਤੇ ਜੇ ਹੋ ਗਿਆ ਹੈ ਤਾਂ ਉਸ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਬਗੈਰ ਕੁਝ ਦਿੱਸੇਗਾ ਹੀ ਨਹੀਂ।

੨. ਮਨ ਵਿੱਚ ਪ੍ਰਕਾਸ਼ ਹੋ ਜਾਣ ਨਾਲ ਉਹ ਗੁਰੂ ਦੇ ਪ੍ਰਕਾਸ਼ ਦਿਵਸ ਦੀ ਕਦਰ ਜਾਣੇਗਾ। **Formality** ਨਾਲ ਗੁਰੂ ਦਾ ਪੁਰਬ ਮਨਾਉਣ ਨਾਲ ਨਹੀਂ।

੩. ਮਨ ਵਿੱਚ ਪ੍ਰਕਾਸ਼ ਹੋਣ ਨਾਲ ਉਹ ਨਿਰਵੈਰ, ਨਿਰਭਉ, ਸਭਨਾਂ ਦਾ ਸਾਂਝੀਵਾਲ, ਸੇਵਾ ਦਾ ਪੈਰੋਕਾਰ, ਪ੍ਰੇਮ ਦਾ ਭੰਡਾਰ ਹੋ ਜਾਏਗਾ।

੪. ਮਨ ਵਿੱਚ ਪ੍ਰਕਾਸ਼ ਹੋ ਜਾਣ ਨਾਲ ਉਸ ਦੇ ਨਿਯਮ ਲੋਕ-ਪਚਾਰੇ ਵਾਲੇ ਨਹੀਂ ਸਗੋਂ ਰੀਝਾਂ ਭਰੀ ਉਸ ਪਤਨੀ ਵਾਂਗ ਹੋਣਗੇ ਜਿਹੜੀ ਪਤੀ ਨੂੰ ਕੇਵਲ ਸ਼ਿੰਗਾਰ ਨਾਲ ਰੀਝਾਉਣਾ ਨਹੀਂ ਚਾਹੁੰਦੀ ਸਗੋਂ ਉਹਦੇ ਹੁਕਮਾਂ ਦੀ ਪਾਲਣਾ ਕਰਦੀ ਹੈ।

੫. ਮਨ ਵਿੱਚ ਪ੍ਰਕਾਸ਼ ਹੋਣ ਨਾਲ ਗੁਰੂ ਦਾ ਪ੍ਰਕਾਸ਼ ਹਰ ਵੇਲੇ ਹਰ ਘੜੀ ਲੱਗਦਾ ਹੈ ਤੇ ਪ੍ਰਕਾਸ਼ ਦਿਹਾੜਾ ਕੇਵਲ ਉਸ ਚਾਅ ਨੂੰ ਹੋਰ ਚਾਰ ਚੰਦ ਲਾਉਂਦਾ ਹੈ ਜਿਹੜਾ ਹਰ ਵੇਲੇ ਚੜ੍ਹਿਆ ਰਹਿੰਦਾ ਹੈ।

ਇਸ ਦਾ ਇਹ ਮਤਲਬ ਨਹੀਂ ਕਿ ਅੰਮ੍ਰਿਤ ਸਿੱਖ ਨਾ ਛਕੇ; ਪਰ ਇਹ ਜ਼ਰੂਰ ਮਤਲਬ ਹੈ ਕਿ ਗੁਰੂ ਨੂੰ ਮਿਲਣਾ ਹੈ ਤੇ ਉਹਦੀ ਮਿਹਰ ਦਾ ਪਾਤਰ ਬਣਨਾ ਕੇਵਲ **Formal** ਅੰਮ੍ਰਿਤ 'ਤੇ ਹੀ ਨਿਰਭਰ ਨਹੀਂ (ਭਾਵ ਕੋਈ ਸਿੱਖਾਂ ਦੇ ਘਰ ਨਾ ਜੰਮਿਆ ਹੋਵੇ)।

੧. ਅੰਮ੍ਰਿਤ ਹਰਿ ਕਾ ਨਾਮ ਹੈ

੨. ਜਿਵੇਂ ਗੁਰਬਾਣੀ ਮਨ ਮਾਇਆ ਅੰਮ੍ਰਿਤ ਛਕ ਛਕੇ।

੩. ਅੰਮ੍ਰਿਤ ਗੁਰੂ ਅੱਗੇ ਸਿਰ ਵੇਚਣ ਦੀ ਤਾਂਘ ਤੇ ਆਪਾ ਮਿਟਾਉਣ ਦੇ ਚਾਅ ਦਾ ਨਮੂਨਾ ਹੈ।

੪. ਅੰਮ੍ਰਿਤ ਰਹਿਮਤ ਹੈ ਜਿਹੜੀ ਮਨ ਵਿੱਚੋਂ ਗੁਰੂ ਦੇ ਚਰਨਾਂ ਨਾਲ ਰਿਸ਼ਤਾ ਜੋੜਦੀ ਹੈ।

੫. ਅੰਮ੍ਰਿਤ ਦਾ ਮਤਲਬ ਹੈ ਗੁਰੂ ਦੇ ਚਰਨ ਕਮਲਾਂ ਦੀ ਮੌਜ ਤੇ ਸਵਰਗ ਨਰਕ, ਰਾਜ ਮੁਕਤੀ ਤੋਂ ਵੀ ਛੁਟਕਾਰਾ।

ਅਸੀਸ ਦਿਉ ਨਾ, ਮੇਰੇ ਵੀਰੋ, ਮੇਰੀਉ ਭੈਣੋ, ਮੇਰੇ ਬੱਚਿਓ, ਮੇਰੇ ਬਜ਼ੁਰਗੋ, ਕਿ ਨਿਭ ਜਾਏ, ਨਿਭ ਜਾਇ ਤੋੜ ਤਕ, ਗੁਰੂ ਦੇ ਚਰਨ ਨਾ ਛੁੱਟਣ, ਸੇਵਾ ਪ੍ਰੇਮ ਬਣਿਆ ਰਹੇ, ਤੇ ਸਾਰੀ ਦੁਨੀਆਂ ਆਪਣੀ ਲੱਗੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਮੇਰੀ ਜ਼ਿੰਦਗੀ ਦੇ ਹਰ ਕੰਮ ਤੋਂ ਪਤਾ ਲੱਗੇ। ਸੜਕਾਂ ਤੇ ਦਫ਼ਤਰ ਵਿੱਚ, ਘਰ ਵਿੱਚ, ਗੱਡੀ ਵਿੱਚ, ਹਰ ਥਾਂ, ਹਰ ਘੜੀ ਗੁਰੂ ਦੇ ਪ੍ਰਕਾਸ਼ ਦਾ ਰਸ ਪੀਂਦਾ ਰਵ੍ਹਾਂ। ਸੰਗਤ ਦੀ ਚਰਨਧੂੜ ਦਾ ਸਦਕਾ ਕਦੇ ਕੁਝ ਨਾ ਬਣਾਂ, ਕਦੇ ਕੁਝ ਨਾ ਮੰਗਾਂ। ਮੇਰੇ ਗੁਰੂ ਦੀ ਵਡਿਆਈ ਚਮਕੇ, ਹਮੇਸ਼ਾਂ ਚਮਕੇ।



# ਕ—ਸਿੱਖ ਦਾ ਗੁਰੂ ਪਿਆਰ

**ਪਿਆਰਿਆ ਗੁਰਸਿੱਖਾ, ਸਿੱਖੀ ਨਾ ਕੇਵਲ ਕੇਸਾਂ ਵਿੱਚ, ਨਾ ਕੇਸਕੀ ਵਿੱਚ, ਨਾ ਕਿਸੇ ਹੋਰ ਚਿੰਨ੍ਹ ਵਿੱਚ ਹੈ, ਜੇ ਅੰਦਰ ਕਪਟ ਵਿਕਾਰ ਹੈ। ਪਰ ਜੇ ਅੰਦਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ** 'ਤੇ ਮਨ ਵਿਕ ਚੁੱਕਾ ਹੈ ਤਾਂ ਉਸ ਸਿਰ ਦੇ ਕੇਸਾਂ ਤੋਂ, ਕੇਸਕੀ ਤੋਂ ਸਦਕੇ। ਸਿੱਖੀ ਗੁਰੂ ਦੀ ਹਜ਼ੂਰੀ ਹੈ, ਹਰ ਘੜੀ, ਹਰ ਪਲ। ਸਾਨੂੰ ਇਹ ਅਪੀਲਾਂ ਕਰਨ ਦਾ ਕੋਈ ਲਾਭ ਨਹੀਂ ਕਿ ਕੇਵਲ ਕੇਸ ਨਾ ਕਟਾਓ, ਕੇਵਲ ਸੂਰਤ ਨਾ ਵਿਗਾੜੋ, ਸਾਨੂੰ ਕਹਿਣਾ (ਕਹਿਣਾ ਨਹੀਂ, ਕਰਨਾ) ਇਹ ਚਾਹੀਦਾ ਹੈ ਕਿ ਗੁਰੂ ਦੇ ਚਰਨਾਂ 'ਚੋਂ ਨਿਕਲੀ ਸਿੱਖਿਆ 'ਤੇ ਅਮਲ ਕਰ ਕੇ ਸਿੱਖ ਬਣੋ। ਸਿੱਖੀ ਚਿੰਨ੍ਹ ਜ਼ਰੂਰ ਰੱਖੋ; ਪਰ ਜੇ ਚਿੰਨ੍ਹਾਂ ਨਾਲ ਸਮਝੋ ਕਿ ਸਿੱਖੀ ਬਣ ਗਈ ਤਾਂ ਹਰਗਿਜ਼ ਨਹੀਂ।



# ਮਾਧੋ ਹਮ ਐਸੇ ਤੂ ਐਸਾ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੇਰੇ ਪਰਮ ਪੂਜਯ ਪਿਤਾ ਜੀਓ, ਆਪ ਜੀ ਦਾ ਪ੍ਰਕਾਸ਼ ਉਤਸਵ ਆ ਰਿਹਾ ਹੈ ੨੯ ਦਸੰਬਰ ਨੂੰ। ਪਾਤਿਸ਼ਾਹ, ਇਕ ਮਹਾਂਪੁਰਸ਼ ਕਿਹਾ ਕਰਦੇ ਹਨ ਕਿ ਗੁਰਪੁਰਬਾਂ ਦੇ ਸ਼ੁਭ ਅਵਸਰ 'ਤੇ ਹਰ ਸਿੱਖ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਲੇਖਾ-ਜੋਖਾ (**Stock-Taking**) ਕਰਨਾ ਚਾਹੀਦਾ ਹੈ ਕਿ ਪਿਛਲੇ ਗੁਰਪੁਰਬ ਤੋਂ ਲੈ ਕੇ ਇਸ ਸਾਲ ਗੁਰਮਤਿ ਗਾਡੀ ਰਾਹ ਦਾ ਕਿਤਨਾ ਕੁ ਪੈਂਡਾ ਤੈਅ ਕੀਤਾ। ਸਤਿਗੁਰੂ, ਅੰਮ੍ਰਿਤ ਵੇਲੇ ਇਹ ਵਿਚਾਰ ਮਨ ਵਿੱਚ ਆਉਣ 'ਤੇ ਅੰਦਰ ਝਾਤੀ ਮਾਰਨ ਦੀ ਕੋਸ਼ਿਸ਼ ਕੀਤੀ। ਵੇਖ-ਵੇਖ ਕੇ ਸ਼ਰਮਸਾਰ ਹੋ ਗਿਆ ਕਿ ਆਪ ਨੇ ਮੇਰੇ ਵਰਗੇ ਸਿੱਖਾਂ ਲਈ ਕੀ-ਕੀ ਨਹੀਂ ਕੀਤਾ ਤੇ ਮੈਂ ਕਿਵੇਂ ਸਾਰਾ ਕੁਝ ਗਵਾ ਕੇ ਬੱਸ ਭੇਖੀ ਸਿੱਖ ਬਣ ਕੇ ਰਹਿ ਗਿਆ ਹਾਂ। ਵੇਖ ਲਵੋ, ਆਪ ਦੀਆਂ ਪਾਈਆਂ ਲੀਹਾਂ ਤੇ ਉਪਦੇਸ਼ਾਂ ਦੀ ਕਸਵੱਟੀ 'ਤੇ ਮੇਰੀ ਹਾਲਤ ਕੀ ਹੈ?

**ਚੋਜੀ ਪ੍ਰੀਤਮ!** ਆਪ ਨੇ ਸਰਬੰਸ ਲੁਟਾ ਕੇ ਵੀ ਪ੍ਰਭੂ ਪ੍ਰੇਮ ਦਾ ਕਿਆ ਬਾਕਮਾਲ ਨਮੂਨਾ ਪੇਸ਼ ਕੀਤਾ ਸੀ—"**ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣੁ**" ਪਰ ਮੇਰੀ ਹਾਲਤ ਵੇਖੋ। ਮੈਨੂੰ ਇਕ ਪ੍ਰਭੂ ਤੋਂ ਇਲਾਵਾ ਹੋਰ ਸਾਰਾ ਕੁਝ ਚੰਗਾ ਲੱਗਦਾ ਹੈ। ਅੰਮ੍ਰਿਤ ਵੇਲੇ ਰਜਾਈ ਛੱਡਣ ਨੂੰ ਉੱਕਾ ਹੀ ਜੀ ਨਹੀਂ ਕਰਦਾ, ਹਾਲਾਂ ਕਿ ਪਹਿਲੇ ਜਾਮੇ ਵਿੱਚ ਆਪ ਨੇ ਹੁਕਮ ਕੀਤਾ ਸੀ—"**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ ॥**" ਜੇਕਰ ਅੰਮ੍ਰਿਤ ਵੇਲੇ ਦਾ ਢੌਂਗ ਕਰ ਵੀ ਲੈਂਦਾ ਹਾਂ ਤਾਂ ਆਕੜ ਦੇ ਟਿੱਬੇ 'ਤੇ ਚੜ੍ਹ ਕੇ ਉਨ੍ਹਾਂ ਨੂੰ ਕੋਸਦਾ ਹਾਂ, ਨੀਵਾਂ ਸਮਝਦਾ ਹਾਂ, ਜੋ ਅੰਮ੍ਰਿਤ ਵੇਲਾ ਨਹੀਂ ਕਰਦੇ।

**ਸਾਹਿਬਾ!** ਆਪ ਸਭ ਦਾ ਰੂਪ ("ਦ੍ਵੈ ਤੇ ਏਕ ਰੂਪ ਹ੍ਵੈ ਗਯੋ") ਹੋ ਕੇ ਵੀ ਆਪਣੇ ਆਪ ਨੂੰ "**ਪਰਮ ਪੁਰਖ ਕੋ ਦਾਸਾ**" "**ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ**" ਸਮਝ ਕੇ ਮੈਨੂੰ ਨਿਮਰਤਾ ਦਾ ਪਾਠ ਪੜ੍ਹਾ ਗਏ ("**ਭਾਉ ਭਗਤਿ ਕਰਿ ਨੀਚੁ ਸਦਾਏ**"), ਪਰ ਮੇਰੀ ਆਕੜ-ਹਾਇ-ਹਾਇ, ਕੀ ਕਹਿਣੇ ਇਸਦੇ, ਕਿਸੇ ਨੂੰ ਕੁਝ ਸਮਝਦੀ ਹੀ ਨਹੀਂ। ਆਪ ਨੇ ਸਿਖਾਇਆ ਸੀ—**ਮਾਣ ਹੋਂਦੇ ਹੋਇ ਨਿਮਾਣਾ ਬਣਾਂ**, ਪਰ ਮੈਂ ਠੀਕ ਇਸਦੇ ਉਲਟ—"**ਅਣਹੋਦਾ ਆਪ ਗਣਾਇਦੈ**"—ਨਿਮਾਣਾ ਹੋ ਕੇ ਵੀ ਮਾਣ ਕਰਦਾ ਹਾਂ, ਹਰ ਵੇਲੇ ਆਕੜ ਵਿੱਚ ਰਹਿੰਦਾ ਹਾਂ।

**ਪਾਤਿਸ਼ਾਹ!** ਆਪ ਨੇ ਖ਼ਾਲਸਾ ਸਾਜਣ ਤੋਂ ਬਾਅਦ ਵੀ ਇਹ ਹਦਾਇਤ ਕੀਤੀ ਸੀ—"**ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ**" ਤੇ "**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।**"—ਪਰ ਮੈਂ ਮੰਦਰ, ਮਸਜਿਦ, ਗੁਰਦੁਆਰਾ, ਪੂਜਾ, ਨਮਾਜ ਨੂੰ ਇਕੋ ਜਿਹਾ ਸਮਝਣਾ ਤਾਂ ਇਕ ਪਾਸੇ, ਆਪਣੇ ਭੈਣ-ਭਰਾਵਾਂ ਨੂੰ ਵੀ ਆਪਣੇ ਬਰਾਬਰ ਨਹੀਂ ਸਮਝਦਾ । ਮੇਰੇ ਤੋਂ ਵੱਧ ਸ਼ਰਧਾਵਾਨ ਸਹਿਜਧਾਰੀ ਜੋ ਗੁਰੂ ਨਾਲ ਪਿਆਰ ਕਰਦਾ ਹੈ, ਉਸ ਨੂੰ ਆਪਣੇ ਅੰਮ੍ਰਿਤਧਾਰੀ ਹੋਣ ਦੀ ਆਕੜ ਵਿੱਚ ਨੀਵਾਂ ਸਮਝਦਾ ਹਾਂ, ਕੇਵਲ ਇਸ ਕਾਰਨ ਕਿ ਮੇਰਾ ਭੇਖ ਸਿੱਖੀ ਦਾ ਹੈ ।

**ਦਸਵੇਂ ਨਾਨਕ!** ਆਪ ਨੇ ਪ੍ਰਭੂ ਪ੍ਰਾਪਤੀ ਲਈ ਸਾਰੇ ਕਰਮ-ਕਾਂਡਾਂ ਨੂੰ ਫੋਕਾ ਦੱਸ ਕੇ ਤੱਤ ਦੀ ਗੱਲ ਆਪਣੀ ਬਾਣੀ ਰਾਹੀਂ ਸਮਝਾਈ ਸੀ—"**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**"; ਪਰ ਮੇਰਾ ਵਤੀਰਾ ਠੀਕ ਇਸ ਤੋਂ ਉਲਟ ਹੈ । ਮੈਂ ਸਮਝਦਾ ਹਾਂ, ਗੁਰਦੁਆਰੇ ਆਇਆ ਗੋਲਕ ਵਿੱਚ ਇਕ ਰੁਪਿਆ ਪਾਇਆ, ਰਾਗੀ ਜਥੇ ਦੇ ਵਾਜੇ 'ਤੇ ਦੋ ਰੁਪਏ ਰੱਖੇ, ਪ੍ਰਸ਼ਾਦ ਲਿਆ ਤੇ ਛੁੱਟੀ; ਧਰਮ ਦਾ ਕੰਮ ਹੋ ਗਿਆ । ਬਹੁਤਾ ਚਾਅ ਚੜ੍ਹਿਆ ਤਾਂ ਅਖੰਡ ਪਾਠ ਰਖਵਾ ਦਿੱਤਾ, ਨਾ ਕਰਨ ਵਾਲੇ ਵਿੱਚ ਸ਼ਰਧਾ, ਨਾ ਮੈਨੂੰ ਕੋਈ ਸ਼ੌਕ ਬਾਣੀ ਸੁਣਨ ਤੇ ਸਮਝਣ ਦਾ । ਪ੍ਰੇਮ ਦੀ ਗੱਲ ਤਾਂ ਸਮਝੀ ਹੀ ਨਾ ਕਿ ਇਹ ਤਾਂ ਮਨ ਦੀ ਖੇਡ ਹੈ—"**ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥**" ਮੈਂ ਗੁਰਦੁਆਰਿਆਂ 'ਤੇ ਸੋਨੇ ਦੇ ਕਲਸ ਚੜ੍ਹਾ ਕੇ ਖ਼ੁਸ਼ ਹੁੰਦਾ ਰਿਹਾ ਤੇ ਆਪ ਨਾਲ ਵੀ ਚਲਾਕੀਆਂ ਕਰਦਾ ਰਿਹਾ ।

**ਸਾਹਿਬੇ ਕਮਾਲ!** ਆਪ ਨੇ ਖ਼ਾਲਸੇ ਨੂੰ ਹਰ ਪੱਖੋਂ ਨਿਆਰਾ ਬਣਾਇਆ ਸੀ, ਪਰ ਮੈਂ ਸਮਝਦਾ ਹਾਂ ਕਿ ਕੇਵਲ ਮੇਰਾ ਬਾਹਰਲਾ ਸਰੂਪ ਹੀ ਨਿਆਰਾ ਹੋਣਾ ਚਾਹੀਦਾ ਹੈ । ਨਾ ਮੇਰੀ ਬੋਲੀ ਹੋਰਨਾਂ ਤੋਂ ਨਿਆਰੀ, ਨਾ ਮੇਰੀ ਸੇਵਾ ਭਾਵਨਾ ਨਿਆਰੀ, ਨਾ ਮੇਰਾ ਜੀਵਨ ਢੰਗ ਨਿਆਰਾ । ਆਪ ਨੇ ਤਾਂ ਪੜ੍ਹਾਇਆ ਸੀ ਕਿ ਮੇਰਾ ਸਿੱਖ ਆਪਣੇ ਲਈ ਨਹੀਂ ਦੂਜਿਆਂ ਲਈ ਜੀਵੇਗਾ ਤੇ ਦੂਜਿਆਂ ਲਈ ਮਰੇਗਾ, ਜਿਵੇਂ ਆਪ ਨੇ ਸਾਰਾ ਕੁਝ ਦੇਸ਼/ਕੌਮ ਲਈ ਕੁਰਬਾਨ ਕਰ ਦਿੱਤਾ ਸੀ । ਦੂਜਿਆਂ ਲਈ ਜੀਣਾ ਤਾਂ ਕਿਤੇ ਰਿਹਾ ਮੈਂ ਤਾਂ ਆਪਣਿਆਂ ਨੂੰ ਧੋਖਾ ਦੇਂਦਾ ਰਿਹਾ । ਚਲਾਕੀਆਂ ਕਰਦਾ ਰਿਹਾ—"**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ॥**" ਵਿੱਚ ਉਲਟ ਕੇ ਰਹਿ ਗਿਆ ।



**ਮਰਦ ਅਗੰਮੜੇ!** ਆਪ ਨੇ ਸਿਖਾਇਆ ਸੀ ਕਿ ਬਦਲੇ ਦੀ ਭਾਵਨਾ ਨਹੀਂ ਰੱਖਣੀ ਮਨ ਵਿੱਚ—ਤੇ ਇਸ ਨੂੰ ਅਮਲੀ ਰੂਪ ਦਿੱਤਾ ਸੀ । ਬਹਾਦਰ ਸ਼ਾਹ ਦੀ ਫਰਿਆਦ 'ਤੇ ਉਸ ਨੂੰ ਮਦਦ ਕਰਨੋਂ ਇਸ ਲਈ ਨਾਂਹ ਨਹੀਂ ਕੀਤੀ ਸੀ ਕਿ ਉਸ ਦੇ ਪਿਤਾ ਔਰੰਗਜ਼ੇਬ ਨੇ ਆਪ ਨਾਲ ਕਿਤਨਾ ਜ਼ੁਲਮ ਕੀਤਾ ਸੀ । ਪਰ ਮੇਰੀ ਹਾਲਤ ਵੇਖੋ, ਮੈਂ ਹਰ ਵੇਲੇ ਬਦਲੇ ਦੀ ਅੱਗ ਵਿੱਚ ਸੜਦਾ ਹਾਂ, ਆਪਣੇ ਭਰਾ ਤੇ ਗੁਆਂਢੀ ਨੂੰ ਵੀ ਮੁਆਫ਼ ਨਹੀਂ ਕਰ ਸਕਦਾ ।

**ਦੁਸ਼ਟ ਦਮਨ!** ਆਪ ਨੇ ਨੌਂ ਸਾਲ ਦੀ ਛੋਟੀ ਉਮਰ ਵਿੱਚ ਆਪਣੇ ਪਿਤਾ ਗੁਰੂ ਤੇਗ਼ ਬਹਾਦਾਰ ਜੀ ਨੂੰ ਸ਼ਹੀਦ ਹੋਣ ਲਈ ਭੇਜਿਆ ਸੀ ਤੇ ਇਸ ਤਰ੍ਹਾਂ ਮੌਤ ਨੂੰ ਵੰਗਾਰ ਪਾਈ ਸੀ । ਪਰ ਮੈਂ ਆਪਦਾ ਅਖਵਾਉਣ ਵਾਲਾ, ਮੌਤ ਦੇ ਨਾਂ 'ਤੇ ਹੀ ਕੰਬਦਾ ਹਾਂ, ਜਦੋਂ ਕਿ ਆਪ ਨੇ ਪਹਿਲੇ ਜਾਮੇ ਵਿੱਚ ਹੀ **Warning** ਦੇ ਦਿੱਤੀ ਸੀ—

"**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**" **(ਅੰ: ੧੪੧੨)**

**ਅੰਮ੍ਰਿਤ ਦੇ ਦਾਤੇ!** ਆਪ ਨੇ ਇਕੋ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸਾਰੇ ਸਿੱਖਾਂ ਨੂੰ ਇਕੋ ਸੂਤਰ ਵਿੱਚ ਪਰੋ ਦਿੱਤਾ ਸੀ । ਪਰ ਪਾਤਿਸ਼ਾਹ, ਮੈਂ ਅੰਮ੍ਰਿਤ ਛਕ ਕੇ ਵੀ ਸਿੱਖ-ਸਿੱਖ ਵਿੱਚ ਵਿਤਕਰਾ ਕਰਦਾ ਹਾਂ, ਜਾਤ-ਗੋਤ ਨਹੀਂ ਛੱਡਦਾ, ਗੁਰਦੁਆਰਿਆਂ ਵਿੱਚ ਵੀ ਧੜੇਬਾਜ਼ੀ ਕਰਦਾ ਹਾਂ ।

**ਸਰਬੰਸ ਦਾਨੀ!** ਆਪਦਾ ਹੁਕਮ ਸੀ ਕਿ ਮੇਰਾ ਹਰ ਸਿੱਖ ਦਸਵੰਧ ਕੱਢਿਆ ਕਰੇਗਾ ਤੇ ਇਹ ਪੈਸਾ, ਗ਼ਰੀਬਾਂ, ਦੁਖੀਆਂ, ਅਨਾਥਾਂ, ਲੋੜਵੰਦਾਂ, ਬੇਸਹਾਰਿਆਂ ਦੀ ਮਦਦ ਲਈ ਵਰਤਿਆ ਜਾਵੇਗਾ । ਸਾਹਿਬਾ, ਮੇਰੀ ਹਾਲਤ ਵੇਖੋ, ਅੱਵਲ ਤਾਂ ਦਸਵੰਧ ਕੱਢਦਾ ਹੀ ਨਹੀਂ ਤੇ ਜੇਕਰ ਕੱਢਦਾ ਹਾਂ ਤਾਂ ਇਸ ਦਾ ਸਹੀ ਉਪਯੋਗ ਨਹੀਂ ਕਰਦਾ। ਨਤੀਜਾ ਇਹ ਹੈ ਕਿ ਅੱਜ ਹਰ ਗੁਰਦੁਆਰਾ ਇਸ ਧਨ ਕਾਰਣ ਲੜਾਈ ਦਾ ਅੱਡਾ ਬਣ ਗਿਆ ਹੈ ।

**ਯੁੱਗ ਪੁਰਸ਼!** ਆਪ ਨੇ ਸਾਡੇ ਉੱਤੇ ਮਹਾਨ ਕਿਰਪਾ ਕਰਕੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਸੀ, ਪਰ ਅਫ਼ਸੋਸ! ਮੈਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਬੁੱਤ ਸਮਝ ਕੇ ਬੁੱਤ ਪੂਜਾ ਕਰਨ ਲੱਗ ਪਿਆ, ਸ਼ਬਦ ਦੀ ਵਿਚਾਰ ਤੇ ਫਿਰ ਗੁਰਬਾਣੀ 'ਤੇ ਅਧਾਰਤ ਅਮਲੀ ਜੀਵਨ ਦੀ ਕਦੇ ਸੋਚ ਵੀ ਨਹੀਂ ਆਈ।

ਸਾਹਿਬਾ ਮੈਂ ਰੋਜ਼ ਰਟੀ-ਰਟਾਈ ਅਰਦਾਸ (ਜਿਸ ਵਿੱਚ ਕੋਈ ਸ਼ਰਧਾ ਨਹੀਂ ਹੁੰਦੀ) ਵਿੱਚ ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਤੇ ਉਨ੍ਹਾਂ ਅਨੇਕਾਂ ਬਜ਼ੁਰਗਾਂ, ਜੋ ਸੱਚ ਲਈ ਚਰਖੜੀਆਂ 'ਤੇ ਚੜ੍ਹ ਗਏ, ਆਰਿਆਂ ਨਾਲ ਚੀਰੇ ਗਏ, ਦੇਗ਼ਾਂ ਵਿੱਚ ਉਬਾਲੇ ਗਏ, ਜਿਊਂਦੇ ਜੀ ਅੱਗਾਂ ਵਿੱਚ ਸਾੜੇ ਗਏ, ਦਰੱਖਤਾਂ ਨਾਲ ਬੰਨ੍ਹ ਕੇ ਮਾਰੇ ਗਏ, ਨੂੰ ਯਾਦ ਕਰਨ ਦਾ ਢੰਗ ਤਾਂ ਕਰਦਾ ਹਾਂ; ਪਰ ਕਦੇ ਮੈਨੂੰ ਖ਼ਿਆਲ ਵੀ ਨਹੀਂ ਆਉਂਦਾ ਕਿ ਇਹ ਮੇਰੇ ਆਦਰਸ਼ ਹਨ, ਮੈਨੂੰ ਉਨ੍ਹਾਂ ਵਰਗਾ ਬਣਨਾ ਚਾਹੀਦਾ ਹੈ। ਆਪ ਅੰਤਰਜਾਮੀ ਹੋ, "**ਕਹਉ ਕਹਾ ਅਪਨੀ ਅਧਮਾਈ॥**" ਸਤਿਗੁਰ ਜੀਉ, ਮੇਰਾ ਕੀ ਬਣੇਗਾ? ਇਕ, ਵੀ ਤਾਂ ਆਪਦੀ ਗੱਲ ਨਹੀਂ ਮੰਨਦਾ। ਆਪ ਨੇ ਪੰਜਵੇਂ ਜਾਮੇ ਵਿੱਚ ਗਾਰੰਟੀ ਦਿੱਤੀ ਸੀ—"**ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ**" ॥ (ਅੰ: ੨੮੬) ਪਰ ਮੇਰਾ ਮਨ ਤਾਂ ਮਾਇਆ ਤੇ ਪੰਜਾਂ ਚੋਰਾਂ ਦੇ ਹੱਥ ਵਿਕ ਚੁੱਕਾ ਹੈ। ਮੈਨੂੰ ਹੋਰ ਸਭ ਕੁਝ ਪਿਆਰਾ ਹੈ, ਸਿਵਾਏ ਆਪਦੇ ਹੁਕਮਾਂ ਦੇ। ਮੈਨੂੰ ਜ਼ਹਿਰ (ਮਾਇਆ) ਮਿੱਠਾ ਤੇ ਅੰਮ੍ਰਿਤ (ਨਾਮ) ਕੌੜਾ ਲੱਗਦਾ ਹੈ। ਸ਼ਰਮ ਨਾਲ ਡੁੱਬ ਮਰਨ ਨੂੰ ਜੀ ਕਰਦਾ ਹੈ ਇਹ ਸੋਚ ਕੇ, ਕੀ ਮੇਰੇ ਵਰਗੇ ਕਪੂਤਾਂ ਲਈ ਆਪਨੇ ਕਿਹਾ ਸੀ—"**ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।**"

**ਸਤਿਗੁਰ ਜੀਉ!** ਅੱਜ ਆਪਣੇ ਪ੍ਰਕਾਸ਼ ਉਤਸਵ ਦਿਹਾੜੇ 'ਤੇ ਕਿਰਪਾ ਕਰੋ, ਮਿਹਰਾਂ ਦੇ ਘਰ ਵਿੱਚ ਆ ਕੇ ਹਮੇਸ਼ਾਂ ਲਈ ਮੇਰੇ ਮਨ ਨੂੰ ਆਪਣੇ ਚਰਨਾਂ ਨਾਲ ਲਾ ਲਵੋ, ਤਾਂ ਜੋ ਆਪਦੀ ਬੋਲੀ ਵਿੱਚ ਮੈਂ ਵੀ ਰਹਿਣ ਜੋਗਾ ਬਣ ਸਕਾਂ—"**ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਿਯੋ**"। ਸਤਿਗੁਰਾ ਭਾਈ ਗੁਰਦਾਸ ਜੀ ਨੇ ਗਰੰਟੀ ਦਿੱਤੀ ਹੈ ਕਿ "**ਗੁਰ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ**" ਤੇ "**ਪਤਿਤ ਪਾਵਨ ਸੁਨ ਆਸਾ ਉਰਧਾਰ ਹੈ**"—ਭਾਈ ਸਾਹਿਬ ਦੇ ਚਰਨਾਂ ਦੀ ਲਾਜ ਰੱਖ ਲਵੋ ਤਾਂ ਜੋ ਮੇਰੇ ਵਰਗਾ ਅਕਿਰਤਘਣ, ਨੀਚ, ਪਾਪੀ, ਅਉਗਣਆਰਾ, ਭੇਖੀ ਸਿੱਖ ਤੇ "**ਜਾਗਤ ਜੋਤ ਜਪੈ ਨਿਸਬਾਸੁਰ**" ਵਾਲਾ ਖ਼ਾਲਸਾ ਬਣ ਸਕੇ ਤੇ ਉਹ ਆਨੰਦ ਮਾਣਨ ਦਾ ਹੱਕਦਾਰ ਹੋ ਸਕੇ ਜਿਸਦੀ ਗਵਾਹੀ ਗੁਰਬਾਣੀ ਦੇਂਦੀ ਹੈ।

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥**

(ਅੰਗ ੩੩੬)



**ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**

# ਗੁਰੂ ਸਿੱਖ ਦੇ ਪਿਆਰ ਵਿੱਚ ਇਕ ਪ੍ਰੇਮ ਕਹਾਣੀ ਦੀ ਯਾਦ

ਇਸ ਵੇਲੇ ਪੌਣੇ ਤਿੰਨ ਵੱਜੇ ਹਨ। ਅੰਮ੍ਰਿਤ ਵੇਲਾ ਹੈ, ਗੁਰੂ ਦੀ ਯਾਦ ਵਿੱਚ ਸਿੱਖਾਂ ਦੇ ਜੁੜਨ ਦਾ। ਅੱਜ ਨੀਂਦ ਵਿੱਚ ਪਰ ਹੋਸ਼ ਵਿੱਚ ਹੀ ਸਾਂ ਤਾਂ ਇਕ ਸਿੱਖ ਦੀ ਆਵਾਜ਼ ਆ ਰਹੀ ਸੀ—

ਨਾਨਕ...ਨਨਕਾਣਾ...ਦਲੀਪ...ਲਛਮਨ

ਸਦਕੇ ਜਾਵਾਂ, ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ, ਆਪ ਹਮੇਸ਼ਾਂ ਇਸੇ ਤਰ੍ਹਾਂ ਮੇਰੇ ਕੋਲ ਕਿਉਂ ਨਹੀਂ ਮਹਿਸੂਸ ਹੁੰਦੇ, ਜਿਵੇਂ ਹੁਣ ਹੋ ਰਹੇ ਹੋ। ਫਿਰ ਪਿਆਰ ਨਾਲ ਤੇ ਭਰੇ ਗਲੇ ਵਿੱਚ ਆਵਾਜ਼ ਆਉਂਦੀ ਹੈ—

ਸਾਹਿਬ, ਤੂੰ ਭੁੱਲਿਆਂ ਨੂੰ ਰਾਹੇ ਪਾਉਂਦਾ ਸੈਂ ਜਦ ਸਰੀਰ ਵਿੱਚ ਸੀ ਤੇ ਹੁਣ ਸਰੀਰ ਛੱਡਿਆਂ ਵੀ ਹੋ ਗਏ ਹਨ ਤੈਨੂੰ ੪੪੪ ਸਾਲ; ਪਰ ਅੱਜ ਵੀ ਤੂੰ ਭੁੱਲਿਆਂ ਦੀ ਸੇਧ ਹੈਂ। ਇਸੇ ਲਈ ਉਹ ਆਪਣੇ ਬਚਨ ਪੂਰੇ ਕਰਨ ਲਈ ਲਛਮਣ ਤੇ ਦਲੀਪ ਆਪਣੀਆਂ ਜਾਨਾਂ ਵਾਰ ਗਏ ਸਨ। ਫ਼ਰਵਰੀ ਵਿੱਚ ੧੯੨੧ ਜਦ '**ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥**' (**ਅੰ: ੩੧੦**) ਨੂੰ ਮਹੰਤ ਅਪਵਿੱਤਰ ਕਰ ਰਿਹਾ ਸੀ। ਤੇਰੇ ਬਚਨਾਂ 'ਤੇ ਫੁੱਲ ਚੜ੍ਹਾਏ ਸਨ ਬਹੁਤ ਪਿਆਰਿਆਂ ਨੇ, ਗੁਰੂ ਪਦਵੀਆਂ ਨੇ, ਸਿੱਖਾਂ ਨੇ, ਗੁਰੂ ਸਾਹਿਬਾਂ ਦੇ ਬੱਚਿਆਂ ਨੇ, ਅਨੇਕਾਂ ਆਪਾ ਵਾਰੂ ਹਸਤੀਆਂ ਨੇ। ਗੁਰੂ ਅਰਜਨ ਸਾਹਿਬ ਨੇ ਤੱਤੀਆਂ ਤਵੀਆਂ ਤੇ ਬਹਿ ਕੇ ਪ੍ਰੇਮ ਦੀ ਖੇਡ ਖੇਡੀ, ਗੁਰੂ ਤੇਗ਼ ਬਹਾਦਰ ਨੇ ਆਪ ਮੌਤ ਦੀ ਗਿੱਚੀ ਮਰੋੜੀ ਪ੍ਰੇਮ ਦੇ ਚਾਅ ਵਿੱਚ ਤੇ ਇਨਸਾਨੀਅਤ ਬਚਾਉਣ ਲਈ ਜ਼ੁਲਮ ਦਾ ਬੇੜਾ ਡੋਬ ਕੇ, ਗੁਰੂ ਗੋਬਿੰਦ ਸਿੰਘ ਨੇ ਫ਼ਖ਼ਰ ਨਾਲ ਤੇਰੇ ਪ੍ਰੇਮ ਤੋਂ ਪਹਿਲਾਂ ਪਿਤਾ ਵਾਰਿਆ, ਆਪਣਾ ਆਪ ਵਾਰਿਆ, ਮਾਤਾ ਤੇ ਬੱਚੇ ਵਾਰੇ ਤੇ ਪ੍ਰੇਮ ਦੀਆਂ ਨੀਂਹਾਂ ਪੱਕੀਆਂ ਕਰਨ ਲਈ ਮੌਤ ਦੇ ਟੁਕੜੇ ਕਰਕੇ ਬਾਂਕੇ ਪੰਜ ਪਿਆਰੇ ਪੈਦਾ ਕਰਕੇ ਆਪਣਾ ਰੂਪ ਖ਼ਾਲਸਾ ਬਣਾਇਆ। ਉਸੇ ਪ੍ਰੇਮ ਦੀ ਖ਼ਾਤਰ ਗੁਰੂ ਗ੍ਰੰਥ ਸਾਹਿਬ ਦੀ ਛਾਂ ਹੇਠ ਹੁਣ ਸਾਰੇ ਉਸ ਪ੍ਰੇਮ ਦਾ ਸਵਾਦ ਮਾਣਦੇ ਹਾਂ।

ਪਰ ਅਫ਼ਸੋਸ ਆ ਰਿਹਾ ਹੈ, ਕੀ ਦਲੀਪ ਲਛਮਣ ਐਵੇਂ ਹੀ ਪਵਿੱਤਰ ਧਰਤੀ ਨੂੰ ਅਪਵਿੱਤਰ ਹੁੰਦਿਆਂ ਵੇਖ ਨਾ ਸਕੇ ਤੇ ਅਹੂਤੀ ਦੇ ਗਏ। ਮੈਂ ਜਦ

ਪਾਕਿਸਤਾਨ ਬਣਿਆ ਸੀ ਤੇ ਦਿੱਲੀ ਵਿੱਚ ਹਜ਼ਾਰਾਂ ਰਫ਼ਿਊਜੀ ਜਮ੍ਹਾਂ ਹੋ ਗਏ ਸਨ ਤਾਂ ਗੁਰੂ ਨਾਨਕ ਸਾਹਿਬ ਦੇ ੧੯੪੭ ਦੇ ਗੁਰਪੁਰਬ 'ਤੇ ਕਿਸੇ ਕਵਿਤਾ ਘੜੀ ਸੀ ਦਿਲ ਚੀਰਵੀਂ—

ਨਨਕਾਣੇ ਵੱਲ ਨੂੰ ਜਾਂਦਿਆ ਰਾਹੀਆ ਵੇ
ਮੇਰੇ ਪ੍ਰੀਤਮ ਨੂੰ ਸੰਦੇਸ਼ਾ ਦੇਵੀਂ ਜਾ ।
ਆਖੀਂ ਦੋ ਉਸ ਹੰਝੂ ਘੱਲੇ ਨੇ
ਕਹਿੰਦੀ ਸੀ ਇਹੋ ਈ ਪੱਲੇ ਨੇ
ਜੇ ਸਾਹਿਬ ਇਹ ਮਨਜ਼ੂਰ ਕਰੇ
ਤਾਂ ਮੈਂ ਸਮਝਾਂ ਭਾਗ ਸੁਹੇਲੇ ਨੇ ।

ਨਨਕਾਣੇ ਦਾ ਵਿਛੋੜਾ ਅਸਹਿ ਜਾਪਦਾ ਸੀ ਪਰ ਦੁੱਖਾਂ ਦੇ ਮਾਰੇ ਰਫ਼ਿਊਜੀ ਪਿਆਰ ਤਾਂ ਜਤਾਉਂਦੇ ਸੀ; ਪਰ ਅਜੇ ਆਪਣੇ Settle ਹੋਣ ਦੀਆਂ ਮੁਸੀਬਤਾਂ ਵਿੱਚ ਵੀ ਪਏ ਹੋਏ ਉਡੀਕਦੇ ਸਨ ਸੁਖ ਦੀਆਂ ਘੜੀਆਂ । ਸਾਹਿਬਾਂ ਨੇ ਮਿਹਰ ਕੀਤੀ, ਸੁਖ ਆਇਆ, ਭੋਗ ਦਾ ਕਾਲ ਆਇਆ, ਸਿੱਖੀ ਭੇਖ ਬਣਨ ਲੱਗੀ, ਪ੍ਰੇਮ ਸੋਨੇ ਚਾਂਦੀ ਦੀ ਬਲੈਕ ਕਮਾਈ ਵਿੱਚ ਤੁਲਣ ਲੱਗਾ ਤੇ ਆਪਣੀ ਚਮਕ ਗਵਾਉਣ ਲੱਗਾ। ਜਿਉਂ-ਜਿਉਂ ਬੇਈਮਾਨੀ ਵਧੀ, ਗੁਰਦੁਆਰਿਆਂ ਉੱਤੇ ਸੋਨੇ ਦੇ ਕਲਸ ਵੀ ਵਧ ਗਏ । ਜਿਉਂ-ਜਿਉਂ ਪੈਸਾ ਵਧਿਆ ਤਿਉਂ-ਤਿਉਂ ਭੁੱਖ ਵੀ ਵਧ ਗਈ । ਜਿਉਂ-ਜਿਉਂ ਅਧਰਮ ਵਧਿਆ ਤਿਉਂ-ਤਿਉਂ ਧਰਮ ਨਾਲ ਭੇਖ ਦਾ ਚਾਅ ਵਧਿਆ ਤੇ ਫੇਰ ਨਨਕਾਣਾ ਸਾਹਿਬ ਨਾਲ ਵੀ ਮਖੌਲ ਹੋਣ ਲੱਗਾ ।

ਜਿਸ ਧਰਤੀ ਦੀ ਯਾਦ ਵਿੱਚ ਹੰਝੂ ਭੇਜਦੇ ਸਾਂ ਉਸ ਧਰਤੀ ਦੇ ਦਰਸ਼ਨ ਨਸੀਬ ਹੋਣ ਲੱਗੇ । ਪਾਕਿਸਤਾਨ ਵਿੱਚ ਜਾ ਕੇ ਗੁਰਪੁਰਬ ਮਨਾਉਣ ਦਾ ਅਵਸਰ ਮਿਲਣ ਲੱਗਾ । ਇਸ ਤੋਂ ਫਿਰ ਸਾਡੇ ਪ੍ਰੇਮ ਦੇ ਕੱਚੇ ਧਾਗੇ ਸਨ ਤੇ ਲਾਲਚ ਦੇ ਅਸਰ ਹੇਠ ਟੁੱਟਣ ਲੱਗੇ । ਦਲੀਪ ਤੇ ਲਛਮਨ ਦੀਆਂ ਰੀਝਾਂ ਨਾਲ ਪ੍ਰੇਮ-ਹੀਣਤਾ ਖੇਡਣ ਲੱਗੀ । ਗੁਰੂ ਕੇਵਲ ਨਨਕਾਣੇ ਵਿੱਚ ਤਾਂ ਨਹੀਂ ਸੀ ਵੱਸਦਾ ਕੇਵਲ ਪਵਿੱਤਰਤਾ ਦੀ ਹੋਂਦ ਉਸ ਨੂੰ ਮੁਬਾਰਕ ਕਰਕੇ ਸਾਡੇ ਹਿਰਦੇ ਵਿੱਚ ਗੁਰੂ ਦੀ ਹੋਂਦ ਪ੍ਰਗਟ ਕਰਦੀ ਸੀ । ਅਸੀਂ ਨਨਕਾਣੇ ਜਾਣ ਲੱਗੇ ਪਰ ਉਸ ਯਾਦ ਦੀ ਪਵਿੱਤਰਤਾ ਲਈ ਨਹੀਂ। ਉਸ ਯਾਦ ਦੇ ਬਹਾਨੇ ਕੱਪੜਾ, ਚਾਹ, ਖੰਡ, ਲੂਣ, ਬਾਦਾਮ, ਛੁਹਾਰੇ ਵੇਚ ਵਟਾ ਕੇ ਚੋਰੀ, ਸਮੱਗਲਿੰਗ ਕਰਨਾ ਸਿੱਖਣ



ਲੱਗੇ ਤੇ ਬਲੈਕ ਕਮਾਈ ਨੂੰ ਵਧਾਉਣ ਲਈ ਵਾਈਟ ਕੰਮਾਂ ਵਿੱਚ ਆਪਣਾ ਮੂੰਹ ਕਾਲਾ ਕਰਨ ਤੇ ਦਾੜ੍ਹੀਆਂ ਨੂੰ ਲੱਜ ਲਵਾਉਣ ਲੱਗ ਪਏ । ਘੜੀ-ਘੜੀ ਚੱਕਰ ਲਗਾਏ ਪਾਕਿਸਤਾਨ ਦੇ, ਗੁਰੂ ਦੇ ਪਿਆਰ ਦੀ ਸ਼ਰਧਾ ਵਿੱਚ ਨਹੀਂ ਸਗੋਂ ਵਪਾਰ ਦੇ ਲਾਲਚ ਵਿੱਚ ।

ਪਰ ਤੂੰ ਅਕ੍ਰਿਤਘਣ ਦਾ ਵੀ ਉਧਾਰ ਕਰਦਾ ਹੈਂ । ਇਹ ਪਿਆਰ ਯਾਦ ਕਰਨ ਲਈ ਅੰਮ੍ਰਿਤ ਵੇਲੇ ਬੈਠਾ ਹਾਂ । ਸੋਚਦਾ ਹਾਂ ਕਿ ਤੂੰ ਕਿਤਨੀਆਂ ਉਦਾਸੀਆਂ ਕੀਤੀਆਂ, ਕਿਤਨੇ ਫੇਰੇ ਮਾਰੇ, ਕਿਤਨੇ ਲੋਕਾਂ ਨੂੰ ਆਪ ਜਗਾਇਆ, ਕਿਤਨੇ ਹਿੰਦੂ ਮੁਸਲਮਾਨਾਂ ਨੂੰ ਰਾਹੇ ਪਾਇਆ, ਕਿਤਨੇ ਚੋਰ ਠੱਗਾਂ ਨੂੰ ਵਿਕਾਰ ਰਹਿਤ ਕਰਕੇ ਆਪਣਾ ਬਣਾਇਆ ਤੇ ਹੁਣ ਮੈਂ ਕੀ ਕਰ ਰਿਹਾ ਹਾਂ, ਤੇਰੇ ਨਾਂ ਹੇਠਾਂ, ਰਾਹ ਦੇ ਦਿੱਸਦਿਆਂ ਭੁੱਲੀ ਜਾ ਰਿਹਾ ਹਾਂ, ਲਾਲਚ ਵਿੱਚ ਫਸਿਆ ਤਿਆਗ ਦਿਖਾ ਰਿਹਾ ਹਾਂ । ਜੋ ਜੋ ਭੇਖ ਤੂੰ ਖੰਡਨ ਕੀਤੇ ਸਨ ਉਹ ਇਕ-ਇਕ ਭੇਖ ਮੈਨੂੰ ਚਮੁੱਟ ਗਿਆ ਹੈ । ਬਣਿਆ ਭੀ, ਤੂੰ ਤਾਂ ਸੱਚ ਨੂੰ ਫੁੱਲ ਵਾਂਗ ਦੁੱਧ ਦੇ ਭਰੇ ਕਟੋਰੇ ਵਿੱਚ ਸਮਾ ਦਿੰਦਾ ਸੀ, ਠੱਗ ਨੂੰ ਮਹਾਂਪੁਰਸ਼ ਬਣਾ ਦਿੰਦਾ ਸੀ; ਪਰ ਇਤਨੀ ਜਲਦੀ ਮੈਂ ਫਿਰ ਫਸ ਗਿਆ ਹਾਂ ਕਾਲੀਆਂ ਕਰਤੂਤਾਂ ਵਿੱਚ ।

ਤੂੰ ਕਰਨ ਕਰਾਵਨ ਹੈਂ । ਮਾਲਕ ਹੈਂ । ਘਣੇ ਜੰਗਲਾਂ ਵਿੱਚ ਭੁੱਲਿਆਂ ਨੂੰ ਵੀ ਰਾਹ ਪਾਉਂਦਾ ਹੈਂ । ਹੁਣ ਵੀ ਤਾਂ ਫਿਰ ਮੇਰੇ 'ਤੇ ਰਹਿਮਤ ਕਰਦੇ ।

ਤੇਰੇ ਜਨਮ ਦਿਨ ਨੂੰ ੮ ਦਿਨ ਬਾਕੀ ਹਨ । ਮੇਰਾ ਮਨ ਇਸ ਰੀਝ ਵਿੱਚ ਖਿੜਦਾ ਹੈ ਜਿਸ ਨੂੰ ਆਪਣੇ ਲਫ਼ਜ਼ਾਂ ਵਿੱਚ ਇਵੇਂ ਬੰਨ੍ਹਿਆ ਸੀ—

**ਜਿਉ ਧਰਤੀ ਸੋਭ ਕਰੇ ਜਲੁ ਬਰਸੈ**
**ਤਿਉ ਸਿਖੁ ਗੁਰ ਮਿਲਿ ਬਿਗਸਾਈ॥** (ਅੰਗ ੭੫੭-੭੫੮)

ਮੈਂ ਤੇਰੇ ਮੇਲ ਵਿੱਚ ਲੋਟ-ਪੋਟ ਹੋ ਰਿਹਾ ਹਾਂ । ਤੂੰ ਕਦੇ ਯਾਦੋਂ ਵਿੱਛੜਦਾ ਹੀ ਨਹੀਂ; ਪਰ ਜਦੋਂ ਲੋਕੀਂ ਚਾਅ ਨਾਲ ਤੇਰੇ ਗੁਰਪੁਰਬ ਲਈ ਨਨਕਾਣੇ ਜਾਣ ਲਈ ਸੋਚਦੇ ਹਨ ਤਾਂ ਮੈਂ ਦਲੀਪ ਲਛਮਨ ਦੇ ਚਰਨਾਂ ਵਿੱਚ ਬਹਿ ਕੇ ਕਹਿੰਦਾ ਹਾਂ, ਸਾਹਿਬ ਤੂੰ ਆਪ ਆ ਕੇ ਹਿਰਦੇ ਵਿੱਚ ਬਹਿ ਜਾ ਸਦਾ ਲਈ; ਤਾਂ ਜੋ ਮੈਂ ਨਨਕਾਣੇ ਜਾਣ ਦੀ ਥਾਂ ਸਹਿਜੇ ਹੀ ਆਵਾਂ ਜਾਵਾਂ ਤੇਰੇ ਚਰਨਾਂ ਵਿੱਚ, ਮੌਜਾਂ ਕਰਾਂ ਤੇ ਮੁੜ ਕਦੇ ਹਿੱਲਾਂ ਹੀ ਨਾ।

ਇਹ ਲੇਖ ਦਲੀਪ ਲਛਮਨ ਦੀ ਯਾਦ ਵਿੱਚ ਤਾਂ ਹੈ ਹੀ ਪਰ ਉਨ੍ਹਾਂ ਦੀ ਪਿਆਰ ਨਾਲ ਆਪਾ ਵਾਰਨ ਕਹਾਣੀ ਜੁੜ ਗਈ ਹੈ—ਗੁਰੂ ਸਿੱਖ ਦੇ ਰਿਸ਼ਤੇ

ਦੀ ਯਾਦ ਵਿੱਚ । ਅੱਜਕੱਲ੍ਹ ਤੇਰੇ ਲਾਡ ਵਿੱਚ ਜਦ ਮਹਲਾ ਪਹਿਲਾ ਦਾ ਸ਼ਬਦ ਆ ਜਾਂਦਾ ਹੈ ਗੁਰੂ ਗ੍ਰੰਥ ਸਾਹਿਬ ਪੜ੍ਹਦਿਆਂ ਤਾਂ ਹਿਰਦੇ ਦੇ ਦੁਆਰ ਪੂਰੀ ਤਰ੍ਹਾਂ ਖੁੱਲ੍ਹ ਜਾਂਦੇ ਹਨ । ਉਸੀ ਲਾਡ ਵਿੱਚ ਹੋਰ ਬੇਨਤੀਆਂ ਕਰਦਾ ਹਾਂ—ਮੇਰੇ ਸਾਰੇ ਕਪਾਟ ਖੋਲ੍ਹ, ਤਾਂ ਜੋ ਗ਼ੰਦਗੀ ਉੱਕਾ ਹੀ ਉੱਡ ਜਾਏ, ਪੰਜ ਚੋਰ ਨੱਸ ਜਾਣ ਤੇ ਤੂੰ ਹੀ ਤੂੰ ਰਹਿ ਜਾਏਂ । ਕੱਲ੍ਹ ਪਰਸੋਂ ਪੜ੍ਹ ਰਿਹਾ ਸੀ—

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥** (ਅੰਗ ੭੩੦)

ਹੱਸ ਪਿਆ ਪਰ ਸਤਿਕਾਰ ਵਿੱਚ—ਸਾਰੀ ਦੁਨੀਆਂ ਨੂੰ ਉੱਚੀ-ਉੱਚੀ ਸਦੜਾ ਸੁਣਾਉਣ ਵਾਲਾ ਪ੍ਰੇਮ ਵਿੱਚ ਵਾਜਾਂ ਮਾਰਦਾ ਹੈ—ਹਾਏ ਕੋਈ ਸਦੜਾ ਸੁਣਾਏ ਤਾਂ ਮੈਂ ਸੁਣਾ । ਇਹ ਸ਼ਬਦ ਪੜ੍ਹਦਿਆਂ-ਪੜ੍ਹਦਿਆਂ ਇਕ ਗੱਲ ਹੋਰ ਟੁੰਬ ਗਈ—

**ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥** (ਅੰਗ ੭੩੦)

ਇੱਥੇ ਤਾਂ ਨਨਕਾਣੇ ਜਾਣ ਲਈ ਰੁਕਾਵਟਾਂ ਪਾਸਪੋਰਟ, ਵੀਜਾ, ਕਸਟਮਜ਼ ਤੇ ਹੋਰ ਕਈ ਸਿਆਪੇ। ਨਾਲੇ ਫਿਰ ਸਮੱਗਲਿੰਗ ਕਰਦਿਆਂ ਪਕੜਿਆ ਜਾਣਾ; ਕਿਉਂਕਿ ਨਿਸ਼ਾਨੀ ਹਿਰਦੇ ਦੇ ਪ੍ਰੇਮ ਦੀ ਨਹੀਂ ਸਗੋਂ ਚੋਰੀ ਦਾ ਜਾਂ ਮਨ੍ਹਾ ਕੀਤਾ ਮਾਲ ਹੈ ਹੱਥ ਵਿੱਚ, ਪਰ ਸਾਹਿਬ ਕਹਿੰਦੇ ਹਨ ਜੇ ਤੂੰ ਨਾਮ ਤੇ ਪ੍ਰੇਮ ਦਾ ਨਿਸ਼ਾਨ ਲੈ ਕੇ ਜਾਵੇਂਗਾ ਤਾਂ ਦਰਗਾਹ ਵਿੱਚ ਵੀ ਤੇ ਐਥੇ ਵੀ ਕੋਈ ਪੁੱਛ ਲੇਖਾ ਨਹੀਂ ਹੋਵੇਗਾ, ਕਿਹੜੇ ਸਿੱਖ ਨੂੰ ਫਿਰ ਚਾਅ ਨਹੀਂ ਚੜ੍ਹੇਗਾ ਕਿ ਐਸਾ ਧਨ ਇਕੱਠਾ ਕਰਾਂ ਜਿਹੜਾ ਲੇਖੇ ਫਾੜ ਦੇਵੇ, ਕਿਉਂਕਿ ਮੈਨੂੰ ਯਕੀਨ ਹੋ ਗਿਆ ਕਿ ਮੈਂ ਗੁਨਾਹਾਂ ਭਰਿਆ ਹੋਇਆ ਹੀ ਨਹੀਂ ਸਗੋਂ ਗੁਨਾਹਾਂ ਤੋਂ ਛੁਟਕਾਰਾ ਵੀ ਨਹੀਂ ਪਾ ਸਕਦਾ, ਆਦਤਾਂ ਵਿਗੜ ਚੁੱਕੀਆਂ ਹਨ—

**ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ॥**
**ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ॥**
**ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ॥**

(ਅੰਗ ੧੪੯)

ਸੋ ਮੇਰਾ ਹਾਲ ਤਾਂ ਜੁੱਤੀਆਂ ਪੈਣ ਵਾਲਾ ਹੀ ਹੈ ਪਰ ਜੇ ਬਖ਼ਸ਼ ਦੇਵੇਂ ਤੇ ਤੇਰੀ ਰਹਿਮਤ ।

ਭਾਈ ਗੁਰਦਾਸ ਦੀ ਇਸ ਬਾਣੀ ਨਾਲ ਹੌਂਸਲਾ ਹੁੰਦਾ ਹੈ ਕਿ ਜੇ ਭਗਤ ਵਛਲ ਸੋਚਾਂ ਤਾਂ ਮੈਨੂੰ ਕੋਈ ਵਾਰਸ ਨਹੀਂ, ਪਰ ਤੂੰ ਪਤਿਤ ਪਾਵਨ ਹੈਂ,



ਇਸ ਲਈ ਆਸ ਬੱਝ ਜਾਂਦੀ ਹੈ ਕਿ ਤੂੰ ਰੱਖ ਲਵੇਂਗਾ ।

ਲਛਮਨ ਦਲੀਪ ਵਿੱਚ ਤਾਂ ਕੁਰਬਾਨੀ ਸੀ ਪਿਆਰ ਲਈ, ਸਿਰ ਤਲੀ 'ਤੇ ਰੱਖ ਕੇ ਆਏ ਸਨ । ਤੂੰ ਉਨ੍ਹਾਂ ਦਾ ਪਿਆਰ ਨਿਭਾ ਦਿੱਤਾ ਸੀ; ਪਰ ਮੈਂ ਤਾਂ ਅਜੇ ਭੀ ਅਕ੍ਰਿਤਘਣ ਹਾਂ, ਅਜੇ ਭੀ ਪ੍ਰੇਮਹੀਣ ਹਾਂ । ਹਾਂ, ਜੀ ਕਰਦਾ ਹੈ ਉਨ੍ਹਾਂ ਵਰਗਾ ਹੋ ਜਾਵਾਂ, ਪਰ ਕਿਵੇਂ?

ਹਾਂ, ਤੈਨੂੰ ਯਾਦ ਕਰਦਿਆਂ ਤੇਰਾ ਇਕ ਹੋਰ ਸ਼ਬਦ ਪੜ੍ਹਿਆ—

**ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥**

(ਅੰਗ ੮੭੭)

ਆਪੇ ਸਵਾਲ ਕਰਕੇ ਆਪ ਜਵਾਬ ਦਿੰਦਾ ਹੈਂ, ਪਰ ਜੇ ਤੇਰੀ ਨਜ਼ਰ ਤੋਂ ਪਰ੍ਹੇ ਹੋਵਾਂ ਤਾਂ ਇਸ ਜਵਾਬ ਨਾਲ ਥਰ-ਥਰ ਕੰਬਦਾ ਹਾਂ ਤੇ ਕਦੇ ਪਹੁੰਚ ਨਹੀਂ ਸਕਦਾ ਇਸ ਘਾਲ ਨਾਲ, ਪਰ ਤੇਰੀ ਨਜ਼ਰ ਹੁੰਦੀ ਹੈ ਤਾਂ ਸਾਰੇ ਖ਼ਜ਼ਾਨੇ ਮੇਰੀ ਝੋਲੀ ਵਿੱਚ ਪਏ ਜਾਪਦੇ ਹਨ ।

ਹਾਂ, ਤੇਰਾ ਜਵਾਬ ਆਪਣੇ ਲਫ਼ਜ਼ਾਂ ਵਿੱਚ ਲਿਖਦਾ ਹਾਂ ।

ਤੂੰ ਮੇਰੇ ਅੰਦਰ, ਅੰਦਰ ਹੀ ਬੈਠਾ ਹੈਂ । ਮੇਰੇ ਸਰੀਰ ਦੇ ਕਿਲ੍ਹੇ ਵਿੱਚ ਤੇ ਇਸ ਕਿਲ੍ਹੇ ਦਾ ਦਰਵਾਜ਼ਾ ਦੁੱਖ ਹੈ । ਦਰਵਾਜ਼ੇ ਦੇ ਜਿਹੜੇ ਦੋ ਪੁੜ ਹਨ ਉਹ ਆਸ਼ਾ ਤੇ ਨਿਰਾਸ਼ਾ ਦੇ ਹਨ, ਫਿਰ ਇਸ ਦਰਵਾਜ਼ੇ ਦਾ ਪਹਿਰਾ ਦੇ ਰਿਹਾ ਹੈ ਕਰੋਧ। ਇੱਥੇ ਹੀ ਬੱਸ ਨਹੀਂ, ਸਗੋਂ ਕਿਲ੍ਹੇ ਦੇ ਆਸ ਪਾਸ ਡੂੰਘੀ ਖਾਈ ਹੈ ਮਾਇਆ ਦੀ । ਜੇ ਖਾਈ ਲੰਘ ਕੇ ਪਹਿਰੇਦਾਰ ਮਾਰ ਕੇ ਦਰਵਾਜ਼ੇ ਦੇ ਦੋ ਪੁੜ ਕੱਟ ਕੇ ਦਰਵਾਜ਼ਾ ਭੰਨ ਕੇ ਅੰਦਰ ਪਹੁੰਚ ਜਾਵਾਂ ਤਾਂ ਤੇਰੇ ਚਰਨ ਪਕੜ ਸਕਦਾ ਹਾਂ । ਨਾਮੁਮਕਿਨ? ਨਹੀਂ, ਪਰ ਬਹੁਤ ਔਖਾ ਹੈ ।

ਜਿਵੇਂ ਲਛਮਨ ਦਲੀਪ ਲਈ ਇਹ ਕੰਮ ਸੌਖਾ ਕਰ ਦਿੱਤਾ ਸੀ, ਤੂੰ ਮੇਰੇ 'ਤੇ ਵੀ ਕਿਰਪਾ ਕਰ । ਪਹਿਲਾਂ ਤਾਂ ਮੇਰਾ ਜੀਵਣਾ ਮਰ ਕੇ ਜੀਵਣਾ ਬਣਾ ਦੇ । ਜਿਉਂਦਿਆਂ ਮਰ ਕੇ ਇਸ ਤਰ੍ਹਾਂ ਜੀਵਾਂ ਕਿ ਆਪਣਾ ਆਪ ਗਵਾ ਕੇ ਵਡਿਆਈ ਦੀ ਭੁੱਖ ਦੇ ਬਗੈਰ ਕਿਸੇ ਲਾਲਚ ਜਾਂ ਕਿਸੇ ਨੂੰ ਨੀਵਾਂ ਕਰਨ ਦੇ ਵਿਕਾਰ ਤੋਂ ਰਹਿਤ ਹੋ ਕੇ ਦੁਖੀਆਂ ਗ਼ਰੀਬਾਂ ਦੀ ਸੇਵਾ ਵਿੱਚ ਤੇਰੇ ਨਾਮ ਦੇ ਸਹਾਰੇ ਜੁੱਟਿਆ ਰਹਾਂ; ਇਸ ਕੰਮ ਵਿੱਚ ਤੇਰੀ ਮਿਹਰ ਨਾਲ ਉਨ੍ਹਾਂ ਲੋਕਾਂ ਦਾ ਅਹਿਸਾਨ ਮੰਨਾਂ ਜੋ ਮੇਰੇ ਗ਼ਰੀਬ ਨੂੰ ਸੇਵਾ ਦਾ ਮੌਕਾ ਦੇ ਰਹੇ ਹਨ । ਫਿਰ ਉਨ੍ਹਾਂ ਦੇ ਸੁਖ ਲਈ ਉਨ੍ਹਾਂ ਦੀ **Human Dignity** ਲਈ ਲੜਦਾ ਮਰ ਜਾਵਾਂ । ਕਰੋਧ ਰਹਿਤ ਤੇ ਖਿਮਾ ਸੀਗਾਰ ਪਾ ਕੇ । ਕਬੀਰ ਸਾਹਿਬ ਨੇ ਜਿਵੇਂ ਕਿਹਾ

ਸੀ ਤੇ ਜਿਵੇਂ ਤੇਰੇ ਸਾਰੇ ਸਿੱਖ ਜਗਤ ਦੀ ਰੀਤ ਚਲੀ ਆਈ ਹੈ ਉਸ 'ਤੇ ਪੂਰਾ ਉੱਤਰ ਸਕਾਂ ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**

(ਅੰਗ ੧੧੦੫)

ਜਿਵੇਂ ਲਛਮਨ ਦਲੀਪ ਨਹੀਂ ਸਨ ਸਹਾਰ ਸਕਦੇ ਗੁਰੂ ਅਸਥਾਨ ਦੀ ਅਪਵਿੱਤਰਤਾ, ਮੈਂ ਨਾ ਸਹਾਰ ਸਕਾਂ ਇਨਸਾਨਾਂ ਦੇ ਦਿਲਾਂ ਦਾ ਅਪਮਾਨ ਜਿੱਥੇ ਤੂੰ ਵੱਸਦਾ ਹੈਂ । ਗ਼ਰੀਬ ਤੇ ਦੁਖੀ ਨਾਲ ਉਸੇ ਪ੍ਰੇਮ ਵਿੱਚ ਵਰਤਾਂ ਜਿਸ ਵਿੱਚ ਵੱਡੇ ਲੋਕਾਂ ਨਾਲ ਵਰਤਦਾ ਹਾਂ । ਮੈਨੂੰ ਹਰ ਵੇਲੇ ਯਾਦ ਰਹੇ

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**

(ਅੰਗ ੧੫)

ਦਲੀਪ ਤੇ ਲਛਮਨ ਤੇਰਾ ਸਦਝਾ ਸੁਣਾਉਂਦੇ ਹਨ । ਆਪਾ ਮਿਟਾ ਕੇ ਅਮਰ ਹੋ ਗਏ ਹਨ ਇਹ ਮਰਜੀਵੜੇ; ਪਰ ਤੇਰੀ ਰਹਿਮਤ ਦੇ ਭੰਡਾਰੇ ਖੋਲ੍ਹ ਗਏ ਹਨ ਕੇਵਲ ਕਥਨਾਂ ਨਾਲ ਨਹੀਂ ਸਗੋਂ ਕਰਨੀ ਨਾਲ। ਇਸੇ ਲਈ ਹੀ ਤੂੰ ਕਿਹਾ ਸੀ—

"**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**" (ਅੰ:੪੪੪)

੧੮ ਸਾਲ ਪਹਿਲਾਂ ਜਦ ਤੇਰੀ ਕਿਰਪਾ ਦਾ ਸਦਕਾ ਮੈਂ ਸਕੂਟਰ ਖੜ੍ਹਾ ਕਰਕੇ ਬੱਸ ਦੇ ਅੱਡੇ 'ਤੇ ਪੁੱਛਦਾ ਸਾਂ ਕਿਸੇ ਦਫ਼ਤਰ ਜਾਣਾ ਹੈ?—ਤੇ ਜਿਹੜਾ ਬੰਦਾ ਮੇਰੇ ਨਾਲ ਬਹਿ ਜਾਏ ਉਸ ਨਾਲ ਤੇਰੀਆਂ ਗੱਲਾਂ ਕਰਦਾ ਸਾਂ, ਉਹੀ ਅਰਦਾਸ ਕਰਦਾ ਹਾਂ । ਮੇਰੀ ਬਿਰਤੀ ਇਹੋ ਜਿਹੀ ਬਣਾ ਦੇ:

੧. ਕਦੇ ਫਿੱਕਾ ਨਾ ਬੋਲਾਂ ।
੨. ਸਭ ਨਾਲ ਪਿਆਰ ਕਰਾਂ । ਕੌਮ, ਧਰਮ, ਜਾਤੀ ਦੇ ਵਿਤਕਰੇ ਰਹਿਤ ਹੋ ਕੇ।
੩. ਵੈਰ ਕਦੇ ਕਿਸੇ ਨਾਲ ਨਾ ਕਰਾਂ ।
੪. ਨਿੰਦਾ ਕਦੇ ਨਾ ਸੁਣਾਂ ਨਾ ਕਰਾਂ ।



੫. **Unlimited Compassion** ਰੱਖਾਂ ।
੬. ਪ੍ਰਧਾਨ-ਮੰਤਰੀ ਤੇ ਚਪੜਾਸੀ ਨਾਲ ਇਕੋ ਜਿਹਾ ਪਿਆਰ ਕਰ ਸਕਾਂ ।
੭. ਖ਼ੁਸ਼ੀ ਗ਼ਮੀ ਨੂੰ ਸਮ ਕਰ ਜਾਣਾ ।
੮. ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਟੁਕੜੇ ਕਰ ਸਕਾਂ ।
੯. ਪਰਾਈ ਇਸਤਰੀ ਨੂੰ ਮਾਂ, ਭੈਣ, ਧੀ ਸਮਝਾਂ ।
੧੦. ਸਵਾਸ-ਸਵਾਸ ਨਾਮ ਜੱਪਦਾ ਰਹਾਂ ।
੧੧. ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਦੇ ਧਰਮਾਂ ਦੀ ਇੱਜ਼ਤ ਕਰਾਂ ਤੇ ਆਪਣੇ ਭੈਣ-ਭਰਾ ਸਮਝਾਂ ।
੧੨. ਆਪਣੀ ਕਮਾਈ ਵਿੱਚ ਹਮੇਸ਼ਾਂ ਸੁੱਚਤਾ ਰੱਖਾਂ ਤੇ ਦਸਵੰਧ ਜ਼ਰੂਰ ਕੱਢਾਂ ।
੧੩. ਇਨਸਾਨੀਅਤ ਦੀ ਸੇਵਾ ਤੇਰੇ ਲਈ ਤੇ ਤੇਰੇ ਵਿੱਚ ਲੀਨ ਹੋ ਕੇ ਕਰਾਂ ।
੧੪. ਨਾਮ ਜੱਪਣਾ ਤੇ ਜਪਾਉਣਾ ਮੇਰਾ ਮੁੱਖ ਕੰਮ ਹੋਵੇ ।
੧੫. ਇਹ ਸਭ ਕੁਝ ਕਰਕੇ ਵੀ ਨੀਚ ਦਰ ਨੀਚ ਸਮਝਾਂ ਤੇ ਨੀਚਾ ਹੀ ਸਦਾਵਾਂ ।

ਸਾਹਿਬਾ ਜਾਣਦਾ ਹਾਂ ਕਿ "**ਮੇਰੇ ਦੋਖ ਗਨੇ ਨ ਜਾਹਿ॥**" ਪਰ ਇਹ ਵੀ ਜਾਣਦਾ ਹਾਂ ਕਿ "**ਹਰਿ ਬਿਨਾ ਕਤਹਿ ਸਮਾਹਿ॥**" ਤੇਰੇ ਬਗੈਰ ਕੋਈ ਸਹੇਗਾ ਵੀ ਤਾਂ ਨਹੀਂ, ਇਸ ਲਈ ਗੁਰੂ ਗੋਬਿੰਦ ਸਿੰਘ ਦੇ ਲਫ਼ਜ਼ਾਂ ਵਿੱਚ ਕਹਿੰਦਾ ਹਾਂ—ਸਾਹਿਬਾ:

**ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ,**
**ਗ਼ਰੀਬ ਨਿਵਾਜ ਨ ਦੂਸਰ ਤੋ ਸੋ।**
**ਭੂਲ ਛਿਮੋ ਹਮਰੀ ਪ੍ਰਭ ਆਪਨ,**
**ਭੂਲਨ ਹਾਰ ਕਹੂੰ ਕੋਊ ਮੋ ਸੋ।**

# ਇਕ ਗ਼ਰੀਬ ਸਿੱਖ ਦਾ ਸੁਪਨਾ

**25-12-75** ਅੱਜ **Christmas** (ਵੱਡਾ ਦਿਨ) ਹੈ, ਮਤਲਬ ਹਜ਼ਰਤ ਈਸਾ ਦਾ ਜਨਮ ਦਿਨ, ਨਾਲੇ ਅੱਜ ਮੇਰੇ ਅੰਮ੍ਰਿਤ ਛਕਣ ਦੀ ਚੌਥੀ ਵਰ੍ਹੇ ਗੰਢ, ਨਾਲੇ ਸ਼ਹੀਦੀਆਂ ਭਰਪੂਰ ਮਹੀਨਾ ਦਸੰਬਰ ਦਾ, ਨਾਲੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ੩੦੦ ਸਾਲਾ ਪੁਰਾਣੀ ਸ਼ਹੀਦੀ ਦਾ ਮਹੀਨਾ। ਮੇਰੇ ਵੀਰ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਤੇ ਉਨ੍ਹਾਂ ਦੇ ਦਾਦੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਖ਼ੂਨ ਨਾਲ ਬਣੇ ਹੋਏ 'ਸੱਚ' ਦੇ ਮਹੱਲ ਨੂੰ 'ਖ਼ਾਲਸੇ' ਰਾਹੀਂ ਪ੍ਰਗਟ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਦਿਨ, ਨਵੇਂ ਸਾਲ ਦੇ ਪਹਿਲੇ ਮਹੀਨੇ ਵਿੱਚ ਕਿਤਨੀਆਂ ਭਾਰੀਆਂ ਉਮੰਗਾਂ ਲੈ ਕੇ ਹੁਣੇ ਹੀ ਪ੍ਰਗਟ ਹੋ ਰਿਹਾ ਹੈ। ਇਨ੍ਹਾਂ ਸਾਰੇ ਸਾਕਿਆਂ ਦੇ ਸੰਬੰਧਾਂ ਨੇ ਮੈਨੂੰ ਇਕ ਜਾਗਦਾ ਸੁਪਨਾ ਦਿਖਾਇਆ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਰਨਾਂ ਵਿੱਚ ਮੱਥਾ ਟੇਕਦਾ ਹੋਇਆ ਪਾਠਕਾਂ ਦੇ ਭੇਂਟ ਕਰਦਾ ਹਾਂ।

ਕਾਫ਼ੀ ਦੇਰ ਹੋਈ ਹੈ ਕਿ ਮੈਂ ਆਪਣੇ ਇਕ ਗੁਰਸਿੱਖ ਸਾਥੀ ਦੇ ਘਰ ਇਕ ਰਾਤ ਠਹਿਰਿਆ ਸੀ। ਰਾਤ ਦਾ ਵੇਲਾ ਸੀ, ਜਦ ਉਹ ਕੀਰਤਨ ਸੋਹਿਲਾ ਸਾਹਿਬ ਦਾ ਪਾਠ ਕਰ ਕੇ ਸੌਣ ਲੱਗੇ ਤਾਂ ਆਪਣੀ ਪਤਨੀ ਨੂੰ ਵਾਜ ਮਾਰ ਕੇ ਕਹਿਣ ਲੱਗੇ ਅਜੇ ਨੀਂਦ ਤਾਂ ਆਈ ਨਹੀਂ, ਆਓ ਸਤਿਸੰਗ ਕਰੀਏ, ਪਰਲੇ ਪਾਸੇ ਮੈਂ ਸੌਣ ਹੀ ਵਾਲਾ ਸੀ ਤਾਂ ਮੈਨੂੰ ਪਿਆਰ ਨਾਲ ਬੁਲਾ ਕੇ ਆਖਣ ਲੱਗੇ:'ਮਹਾਰਾਜ ਜੀ! ਜੇ ਨੀਂਦ ਨਹੀਂ ਆਈ ਤਾਂ ਆਓ ਸਾਹਿਬਾਂ ਨੂੰ ਯਾਦ ਕਰੀਏ।' ਮੈਂ ਸ਼ੁਕਰ ਕੀਤਾ, ਕਿਉਂਕਿ ਇਹ ਅੰਮ੍ਰਿਤ ਵੇਲੇ ਉੱਠਣ ਲਈ ਛੇਤੀ ਸੌਣ ਲੱਗੇ ਸਨ ਭਾਵੇਂ ਮੈਂ ਤਾਂ ਚਾਹੁੰਦਾ ਸਾਂ ਕਿ ਗੱਲ ਗੱਪ ਮਾਰੀਏ। ਉਨ੍ਹਾਂ ਨਾਲ ਕਿਹਾ ਪਤਾ ਨਹੀਂ ਤੁਸੀਂ **Bore** (ਬੋਰ) ਹੀ ਹੋਵੋਗੇ ਪਰ ਸਾਨੂੰ ਤਾਂ ਤੁਹਾਡੇ ਕੋਲੋਂ ਲਾਭ ਹੋਵੇਗਾ। ਖ਼ੈਰ, ਮੈਂ ਕੁਰਸੀ ਡਾਹ ਕੇ ਉਨ੍ਹਾਂ ਦੇ ਮੰਜੇ ਪਾਸ ਜਾ ਬੈਠਾ ਤੇ ਉਹ ਆਪ ਕੰਧ ਨਾਲ ਢੋਹ ਲਾ ਕੇ ਮੰਜੇ 'ਤੇ ਹੀ ਅੱਧੇ ਲੇਟੇ ਆਪ ਬੈਠ ਗਏ, ਉਨ੍ਹਾਂ ਦੀ ਪਤਨੀ ਉਨ੍ਹਾਂ ਦੇ ਸਾਹਮਣੇ ਦੂਜੇ ਕੋਨੇ 'ਤੇ ਬੈਠ ਗਈ।

"ਸਤਿਸੰਗ" ਕੀ ਹੁੰਦਾ ਹੈ? ਮੈਂ ਆਪਣੇ ਮਨ ਵਿੱਚ ਸੋਚ ਹੀ ਰਿਹਾ ਸੀ ਕਿ ਉਹ ਆਪਣੀ ਪਤਨੀ ਨੂੰ ਕਹਿਣ ਲੱਗੇ 'ਮਹਾਰਾਜ ਜੀ ਸਾਰੀ ਉਮਰ ਧੰਦਿਆਂ ਵਿੱਚ, ਗੰਦ ਵਿੱਚ ਤੇ ਝੂਠੇ ਸਿਆਪਿਆਂ ਵਿੱਚ ਲੰਘਾ ਦਿੱਤੀ ਹੈ। ਹੁਣ ਵੇਲਾ ਹੈ ਕਿਸੇ ਤਰ੍ਹਾਂ ਸਾਹਿਬਾਂ ਅੱਗੇ ਪੂਰੀ ਤਰ੍ਹਾਂ ਢਹਿ ਕੇ ਪਿਛਲੀਆਂ ਗ਼ਲਤੀਆਂ ਦੀਆਂ ਮੁਆਫ਼ੀਆਂ ਮੰਗ ਕੇ ਆਖੀਏ, ਸਾਹਿਬਾ—"**ਥਕ ਆਏ**



**ਪ੍ਰਭੁ ਕੀ ਸਾਮ**" ਪਤਨੀ ਨੇ ਕੋਈ ਜਵਾਬ ਨਾ ਦਿੱਤਾ; ਪਰ ਉਹ ਆਪ ਕੁਝ ਦੇਰ ਚੁੱਪ ਕਰਕੇ ਫੇਰ ਬੋਲੇ ਤੇ ਉਨ੍ਹਾਂ ਦਾ ਗਲਾ ਭਰ ਆਇਆ। ਰੋਣਹਾਕੇ ਜਿਹੇ ਹੋ ਗਏ ਤਾਂ ਮੈਂ ਧਿਆਨ ਨਾਲ ਉਨ੍ਹਾਂ ਵੱਲ ਦੇਖਣ ਲੱਗ ਪਿਆ। ਮੇਰੇ ਲਈ ਤਾਂ ਇਹ ਇਕ ਸੁਪਨਾ ਜਿਹਾ ਸੀ, ਪਰ ਉਹ ਪੂਰੀ ਜਾਗ ਵਿੱਚ ਤੇ ਡਾਢੀ ਮਸਤੀ ਵਿੱਚ ਆਪਣੀ ਪਤਨੀ ਨਾਲ ਇਹ ਗੱਲਾਂ ਕਰ ਰਹੇ ਸਨ:

## ਉਨ੍ਹਾਂ ਦਾ ਇਕ ਸੁਪਨਾ ਉਨ੍ਹਾਂ ਦੀ ਜ਼ਬਾਨੀ

ਮੇਰਾ ਜੀਅ ਕਰਦਾ ਹੈ ਕਿ ਮੈਂ ਇਕੋ ਪਿਆਰ ਦੀ ਤਾਰ ਨਾਲ ਧਰਤੀ ਦੇ ਹਰ ਇਕ ਬੰਦੇ ਨੂੰ ਦੇਖਾਂ ਤੇ ਉਸੇ ਪਿਆਰ ਦੀ ਤਾਰ ਨਾਲ ਹਰ ਇਕ ਧਰਮ ਦੇ ਆਗੂ ਦਾ ਸਤਿਕਾਰ ਕਰਾਂ। ਆ, ਅੱਜ ਤੈਨੂੰ ਉਹ ਗੱਲਾਂ ਦੱਸਦਾ ਹਾਂ ਜਿਹੜੀਆਂ ਵਾਹਿਗੁਰੂ ਜਾਣੇ ਪੂਰੀਆਂ ਹੋਣੀਆਂ ਹਨ ਜਾਂ ਨਹੀਂ; ਪਰ ਮੇਰੀਆਂ ਰੀਝਾਂ ਸੁਣ।

ਮੇਰਾ ਮਨ ਕਹਿੰਦਾ ਹੈ ਕਿ ਵੱਡਾ ਸਾਰਾ ਹਸਪਤਾਲ ਹੋਵੇ ਜਿੱਥੇ ਮੈਂ ਆਪਣੇ ਹੱਥਾਂ ਨਾਲ ਕੋਹੜਿਆਂ ਦੀ ਸੇਵਾ ਕਰਾਂ, ਗ਼ਰੀਬਾਂ, ਬਿਮਾਰਾਂ ਤੇ ਦੁਖੀਆਂ ਦੇ ਟੱਟੀ ਪਿਸ਼ਾਬ ਆਪਣੇ ਹੱਥਾਂ ਨਾਲ ਚੁੱਕ ਕੇ ਸਾਂਭਾਂ, ਉਨ੍ਹਾਂ ਦੇ ਕੱਪੜੇ ਧੋਵਾਂ ਤੇ ਨਾਲੇ ਮੂੰਹੋਂ 'ਵਾਹਿਗੁਰੂ ਵਾਹਿਗੁਰੂ' ਜਾਂ 'ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ' ਨਿਕਲਦਾ ਰਹੇ। (ਇਹ ਕਹਿੰਦਿਆਂ ਕਹਿੰਦਿਆਂ ਡਾਢੇ ਖੇੜੇ ਵਿੱਚ ਆ ਗਏ)।

ਪਰ ਅਸਲ ਵਿੱਚ ਇਹ ਸਾਰਾ ਕੁਝ ਤਾਂ ਹੋ ਸਕਦਾ ਹੈ ਕਿ ਜੇ ਸਾਹਿਬ ਆਪ ਤਰੁੱਠ ਕੇ ਕਿਰਪਾ ਕਰੀ ਜਾਣ, ਨਹੀਂ ਤਾਂ ਮੈਂ ਅਕ੍ਰਿਤਘਣ ਤਾਂ ਹਰ ਵੇਲੇ ਆਪਣੀ ਆਕੜ ਵਿੱਚ ਹੀ ਰਹਾਂਗਾ। ਸੇਵਾ ਕਰਨ ਜੋਗਾ ਕਿੱਥੇ ਹਾਂ? ਭਾਵੇਂ ਤੂੰ ਸ਼ੇਖ਼ ਚਿੱਲੀ ਹੀ ਕਹਿੰਦੀ ਹੋਵੇਂਗੀ; ਪਰ ਹੋਰ ਸੁਣ, ਮੈਂ ਚਾਹੁੰਦਾ ਹਾਂ ਕਿ ਹਸਪਤਾਲ ਦੇ ਵਿਚਕਾਰ ਵੱਡੀ ਸਾਰੀ ਜ਼ਮੀਨ 'ਤੇ ਇਕ ਖ਼ੁਦਾ ਦਾ ਘਰ ਹੋਵੇ ਜਿਸ ਦੀ ਇਮਾਰਤ ਦੇ ਬਾਹਰੋਂ ਚਾਰ ਚਿੰਨ੍ਹ ਹੋਣ। ਇਕ ਕੋਨੇ ਵਿੱਚ ਗੁਰਦੁਆਰੇ ਦੇ ਗੁੰਬਦ ਦਿਸਣ, ਦੂਜੇ ਕੋਨੇ ਵਿੱਚ ਮੰਦਰ ਦਾ ਕਲਸ, ਤੀਜੇ ਕੋਨੇ ਵਿੱਚ ਮਸਜਿਦ ਦੀ ਸੁਹੱਪਣ ਤੇ ਚੌਥੇ ਕੋਨੇ ਵਿੱਚ ਗਿਰਜੇ ਦੀਆਂ ਘੰਟੀਆਂ ਚਮਕਣ। ਮਤਲਬ ਇਹ ਕਿ ਸਾਰੀ ਇਨਸਾਨੀਅਤ ਦਾ ਸਾਂਝਾ ਪੂਜਾ ਅਸਥਾਨ ਹੋਵੇ ਤੇ ਹਾਲ ਵਿੱਚ ਇਕ ਲਾਇਬ੍ਰੇਰੀ ਹੋਵੇ ਜਿੱਥੇ ਸਾਰੀ ਦੁਨੀਆਂ ਦੇ ਧਰਮਾਂ ਦਾ ਪੈਗ਼ਾਮ, ਸੱਚ ਤੇ ਸੇਵਾ ਵਿੱਚ ਵੱਸਿਆ ਹੋਇਆ ਵਾਹਿਗੁਰੂ ਦਾ ਲਿਸ਼ਕਾਰਾ ਆਪੇ ਪਿਆ ਨਜ਼ਰ ਆਵੇ। ਬਿਮਾਰ ਤੇ ਕਰਮਚਾਰੀ ਆਪਣੇ ਆਪਣੇ ਢੰਗ ਨਾਲ ਵਾਹਿਗੁਰੂ ਦਾ ਨਾਂ ਲੈਣ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜਿਵੇਂ ਮੁਸਲਮਾਨ ਨੂੰ ਚੰਗਾ ਮੁਸਲਮਾਨ, ਹਿੰਦੂ ਨੂੰ ਚੰਗਾ ਹਿੰਦੂ, ਸਿੱਖ ਨੂੰ ਚੰਗਾ ਸਿੱਖ ਬਣਨ ਲਈ

ਪ੍ਰੇਰਦੇ ਹਨ ਅਤੇ ਸੱਚ ਦੀ ਪੜ੍ਹਾਈ ਕਰਾਉਂਦੇ ਹਨ । ਇਸ ਹਸਪਤਾਲ ਵਿੱਚ ਦੁੱਖ ਨੂੰ ਕੱਟਣ ਵਾਲਾ ਨਾਮ ਹੋਵੇ ਜਿਸ ਨੂੰ ਹਰ ਆਦਮੀ ਆਪਣੇ-ਆਪਣੇ ਤਰੀਕੇ ਨਾਲ ਇਸ ਤਰ੍ਹਾਂ ਜੱਪੇ ਕਿ ਸਾਹਿਬ ਆਪ ਹਾਜ਼ਰਾ ਹਜ਼ੂਰ ਹੋ ਜਾਣ। ਅਸਲ ਇਲਾਜ ਤਾਂ ਹੋਵੇ ਨਾਮ ਤੇ ਨਾਮ ਦੇ ਅਸਰ ਹੇਠ ਸੇਵਾ ਕਰਨ ਵਾਲੇ ਜਾਂ ਦਵਾਈਆਂ ਲਾਉਣ ਵਾਲੇ ਜਾਂ ਮਾਲਸ਼ ਕਰਨ ਵਾਲੇ ਨਾਮ ਦੀ ਵਡਿਆਈ ਵਿੱਚ, ਆਪੇ ਹੀ, ਕੇਵਲ ਸਰੀਰਕ ਦੁੱਖ ਨਹੀਂ ਸਗੋਂ ਮਾਨਸਿਕ ਦੁੱਖ ਵੀ ਕੱਟ ਜਾਏ ।

## ਸੁਪਨਾ ਪੂਰਾ ਹੋਣ ਲਈ ਅਰਦਾਸ

ਪਾਤਿਸ਼ਾਹ ਜੀਉ ਮੈਂ ਤਾਂ ਇਕ ਕੀੜਾ ਹਾਂ, ਉਹ ਵੀ ਛੋਟਾ ਜਿਹਾ, ਪਰ ਆਪ ਨੇ ਆਪੋਂ ਹੀ ਪਿਆਰ ਕਰ ਕੇ ਤੇ ਆਪਣਾ ਪਿਆਰ ਪਾ ਕੇ ਇਹ ਗੱਲ ਦੱਸੀ ਹੈ ਕਿ

੧. ਦੁਨੀਆਂ ਵਿੱਚ ਆਉਣ ਦਾ ਤੇ ਮਨੁੱਖੀ ਜਾਮਾ ਪਾਉਣ ਦਾ ਮਨੋਰਥ ਹੀ ਇਹ ਹੈ ਕਿ ਸਤਿਸੰਗ ਵਿੱਚ ਬਹਿ ਕੇ ਕੇਵਲ ਨਾਮ ਜੱਪਿਆ ਜਾਏ ।

੨. ਨਾਮ ਜੱਪਣ ਦਾ ਮਨੋਰਥ ਕੇਵਲ ਚਰਨ ਕਮਲਾਂ ਦੀ ਪ੍ਰੀਤ ਹੋਵੇ (ਨਾ ਕਿ ਮੁਕਤੀ ਦਵਾਰੇ ਦਾ ਲਾਲਚ)।

੩. ਸਾਹਿਬਾਂ ਦੀ ਯਾਦ ਵਿੱਚ ਲੀਨ ਹੋਣ ਲਈ ਆਪਣੇ ਅੰਦਰੋਂ "ਮੈਂ" ਦਾ ਕੰਡਾ ਗੁਰੂ ਦੇ ਸ਼ਬਦ ਦੀ ਹੋਂਦ ਨਾਲ ਕੱਢਿਆ ਜਾਏ ।

੪. ਨਿਰਵੈਰ ਤੇ ਨਿਰਭਉ ਵਾਹਿਗੁਰੂ ਵਿੱਚ ਲੀਨ ਹੋਣ ਲਈ ਆਪਣੇ ਗੁਰੂ ਦੀ ਕਿਰਪਾ ਨਾਲ ਨਿਰਵੈਰ ਤੇ ਨਿਰਭਉ ਬਣਿਆ ਜਾਏ ।

੫. ਭਾਉ ਭਗਤੀ ਕਰ ਵੀ ਨੀਚ ਸਦਵਾਇਆ ਜਾਏ ।

## ਮੇਰੀ ਲੋੜ

ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਜਾਂ **Mother Teresa** (ਮਾਤਾ ਟਰੇਸਾ) ਕੋਹੜਿਆਂ ਦੇ ਹਸਪਤਾਲਾਂ ਵਾਲੇ ਮੇਰੇ ਲਈ ਵਾਹਿਗੁਰੂ ਦੇ ਦਰ 'ਤੇ ਰੋਸ਼ਨ ਮੁਨਾਰੇ ਹਨ। ਕਮਾਲ ਦੀ ਗੱਲ ਹੈ ਕਿ ਭਗਤ ਜੀ ਹਮੇਸ਼ਾਂ ਹੀ ਦੱਸਦੇ ਹਨ ਕਿ ਉਨ੍ਹਾਂ ਡੇਹਰਾ ਸਾਹਿਬ ਲਾਹੌਰ ਤੋਂ ਆਪਣਾ ਆਪ ਬਣਾਇਆ ਹੈ, ਪਰ ਹਰ ਮਨੁੱਖ ਨੂੰ ਇਕੋ ਜਿਹਾ ਪਿਆਰ ਦਿੰਦੇ ਹਨ । ਮਾਤਾ ਟਰੇਸਾ ਜੋ ਈਸਾਈ ਹਨ, ਇਸੇ ਤਰ੍ਹਾਂ ਹਜ਼ਰਤ ਈਸਾ ਜੀ ਦੇ ਚਰਨਾਂ ਵਿੱਚ ਰਹਿੰਦਿਆਂ ਸਰਬ-ਵਿਆਪਕ ਵਾਹਿਗੁਰੂ ਦੀ ਯਾਦ ਵਿੱਚ ਗ਼ਰੀਬਾਂ ਤੇ ਦੁਖੀਆਂ ਦੀ ਨਿਸ਼ਕਾਮ ਤੇ ਬਿਨਾਂ ਵਿਤਕਰੇ ਸੇਵਾ ਕਰਦੇ ਹਨ । ਭਗਤ ਜੀ ਤੇ ਮਾਤਾ ਟਰੇਸਾ ਉਸੇ ਰੱਬ ਦੀ ਅੰਸ਼ ਦੇ ਪ੍ਰਤੀਕ ਹਨ ਜਿਹੜੀ ਵਾਹਿਗੁਰੂ ਜੀ



ਨੇ ਗੁਰੂ ਨਾਨਕ ਜਾਂ ਹਜ਼ਰਤ ਈਸਾ ਜੀ ਵਿੱਚ ਪਾਈ ਤੇ ਜਿਸ ਨੇ ਦੁਨੀਆਂ ਨੂੰ ਰੋਸ਼ਨ ਕੀਤਾ । ਉਸੇ ਰੋਸ਼ਨੀ ਵਿੱਚੋਂ ਮਾਤਾ ਟਰੇਸਾ ਤੇ ਭਗਤ ਪੂਰਨ ਸਿੰਘ ਨਿਕਲੇ ਤੇ '**ਸੱਚ**' ਨੂੰ ਕੁਰਬਾਨੀ ਤੇ ਆਪਾ ਵਾਰਨ ਨਾਲ ਸਿੰਚਿਆ । ਨਤੀਜਾ ਕੀ ਨਿਕਲਿਆ? ਜਦੋਂ ਮੈਂ ਭਗਤ ਜੀ ਨੂੰ ਤੱਕਦਾ ਹਾਂ ਤੇ ਮਾਤਾ ਟਰੇਸਾ ਆਪਣੇ ਆਪ ਸਾਹਮਣੇ ਆ ਜਾਂਦੀ ਹੈ ਅਤੇ ਜੇ ਮਾਤਾ ਜੀ ਨੂੰ ਯਾਦ ਕਰਦਾ ਹਾਂ ਤਾਂ ਭਗਤ ਜੀ ਸਾਹਮਣੇ ਆ ਜਾਂਦੇ ਹਨ । ਪਤਾ ਹੀ ਨਹੀਂ ਲੱਗਦਾ ਹੈ ਕਿ ਉਹ ਸਿੱਖ ਹੈ ਉਹ ਈਸਾਈ। ਬੱਸ ਇਕੋ ਗੱਲ ਦਿੱਸਦੀ ਹੈ ਦੋਨੋਂ ਵਾਹਿਗੁਰੂ ਦੇ ਪਿਆਰੇ ਹਨ ।

## ਇਕ ਅਪੀਲ

ਇਨਸਾਨੀਅਤ ਦੇ ਪਿਆਰੇ ਵੀਰੋ, ਆਪ ਅੱਗੇ ਝੋਲੀ ਅੱਡਦਾ ਹਾਂ, ਖ਼ੈਰ ਮੰਗਦਾ ਹਾਂ ਮੰਗਤਾ ਤੇ ਭਿਖਾਰੀ ਬਣ ਕੇ, ਖ਼ਾਲੀ ਨਾ ਤੋਰਨਾ । ਜੇ ਕੁਝ ਸਿੱਖ ਤਿਆਰ ਹੋਣ ਤਾਂ ਕਿਸੇ ਗ਼ੈਰ-ਸਿੱਖ ਇਲਾਕੇ ਵਿੱਚ, ਖ਼ਾਸ ਕਰਕੇ ਕੋਹੜਿਆਂ ਦੇ ਹਸਪਤਾਲ ਦੀ ਨੀਂਹ ਰੱਖੀ ਜਾਏ, ਜਿਸ ਦਾ ਪ੍ਰਥਮ ਕੰਮ ਹੋਵੇ ਰੋਗੀਆਂ ਦੇ ਮਨ ਧੋਤੇ ਜਾਣ ਵਾਹਿਗੁਰੂ ਦੇ ਨਾਮ ਨਾਲ ਤੇ ਫਿਰ ਜਿਸਮਾਨੀ ਰੋਗ ਦਾ ਇਲਾਜ ਹੋਵੇ । ਸੇਵਾ ਲਈ ਚਾਹੀਦਾ ਹੈ—

(੧) ਸੁੱਚੀ ਕਮਾਈ, ਸੁੱਚਾ ਭਾਵ ਤੇ ਸੱਚੀ ਅਰਦਾਸ।

(੨) ਮਨ ਗੁਰੂ ਦੇ ਚਰਨਾਂ ਵਿੱਚ ਵਿਕਿਆ ਹੋਇਆ।

(੩) ਨਾਮ ਜੱਪਣ ਵਾਲੇ ਤੇ ਸੇਵਾ ਵਿੱਚ ਗੁਰੂ ਨੂੰ ਦੇਖਣ ਵਾਲੇ।

(੪) ਸਾਰੀ ਇਨਸਾਨੀਅਤ ਨੂੰ ਇਕੋ ਜਿਹਾ ਪਿਆਰ ਕਰਨ ਵਾਲੇ।

(੫) '**ਅਬ ਤੂ ਹੀ ਮੈ ਨਾਹੀ**' ਵਿੱਚ ਵਿਸ਼ਵਾਸ ਰੱਖਣ ਵਾਲੇ।

**ਇਸ ਹਸਪਤਾਲ ਦਾ ਇੰਤਜ਼ਾਮ ਕਰਨ ਵਾਲੇ ਹੋਣ :**

੧. ਕਾਮ, ਕਰੋਧ, ਲੋਭ, ਮੋਹ, ਹੰਕਾਰ ਨੂੰ ਡੱਕਾ ਪਾ ਕੇ ਰੱਖਣ ਵਾਲੇ—ਗੁਰੂ ਚਰਨਾਂ ਦੀ ਧੁਨ ਨਾਲ।

੨. ਪਿਓ-ਪੁੱਤਰ ਵਾਂਗ ਜਿਹੜੇ ਗੁਰੂ ਦੀ ਗੋਲੀ ਖਾਣ ਲਈ ਇਕ ਦੂਜੇ ਨਾਲੋਂ ਅੱਗੇ ਹੋਣ।

੩. ਜਿਨ੍ਹਾਂ ਦਾ ਪਿਆਰ ਮਾਸ਼ੂਕ ਹੋਵੇ ਤੇ ਅਣਹੋਂਦਾ ਆਪ ਵੰਡਾਉਣਾ ।

੪. ਮਾਣ ਹੁੰਦਿਆਂ ਨਿਮਾਣੇ ਹੋਣ ਤੇ ਤਾਣ ਹੁੰਦਿਆਂ ਨਿਤਾਣੇ ਹੋਣ।

੫. ਜਿਨ੍ਹਾਂ ਦਾ ਨਿਸ਼ਾਨਾ ਮਰੀਜ਼ਾਂ ਦੀ ਖ਼ੁਸ਼ੀ ਵਿੱਚੋਂ ਵਾਹਿਗੁਰੂ ਦੀ ਖ਼ੁਸ਼ੀ ਦੇਖਣਾ ਹੋਵੇ ਤੇ ਹਮੇਸ਼ਾਂ ਅਰਦਾਸ ਕਰਨ ਇਹ ਪਿਆਰੇ—

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ॥

(ਅੰਗ ੬੯੪, ਸ੍ਰੀ ਗੁਰੂ ਗ੍ਰੰਥ ਸਾਹਿਬ)

ਕੀ ਇਹ ਸੁਪਨਾ ਪੂਰਾ ਹੋਵੇਗਾ? ਮੈਂ ਕੀ ਜਾਣਾ? ਉਹੀ ਜਾਣੇ ਜਿਸ ਸੁਪਨੇ ਦਾ ਆਕਾਰ ਬਣਾਇਆ ਹੈ। ਮਾਤਾ ਟਰੇਸਾ ਕਹਿੰਦੇ ਹਨ ਕਿ ਜੇ ਮੇਰਾ ਕੰਮ ਹੁੰਦਾ ਤਾਂ ਇਹ ਕਦੋਂ ਦਾ ਫੇਲ੍ਹ ਹੋ ਜਾਣਾ ਸੀ; ਪਰ ਇਹ ਤਾਂ ਵਾਹਿਗੁਰੂ ਦਾ ਆਪਣਾ ਕੰਮ ਸੀ, ਸੋ ਪ੍ਰਫੁੱਲਿਤ ਹੋਇਆ ਹੈ।

ਆਓ, ਸਿੱਖ ਵੀਰੋ, ਭੈਣੋ, ਛੱਡੋ ਸੁਖ ਤੇ ਅਰਾਮ, ਆਓ, ਗੁਰੂ ਨਾਨਕ ਜੀ ਵਾਂਗੂੰ ਦੌੜੀਏ ਤੇ ਦੁਖੀਆਂ ਨੂੰ ਹੌਂਸਲਾ ਦੇਈਏ ਨਾਮ ਦਾ। ਜਿਹੜਾ ਦੁਖੀਆਂ ਨਾਲ ਪਿਆਰ ਨਹੀਂ ਕਰਦਾ ਓਹ ਰੱਬ ਨਾਲ ਪਿਆਰ ਨਹੀਂ ਕਰਦਾ 'ਮੈਂ', 'ਮੇਰੀ' ਠੀਕ ਨਹੀਂ, ਪਰ ਮੈਂ ਜ਼ੋਰ ਨਾਲ ਕਹਿੰਦਾ ਹਾਂ—ਸਾਰੀ ਦੁਨੀਆਂ ਮੰਦਰ, ਮਸੀਤਾਂ, ਗੁਰਦਵਾਰੇ, ਗਿਰਜੇ ਸਭ ਮੇਰੇ ਹਨ—ਮੈਂ ਸਭ ਦਾ ਨੌਕਰ ਹਾਂ।

### ਕੁਝ ਮੇਰੇ ਵੱਲੋਂ ਜੋਦੜੀ

ਮੈਂ ਤਾਂ ਪੱਥਰ ਦਿਲ ਹਾਂ, ਆਪਣਾ ਆਪ ਮਾਇਆ ਵਿੱਚ ਗਰਕ ਕਰ ਬੈਠਾ ਹਾਂ। ਧੁਨ ਲੱਗੀ ਰਹਿੰਦੀ ਹੈ ਪੈਸੇ ਗਿਣਨ ਦੀ; ਪਰ ਜਦੋਂ ਦਾ ਇਹ ਉੱਪਰ ਲਿਖਿਆ ਸੁਪਨਾ ਸੁਣਿਆ ਨਹੀਂ, ਸਗੋਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਓਦੋਂ ਦਾ ਮੈਂ ਵੀ ਚੈਨ ਨਾਲ ਨਹੀਂ ਸੌਂ ਸਕਦਾ। ਸੋਚਦਾ ਹਾਂ ਕਿ ਵਾਲ, ਦਾੜ੍ਹੀ ਤੇ ਕੜਾ, ਕੰਘਾ, ਕੱਛਾ ਤੇ ਕਿਰਪਾਨ ਤਾਂ ਮੈਂ ਵੀ ਰੱਖਦਾ ਹਾਂ, ਪਰ ਮੈਨੂੰ ਸਿੱਖੀ ਬਾਰੇ ਵਿਚਾਰ ਤੇ ਕਦੇ ਨਹੀਂ ਫੁਰੇ।

ਮੈਂ ਆਪ ਤਾਂ ਕੁਝ ਕਰਨ ਜੋਗਾ ਨਹੀਂ ਪਰ ਮੇਰੇ ਵੱਲੋਂ ਵੀ ਇਕ ਜੋਦੜੀ ਹੈ ਸਾਹਿਬਾਂ ਅੱਗੇ ਕਿ ਸਿੰਘ ਦਾ ਸੁਪਨਾ ਪੂਰਾ ਹੋਵੇ। ਵਾਹਿਗੁਰੂ ਦੀ ਇਸ ਜੋੜੀ 'ਤੇ ਕਿਰਪਾ ਕਰਨ ਤੇ ਜਿਵੇਂ ਸਿੰਘ ਦੀ ਮਰਜ਼ੀ ਸੀ, ਪਤੀ ਪਤਨੀ ਦੋਵੇਂ ਹੀ ਸਾਹਿਬਾਂ ਦੀਆਂ ਖੁਸ਼ੀਆਂ ਲੈਂਦਿਆਂ ਨਾਮ ਜੱਪਦਿਆਂ ਦੁਖੀਆਂ ਦੀ ਸੇਵਾ ਕਰਨ—ਤੇ ਅਖ਼ੀਰਲੀ ਜੋਦੜੀ ਹੈ ਕਿ ਮੈਨੂੰ ਕੁੱਤੇ ਨੂੰ ਮਾਇਆ ਦੀਆਂ ਹੱਡੀਆਂ ਚੂਸਣ ਤੋਂ ਛੁਡਾ ਕੇ ਆਪਣੇ ਪੈਰਾਂ ਦਾ ਸਦਕਾ ਉਸ ਹਸਪਤਾਲ ਵਿੱਚ ਟੱਟੀਆਂ ਸਾਫ਼ ਕਰਨ 'ਤੇ ਲਾ ਲੈਣਾ।



# ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ
# (Seeing God Face to Face)

ਅਸੀਂ ਕਿਤਨੇ ਗਿਰ ਚੁੱਕੇ ਹਾਂ, ਇਹਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਮੈਂ ਤਾਂ ਆਪਣੀ ਨਿੱਜੀ ਅਕ੍ਰਿਤਘਣਤਾ ਨਾਲ ਭਰਪੂਰ ਜ਼ਿੰਦਗੀ ਤੋਂ ਹੀ ਲਾ ਸਕਦਾ ਹਾਂ; ਪਰ ਜੇ ਅਸੀਂ ਸਾਰੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਦੇ ਸਿੱਖ ਅਖਵਾਉਣ ਵਾਲੇ ਅੰਦਰ ਝਾਤੀ ਮਾਰੀਏ ਤਾਂ ਸਾਨੂੰ ਪੂਰਾ ਯਕੀਨ ਹੋ ਜਾਏਗਾ ਕਿ ਅਸੀਂ 'ਉਹ' ਸਿੱਖ ਨਹੀਂ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ੧੬੯੯ ਦੀ ਵਿਸਾਖੀ ਨੂੰ ਬਣਾਏ ਸਨ। ਅਸੀਂ ਤਾਂ ਹਉਮੈਂ ਰੋਗ ਵਿੱਚ ਲਾਲਚੀ ਕਾਰਵਾਈਆਂ ਵਿੱਚ ਤੇ ਛੂਤ-ਛਾਤ ਵਿੱਚ ਇਤਨੀ ਬੁਰੀ ਤਰ੍ਹਾਂ ਢੱਠੇ ਹੋਏ ਹਾਂ ਕਿ ਸਾਡੀਆਂ ਅੱਖਾਂ 'ਤੇ ਆਇਆ ਮੋਤੀਆ ਆਪਣੀ ਗਿਰਾਵਟ ਦੇਖਣ ਹੀ ਨਹੀਂ ਦਿੰਦਾ। ਜਿਉਂ-ਜਿਉਂ ਹੋਰ ਗਿਰਦੇ ਹਾਂ ਤਿਉਂ-ਤਿਉਂ ਗਲ ਪੈਣ ਨੂੰ ਲੱਭਦੇ ਹਾਂ। ਕੋਈ ਕਹਿੰਦਾ ਹੈ ਸਾਨੂੰ ਬ੍ਰਾਹਮਣਵਾਦ ਢਾਹ ਰਿਹਾ ਹੈ, ਕੋਈ ਕਹਿੰਦਾ ਹੈ ਸਾਨੂੰ ਸਰਕਾਰ ਖ਼ਰਾਬ ਕਰ ਰਹੀ ਹੈ, ਕੋਈ ਕਹਿੰਦਾ ਹੈ ਸਾਨੂੰ ਨੀਤੀ ਨਾਲ ਕਮਜ਼ੋਰ ਕੀਤਾ ਜਾ ਰਿਹਾ ਹੈ, ਕੋਈ ਕਹਿੰਦਾ ਹੈ ਸਾਡੀ ਕੌਮ ਨੂੰ ਹੀ ਚਾਲਬਾਜ਼ੀ ਨਾਲ ਖ਼ਤਮ ਕੀਤਾ ਜਾ ਰਿਹਾ ਹੈ, ਕੋਈ ਕਹਿੰਦਾ ਹੈ ਸਾਨੂੰ ਹਿੰਦੂ ਮਿੱਟੀ ਵਿੱਚ ਮਿਲਾ ਰਹੇ ਹਨ।

ਇਹ ਸਭ ਕੁਝ ਕਹਿਣ ਵਾਲੇ ਬਹੁਤ ਉੱਚੇ ਮਹਾਂਪੁਰਸ਼ ਹੋਣਗੇ, ਮੈਂ ਨਿੱਕਾ ਜਿਹਾ ਕੀੜਾ; ਅਣਜਾਣ, ਮੂਰਖ ਤੇ ਅਲਪੱਗ। ਇਹਨਾਂ ਸਾਰਿਆਂ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਕਹਿੰਦਾ ਹਾਂ ਕਿ:—

(੧) ਅਸੀਂ ਜ਼ਰੂਰ ਗਿਰ ਚੁੱਕੇ ਹਾਂ ਤੇ ਹੋਰ ਗਿਰ ਰਹੇ ਹਾਂ—

(੨) ਸਾਡਾ ਹਾਲ ਡਾਢਾ ਖਸਤਾ ਹੈ ਅਤੇ ਜ਼ਰੂਰ ਉੱਦਮ ਕਰਨਾ ਚਾਹੀਦਾ ਹੈ ਇਸ ਗਿਰਾਵਟ ਨੂੰ ਠੱਲ੍ਹਣ ਦਾ।

**ਪਰ**

**ਸਾਨੂੰ ਕੋਈ ਹੋਰ ਨਹੀਂ, ਯਕੀਨਨ ਨਹੀਂ, ਸਗੋਂ ਅਸੀਂ ਆਪ ਆਪਣੇ ਆਪ ਨੂੰ ਹਾਸੋਹੀਣੇ ਤਰੀਕੇ ਨਾਲ ਗਿਰਾ ਰਹੇ ਹਾਂ**

ਦੂਜੇ ਪਾਸੇ ਹੁਣ ਵੀ ਆਪਣੇ ਖ਼ੂਨ ਦੇ ਇਕ-ਇਕ ਕਤਰੇ ਦੀ ਤੜਪ ਨਾਲ ਹੱਥ ਜੋੜ ਕੇ ਕਹਿੰਦਾ ਹਾਂ ਕਿ ਗੁਰੂ ਦੇ ਚਰਨਾਂ ਦਾ ਭਰੋਸਾ ਹੈ ਕਿ ਸਾਡੀ

ਕੌਮ ਨੂੰ ਕਦੇ ਵੀ ਕੋਈ ਹੋਰ ਕੌਮ ਖ਼ਤਮ ਨਹੀਂ ਕਰ ਸਕਦੀ ਜੇ ਅਸੀਂ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਮਨੋਰਥਾਂ ਵੱਲ ਬੇਗ਼ਰਜ ਲੱਗੇ ਰਹੀਏ । ਖ਼ਤਮ ਕਰਨ ਦੀ ਬਜਾਏ ਲੋਕੀਂ ਚਾਹੁਣਗੇ ਕਿ ਇਹੋ ਜਿਹੇ ਸੰਤ-ਸਿਪਾਹੀ ਸਾਡੇ ਵੀ ਹੋਵਣ, ਇਹੋ ਜਿਹੇ ਭਗਤਾਂ ਨਾਲ ਪਿਆਰ ਕਰੀਏ ।

ਇਸ ਵੇਲੇ ਸਾਨੂੰ ਦੂਹਰੀ ਸ਼ਰਮ ਆਉਣੀ ਚਾਹੀਦੀ ਹੈ । ਇਕ ਤਾਂ ਆਪਣਾ ਆਪ ਗਵਾ ਬੈਠੇ ਹਾਂ ਤੇ ਦੂਜਾ ਝੂਠੇ ਤਰੀਕੇ ਨਾਲ ਇਸ ਦਾ ਦੋਸ਼ ਦੂਜਿਆਂ ਨੂੰ ਦਿੰਦੇ ਹਾਂ । ਦੋਸ਼ ਆਪਣਿਆਂ ਕਰਮਾਂ ਦਾ ਹੈ ।

ਆਓ ਵੀਚਾਰੀਏ, ਅਸੀਂ ਕਿਉਂ ਗਿਰ ਗਏ ਹਾਂ ।

(੧) ਅਸੀਂ ਫੋਕਾ ਵਡੱਪਣ ਤੇ ਆਕੜ ਵਿੱਚ ਹਉਮੈਂ ਰੋਗ ਦੇ ਸ਼ਿਕਾਰੀ ਹਾਂ ।

(੨) ਅਸੀਂ ਕਹਿੰਦੇ ਹਾਂ 'ਚੜ੍ਹਦੀ ਕਲਾ'; ਪਰ, ਕਿਉਂਕਿ ਅਸਲ ਵਿੱਚ ਆਕੜ ਨਾਲ ਦੂਜਿਆਂ ਨੂੰ ਭੈੜਾ ਸਮਝਦੇ ਹਾਂ, ਗੁਰੂ ਕਦੇ ਇਹ ਕਬੂਲ ਨਹੀਂ ਕਰਦਾ ।

(੩) ਸਾਨੂੰ, ਗੁਰੂ ਚਰਨਾਂ ਵਿੱਚੋਂ ਨਿਕਲੀ ਸੱਚਾਈ ਦਾ ਨਾ ਸਿਦਕ ਹੈ ਨਾ ਭਰੋਸਾ; ਸਾਨੂੰ ਆਕੜ ਹੈ, ਕਿਉਂਕਿ ਕਿਰਪਾਨ ਵੱਡੀ ਪਾਈ ਹੈ ।

(੪) ਗੁਰੂ ਨਾਨਕ ਦੇ ਵੇਲੇ ਦੇ ਬ੍ਰਾਹਮਣਾਂ ਵਾਂਗ ਅਸੀਂ ਕੇਵਲ ਬਾਹਰਲੇ ਨਿਸ਼ਾਨਾਂ ਵੱਲ ਧਿਆਨ ਦੇਣ ਲੱਗ ਪਏ ਹਾਂ, ਅੰਦਰਲੀ ਸੁੱਚਤਾ ਨੂੰ ਉੱਕਾ ਹੀ ਭੁੱਲ ਬੈਠੇ ਹਾਂ ।

(੫) ਜੇ ਲੋਕਾਂ ਨੂੰ ਦੱਸਣਾ ਹੈ ਉਹ Important ਲੱਗਦਾ ਹੈ, ਜੋ ਅੰਤਰਜਾਮੀ ਤੱਕਦਾ ਹੈ ਉੱਥੋਂ ਮੁਕਰਦੇ ਹਾਂ ।

(੬) ਪਿਤਾ ਬਦਮਾਸ਼ ਕੰਜਰੀਆਂ ਕੋਲ ਜਾਂਦੇ, ਰਿਸ਼ਵਤਾਂ ਖਾਂਦੇ, ਕਰੋਧੀ ਚੰਡਾਲਤਾ ਵਰਤਦੇ, ਬੇਈਮਾਨ ਪੁੱਤਰ ਨਾਲ ਤਾਂ ਆਪਣੇ ਲਾਲਚ ਲਈ ਨਹੀਂ ਤੋੜਦਾ, ਪਰ ਜੇ ਵਾਲ ਮਨਾਏ ਤਾਂ (ਤੇ ਕੇਵਲ ਤਾਂ ਹੀ) ਉਹ ਬੋਲਣਾ ਬੰਦ ਕਰ ਦਿੰਦਾ ਹੈ ਕਿਉਂਕਿ ਲੋਕਾਂ ਵਿੱਚ ਉਹਦੇ ਪੁੱਤਰ ਦਾ ਪਤਿਤ ਹੋਣਾ ਪਤਾ ਲੱਗ ਗਿਆ ਹੈ (ਜਿਵੇਂ ਪਹਿਲੇ ਉਹ ਪਤਿਤ ਨਹੀਂ ਸੀ) ।

(੭) ਅਸੀਂ ਆਪ ਮਾਤਾ-ਪਿਤਾ, ਕੇਵਲ ਸਿੱਖੀ ਦੇ ਚਿੰਨ੍ਹਾਂ ਨਾਲ ਆਪਣੇ ਬੱਚਿਆਂ ਨੂੰ ਨਹੀਂ ਰੀਝਾਅ ਸਕਦੇ । ਸਾਡੇ ਅੰਦਰ ਜੇ ਕਮਾਈ ਹੈ ਤਾਂ ਬੱਚਿਆਂ ਅੰਦਰ ਸਿੱਖੀ ਦੀ ਤਾਂਘ ਪੈਦਾ ਹੋਵੇਗੀ ।

(੮) ਅਸੀਂ ਵੱਖੋ-ਵੱਖ ਜਥੇਬੰਦੀਆਂ ਬਣਾ ਕੇ ਇਕ ਦੂਜੇ ਨਾਲ ਵੈਰ-ਵਿਰੋਧ ਕਰਦੇ ਹਾਂ, ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਹਾਂ । ਕਸੂਰ ਨਾ ਹਿੰਦੂਆਂ



ਦਾ ਹੈ ਨਾ ਸਰਕਾਰ ਦਾ; ਕਸੂਰ ਹੈ ਸਾਡੇ ਚੌਧਰਪੁਣੇ ਦੀ ਭੁੱਖ ਦਾ, ਦੁਨਿਆਵੀ ਕਾਰੋਬਾਰ ਚਲਾਉਣ ਲਈ ਗੁਰਸਿੱਖੀ ਪ੍ਰਭੁੱਤਾ ਦੇ ਲਾਲਚ ਦਾ ।

(੯) ਅਸੀਂ ਕਹਿੰਦੇ ਹਾਂ ਗੁਰੂ ਨਾਨਕ ਤੋਂ ਪਹਿਲਾਂ ਜਾਂ ਪਿੱਛੋਂ ਜਾਂ ਹੁਣ ਵੀ ਕਦੇ ਕੋਈ (ਸਿੱਖ ਜਾਂ ਗ਼ੈਰ-ਸਿੱਖ) ਪਾਰ ਉਤਾਰੇ ਦੀ ਉਮੀਦ ਨਹੀਂ ਰੱਖ ਸਕਦਾ ਜੇ ਅੰਮ੍ਰਿਤ ਛਕ ਕੇ ਗੁਰੂ ਦਾ ਨਾ ਬਣੇ । ਅਸੀਂ 11-12 million ਹਾਂ ਪਰ 3500 million ਲੋਕ ਖੂਹ ਵਿੱਚ ਢਹਿੰਦੇ ਸਮਝਦੇ ਹਾਂ । ਸਾਡੇ ਗੁਰੂ ਨੇ ਇਹ ਕਿਤੇ ਨਹੀਂ ਕਿਹਾ । ਉਹਨਾਂ ਨੂੰ ਤਾਂ ਵਾਹਿਗੁਰੂ ਦਾ ਪਿਆਰਾ ਨਾਮ ਜੱਪਣ ਵਾਲਾ ਕੋਈ ਕਿਸੇ ਕੌਮ, ਮਜ਼੍ਹਬ ਦਾ ਵੀ ਹੋਵੇ ਆਪਣਾ ਹੀ ਲੱਗਦਾ ਸੀ, ਜੇ ਅਮਲੀ ਜੀਵਨ ਵਾਲਾ ਹੋਵੇ । ਨਹੀਂ ਤਾਂ **'ਨਾ ਕੋਈ ਹਿੰਦੂ ਨਾ ਮੁਸਲਮਾਨ'** ਜਾਂ **'ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ'** ਜਾਂ **'ਅਮਲਾ ਬਾਝਹੁ ਦੋਵੇ ਰੋਈ'** ਕਿਉਂ ਕਹਿ ਜਾਂਦੇ । ਅਜੀਬ-ਅਜੀਬ ਅਰਥ ਕੱਢ ਕੇ ਤੇ ਆਪਣੇ ਆਪ ਨੂੰ ਬਹੁਤ ਉੱਚਾ ਸੁੱਚਾ ਬਣਾ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸ਼ਾਨ ਨੂੰ ਘਟਾ ਰਹੇ ਹਾਂ ਵਧਾ ਨਹੀਂ ਰਹੇ । ਜਿਹੜੀ ਠੰਢੀ ਛਾਂ ਦੂਜਿਆਂ ਨੂੰ ਪਹੁੰਚਣੀ ਸੀ ਉਸ ਨੂੰ ਕਦੇ Special ਭਾਂਡਿਆਂ ਥੱਲੇ ਕਦੇ Special ਭੇਖਾਂ ਥੱਲੇ ਰੋਲ ਦੇਂਦੇ ਹਾਂ । ਹਾਂ, ਗੁਰਸਿੱਖਾਂ ਲਈ ਤਾਂ ਅੰਦਰਲੀਆਂ, ਬਾਹਰਲੀਆਂ ਦੋਨੋਂ ਰਹਿਮਤਾਂ ਹਨ—ਉਹ ਵੀ ਤਾਂ ਜੇ ਸਾਰੀ ਮਨੁੱਖ ਜਾਤੀ ਨਾਲ ਪਿਆਰ ਵਧਾਉਂਦੀਆਂ ਤੇ ਸਭ ਦੀ ਚਰਨਧੂੜ ਬਣਾਉਂਦੀਆਂ ਹਨ ।

(੧੦) ਕੋਈ ਕਹਿੰਦਾ ਹੈ ਜੇ 'ਵਾਹਿਗੁਰੂ' ਦੀ ਥਾਂ ਕਿਸੇ ਰਾਮ ਜਾਂ ਅੱਲ੍ਹਾ ਕਿਹਾ ਤਾਂ ਉਹਦਾ ਪਾਰ ਉਤਾਰਾ ਨਹੀਂ ਹੋ ਸਕਦਾ ।

ਗੁਰਸਿੱਖ ਅੱਗੇ ਕਦੇ ਕੋਈ ਰੁਕਾਵਟ ਨਹੀਂ ਜੇ ਉਹ ਗੁਰੂ ਦੇ ਆਖੇ ਲੱਗਦਾ ਹੈ । ਨਾ ਫ਼ੌਜ ਵਿੱਚ, ਨਾ ਬਜ਼ਾਰ ਵਿੱਚ, ਨਾ ਦੁਕਾਨ 'ਤੇ, ਨਾ ਸਫ਼ਰ ਵਿੱਚ, ਨਾ ਘਰ ਵਿੱਚ; ਕਿਉਂਕਿ ਉਸ ਹਰ ਕਿਸੇ ਨੂੰ ਗੁਰੂ ਨਾਨਕ ਸਾਹਿਬ ਦੀ 'ਗ਼ਰੀਬੀ' ਨਾਲ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਫ਼ਰਤ-ਰਹਿਤ ਬੀਰਤਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਲੀਨ ਹੋ ਕੇ ਜਿੱਤ ਲੈਣਾ ਹੈ । ਅਸੀਂ ਸਮਝਦੇ ਹਾਂ ਪਗੜੀ, ਦਾੜ੍ਹੀ, ਕਿਰਪਾਨ ਦਿਖਾ ਕੇ ਹੀ ਲੋਕਾਂ ਨੂੰ ਜਿੱਤ ਲਿਆ ਜਾਏ, ਭਾਵੇਂ ਸਾਡਾ ਹਰ ਇਕ ਕੰਮ ਗੁਰੂ ਹੁਕਮਾਂ ਵਿਰੁੱਧ ਹੋਵੇ ਤੇ ਹੰਕਾਰ ਆਕੜ ਇਤਨੀ ਹੋਵੇ ਕਿ ੫੦ ਕਿਸਮਾਂ ਦੇ ਸਿੱਖ, ੫੦ ਕਿਸਮਾਂ ਦੇ ਸੰਤ, ੫੦ ਕਿਸਮਾਂ ਦੇ ਜਥੇ, ੫੦ ਕਿਸਮਾਂ ਦੀਆਂ ਜਾਤਾਂ ਤੇ ੫੦ ਕਿਸਮਾਂ ਦੇ ਵੱਖਰੇ-ਵੱਖਰੇ ਸਿੱਖੀ ਅਸੂਲ ਸਾਨੂੰ ਆਪਸ ਵਿੱਚ ਹੀ ਲੜਾਈ ਰੱਖਣ । ਅਫ਼ਸੋਸ ਹੈ ਕਿ ਪੰਜਾਬ ਦਾ ਕੋਈ ਰਸਾਲਾ (ਧਰਮਿਕ ਜਾਂ ਦੂਜਾ) ਤੇ ਕੋਈ

ਅਖ਼ਬਾਰ ਹਮੇਸ਼ਾਂ ਦੂਜਿਆਂ ਦੇ ਨੁਕਸ ਹੀ ਕੱਢਦਾ ਹੈ । ਆਪਣੇ ਅੰਦਰ ਝਾਤੀ ਮਾਰਨ ਲਈ ਨਹੀਂ ਪ੍ਰੇਰਦਾ । ਪਿਆਰਿਓ, ਅੰਦਰ ਤੱਕਣ ਦੀ ਦੇਰ ਹੈ, ਉੱਠ ਕੇ ਤਕੜੇ ਹੋ ਜਾਵੋਗੇ । ਗਿਰੇ ਹੋਏ ਉੱਠ ਖਲੋਵਾਂਗੇ ਜ਼ਰੂਰ।

## ਗੁਰੂ ਮਿਹਰ ਨਾਲ ਉੱਠਣ ਦਾ ਢੰਗ

## FACE TO FACE WITH GOD

## (ਸਾਹਿਬਾਂ ਦੀ ਹਜ਼ੂਰੀ)

ਵਾਹਿਗੁਰੂ ਦੀਆਂ ਖੇਡਾਂ: ਲਿਖਨ ਹੋਰ ਕੁਝ ਲੱਗਾ ਸਾਂ ਲਿਖਾਉਣ ਵਾਲੇ ਨੇ ਹੋਰ ਕੁਝ ਲਿਖਾ ਦਿੱਤਾ ਹੈ; ਪਰ ਮਜ਼ਮੂਨ ਇਕੋ ਹੀ ਹੈ । ਕੁਝ ਦਿਨ ਤੋਂ **Tape Recorder** ’ਤੇ ਸਾਹਿਬਾਂ ਦੀ ਬਾਣੀ ਦਾ ਇਹ ਸ਼ਬਦ ਮੇਰੇ ਮਨ ਦੀਆਂ ਗਹਿਰਾਈਆਂ ਵਿੱਚ ਜਾ ਕੇ ਗੂੰਜ ਰਿਹਾ ਹੈ । (ਸਤਿਸੰਗ ਤੋਂ ਵਾਂਢਿਆਂ ਹੋਇਆ ਹਾਂ—ਇਹ ਸ਼ਬਦ ਕਿਸੇ ਰੈਣ-ਸਬਾਈ ਤੇ ਕਿਸੇ ਪਵਿੱਤਰ ਬੀਬੀ ਨੇ ਬੋਲਿਆ ਸੀ)।

**ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥**
**ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥**

(ਅੰਗ ੬੧੨)

ਕੁਝ ਦਿਨ ਪਹਿਲਾਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਇਹ ਸ਼ਬਦ ਪੜ੍ਹਿਆ ਸੀ ।

**ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥**
**ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥**
**ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥**
**ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥**
**ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥**

(ਅੰਗ ੯੧, ਸ੍ਰੀ ਗੁਰੂ ਗ੍ਰੰਥ ਸਾਹਿਬ)

ਇਵੇਂ ਲੱਗਾ ਜਿਵੇਂ ਮੈਂ ਇਕੱਲਾ ਹੀ ਮੂਰਖ ਹਾਂ ਜਿਹੜਾ ਸਾਹਿਬਾਂ ਨੂੰ ਹਾਜ਼ਰਾ ਹਜ਼ੂਰ ਨਹੀਂ ਸਮਝਦਾ; ਭਾਵੇਂ ਉਹ ਦੇਖਦਾ ਸੁਣਦਾ ਹਰ ਵੇਲੇ ਨਾਲ ਹੁੰਦਾ ਹੈ । ਫੇਰ ਜਿਵੇਂ ਅੰਦਰੋਂ ਮਨ ਨੇ ਪਿਘਲ ਕੇ ਅੱਖਾਂ ਰਾਹੀਂ ਸਾਹਿਬਾਂ ਦੇ ਚਰਨ ਧੋ ਕੇ ਪੁੱਛਿਆ ਹੋਵੇ—ਸਾਹਿਬ ਜੀ ਇਹ ਕਿਵੇਂ ਦਿੱਸਦਾ ਹੈ ਹਾਜ਼ਰਾ ਹਜ਼ੂਰ, ਤਾਂ ਢਾਡੀ ਦੀਆਂ ਗੱਲਾਂ ਨੇ ਤਾਂਘ ਪਾ ਦਿੱਤੀ ਕਿਵੇਂ ਸਾਹਿਬ ਮੁਖ ਲਾਉਂਦੇ ਹਨ, ਕਿਵੇਂ ਸੱਦ ਕੇ ਆਪ ਪੁੱਛਦੇ ਹਨ ਕੀ ਚਾਹੀਦਾ ਹੈ ? ਕਿਵੇਂ



ਗੁਰੂ ਸਾਹਿਬ ਨਿੱਤ ਨਾਮ ਜੱਪਣਾ ਮੰਗਦੇ ਹਨ । ਡਾਢਾ ਮਨ ਵਿਲਕਣ ਲੱਗਾ, ਇਹ ਕਿਵੇਂ Face to face (ਆਮੋ ਸਾਹਮਣੇ) ਵਾਹਿਗੁਰੂ ਦੇਖੀਦਾ ਹੈ ।

ਸਾਹਿਬਾਂ ਨੇ ਸੁਭਾਵਕ ਹੀ ਗਾਂਧੀ ਜੀ ਦੀ Autobiography (ਜੀਵਨੀ) The story of Experiments with truth (ਮੇਰੇ ਸੱਚਾਈ ਨਾਲ ਤਜਰਬਿਆਂ ਦੀ ਕਹਾਣੀ) ਵਿੱਚ ਇਹ Passage ਪੜ੍ਹਵਾਇਆ:

“To see the Universal and allperving Spirit of Truth face to face, one MUST BE ABLE TO LOVE THE MEANEST CREATION AS ONE SELF.” (ਸਰਬ ਘਟਾ ਭਰਪੂਰ ਸਤਿ ਸਰੂਪ ਵਾਹਿਗੁਰੂ ਨੂੰ ਆਹਮਣੇ-ਸਾਹਮਣੇ ਤੱਕਣ ਲਈ, ਸਾਨੂੰ ਨੀਵੇਂ ਤੋਂ ਨੀਵੇਂ ਮਨੁੱਖ ਨਾਲ ਆਪਣੇ ਵਰਗਾ ਪਿਆਰ ਕਰਨ ਦੇ ਕਾਬਲ ਹੋਣਾ ਪਵੇਗਾ)। ਮਨ ਵਿੱਚ ਠੰਢ ਪਈ ਕਿ ਗਾਂਧੀ ਜੀ ਵੀ ਗੁਰੂ ਨਾਨਕ ਜੀ ਦੀ ਪੂਰਨ ਗ਼ਰੀਬੀ ਹੀ ਦਰਸਾ ਰਹੇ ਹਨ । ਪਰ ਜੀਅ ਕੀਤਾ ਕਿ ਸਾਹਿਬ ਜੀ ਮੈਂ ਮਾਇਆ ਵਿੱਚ ਅਤਿ ਨੀਚ ਤਰੀਕੇ ਨਾਲ ਫਸਿਆ ਹੋਇਆ ਹਾਂ; ਹਉਮੈਂ ਤੇ ਆਕੜ ਦਾ ਸ਼ਿਕਾਰ ਹਾਂ, ਨਿੰਦਿਆ ਦੇ ਅੰਧੇਰੇ ਵਿੱਚ ਇਤਨਾ ਫਸਿਆ ਪਿਆ ਹਾਂ ਕਿ ਗੁਰਦੁਆਰਿਆਂ ਵਿੱਚ ਗੁਰੂ ਦੀ ਹਜ਼ੂਰੀ ਵਿੱਚ, ਆਪਸੀ ਸਿੱਖਾਂ ਨੂੰ ਵੀ ਗਾਲ੍ਹਾਂ ਕੱਢਦਾ ਰਹਿੰਦਾ ਹਾਂ, ਫੇਰ ਆਪਣੀ ਗਿਰਾਵਟ ਦੂਜਿਆਂ ਦੇ ਮੱਥੇ ਲਾ ਦਿੰਦਾ ਹਾਂ । ਕਿਰਪਾ ਕਰਕੇ ਕਿਸੇ ਬਖ਼ਸ਼ੇ ਹੋਏ ਦੇ ਦਰਸ਼ਨ ਹੀ ਚਾ ਕਰਾਉ।

ਕੁਝ ਦਿਨ ਮਗਰੋਂ ਸਾਹਿਬਾਂ ਦੀ ਕਿਰਪਾ ਨਾਲ ਇਕ ਸੱਜਣ ਮਿਲ ਗਏ ਜਿਨ੍ਹਾਂ ਦੱਸਿਆ ਕਿ South America ਵਿੱਚ ਇਕ ਸਿੱਖ ਦੇ ਘਰ ਰਹਿ ਕੇ ਉਨ੍ਹਾਂ ਨੂੰ ਸਵਾਦ ਆ ਗਿਆ । ਗੁਰ-ਸ਼ਬਦਾਂ ਦਾ ਅਸਰ ਤਾਂ ਸੀ ਹੀ, ਮਨ ਵਿੱਚ ਸ਼ੌਕ ਵੀ ਸੀ। ਬੜੇ ਪਿਆਰ ਤੇ ਸ਼ਰਧਾ ਨਾਲ ਪੁੱਛਿਆ, ਸਾਰੀ ਗੱਲ ਸੁਣਾਉ । ਉਨ੍ਹਾਂ ਦੱਸਿਆ ਕਿ ਬਹੁਤ ਦੇਰ ਤੋਂ ਇਕ ਅਮਰੀਕਨ ਸਿੱਖ South America ਵਿੱਚ ਅਰਜਨ-ਟਾਈਨਾ ਰਹਿੰਦਾ ਹੈ । ਉਸ ਨੇ ਉੱਥੋਂ ਦੀ ਹੀ ਇਕ ਲੜਕੀ ਨਾਲ ਸ਼ਾਦੀ ਕੀਤੀ ਹੋਈ ਹੈ ਅਤੇ ਪੰਜਾਬੀ ਵੀ ਪੂਰੀ ਤਰ੍ਹਾਂ ਨਹੀਂ ਜਾਣਦਾ; ਪਰ ਗੁਰੂ ਗ੍ਰੰਥ ਸਾਹਿਬ ਦਾ ਘਰ ਪ੍ਰਕਾਸ਼ ਹੈ ਅਤੇ ਉਸ ਨੂੰ ਪੂਰਨ ਵਿਸ਼ਵਾਸ ਹੈ ਗੁਰਬਾਣੀ ’ਤੇ। ਗੁਰੂ ਗੋਬਿੰਦ ਸਿੰਘ ਦੀ ਗ਼ਰੀਬ ਨਿਵਾਜੀ ਉਸ ਅਪਨਾਈ ਹੋਈ ਹੈ ।

ਉਸ ਕਿਹਾ ਜਿਵੇਂ ਗਾਂਧੀ ਜੀ ਦਾ ਇਹ ਵਿਚਾਰ ਸੀ ਕਿ ਵਾਹਿਗੁਰੂ ਨੂੰ ਤੱਕਣ ਲਈ ਨੀਵੇਂ ਤੋਂ ਨੀਵੇਂ ਨੂੰ ਪਿਆਰ ਕਰਨਾ ਜ਼ਰੂਰੀ ਹੈ, ਉਸ ਗੁਰਸਿੱਖ

ਬਾਰੇ ਕੁਝ ਅੱਖੀਂ ਦੇਖਿਆ ਹਾਲ ਦੱਸਦਾ ਹਾਂ । ਬੜਾ ਵੱਡਾ Business ਹੈ ਉਹਨਾਂ ਦਾ ਤੇ ਕਈ ਨੌਕਰ ਚਾਕਰ ਹਨ । ਦੋ ਗ਼ਰੀਬ ਭਾਂਡੇ ਮਾਂਜਣ ਵਾਲੇ ਵੀ ਹਨ; ਪਰ ਉਹਨਾਂ ਨਾਲ ਪੂਰਾ ਇਨਸਾਨਾਂ ਵਰਗਾ ਪਿਆਰ ਹੁੰਦਾ ਹੈ । ਉਨ੍ਹਾਂ 'ਚੋਂ ਇਕ ਨੌਕਰ ਨੇ ਦੱਸਿਆ ਕਿ ਇਕ ਦਿਨ ਸਰਦਾਰ ਜੀ ਆਪਣੇ **Business** ਤੋਂ ਘਰ ਆਏ ਤਾਂ ਕੁਝ ਪ੍ਰੇਸ਼ਾਨ ਸਨ । ਪ੍ਰੇਸ਼ਾਨੀ ਵਿੱਚ ਹੀ ਸੌਂ ਗਏ; ਪਰ ਪਿੱਛੋਂ ਪਤਾ ਲੱਗਾ ਕਿ ਆਪਣੇ ਇਕ ਕਲਰਕ ਨਾਲ ਕੁਝ ਔਖਾ ਬੋਲਣ ਕਰਕੇ ਦੁਖੀ ਸਨ ਤੇ ਸੋਚਦੇ ਸਨ ਕਿ ਗੁਰੂ ਦੇ ਹੁਕਮ ਦੀ ਉਲੰਘਣਾ ਹੋਈ ਹੈ, ਫਿੱਕਾ ਬੋਲਿਆ ਹੈ । ਆਪਣੇ ਆਪ ਨੂੰ ਸਜ਼ਾ ਦੇਣ ਲਈ ਉਹਨਾਂ ਫ਼ੈਸਲਾ ਕੀਤਾ ਕਿ ਇਕ ਦਿਨ ਦੁਪਹਿਰੀਂ ਰੋਟੀ ਨਹੀਂ ਖਾਣਗੇ । ਘਰੋਂ ਰੋਟੀ ਖੜਦੇ ਸਨ ਪਰ ਘਰ ਨਾ ਦੱਸਣ ਕਰਕੇ ਘਰੋਂ ਤਾਂ ਰੋਟੀ ਚਲੀ ਗਈ ਪਰ ਉਨ੍ਹਾਂ ਨੇ ਆਪਣੇ ਦੋ **Christain** (ਈਸਾਈ) ਸਮਾਨ **Pack** ਕਰਨ ਵਾਲੇ ਮਜ਼ਦੂਰਾਂ ਨੂੰ ਪਿਆਰ ਨਾਲ ਕਿਹਾ ਕਿ ਇਹ ਤੁਸੀਂ ਖਾ ਲਵੋ । ਉਹ ਕਈ ਵਾਰ ਥੋੜ੍ਹੀ ਜਿਹੀ ਰੋਟੀ ਤਾਂ ਦੇ ਦਿੰਦੇ ਸਨ ਪਰ ਇਕ ਨੇ ਹੱਥ ਜੋੜ ਕੇ ਪੁੱਛਿਆ—ਤੇ ਆਪ ਕੁਝ ਨਹੀਂ ਖਾਉਗੇ—ਤਬੀਅਤ ਤਾਂ ਠੀਕ ਹੈ । ਉਹਨਾਂ ਕਿਹਾ 'ਬਿਲਕੁਲ ਠੀਕ', ਬੱਸ ਅੱਜ ਨਹੀਂ ਖਾਣੀ । ਨੌਕਰ ਦੀਆਂ ਅੱਖਾਂ ਵਿੱਚ ਅੱਥਰੂ ਲਿਸ਼ਕੇ—ਕਹਿਣ ਲੱਗਾ, ਕੁਝ ਫ਼ਲ ਖਾ ਲਓ। ਉਹਨਾਂ ਇਹ ਕਹਿ ਕੇ ਮੋੜ ਦਿੱਤਾ—ਭਾਈ, ਸਾਹਿਬ ਦੀ ਅਜੇ ਇਹੀ ਮਰਜ਼ੀ ਹੈ ।

ਕੁਝ ਦੇਰ ਬਾਅਦ ਉਹ **Packer** (ਪੈਕਰ) ਨੌਕਰ ਇਕ ਤਲੇ ਹੋਏ ਆਲੂਆਂ ਦਾ ਡੱਬਾ ਤੇ ਇਕ ਮੋਟਾ ਸਾਰਾ ਸੇਬ ਆਪਣੇ ਗ਼ਰੀਬੀ ਦਾਹਵੇ ਦੇ ਪੈਸਿਆਂ 'ਚੋਂ ਖ਼ਰੀਦ ਕੇ ਲੈ ਆਇਆ, ਅੱਖਾਂ 'ਚੋਂ ਅੱਥਰੂ ਲਿਸ਼ਕੇ, ਹੱਥਾਂ ਨਾਲ ਉਸ ਚੀਜ਼ਾਂ ਅੱਗੇ ਕੀਤੀਆਂ ਤੇ ਜ਼ਬਾਨ ਤੋਂ ਡਾਢੀ ਲਿਲ੍ਹਕ ਭਰੀ ਆਵਾਜ਼ ਵਿੱਚ ਕਿਹਾ—ਇਹ ਤਾਂ ਖਾ ਲਓ— **Please** ਇਹ ਤਾਂ ਖਾ ਲਓ। ਨੌਕਰ (ਈਸਾਈ) ਸੀ ਨਾਲੇ ਬਹੁਤ ਦੇਰ ਤੋਂ ਭਾਰਤ ਵਿੱਚ **Scheduled Caste** ਅਛੂਤ ਜਾਤੀ ਗਿਣਿਆ ਜਾਂਦਾ ਸੀ । ਉਹ ਸਰਦਾਰ ਜੀ ਉੱਠ ਖਲੋਤੇ, ਪਿਆਰ ਨਾਲ ਦੋ ਤਿੰਨ ਆਲੂਆਂ ਦੇ ਟੁਕੜੇ ਖਾ ਕੇ ਕਹਿਣ ਲੱਗੇ—ਪਿਆਰੇ ਅੱਜ ਤਾਂ ਕੁਝ ਨਹੀਂ ਖਾਣਾ ਤੂੰ ਐਵੇਂ ਪੈਸੇ ਲਾਏ ਹਨ, ਪਰ ਉਸ ਵੇਲੇ ਦੋਨਾਂ ਵਿੱਚ ਇਕ ਐਸੀ ਵਾਹਿਗੁਰੂ ਦੀ ਮਿਹਰ ਦੀ ਤਾਰ ਖੜਕੀ ਕਿ ਸਰਦਾਰ ਜੀ ਨੇ ਨੌਕਰ ਨੂੰ ਜੱਫ਼ਾ ਪਾ ਲਿਆ; ਕਹਿਣ ਲੱਗੇ **Face to Face** (ਆਹਮੋ-ਸਾਹਮਣੇ) ਇਹੋ ਈ ਹੁੰਦਾ ਹੋਏਗਾ । ਘਰ ਵਾਲੇ ਨੌਕਰ ਨੇ ਦੱਸਿਆ ਕਿ ਜਦੋਂ ਸਰਦਾਰ ਜੀ ਘਰ ਆਏ ਤਾਂ ਇਕ ਨਾ ਦੱਬੇ ਰਹਿਣ ਵਾਲੇ ਖੇੜੇ ਵਿੱਚ ਗਾ ਰਹੇ ਸਨ—**ਨਾਨਕ ਕਾ**



**ਪਾਤਿਸਾਹੁ ਦਿਸੈ ਜਾਹਰਾ॥** ਫੇਰ ਮੱਥਾ ਗੁਰੂ ਸਾਹਿਬ ਅੱਗੇ ਟੇਕ ਕੇ ਕਹਿਣ ਲੱਗੇ—ਕਿਵੇਂ ਤੂੰ ਸਭ ਕੁਝ ਪਰਤੱਖ ਕਰਕੇ ਦੱਸਦਾ ਹੈਂ, ਤੂੰ ਕਿਹਾ ਸੀ—

**ਪੂਰੇ ਗੁਰ ਕਾ ਸੁਨਿ ਉਪਦੇਸੁ ॥**
**ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**

ਮੈਨੂੰ ਵੀ ਚਾਅ ਚੜ੍ਹ ਗਿਆ । ਜਿੱਥੇ-ਜਿੱਥੇ ਸੰਗਤਾਂ ਤੱਕੀਆਂ ਸਨ ਜਿੱਥੇ-ਜਿੱਥੇ ਸਾਹਿਬਾਂ ਦੇ ਦਰਸ਼ਨ ਕੀਤੇ ਸੀ—ਯਾਦ ਆ ਗਏ—ਹੁਣ ਕਦੋਂ ਮਿਲੋਗੇ, ਸੰਗਤਾਂ ਵਿੱਚ ਕਦੋਂ ਆਦਤ ਪਾਉਗੇ ਹੁਕਮਾਂ 'ਤੇ ਚੱਲਣ ਦੀ ।

ਪਰ ਜਾਣਦਾ ਹਾਂ, ਮੇਰਾ ਅਧਿਕਾਰ ਨਹੀਂ ਤੈਨੂੰ **Face to Face** ਤੱਕਣ ਦਾ । ਮੇਰੀਆਂ ਕਰਤੂਤਾਂ ਸਾਰੀਆਂ ਭੈੜੀਆਂ ਹਨ, ਮੇਰੇ ਗੁਨਾਹਾਂ ਦਾ ਅੰਤ ਕੋਈ ਨਹੀਂ, ਮੇਰੇ ਅੰਦਰੋਂ ਦੁਨੀਆਂ ਦੀਆਂ ਵਡਿਆਈਆਂ ਦੀ ਭੁੱਖ ਨਹੀਂ ਜਾਂਦੀ, ਮੇਰੇ ਮਨ ਵਿੱਚੋਂ ਲੋਕ-ਪਚਾਰੇ ਦਾ ਡਰ ਨਹੀਂ ਨਿਕਲਦਾ, ਮੈਂ ਮੋਹ ਮਾਇਆ ਵਿੱਚ ਆਪਣੇ ਬੱਚਿਆਂ ਦੇ ਕੰਮ ਲਈ ਦੂਜਿਆਂ ਦੇ ਸਿਰ 'ਤੇ ਪੈਰ ਰੱਖ ਕੇ ਅੱਗੇ ਲੰਘਦਾ ਹਾਂ । ਪੂਰੀ ਤਰ੍ਹਾਂ ਪਤਿਤ ਹਾਂ । ਤੂੰ ਪਤਿਤ ਪਾਵਨ ਹੈਂ । ਫੇਰ ਪਤਿਤਪੁਣਾ ਕੱਢ ਦੇ । ਤੇਰਾ ਅਖਵਾਉਂਦਾ ਹਾਂ, ਹੁਣ ਲਾਜ ਰੱਖੀਂ । ਇਹ ਠੀਕ ਹੈ ਮੈਂ ਵਰਦੀ ਪਾਈ ਹੋਈ ਹੈ, **Traning** (ਸਿਖਲਾਈ) ਸਿੱਖ ਦੀ ਨਹੀਂ । ਹੁਣ ਵਰਦੀ ਦੇਣ ਵਾਲਿਆ **Training** (ਸਿਖਲਾਈ) ਵੀ ਦੇ ਤਾਂ ਜੋ ਤੇਰੇ ਚਰਨਾਂ ਵਿੱਚ ਮਿਟ ਕੇ ਸਭ ਦੀ ਚਰਨਧੂੜ ਬਣ ਕੇ ਪਾਰਬ੍ਰਹਮ ਨਿਕਟ ਦੇਖ ਸਕਾਂ ।

## CONCLUSION (ਨਿਚੋੜ)

ਪਿਆਰਿਆ ਗੁਰਸਿੱਖਾ! ਸਿੱਖੀ ਨਾ ਕੇਵਲ ਕੇਸਾਂ ਵਿੱਚ ਨਾ ਕੇਸਕੀ ਵਿੱਚ, ਨਾ ਕਿਸੇ ਹੋਰ ਚਿੰਨ੍ਹ ਵਿੱਚ ਹੈ ਜੇ ਅੰਦਰ ਕਪਟ ਵਿਕਾਰ ਹੈ । ਪਰ ਜੇ ਅੰਦਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ 'ਤੇ ਮਨ ਵਿਕ ਚੁੱਕਾ ਹੈ ਤਾਂ ਉਸ ਸਿਰ ਦੇ ਕੇਸਾਂ ਤੇ ਕੇਸਕੀ ਤੋਂ ਸਦਕੇ । ਸਿੱਖੀ ਗੁਰੂ ਦੀ ਹਜ਼ੂਰੀ ਹੈ, ਹਰ ਘੜੀ, ਹਰ ਪਲ । ਸਾਨੂੰ ਇਹ ਅਪੀਲਾਂ ਕਰਨ ਦਾ ਕੋਈ ਡਰ ਨਹੀਂ ਕਿ ਕੇਵਲ ਕੇਸ ਨਾ ਕਟਾਓ, ਕੇਵਲ ਸੂਰਤ ਨਾ ਵਿਗਾੜੋ ਸਾਨੂੰ ਕਹਿਣਾ (ਕਹਿਣਾ ਨਹੀਂ, ਕਰਨਾ) ਇਹ ਚਾਹੀਦਾ ਹੈ ਕਿ ਗੁਰੂ ਦੇ ਚਰਨਾਂ 'ਚੋਂ ਵੀ ਨਿਕਲੀ ਸਿੱਖਿਆ 'ਤੇ ਅਮਲ ਕਰ ਕੇ ਸਿੱਖ ਬਣੋ। ਸਿੱਖੀ ਚਿੰਨ੍ਹ ਜ਼ਰੂਰ ਰੱਖੋ, ਪਰ ਜੇ ਚਿੰਨ੍ਹਾਂ ਨਾਲ ਸਮਝੋ ਕਿ ਸਿੱਖੀ ਬਣ ਗਈ ਹੈ ਤਾਂ ਹਰਗਿਜ਼ ਨਹੀਂ ।

ਸਾਡੇ ਜਵਾਨ ਬੱਚੇ ਕਿਉਂ ਇਹ ਸਮਝਦੇ ਹਨ ਕਿ ਵਾਲਾਂ ਦੀ ਲੋੜ

ਨਹੀਂ, ਮਨ ਵਿੱਚ ਸੁੱਚਤਾ ਹੋਣੀ ਚਾਹੀਦੀ ਹੈ? ਕਿਉਂਕਿ ਉਨ੍ਹਾਂ ਮੈਨੂੰ ਤੱਕਿਆ ਹੈ ਕਿ—

(੧) ਮੇਰੀ ਲੰਮੀ ਖੁੱਲ੍ਹੀ ਜਾਂ ਬੱਝੀ ਹੋਈ ਦਾੜ੍ਹੀ ਤੇ ਕੇਸ ਹੁੰਦਿਆਂ ਹੋਇਆਂ ਮੈਂ ਬਲੈਕ ਦੀ ਕਮਾਈ ਘਰ ਲਿਆਉਂਦਾ ਹਾਂ ।

(੨) ਮੈਂ ਰੈਣ-ਸਬਾਈ ਕੀਰਤਨ ਕਰਨ ਬਾਅਦ ਵੀ ਹੰਕਾਰ ਤੇ ਕਰੋਧ ਵਿੱਚ ਲੋਕਾਂ ਨਾਲ ਚੰਡਾਲਾਂ ਵਾਂਗ ਵਰਤਦਾ ਹਾਂ ।

(੩) ਮੈਂ ਕਛਹਿਰੇ ਕਿਰਪਾਨਾਂ ਪਾ ਕੇ ਆਪਣੇ ਨਾਲ ਅਸਹਿਮਤ ਸਿੱਖਾਂ ਨੂੰ ਬੁਰੀ ਤਰ੍ਹਾਂ ਵੰਗਾਰਦਾ ਹਾਂ, ਉਨ੍ਹਾਂ ਦੀ ਨਿੰਦਿਆ, ਚੁਗ਼ਲੀ ਕਰਦਾ ਹਾਂ ।

(੪) ਮੈਂ ਬਾਣਿਆਂ ਦੀ ਸੁੱਚ ਵਿੱਚ ਤਾਂ ਹਾਂ, ਪਰ ਮੇਰੇ ਮਨ ਦੀ ਸੁੱਚਤਾ ਇਹ ਕਹਿੰਦੀ ਹੈ ਕਿ ਦਫ਼ਤਰਾਂ ਵਿੱਚ ਪੈਸਾ ਦਿੱਤੇ ਬਗੈਰ ਨਿੱਜੀ **Trunk Calls** ਟੈਲੀਫ਼ੋਨ ਕਰ ਲਵਾਂ ਤੇ ਲਿਖ ਦੇਵਾਂ ਕਿ ਇਹ ਸਰਕਾਰੀ ਹਨ । ਕੰਟਰੋਲ 'ਤੇ ਸਕੂਟਰ ਜਾਂ ਕਾਰ ਲੈ ਲਵਾਂ ਤੇ ਬਲੈਕ ਵਿੱਚ ਦੇਵਾਂ ।

(੫) ਜੇ ਮੈਂ ਇਸਤਰੀ ਹਾਂ ਤਾਂ ਕੇਸਕੀ ਬੰਨ੍ਹ ਕੇ ਸਿਰ 'ਤੇ ਜੂੜਾ ਤਾਂ ਕਰ ਲਿਆ ਹੈ ਪਰ ਮੇਰੇ ਬੱਚੇ ਬੱਚੀਆਂ ਜਾਣਦੇ ਹਨ ਕਿ ਮੈਂ ਹਰ ਵੇਲੇ ਪਤੀ ਨਾਲ ਲੜਦੀ ਹਾਂ, ਆਏ ਗਏ ਪ੍ਰਾਹੁਣੇ ਲਈ ਮੱਥੇ 'ਤੇ ਵੱਟ ਪਾਉਂਦੀ ਹਾਂ। ਸੇਵਾ ਇਸ ਲਈ ਕਰਦੀ ਹਾਂ ਕਿ ਨਾ ਸੇਵਾ ਕਰਨ ਵਾਲੇ ਲੋਕਾਂ ਦੀ ਨਿੰਦਿਆ ਕਰਾਂ, ਹਰ ਵੇਲੇ ਸੜਦੀ ਹਾਂ ਦੂਜਿਆਂ ਦੀ ਹਾਲਤ ਚੰਗੀ ਦੇਖ ਕੇ । ਨਾਮ ਦਾ ਰੱਟਾ ਲਾਉਂਦੀ ਹਾਂ; ਪਰ ਮੇਰੇ ਬੱਚੇ ਜਾਣਦੇ ਹਨ ਕਿ ਮੇਰੇ ਵਿੱਚ ਕੁਝ ਨਹੀਂ । ਆਉ, ਜੇ ਅਸੀਂ ਚਾਹੁੰਦੇ ਹਾਂ ਕਿ ਸਿੱਖੀ ਦੀ ਗਿਰਾਵਟ ਠੱਲ੍ਹ ਹੀ ਜਾਏ ਤਾਂ ਲੋੜ ਹੈ ਕਿ ਕਦਮ-ਕਦਮ 'ਤੇ ਜਾਣੀਏਂ ਕਿ ਮੇਰੀ ਹਰ ਕਰਤੂਤ ਸਾਹਿਬ ਤੱਕਦਾ ਹੈ, ਸੁਣਦਾ ਹੈ, ਮੇਰੇ ਨਾਲ ਹੈ। ਇਸ ਲਈ, ਮੈਂ ਅਮਲੀ ਜੀਵਨ ਬਣਾਵਾਂ । ਇਕ ਅਮਲੀ ਜੀਵਨ ਵਾਲਾ ਸਿੱਖ ਹਜ਼ਾਰਾਂ ਇਸ਼ਤਿਹਾਰਾਂ, ਕਮੇਟੀਆਂ, ਸਭਾਵਾਂ, ਜਥਿਆਂ, ਰੈਜੋਲੂਸ਼ਨਾਂ, ਸੰਸਥਾਵਾਂ ਤੋਂ ਜ਼ਿਆਦਾ ਅਸਰਦਾਰ ਹੈ ਜੇ ਪਰਚਾਰਕਾਂ ਦੀਆਂ ਗੱਲਾਂ ਪਿੱਛੇ ਪੂਰਨ ਗੁਰਸਿੱਖੀ ਦੀ ਅੰਦਰਲੀ ਸੁੱਚਤਾ ਨਹੀਂ । ਭੇਖ ਦਾ ਅਸਰ ਨਹੀਂ ਹੋ ਸਕਦਾ । **Most Important** (ਅਤਿ ਜ਼ਰੂਰੀ) ਜਦੋਂ ਮੇਰੇ ਕੇਸ ਅਤੇ ਮੇਰੀ ਪਗੜੀ ਅੰਦਰਲੀ ਸੁੱਚਤਾ ਤੇ ਚਮਕ ਨਾਲ ਦੂਜੇ ਲੋਕਾਂ ਤੋਂ ਅਮਲੀ ਜੀਵਨ ਵਿੱਚ ਵੱਖਰਾ ਸਾਬਤ ਕਰਨਗੇ ਤਾਂ **Automatically** (ਆਪਣੇ ਆਪ) ਮੇਰੇ ਬੱਚੇ ਯਕੀਨ ਕਰਨਗੇ ਕਿ ਕੇਸਾਂ ਵਿੱਚ ਕੋਈ ਗੁਰੂ ਗੋਬਿੰਦ ਸਿੰਘ ਜੀ ਦੀ ਕਰਾਮਾਤ ਹੈ। ਮੈਂ ਇਸ ਰਹਿਮਤ ਨੂੰ ਕਦੇ ਨਾ ਖੋਵ੍ਹਾਂ ।



# ਹਉ ਵਾਰੀ ਮੁਖੁ ਫੇਰਿ ਪਿਆਰੇ॥
# ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥

ਇਹ ਪਿਆਰ ਦੀ ਭੇਟਾ ਗੁਰੂ ਚਰਨਾਂ ਤੋਂ ਸਦਕੇ ਜਾਂਦਿਆਂ ਉਸ ਮਹਾਨ ਪ੍ਰੇਰਣਾ ਦੀ ਅਵਾਜ਼ ਹੈ ਜਿਹੜੀ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਦੇ ਸੁਭਾਉ, ਲਗਨ, ਗੁਰੂ ਤੇ ਪ੍ਰਭੂ ਪਿਆਰ ਨੂੰ ਇਕ ਵਲਵਲਾ ਦਰਸਾ ਕੇ ਨਹੀਂ ਦਿੱਤੀ; ਸਗੋਂ ਜ਼ਿੰਦਗੀ ਦੀ ਸਾਰੀ ਫ਼ਿਲਾਸਫ਼ੀ ਨੂੰ ਇਨਸਾਨੀ ਰਿਸ਼ਤਿਆਂ ਦੁਆਰਾ ਨਕਸ਼ਾ ਖਿੱਚ ਕੇ ਤੇ ਆਪ ਉਨ੍ਹਾਂ ਦੀ Personification ਬਣ ਕੇ ਇਕ ਗੂੰਜ ਪੈਦਾ ਕੀਤੀ ।

ਗੁਰੂ ਗ੍ਰੰਥ ਸਾਹਿਬ ਇਕ ਕਿਤਾਬ ਨਹੀਂ ਜਿਹੜੀ ੧੪੩੦ ਪੰਨਿਆਂ ਦਾ ਸੰਗ੍ਰਹਿ ਬਣ ਕੇ ਸਾਡਾ ਗੁਰੂ ਅਖਵਾਉਂਦਾ ਹੈ । ਇਹ ਮਹਾਨ ਗ੍ਰੰਥ ਸਿਆਹੀ ਤੇ ਕਾਗ਼ਜ਼ਾਂ ਦਾ ਮੇਲ ਨਹੀਂ ਹੈ, **Litrature** ਬਣ ਕੇ "ਵਾਹ ਵਾਹ" ਦੀ ਇੱਛਕ ਹੈ । ਇਹ **Poetry** ਨਹੀਂ ਜਿਹੜੀ ਕੁਝ ਚਿਰ ਲਈ ਸਾਡੇ ਖ਼ਿਆਲਾਂ ਦੀ ਉਚਾਈ ਪੈਦਾ ਕਰਕੇ ਮੁੜ ਗਿਰਾ ਦੇਵੇ । ਇਹ ਕੋਈ ਗੁਰੂ ਸਾਹਿਬਾਂ ਦਾ ਤੇ ਭਗਤ-ਜਨਾਂ ਦਾ ਇਕੱਠ ਨਹੀਂ ਜਿਹੜਾ ਕੇਵਲ ਇਸ ਗੱਲ ਦਾ ਪ੍ਰਤੀਕ ਹੋਵੇ ਕਿ ਸਿੱਖ ਧਰਮ ਵਿੱਚ ਦੂਜੇ ਧਰਮ ਦੇ ਵੀ ਸੱਚੇ ਉਪਾਸ਼ਕਾਂ ਨੂੰ ਜਗ੍ਹਾ ਦਿੱਤੀ ਗਈ । ਇਹ ਤਾਂ ਮਾਨੋ ਅਕਾਸ਼ਾਂ ਤੋਂ ਉੱਤਰੇ ਸੱਚ, ਸੁੱਚਤਾ ਤੇ ਅਮਲੀ ਜੀਵਨ ਲਈ ਗੁਰੂ ਸਾਹਿਬਾਨ ਤੇ ਭਗਤ-ਜਨਾਂ ਦੀ ਆਪਣੀ **Original** ਤੜਪ ਹੈ, **Original** ਪਿਆਰ ਹੈ। **Let us Understand** ਇਕ-ਇਕ ਲਫ਼ਜ਼, ਇਕ-ਇਕ ਸੂਖਮ **(Nuance)**, ਇਕ-ਇਕ ਭਾਵਨਾ, ਇਕ-ਇਕ ਵਿਚਾਰ ਉਸ ਕਲੇਜੇ ਦੇ ਅੰਦਰੋਂ ਉਤਪੰਨ ਹੋਇਆ ਹੈ ਜਿੱਥੇ ਵਾਹਿਗੁਰੂ ਆਪ ਨਿਵਾਸ ਕਰਦੇ ਹਨ । ਇਸੇ ਲਈ ਜੋ ਅੱਜ ਲਿਖਣ ਲੱਗਾ ਹਾਂ ਉਹ ਵੈਰਾਗ ਦੇ ਆਂਸੂਆਂ ਵਿੱਚੋਂ ਨਿਕਲਿਆ ਸੁਖ ਹੈ, ਕਿਉਂਕਿ ੧੪੩੦ ਪੰਨੇ ਅਨੰਦ ਅਨੰਦ ਹੀ ਤਾਂ ਹਨ, ਅੱਖਰ ਸ਼ਬਦ ਜਿਹੜੇ ਮਰਜ਼ੀ ਹੋਣ, ਜਿਹੜੇ ਵਿਸ਼ੇ 'ਤੇ ਹੋਣ ਤੇ ਜਿਹੜੀ ਮਰਜ਼ੀ ਅਵਾਜ਼ ਤੋਂ ਹੋਣ । ਸੁਰ, ਖ਼ਿਆਲ, ਲੈਅ, ਧਿਆਨ, ਲਗਨ, ਪ੍ਰੇਮ, ਬਿਹਬਲਤਾ, ਇਕਸਾਰਤਾ, **Devotion Dedication** ਇਕੋ-ਇਕ ਵਿੱਚ ਸਮਾਏ ਰਹਿਣ ਦੀ ਪੁਕਾਰ ਇਕ ਹੀ ਹੈ ।

ਸਾਡੇ ਸਾਰਿਆਂ ਦਾ ਤਜਰਬਾ ਹੈ ਕਿ ਨਿੱਕਾ ਬੱਚਾ ਜਦ ਮਾਤਾ ਦਾ

ਦੁੱਧ ਪੀਂਦਾ ਹੈ, ਗੋਦੀ ਵਿੱਚ ਖੇਡਦਾ, ਖਰਮਸਤੀਆਂ ਕਰਦਾ, ਅਨੰਦ ਵਿੱਚ ਆਪਣੀ ਛੋਟੀ ਜਿਹੀ ਉਂਗਲੀ ਨਾਲ ਕਦੇ ਮਾਂ ਦੇ ਕੱਪੜਿਆਂ ਨਾਲ ਜਾਂ ਕਦੇ ਦੂਜੇ ਭੈਣ-ਭਰਾ ਨਾਲ ਖੇਡੀ ਜਾਂਦਾ ਹੈ; ਪਰ ਰਸਕ-ਰਸਕ ਦੁੱਧ ਪੀਣ ਵਿੱਚੋਂ ਇਕ ਨਿਮਖ ਵੀ ਧਿਆਨ ਇਧਰ-ਉਧਰ ਨਹੀਂ ਹੁੰਦਾ । ਜੇ ਮਾਂ ਦੇ ਹਿੱਲਣ ਨਾਲ ਜ਼ਰਾ ਕੁ ਥਣ ਮੂੰਹੋਂ ਨਿਕਲਣ ਦੀ ਦੇਰ ਹੈ ਕਿ ਹਾਲ ਦੁਹਾਈ, ਚੀਕ ਚਿਹਾੜਾ, ਅਸਮਾਨ ਸਿਰ 'ਤੇ ਚੁੱਕ ਲੈਂਦਾ ਹੈ । ਕਦੇ ਸੋਚਿਆ ਹੈ ਅਸੀਂ ਇੰਵ ਕਿਉਂ ਹੁੰਦਾ, ਕਿਉਂਕਿ—

੧. ਉਹ ਬੱਚਾ ਹੈ—ਉਸ ਲਈ ਹੋਰ ਕੁਝ **Exist** ਹੀ ਨਹੀਂ ਕਰਦਾ । ਉਹ ਇਕ ਮਾਂ ਹੀ ਮਾਂ ਜਾਣਦਾ ਹੈ ਤੇ ਡੰਗ ਟਪਾਉ ਖੇਡਾਂ ਹੋਰਨਾਂ ਨਾਲ ਕਰਦਾ ਹੈ, ਤਾਂ ਵੀ '**Centre**' ਮਾਂ ਹੀ ਹੈ । ਉਹ ਡਰ ਜਾਂਦਾ ਹੈ ਹਾਏ! ਮਾਂ ਨਾ ਛੁੱਟ ਜਾਏ ਹੱਥੋਂ ।

੨. ਉਸਨੂੰ ਨੂੰ ਸਮਝ ਨਹੀਂ ਹੁੰਦੀ ਕਿ ਥਣ ਮਾਂ ਦੇ ਹਿੱਲਣ ਨਾਲ ਹੀ ਮੂੰਹੋਂ ਨਿਕਲਿਆ ਹੈ ਤੇ ਮਾਂ ਨੇ ਆਪ ਹੀ ਮੁੜ ਮੇਰੇ ਮੂੰਹ ਵਿੱਚ ਪਾ ਦੇਣਾ ਹੈ ।

੩. ਉਹ **Suddenness** 'ਤੇ ਇਤਨਾ ਘਬਰਾ ਜਾਂਦਾ ਹੈ ਕਿ ਸੁੱਧ-ਬੁੱਧ ਵਿਸਰ ਜਾਂਦੀ ਹੈ ਅਤੇ ਬਹਿਸਾਂ ਜਾਂ ਦਲੀਲਾਂ ਕਰਨ ਤੋਂ ਅਨਜਾਣ ਹੋਣ ਕਰਕੇ ਚੀਕ ਚਿਹਾੜਾ ਪਾਉਂਦਾ ਹੈ ।

੪. ਮਾਤਾ ਦੇ ਮੂੰਹੋਂ ਇਕ ਛਿੰਨ ਲਈ ਜਦ ਥਣ ਮੂੰਹੋਂ ਨਿਕਲਿਆ ਹੋਇਆ ਸੀ, ਲਾਡ ਹੀ ਨਿਕਲਦਾ ਹੈ—ਪਰ ਉਹ ਰੋਈ ਜਾਂਦਾ ਹੈ । ਲਾਡ ਨਹੀਂ ਸੁਣਦਾ, ਤੜਪ ਦੁੱਧ ਦੀ ਹੈ, ਇਕ ਮਨ ਇਕ ਚਿੱਤ ਉਸ ਵਿੱਚ ਹੈ ।

੫. ਉਹ ਚਤੁਰਾਈਆਂ ਰਹਿਤ **Innocent** ਹੈ, ਮਾਸੂਮ ਹੈ, ਉਹ ਅੰਦਾਜ਼ਾ ਹੀ ਨਹੀਂ ਲਾ ਸਕਦਾ, ਹੁਣ ਅੱਗੋਂ ਕੀ ਹੋਵੇਗਾ?

ਚੱਲੋ ਹੁਣ ਫੇਰ ਥਣ ਮੂੰਹ ਵਿੱਚ ਪੈ ਗਿਆ, ਚੀਕਾਂ ਖ਼ਤਮ ਹੋ ਗਈਆਂ, ਮੁੜ ਅਨੰਦ ਵਿੱਚ ਲੀਨ ਹੋ ਗਿਆ; ਪਰ ਇਕ ਛਿੰਨ ਵਿੱਚ ਬੱਚੇ ਦੀ ਜ਼ਿੰਦਗੀ ਦੇ ਵਿੱਚ ਕਿਤਨਾ ਪਲਟਾ ਆਇਆ; ਪਰ ਬੱਚਾ ਸੀ ਉਹ, ਇਸ ਦਾ ਖ਼ਿਆਲ ਨਾ ਕਰਦਿਆਂ ਹੋਇਆਂ ਮੁੜ ਮਾਂ ਦੇ ਦੁੱਧ ਵਿੱਚ ਮਸਤ ਹੋ ਕੇ ਅਨੰਦ ਵਿੱਚ ਰਹਿਣ ਲੱਗਾ ।

ਗੁਰੂ ਸਾਹਿਬਾਂ ਦਾ ਕਮਾਲ ਵੇਖੋ ਇਤਨੀ ਬਿਹਬਲਤਾ ਤੇ ਤੜਪ ਦੇ ਛਿੰਨ ਨੂੰ ਲੈ ਕੇ ਸਿੱਖ ਤੇ ਗੁਰੂ ਜਾਂ ਜਗਿਆਸੂ ਤੇ ਪ੍ਰਭੂ ਦਾ ਰਿਸ਼ਤਾ ਖਿੱਚ



ਦਿੱਤਾ—

੧. ਸਿੱਖ ਜਦੋਂ ਗੁਰੂ ਤੋਂ ਦੂਰ ਹੋ ਜਾਏ, ਨਾਮ ਵਿੱਚੋਂ ਰਸ ਨਾ ਆਵੇ, ਅੰਦਰ ਸਹਿਜ ਨਾ ਹੋਵੇ, ਈਰਖਾ ਵੈਰ ਘੇਰ ਲੈਣ, ਆਕੜ ਪ੍ਰਬਲ ਹੋ ਜਾਏ, ਫਿੱਕਾ ਬੋਲਿਆ ਜਾਏ, **Arrogance** ਵਿੱਚ **"ਸਭਨਾ ਦੀ ਰੇਣੁਕਾ"** ਬਣਨਾ ਭੁੱਲ ਜਾਏ, ਸਭ ਨਾਲ ਪ੍ਰੇਮ ਕਰਨ ਦੀ ਥਾਂ "ਹਮ ਕੁਛ ਹੈਂ" ਬਣਨ ਦਾ ਚਾਅ ਚੜ੍ਹ ਜਾਏ, ਪਰਾਈ ਇਸਤਰੀ ਮਰਦ ਨਾਲ ਗੰਦਾ ਵਿਚਾਰ ਉਤਪੰਨ ਹੋ ਜਾਏ—ਮਤਲਬ ਕਿਸੇ ਤਰ੍ਹਾਂ ਵੀ ਜਦ ਸਾਹਿਬਾਂ ਦੀ ਹਜ਼ੂਰੀ ਦੀ ਘਾਟ ਦਿਸਣ ਲੱਗੇ ਤਾਂ ਉਹ ਵੀ ਵਿਲਕਦਾ ਹੈ ਉਸੇ ਬੱਚੇ ਵਾਂਗ ਜਿਸ ਦੇ ਮੂੰਹੋਂ ਮਾਤਾ ਦਾ ਥਣ ਨਿਕਲਿਆ ਹੈ । ਇਹ ਤਾਂ ਹੀ ਹੁੰਦਾ ਹੈ ਜਦ ਸਿੱਖ ਨੇ ਗੁਰੂ ਨੂੰ ਹੀ—ਤੇ ਕੇਵਲ ਗੁਰੂ ਨੂੰ ਹੀ ਆਪਣੇ ਜਾਣਿਆਂ ਹੋਵੇ, ਦੁਨਿਆਵੀ ਲੋਕ-ਲਾਜ, ਝੂਠ ਦਾ ਪਸਾਰਾ ਲੋਕ-ਲਾਜ, ਸਭ ਕੁਝ ਛੱਡ ਕੇ ਬੱਚੇ ਵਾਂਗ ਹੀ ਬਣ ਗਿਆ ਹੋਵੇ ।

੨. ਸਿੱਖ ਦਾ ਪੂਰਾ ਧਿਆਨ ਤੇ ਪੂਰੀ ਬਿਹਬਲਤਾ ਕਹਿੰਦੀ ਹੈ—

ੳ) ਸਾਹਿਬਾ ਮੇਰਾ ਕੀ ਬਣੇਗਾ?

ਅ) ਇਹ ਛਿੰਨ ਕਿਵੇਂ ਲੰਘੇਗਾ?

ੲ) ਮੁੜ ਮਿਲੇਂਗਾ ਕਿ ਨਹੀਂ?

ਸ) ਫਿਰ ਚਰਨਧੂੜ ਬਖ਼ਸ਼ੇਂਗਾ ਕਿ ਨਹੀਂ?

ਹ) ਫਿਰ ਪਿਆਰ ਕਰੇਂਗਾ ਕਿ ਨਹੀਂ?

ਜਿਵੇਂ ਬੱਚੇ ਦੇ ਨਾਲ ਮਾਂ ਦਾ ਜਿਸਮ ਹੈ, ਮਾਂ ਦੀ ਨੇੜਤਾ ਹੈ, ਮਾਂ ਦਾ ਨਿੱਘ ਹੈ ਤਿਵੇਂ ਸਿੱਖ ਦੇ ਕੋਲ ਬਾਣੀ ਹੈ, ਸਾਹਿਬਾਂ ਦੇ ਹੁਕਮਾਂ Guarantee ਹੈ; ਪਰ ਸਿੱਖ ਚੀਕਾਂ ਮਾਰਦਾ ਹੈ ਉਸ ਸੁੱਖ ਨੂੰ ਯਾਦ ਕਰਕੇ ਜਿਹੜਾ ਗੁਰੂ ਦੇ ਆਖੇ ਲੱਗਣ ਵਿੱਚ ਸੀ ਤੇ ਹੁਣ ਹੁਕਮ ਅਦੂਲੀ ਕਰਕੇ ਖੁੱਸ ਗਿਆ ਹੈ, ਮੁੜ ਮਿਲੇਗਾ ਕਿ ਨਹੀਂ ।

੩. ਇਕ Wonderful ਗੱਲ ਇਹ ਹੈ ਕਿ ਜਿਵੇਂ ਬੱਚੇ ਦੇ ਅੱਥਰੂਆਂ ਵਿੱਚ ਉਮੀਦ ਹੈ, ਸਿੱਖ ਦੀ ਲਿਲ੍ਹਕ, ਵਿੱਚ Guarantee ਦਾ ਵਾਸਤਾ ਹੈ, ਜਿਵੇਂ ਬੱਚੇ ਦੀ ਤੜਪ ਵਿੱਚ ਜੁੜਨ ਦਾ ਅਮਿੱਟਵਾਂ ਦਰਦ ਹੈ ਤਿਵੇਂ ਸਿੱਖ ਵਿੱਚ "ਤੂੰ ਹੀ ਤੂੰ ਹੀ" ਦਾ ਅਹਿਸਾਸ ਹੈ ।

੪. ਇਸ ਤੋਂ ਵੱਧ Wonderful ਗੱਲ ਇਹ ਹੈ ਕਿ ਜਦ ਸਿੱਖ ਫਿਰ ਉਹ ਠੰਢ, ਉਹ ਸਹਿਜ, ਉਹ ਪਿਆਰ, ਉਹ ਨਿੱਘ, ਉਹ ਹਜ਼ੂਰੀ ਵਾਪਸ

ਪਾ ਲੈਂਦਾ ਹੈ ਤਾਂ ਉਸੇ ਬੱਚੇ ਵਾਂਙ ਅਨੰਦ ਮਾਣਦਾ ਹੈ ਜਿਸ ਦੇ ਮੂੰਹ ਵਿੱਚ ਥਣ ਮੁੜ ਪੈ ਗਿਆ ਹੈ ਤੇ ਉਹ ਗੋਦ ਵਿੱਚ ਫਿਰ Enjoy ਕਰ ਰਿਹਾ ਹੈ ।

ਕੁਝ ਦਿਨ ਹੋਏ ਮੇਰੇ ਆਪਣੇ ਨਾਲ ਬਿਲਕੁਲ ਇਸ ਤਰ੍ਹਾਂ ਹੋਇਆ । ਮੈਂ ਬਹੁਤ ਵਾਰ Repeatedly ਆਕੜ ਵਿੱਚ ਇਸ ਤਰ੍ਹਾਂ ਫਸ ਗਿਆ ਕਿ ਸਾਹਿਬਾਂ ਦਾ ਹੁਕਮ ਭੁੱਲ ਹੀ ਗਿਆ ਕਿ—

੧. ਮੈਂ ਸਭ ਦੀ ਚਰਨਧੂੜ ਬਣਨਾ ਹੈ—ਤੇ ਮੈਂ ਆਪਣਾ ਆਪ ਜਤਾਉਣ ਲੱਗਾ ।

੨. ਮੈਨੂੰ ਕੋਈ ਸਨਮਾਨ ਦੇ ਰਿਹਾ ਹੈ ਕਿ ਨਹੀਂ—ਇਹ ਖ਼ਿਆਲ ਲਗਾਤਾਰ ਆਉਣ ਲੱਗਾ ।

੩. ਮੈਂ ਕਿਤਨਾ ਵੱਡਾ ਹਾਂ, ਕਿਤਨਾ ਤਿਆਗੀ ਹਾਂ, ਕਿਤਨਾ “ਮਹਾਨ ਪੁਰਸ਼” ਹਾਂ, ਕਿਤਨਾ “ਪਰਉਪਕਾਰੀ” ਹਾਂ, ਤੋਲਣ ਲੱਗਾ ਤੇ ਦੂਜਿਆਂ ਨਾਲ ਮੁਕਾਬਲੇ ਕਰਨ ਲੱਗਾ ।

੪. ਬਹੁਤ ਸਾਰੇ ਬੱਚੇ ਜਦ ਵਾਹ-ਵਾਹ ਕਰਨ ਲੱਗੇ ਤਾਂ ਮੈਂ Perfect ਬਣਨ ਦਾ ਖ਼ਾਬ ਲੈਣ ਲੱਗਾ । ਮੂੰਹੋਂ ਤਾਂ ਕਹਿਣ ਲੱਗਾ ਸਭ ਕੁਝ ਸਾਹਿਬ ਕਰਦੇ ਹਨ । ਮੈਂ ਤਾਂ ਕੂਕਰ ਹਾਂ । ਮੈਂ ਤਾਂ ਮੂਰਖ ਹਾਂ ਪਰ ਸਭ ਨਾਲ ਖੌਹਰਾ ਬੋਲ ਕੇ ਆਪਣੇ ਪਰਉਪਕਾਰੀ ਹੋਣ ਦਾ ਢੰਡੋਰਾ ਪਿੱਟਣ ਲੱਗਾ । ਮੈਨੂੰ ਬਹੁਤੀ ਜਾਚ ਹੈ ਸੇਵਾ ਦੀ । ਮੇਰੇ ਖ਼ਿਆਲ ਉੱਚੇ ਹਨ ਇਤਿਆਦਿਕ।

੫. ਇਉਂ ਜਾਪਦਾ ਹੈ ਕਿ ਸਾਹਿਬ ਤੱਕਦੇ ਰਹੇ ਮੇਰੇ ਵੱਲ ਮੱਤ ਦੇਣ ਲਈ, ਸਮਝਾਉਣ ਲਈ, ਪਰ ਮੇਰੀ ਆਕੜ ਅਸਮਾਨ ’ਤੇ ਸੀ; ਮੈਂ ਪਰਵਾਹ ਨਾ ਕੀਤੀ । ਜਦ ਸਾਹਿਬਾਂ ਨੇ ਤੱਕਿਆ ਮਾਣ ਨਾਲ ਬੇੜਾ ਗਰਕ ਹੀ ਹੋ ਰਿਹਾ ਹੈ ਤਾਂ—

੧. ਬੋਲਣਾ ਹੀ ਬੰਦ ਕਰ ਦਿੱਤਾ ।

੨. ਨਜ਼ਰਾਂ ਫੇਰ ਲਈਆਂ ।

੩. ਮੇਰੇ ਘੜੀ-ਘੜੀ ਬੁਲਾਉਣ ’ਤੇ ਜਵਾਬ ਦੇਣਾ ਬੰਦ ਕਰ ਦਿੱਤਾ ।

੪. ਮੈਨੂੰ ਇਵੇਂ ਮਹਿਸੂਸ ਕਰਾਇਆ ਕਿ ਮੇਰੀ ਕੋਈ ਵੀ ਗੱਲ ਸਾਹਿਬਾਂ ਨੂੰ ਚੰਗੀ ਨਹੀਂ ਲੱਗਦੀ ।

੫. ਮੈਨੂੰ ਇਵੇਂ **Impression** ਦਿੱਤਾ ਹੈ ਕਿ ਹੁਣ ਫ਼ਾਈਨਲ ਕਾਟੀ ਹੈ ਤੇ ਹੁਣ ਕਦੇ ਨਹੀਂ ਬੋਲਣਗੇ ।



ਆਪ ਕਹੋਗੇ ਕਿ ਇਹ ਕੀ **mysterious** Sir, ਲਿਖਦਾ ਹਾਂ । ਨਹੀਂ **mysterious** ਨਹੀਂ! ਸਾਹਿਬ ਸੱਚਮੁੱਚ ਡਾਢੇ ਪਿਤਾ ਹਨ, **strict** ਪਤੀ ਹਨ, ਕਰੜੇ ਮਿੱਤਰ ਹਨ ਤੇ ਲਿਹਾਜ਼ ਨਹੀਂ ਕਰਦੇ । ਉੱਪਰਲੀਆਂ ਗੱਲਾਂ ਕਿਵੇਂ ਮਹਿਸੂਸ ਹੋਈਆਂ, ਬਾਣੀ ਪੜ੍ਹਨ ਵਿੱਚ ਨਾ ਧਿਆਨ, ਨਾ ਸੁਆਦ, ਸ਼ਬਦ ਪੜ੍ਹਨ ਵਿੱਚ ਪਰਸਨਲ ਪਿਆਰ ਦਾ ਰਿਸ਼ਤਾ ਨਾ ਜਾਪੇ, ਮਨ ਕਿਸੇ ਤਰ੍ਹਾਂ ਵੀ ਨਾ ਧਰੇ । ਪ੍ਰੇਸ਼ਾਨੀ ਇਤਨੀ ਵਧ ਗਈ ਕਿ ਹੁਣ ਮਰ ਕਿਉਂ ਨਹੀਂ ਜਾਂਦਾ—ਸਾਹਿਬਾਂ ਕੋਲ ਜਾਵਾਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਠ ਕਰਾਂ, ਨਾ ਸਵਾਦ ਆਵੇ, ਅੱਥਰੂ ਵੀ ਨਾ ਆਉਣ, ਰੋਣ ਵੀ ਨਾ ਆਵੇ, ਆਖ਼ਿਰ ਬੇਹਾਲ ਹੋ ਹੋ ਕੇ ਇਨ੍ਹਾਂ ਸ਼ਬਦਾਂ ਦੀ ਓਟ ਲੈ ਕੇ ਮਿੰਨਤਾਂ ਕਰਾਂ—

੧. **ਕਰਵਤੁ ਦੇ ਮੋ ਕਉ ਕਾਹੇ ਕਉ ਮਾਰੇ॥** **(ਅੰਗ ੪੮੪)**

੨. **ਰਾਮਈਆ ਹਉ ਬਾਰਿਕੁ ਤੇਰਾ॥** **(ਅੰਗ ੪੭੮)**

੩. **ਸਭ ਖਿਨ ਖਿਨ ਭੂਲ ਵਿਗਾੜ**

੪. **ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**
**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥**
**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥**
(ਅੰਗ ੬੨੪)

੫. **ਅਉਗੁਣ ਹਾਰੇ ਕੀ ਬੇਨਤੀ ਸੁਣੋ ਗਰੀਬ ਨਿਵਾਜ॥**
**ਜੋ ਹਉ ਪੂਤ ਕਪੂਤ ਹਉ ਬਹੁੜ ਪਿਤਾ ਕਉ ਲਾਜ॥**

੬. **ਮੋਹਿ ਅਨਾਥ ਕੀ ਕਰਹੁ ਸਮਾਈ॥**

੭. **ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ॥** **(ਅੰਗ ੭੬੧)**

੮. **ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥** **(ਅੰਗ ੫੪੭)**

੯. **ਕਰਵਤੁ ਭਲਾ ਨ ਕਰਵਟ ਤੇਰੀ॥** **(ਅੰਗ ੪੮੪)**

੧੦. **ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ॥** **(ਅੰਗ ੧੨੦੩)**

ਸੱਚਮੁੱਚ ਹੌਂਸਲਾ ਟੁੱਟ ਗਿਆ, ਸਾਰੀ ਦੁਨੀਆਂ ਦਾ ਖ਼ਜ਼ਾਨਾ ਜੋ ਸਾਹਿਬਾਂ ਦੇ ਚਰਨਾਂ ਕਮਲਾਂ ਵਿੱਚ ਰਹਿਣ ਦਾ ਹਰ ਵੇਲੇ ਮੇਰੇ ਕੋਲ ਜਾਪਦਾ ਸੀ, ਸਾਰੀ ਖਲਕਤ ਪ੍ਰਭੂ ਦੇ ਪਿਆਰ ਦਾ ਸਦਕਾ ਜਿਹੜੀ ਮੇਰੀ ਲੱਗਦੀ ਸੀ, ਸਾਰੀ ਦੁਨੀਆਂ ਦਾ ਮੈਂ ਰਾਜਾ ਹੁੰਦਾ ਸੀ—ਸਭ ਕੁਝ ਖੁੱਸ ਗਿਆ—ਬੇਹਾਲ

ਤੜਪ ਵਿੱਚ ਜਦ ਉਸ ਤੱਕਿਆ ਤਾਂ ਫਿਰ **ਬੇਗ ਆਇਓ ਕਿਰਪਾ ਧਾਰੇ।** ਕਿਵੇਂ ! ਉਸ ਆਪ ਕਿਹਾ ਪੜ੍ਹ।—

**ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥** (ਅੰਗ ੬੬੦)

ਜਿਉਂ ਪੜ੍ਹਨ ਲੱਗਾ, ਰਾਜ ਤੋਂ ਕੰਗਾਲੀ, ਸਿੰਘਾਸਨ ਤੋਂ ਨਾਲੀ, ਪ੍ਰਭੂ ਨੇ ਹੱਸ ਕੇ ਪਿਆਰ ਨਾਲ ਮਿਲਣ ਤੋਂ ਘੂਰਿਆ ਤੇ ਸੁਖ ਤੋਂ ਅਤਿਅੰਤ ਦੁੱਖ—ਇਹ ਸਾਰਾ ਨਕਸ਼ਾ ਘੁੰਮਣ ਇਵੇਂ ਲੱਗਿਆ ਕਿ ਪਹਿਲਾਂ ਤਾਂ ਸਾਹਿਬਾਂ ਦੇ ਡੁਸਕੋਰੇ ਦੇਖ ਕੇ ਤਰਸ ਖਾਧਾ, ਪਰ ਮੈਂ ਭੂਹੇ ਨਾ ਹੋ ਜਾਵਾਂ ਅਟਕਾ-ਅਟਕਾ ਕੇ ਮੁਸਕਰਾਏ । ਫੇਰ ਸਾਰਾ ਦਿਨ ਇਸ ਵਿਚਾਰ ਵਿੱਚ ਰੱਖਿਆ ਤੇ ਜਿਵੇਂ ਲੀਕਾਂ ਕਢਵਾਈਆਂ ਕਿ ਯਾਦ ਰੱਖ ਤੂੰ ਕੁਝ ਵੀ ਨਹੀਂ, ਕੇਵਲ ਸਾਹਿਬ ਹੀ ਸਾਹਿਬ ਹੈ । ਮੇਰੀ ਕੁੱਤੇ ਦੀ ਪੂਛ ਜਿਵੇਂ ਗੁਰੂ ਨੇ ਪਕੜ ਕੇ ਕੁਝ ਦੇਰ ਲਈ ਸਿੱਧੀ ਕੀਤੀ ਪਰ ਮੁੜ ਵਿੰਗੀ ਹੋ ਗਈ । ਕਮਜ਼ੋਰੀ ਮਹਿਸੂਸ ਹੋਈ ਪ੍ਰੇਸ਼ਾਨੀ ਹੋਰ ਵਧ ਗਈ । ਯਾਦ ਆਇਆ ਮੈਂ ਤਾਂ ਹੁਣ ਵੀ ਨਿਰੀ ਦ੍ਰਿੜ੍ਹਤਾ ਨਾਲ ਨਹੀਂ ਕਹਿ ਸਕਦਾ ਕਿ—

ਹੁਣ ਆਕੜ ਨਹੀਂ ਕਰਾਂਗਾ, ਵੈਰ ਨਹੀਂ ਕਰਾਂਗਾ ਜਾਂ ਪ੍ਰਭੂ ਉਪਦੇਸ਼ਾਂ ਦੇ ਉਲਟ ਕੰਮ ਨਹੀਂ ਕਰਾਂਗਾ । ਮੇਰਾ ਤਾਂ ਸੁਭਾਅ ਹੀ ਗ਼ਲਤੀਆਂ ਕਰਨ ਦਾ ਹੈ ।

ਜਦ ਉਸ ਮੈਨੂੰ ਇਸ ਪ੍ਰੇਸ਼ਾਨੀ ਵਿੱਚ ਤੱਕਿਆ ਤਾਂ ਦੌੜ ਕੇ ਪਿਆਰ ਕਰਕੇ ਕਹਿਣ ਲੱਗਾ ਐਤਕੀਂ ਤਾਂ ਤੇਰਾ ਪਛਤਾਵਾ ਮਨਜ਼ੂਰ, ਪਰ ਤੈਨੂੰ ਹੁਸ਼ਿਆਰ ਬਨਾਉਣ ਦਾ ਹੋਰ ਕੋਈ ਤਰੀਕਾ ਵੀ ਤਾਂ ਨਹੀਂ ਸੀ । ਕਰਨ ਵਾਲਾ ਸਭ ਕੁਝ ਮੈਂ ਹੀ ਹਾਂ ਪਰ ਤੂੰ ਮੇਰੇ ਨਾਲ ਪਿਆਰ ਦਾ ਲੜ ਨਹੀਂ ਛੱਡੇਂਗਾ ਤਾਂ ਮੈਂ ਘੜੀ-ਘੜੀ ਰਖਵਾਲੀ ਕਰਾਂਗਾ ।

ਆਪ ਦੇ ਚਰਨਾਂ ਵਿੱਚ ਇਕ Contradictory ਗੱਲ ਰੱਖਣ ਲੱਗਾ ਹਾਂ । ਉਹ ਇਹ ਜੇ—

੧. ਸਵਾਦ ਹੀ ਉਸ ਪਤੀ ਦਾ ਹੈ ਜਿਹੜਾ ਅਤਿਅੰਤ ਪਿਆਰ ਕਰੇ; ਪਰ ਉਸੇ ਪਿਆਰ ਦੇ ਸਦਕੇ ਬਿਲਕੁਲ ਵਿਛੋੜ ਦੇਵੇ ਜਦ ਇਹ ਵੇਖੇ ਕਿ ਪਤਨੀ ਠੀਕ ਚਲਦੀ ਹੈ ।

੨. ਸਵਾਦ ਹੀ ਉਸ ਪਿਤਾ ਦਾ ਹੈ ਜਿਹੜਾ ਰੱਜ ਕੇ ਪਿਆਰ ਕਰੇ; ਪਰ ਰੱਜ ਕੇ ਸਖ਼ਤੀ ਵੀ ਕਰੇ ਤੇ ਸਮਝਾਏ । ਨਾਲੇ ਕੋਈ ਖੇਡ ਹੀ ਹੋਣੀ ਹੈ । ਪ੍ਰਭੂ



ਦੇ ਪਿਆਰ ਦਾ ਪਤਾ ਹੀ ਤਾਂ ਲੱਗਦਾ ਹੈ ਤੇ ਚਰਨ ਕਮਲ ਦੀ ਮੌਜ ਵਿੱਚ ਰਹਿਣ ਦਾ ਸਵਾਦ ਹੀ ਤਾਂ ਆਉਂਦਾ ਹੈ ਜਦ ਚੀਕਾਂ ਨਿਕਲ ਜਾਣ ਤੇ ਵਿਛੋੜਾ ਮੌਤ ਜਾਪੇ । ਜਿਸ ਨੇ ਬੈਰਾਗ ਦਾ ਦੁੱਖ, ਵਿਛੋੜੇ ਦੀ ਧੁਖਣੀ ਬੇਹਾਲੀ ਪ੍ਰੇਮ ਦੇ ਤੀਰ ਨਾ ਸਹੇ ਹੋਣ । ਝੂਠ ਤੇ ਸੱਚ ਤਾਂ ਸਾਹਿਬ ਜਾਣਨ, ਪਰ ਮੇਰੇ ਲਈ ਤਾਂ ਗੁਰੂ ਚਰਨਾਂ ਦਾ ਪਿਆਰ ਹੀ ਸੱਚ ਤੇ ਝੂਠ ਦਾ ਫ਼ਰਕ ਹੈ । ਮੇਰਾ ਗੁਰੂ ਮੈਨੂੰ ਪਿਆਰ ਨਾਲ ਪੜ੍ਹਨ ਦਿੰਦਾ ਹੈ ।

**"ਗੁਰ ਕੀ ਸਰਣਿ ਰਹਉ ਕਰ ਜੋਰਿ॥"** (ਅੰਗ ੮੬੪)

ਮੈਂ ਸਮਝਦਾ ਹਾਂ, ਮੈਨੂੰ ਉਹ ਚਰਨਾਂ ਵਿੱਚ ਰੱਖ ਕੇ ਰਾਜ਼ੀ ਹੈ । ਸਬੂਤ—ਰਸਕ-ਰਸਕ ਸਵਾਦ ਤੇ ਮਸਤੀ ਨੂੰ ਜਦ ਇਹ ਵੀ ਨਹੀਂ ਪਤਾ ਲੱਗਦਾ ਕਿ ਸਾਹਿਬ ਦੀ ਪਿਆਰ ਭਰੀ ਨਜ਼ਰ ਹੈ ਕਿ ਨਹੀਂ, ਤਾਂ ਮੈਂ ਦੁਖੀ ਹੋ ਜਾਂਦਾ ਹਾਂ ।

ਇਸ ਲੇਖ ਵਿੱਚ ਕੋਈ ਫ਼ਿਲਾਸਫ਼ੀ ਨਹੀਂ । ਨਾ ਹੀ ਮੈਂ ਇਸ ਜੋਗਾ ਹਾਂ ਤੇ ਨਾ ਹੀ ਮੇਰੇ ਵਿੱਚ ਅਕਲ ਹੈ । ਮੇਰਾ ਕੇਵਲ ਇਕ ਨਿੱਕਾ ਜਿਹਾ ਯਤਨ ਹੈ ਕਿ ਸਾਹਿਬਾਂ ਦੀ ਸਾਰੀ ਦੀ ਸਾਰੀ ਬਾਣੀ ਇਕ ਅੰਮ੍ਰਿਤ ਭਰੀ ਪਰਸਨਲ ਡੈਲੀਕੇਟ ਪਿਆਰ ਭਰੀ ਅਵਾਜ਼ ਹੈ । ਆਪਣੇ ਪਿਆਰੇ ਸਮਝੇ ਭਾਵੇਂ ਬੈਰਾਗ ਵਿੱਚ, ਭਾਵੇਂ ਆਨੰਦ ਵਿੱਚ, ਭਾਵੇਂ ਪ੍ਰੀਤ ਵਿੱਚ, ਭਾਵੇਂ ਪੰਜਾਂ ਚੋਰਾਂ ਤੋਂ ਚਿਤਾਵਨੀ ਵਿੱਚ, ਭਾਵੇਂ ਬੁਰੀ ਮੱਤ ਅਵਸਥਾ ਵਿੱਚ । ਸਿੱਖ ਨੂੰ ਸਾਹਿਬਾਂ ਅਨੰਦ ਦਿੱਤਾ ਤੇ ਸਿੱਖ ਨੇ ਅਨੰਦ ਲਿਆ—ਇਕੋ ਕੁਨੈਕਸ਼ਨ ਹੈ ਪਰ ਸਵਿੱਚ ਗੁਰੂ ਕੋਲ ਹੈ । ਅਰਦਾਸ ਕਰਦੇ ਰਹੀਏ ਸਵਿੱਚ ਔਨ ਨਾ ਕਰੀਂ—ਤੇ ਜੇ ਇਸੇ ਜੋਗਾ ਹੈਂ ਤਾਂ ਮੇਰੀ ਜ਼ਿੰਦਗੀ ਦਾ ਸਵਿੱਚ ਔਫ ਕਰ ਦੇਵੀਂ । ਜੇ ਗੁਰੂ ਦੇ ਚਰਨਾਂ ਵਿੱਚ ਥਾਂ ਨਹੀਂ ਤਾਂ ਹੋਰ ਕਿਤੇ ਕੁਝ ਵੀ ਨਹੀਂ । ਹੋਰ ਰੋਸ਼ਨੀ ਸਭ ਝੂਠੀ ਹੈ ਤੇ ਗੁਰੂ ਦੇ ਚਰਨਾਂ ਵਿੱਚ ਰਾਜ ਹੈ ਸਾਰੀ ਸ੍ਰਿਸ਼ਟੀ ਦਾ ।

# ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ
# ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ

ਪ੍ਰੀਤਾਂ ਤਾਂ ਸੁਣੀਆਂ ਸਨ ਕਈ ਵਾਰ ਕਈ ਕਿਸਮਾਂ ਦੀਆਂ ਕਈਆਂ ਦੀ ਜ਼ਬਾਨੀ, ਕਈਆਂ ਦੇ ਤਜਰਬੇ, ਕਈਆਂ ਦਾ ਅੰਦਾਜ਼ਾ; ਪਰ ਜੋ ਤੂੰ ਮੇਰੇ ਨਾਲ ਕੀਤਾ ਹੈ, ਮੇਰੇ ਸੱਚੇ ਤੇ ਸੁੱਚੇ ਮਿੱਤਰ, ਮੇਰੇ ਜਨਮਾਂ-ਜਨਮਾਂ ਦੇ ਸਾਥੀ, ਮੇਰੇ ਹਲਤ-ਪਲਤ ਦੇ ਰਖਵਾਲੇ, ਮੇਰੇ ਮਾਤਾ-ਪਿਤਾ, ਬੰਧਪ, ਰਿਸ਼ਤੇਦਾਰ, ਮੇਰੇ ਸਖਾ-ਮਿੱਤਰ, ਮੇਰੇ ਲਾਲਨ, ਮੇਰੇ ਪ੍ਰਾਣਾਂ ਦੇ ਸਿਰਤਾਜ, ਮੇਰੇ ਪਤੀ ਪਰਮੇਸ਼ਰ, ਮੇਰੇ ਮਾਲਕ ਗੁਰੂ ਗ੍ਰੰਥ ਸਾਹਿਬ ਮਹਾਰਾਜ, ਜੇ ਮੇਰਾ ਰੋਮ ਰੋਮ ਹਰ ਘੜੀ ਹਰ ਪਲ ਸਾਰੀ ਰਹਿੰਦੀ ਉਮਰ ਵਿੱਚ ਸ਼ੁਕਰ-ਸ਼ੁਕਰ ਹੀ ਕਹਿੰਦਾ ਰਹੇ ਤੇ ਹੋਰ ਕੁਝ ਵੀ ਨਾ ਕਰੇ ਤਾਂ ਵੀ ਇਕ ਤਿਲ ਜਿੰਨਾ ਵੀ ਸ਼ੁਕਰ ਨਹੀਂ ਕਰ ਸਕਾਂਗਾ, ਕਿਉਂਕਿ

੧. ਮੈਂ ਇਹ ਤਾਂ ਸੁਣਿਆ ਸੀ ਕਿ ਪਿਆਰ ਦੋਵੇਂ ਪਾਸਿਓਂ ਹੁੰਦਾ ਹੈ ਤੇ ਦੋਹਾਂ ਧਿਰਾਂ ਵੱਲੋਂ ਕੁਰਬਾਨੀ ਦੀ ਲੋੜ ਹੁੰਦੀ ਹੈ ।

੨. ਇਹ ਕਿਹਾ ਜਾਂਦਾ ਹੈ ਕਿ ਪਿਆਰ ਕਰਨ ਵਾਲਿਆਂ ਵਿੱਚ ਕੁਝ ਮਿਲਦੀਆਂ-ਜੁਲਦੀਆਂ ਖ਼ੂਬੀਆਂ ਹੁੰਦੀਆਂ ਹਨ ।

੩. ਕਿਸੇ ਦੱਸਿਆ ਸੀ ਕਿ ਜੇ ਦੋ ਧਿਰਾਂ ਵਿੱਚ ਪਿਆਰ ਹੋਵੇ ਤਾਂ ਸਮਝੋ ਇਕ ਦੂਜੇ ਕੋਲੋਂ ਕੋਈ ਮਤਲਬ ਕੱਢਣਾ ਹੈ ।

੪. ਇਹ ਵੀ ਸੁਣਿਆ ਸੀ ਕਿ ਦੋ ਪਿਆਰ ਕਰਨ ਵਾਲੇ ਇਕ ਦੂਜੇ ਤੋਂ ਸਭ ਕੁਝ ਨਿਛਾਵਰ ਕਰ ਦਿੰਦੇ ਹਨ ।

੫. ਕਿਸੇ ਇਹ ਵੀ ਦੱਸਿਆ ਸੀ ਕਿ ਪਿਆਰ ਤਾਂ ਹੀ ਨਿਭਦਾ ਹੈ ਜੇ ਦੋਵੇਂ ਧਿਰਾਂ ਇਕੋ ਦਰਜੇ ਦੀਆਂ ਹੋਣ, ਇਕੋ ਜਿਹਾ Status ਹੋਵੇ ਤੇ ਇਕੋ ਜਿਹੀ ਇੱਜ਼ਤ ਹੋਵੇ ।

### A MIRACLE

ਪਰ ਤੇਰੇ ਮੇਰੇ ਪਿਆਰ ਵਿੱਚ ਤਾਂ ਇਹ ਸਾਰੀਆਂ ਗੱਲਾਂ ਝੂਠੀਆਂ ਸਾਬਤ ਹੋਈਆਂ ਹਨ, ਕਿਉਂਕਿ ਸਾਡੇ ਪਿਆਰ ਵਿੱਚ ਤਾਂ

੧. ਤੂੰ ਹੀ ਸਭ ਕੁਝ ਹੈਂ, ਮੈਂ ਤਾਂ ਕੰਗਾਲ ਦਾ ਕੰਗਾਲ ਹਾਂ, ਦੀਨਾਂ ਦਾ ਦੀਨ ਹਾਂ, ਹੀਣਾਂ ਦਾ ਹੀਣ ਹਾਂ ।



੨. ਜਿਤਨਾ ਤੂੰ ਵੱਡਾ ਹੈਂ, ਉਤਨਾ ਹੀ ਮੈਂ ਨੀਚ ਹਾਂ ।

੩. ਜਿਤਨਾ ਤੂੰ ਸਮਰੱਥ ਹੈਂ, ਉਤਨਾ ਹੀ ਮੈਂ ਲਾਚਾਰ ਹਾਂ ।

੪. ਜਿਤਨਾ ਤੂੰ ਸੁਖਦਾਇਕ, ਸੱਚਾ, ਸੁੱਚਾ, ਨਿਰਭਉ, ਨਿਰਵੈਰ ਹੈਂ, ਉਤਨਾ ਹੀ ਮੈਂ ਮਤਿਹੀਣ, ਗੰਦਾ, ਲੋਭ ਲਹਿਰ ਵਿੱਚ ਫੜਿਆ ਹੋਇਆ, ਅਹੰਕਾਰ ਤੇ ਕਰੋਧ ਦਾ ਸ਼ਿਕਾਰ, ਮੋਹ ਵਿੱਚ ਬੱਧਾ ਹੋਇਆ ਤੇ ਕਾਮ ਵਿੱਚ ਲੀਨ ਪਸ਼ੂ ਹਾਂ ।

੫. ਜਿਤਨਾ ਤੂੰ ਦਇਆਲੂ ਹੈਂ ਉਤਨਾ ਮੈਂ ਅਕ੍ਰਿਤਘਣ ਹਾਂ, ਜਿਤਨਾ ਤੂੰ ਗੁਣਾਂ ਦਾ ਖ਼ਜ਼ਾਨਾ ਹੈਂ ਉਤਨਾ ਹੀ ਮੈਂ ਅਉਗੁਣਾਂ ਦਾ ਭਰਿਆ ਹੋਇਆ ਹਾਂ, ਜਿਤਨਾ ਤੂੰ ਬਖ਼ਸ਼ਿੰਦ ਉਤਨਾ ਮੈਂ ਪਾਪੀ, ਜਿਤਨਾ ਤੂੰ ਕਿਰਪਾਲੂ ਉਤਨਾ ਹੀ ਮੈਂ ਬਿਖਿਆ ਵਿੱਚ ਲੀਨ ਹਾਂ ।

ਦੱਸ ਮੈਨੂੰ ਕਿਵੇਂ ਤੂੰ ਪਿਆਰ ਯੋਗ ਸਮਝ ਲਿਆ । ਮੈਂ ਹੈਰਾਨ ਹਾਂ ਪਰ ਮਸ਼ਕੂਰ ਹਾਂ। ਇਕ ਦਿਨ ਮੈਂ ਇਸ ਦਾ ਹੱਲ ਲੱਭ ਹੀ ਲਿਆ ਜਦ ਕਿਸੇ ਨੇ ਇਹ ਸ਼ਬਦ ਪੜ੍ਹਿਆ—

**ਮਾਧੋ ਹਮ ਐਸੇ ਤੂ ਐਸਾ॥**

ਮਤਲਬ ਇਹ ਨਿਕਲਿਆ ਕਿ ਇਹ ਤਾਂ ਪਹਿਲਾਂ ਹੀ ਨਿਸ਼ਚਿਤ ਸੀ ਕਿ ਤੇਰੇ ਮੇਰੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ; ਪਰ ਤੇਰਾ ਗੁਣ ਇਹ ਹੈ ਕਿ ਤੂੰ ਅਕ੍ਰਿਤਘਣ ਨੂੰ ਵੀ ਪਾਲਦਾ ਹੈਂ, ਢੱਠਿਆਂ ਹੋਇਆਂ ਨੂੰ ਉਠਾਉਂਦਾ ਹੈਂ, ਗੰਦਿਆਂ ਦੀ ਮੈਲ ਪੂੰਝਦਾ ਹੈਂ—ਤੇ ਭਾਵੇਂ ਮੈਨੂੰ ਹੈਰਾਨੀ ਹੋਈ ਪਰ ਤੇਰਾ ਤਾਂ ਜੁੱਗਾਂ-ਜੁੱਗਾਂ ਤੋਂ ਇਹੋ ਕੰਮ ਹੈ । ਅਜਾਮਲ, ਤਾਲਕਾ ਤੇ ਹੋਰ ਕਈਆਂ ਨੂੰ ਨਿਹਾਲ ਕੀਤਾ, ਸੱਜਣ ਠੱਗ, ਕੌਡੇ ਰਾਖਸ਼ ਨੂੰ ਤੂੰ ਮਿੱਤਰ ਬਣਾਇਆ ।

ਤੂੰ ਤਾਂ ਸਭ ਕੁਝ ਭੁੱਲ ਗਿਆ ਹੋਵੇਂਗਾ—ਨਾਲੇ ਤੂੰ ਇਹੋ ਜਿਹੀ ਮਿੱਤਰਤਾ ਕਈਆਂ ਨਾਲ ਪਾਈ ਹੋਵੇਗੀ; ਪਰ ਮੇਰਾ ਜੀਅ ਕਰਦਾ ਹੈ ਲਿਖ ਦੇਵਾਂ, ਇਕ ਤਾਂ ਇਸ ਲਈ ਕਿ ਲਿਖਦਿਆਂ ਮੁੜ ਜੀਵਾਂ ਉਨ੍ਹਾਂ ਘੜੀਆਂ ਨੂੰ, ਜਿਹੜੀਆਂ ਮੇਰੇ 'ਤੇ ਅਤਿਅੰਤ ਕਿਰਪਾ ਕਰਕੇ ਤੂੰ ਮੇਰੇ ਨਾਲ ਪਿਆਰ ਪਾਉਣ ਲੱਗਿਆਂ ਬੜੀਆਂ ਚਿਤਾਵਨੀਆਂ ਦੇ ਕੇ ਮੇਰੇ ਨਾਲ ਬਿਤਾਈਆਂ ਤੇ ਦੂਜਾ ਇਸ ਲਈ ਕਿ ਲਿਖ ਕੇ ਮੁੜ ਆਪਣਾ ਸਿਰ ਭੇਟਾ ਕਰਾਂ ਤੇ ਦਾਤਾਂ ਮੰਗਾਂ । ਉਹੀ ਦਾਤਾਂ, ਜਿਹੜੀਆਂ ਤੂੰ ਬੜੀ **Rarely** ਦਿੰਦਾ ਹੈਂ । ਮੈਂ ਕਿਉਂ ਇਹੋ ਦਾਤਾਂ ਮੰਗਦਾ ਹਾਂ ਜਿਹੜੀਆਂ ਵਿਰਲਿਆਂ ਨੂੰ ਦਿੰਦਾ ਹੈਂ; ਕਿਉਂਕਿ ਤੂੰ ਮੈਨੂੰ

ਆਦਤ ਪਾ ਦਿੱਤੀ ਹੈ ਮੇਰੇ ਨਾਲ ਉਹ ਪਿਆਰ ਕਰਕੇ ਜਿਹੜਾ ਮੈਂ ਪਹਿਲਾਂ ਵਰਣਨ ਕਰ ਚੁੱਕਾ ਸਾਂ ।

**10, OCTOBER, 1970.**

ਬੰਗਲਾ ਸਾਹਿਬ, ਨਵੀਂ ਦਿੱਲੀ, ਮਹਾਰਾਜ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਅਸਥਾਨ, ਰੈਣ-ਸਬਾਈ ਕੀਰਤਨ ਅਖੰਡ ਕੀਰਤਨੀ ਜਥੇ ਦਾ ਤੇ ਦੋ ਵਜੇ ਦਾ ਵਕਤ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਦਾ ਕੀਰਤਨ ਤੇ ਇਹ ਉੱਚੀਆਂ-ਉੱਚੀਆਂ ਲਲਕਾਰਾਂ—

੧. **ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ॥**

੨. **ਕੰਤਾ ਤੂ ਸਉ ਸੇਜੜੀ....॥**

੩. **ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵਿਛੋੜਿ॥**

ਦਰਬਾਰ ਲੱਗਾ ਹੋਇਆ ਹੈ, ਬਾਹਰ ਥੜ੍ਹੇ 'ਤੇ ਸੰਗਤਾਂ ਸੱਜੀਆਂ ਹਨ । ਇਕ ਗ਼ਰੀਬੜਾ ਸਿੱਖ ਕਮੀਜ਼ ਪੈਂਟ ਪਾਈ ਪੋਥੀ ਹੱਥ ਵਿੱਚ ਫੜ ਕੇ ਇਕ ਕੋਨੇ ਵਿੱਚ ਖੜ੍ਹਾ ਟਿਕਟਿਕੀ ਬੰਨ੍ਹ ਕੇ ਤੱਕ ਰਿਹਾ ਹੈ ਕੀਰਤਨੀਆਂ ਵੱਲ ਤੇ ਕਦੇ ਸਾਹਿਬ ਤੇਰੇ ਵੱਲ । ਉਹਦੇ ਚਿਹਰੇ 'ਤੇ ਪ੍ਰੇਸ਼ਾਨੀ ਹੈ, ਨਾ-ਉਮੀਦੀ ਹੈ; ਸ਼ਾਇਦ ਖ਼ੁਦਕੁਸ਼ੀ ਕਰਨ ਲਈ ਸੋਚ ਰਿਹਾ ਹੈ, ਦੁਖੀ ਹੈ Depression ਵਿੱਚ, ਉਦਾਸੀ ਵਿੱਚ ।

ਦਰਬਾਰ ਵਿੱਚ ਉੱਚੀਆਂ-ਉੱਚੀਆਂ ਲਲਕਾਰਾਂ ਇਵੇਂ ਲੱਗ ਰਹੀਆਂ ਹਨ ਜਿਵੇਂ ਢੰਡੋਰਾ ਦੇ ਰਹੀਆਂ ਹੋਣ ।

ਆਓ, ਕਿਸੇ ਦੁੱਖ ਕਟਵਾਣੇ ਹੋਣ ਤਾਂ ਆ ਜਾਓ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦਰਸ਼ਨ ਦੇ ਕੇ ਦੁੱਖ ਕੱਟ ਦੇਣਗੇ ।

ਉਸ ਕੋਨੇ ਵਾਲੇ ਸਿੱਖ ਦੇ ਚਿਹਰੇ 'ਤੇ ਮੁਸਕਰਾਹਟ ਆਉਂਦੀ ਹੈ, ਉਮੀਦ ਬਣਦੀ ਹੈ ਪਰ ਢਹਿ ਜਾਂਦੀ ਹੈ । ਕਈ ਵਾਰ ਉਸ ਹੌਂਸਲਾ ਕੀਤਾ । ਕਈ ਵਾਰ ਆਪਣੇ ਮਨ ਨੂੰ ਸਮਝਾਇਆ, ਪਰ ਉਹ ਹਮੇਸ਼ਾਂ ਮਾਯੂਸ ਹੋਇਆ । ਉਹ ਚਿਹਰਾ ਫਿਰ ਮੁਰਝਾ ਗਿਆ ।

ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਦੀਆਂ ਜੋਦੜੀਆਂ ਜਾਰੀ ਹਨ, ਆ ਕੰਤਾ ਤੂੰ ਸੇਜੇ ਸੌਂ। ਉਹ ਕੋਨੇ ਵਾਲਾ ਬੰਦਾ ਸੋਚਦਾ ਹੈ, ਕਦੇ ਤੂੰ ਮੇਰੇ ਕੋਲ ਆ ਸੌਂਵੇਂ ਸਾਹਿਬਾ, ਪਰ ਨਾ-ਉਮੀਦੀ ਵਿੱਚ ਉਮੀਦ ਕਰਨ ਦੇ ਬਾਵਜੂਦ ਚਿਹਰਾ ਨਹੀਂ ਖਿੜਦਾ; ਉਸ ਨੂੰ ਅਜੇ ਇਹ ਵਿਸ਼ਵਾਸ ਨਹੀਂ ਹੋਇਆ ਕਿ



ਇਹ ਦਰਬਾਰ ਉਸ ਸ਼ਹਿਨਸ਼ਾਹ ਦਾ ਹੈ—ਜਿੱਥੇ ਅਣਹੋਣੀਆਂ ਗੱਲਾਂ ਹੁੰਦੀਆਂ ਹਨ, ਜਿੱਥੇ ਨਾ-ਮੁਮਕਿਨ ਮੁਮਕਿਨ ਹੁੰਦੇ ਹਨ ।

ਫਿਰ ਸ਼ਬਦ ਪੜ੍ਹਿਆ ਗਿਆ—ਜੇ ਤੂੰ ਮੇਰਾ ਮਿੱਤਰ ਹੈਂ ਤਾਂ ਇਕ ਪਲ ਵੀ ਨਾ ਵਿਛੋੜ । ਕੋਨੇ ਵਾਲਾ ਸਿੱਖ ਕਹਿੰਦਾ ਹੈ, ਸਾਹਿਬ ਮੰਨ ਜਾ ਨਾ, ਮਿੱਤਰ ਬਣ ਜਾ ਨਾ ਮੇਰਾ, ਫਿਰ ਕਦੇ ਨਾ ਵਿਛੋੜੀਂ । ਆਪ ਹੀ ਕਹਿੰਦਾ ਹੈ ਮੇਰਾ ਮਿੱਤਰ ਕਿਉਂ ਬਣੇਗਾ ਸਾਹਿਬ, ਮੇਰੇ ਵਿੱਚ ਕੋਈ ਗੁਣ ਨਹੀਂ, ਕੋਈ ਚੱਜ ਆਚਾਰ ਵਾਲੀ ਗੱਲ ਨਹੀਂ, ਕੁਝ ਵੀ ਤਾਂ ਨਹੀਂ, ਬੱਸ ਗੁਨਾਹਾਂ ਦੀ ਕੱਖਾਂ ਦੀ ਪੰਡ ਹੀ ਤਾਂ ਹੈ । ਪਰ ਢੀਠ ਬਣ ਕੇ ਉਸ ਇਹੋ ਰਟ ਲੱਗਾ ਦਿੱਤੀ ਹੈ ਕਿ ਜੇ ਤੂੰ ਮੇਰਾ ਮਿੱਤਰ ਹੈਂ ਤਾਂ ਮੈਨੂੰ ਕਦੇ ਨਹੀਂ ਵਿਛੋੜੇਂਗਾ । ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨਾਂ ਨਾਲ ਉਹਦੇ ਦੁੱਖ ਕੱਟੇ ਜਾਣਗੇ । ਉਸ ਕਦੇ ਸਾਹਿਬਾ ਤੇਰੇ ਵੱਲ ਤੇ ਕਦੇ ਭਾਈ ਸਾਹਿਬ ਵੱਲ ਟਿਕਟਿਕੀ ਲਗਾਈ ਰੱਖੀ ਹੈ । ਹੁਣ ਚਿਹਰਾ ਖਿੜ ਪਿਆ ਹੈ, ਮੁਸਕਰਾਹਟ ਹੈ ਖੁੱਲ੍ਹੀ ਪਰ ਪ੍ਰੇਸ਼ਾਨੀ ਵੀ ਹੈ । ਸੋਚਦਾ ਹੈ ਕੀ ਸੱਚਮੁੱਚ ਮੈਨੂੰ ਮਿੱਤਰਤਾ ਦੇਣਗੇ ।

ਕੀਰਤਨ ਸਮਾਪਤ ਹੋਇਆ, ਅਰਦਾਸ ਹੋਈ; ਉਸ ਅੱਗੇ ਹੋ ਕੇ ਅਰਦਾਸ ਕੀਤੀ ਨਾ-ਉਮੀਦੀ ਵਿੱਚ; ਉਮੀਦ ਜਾਗੀ ਹੈ ਤੇ ਅੰਦਰ ਸੁਖ ਆਸਨ ਅਸਥਾਨ 'ਤੇ ਮੱਥਾ ਟੇਕ ਕੇ ਸੋਚਦਾ ਹੈ ਕਿ ਸਾਹਿਬਾਂ ਨੂੰ ਤਰਸ ਆ ਹੀ ਗਿਆ ਹੈ । ਸ਼ਾਇਦ ਸਾਹਿਬਾਂ ਅਪਨਾ ਹੀ ਲਿਆ ਹੈ । ਮੇਰਾ ਨਵਾਂ ਜਨਮ ਹੋ ਗਿਆ ਲੱਗਦਾ ਹੈ । ਹੁਣ ਮੈਂ ਦੁਖੀ ਨਹੀਂ ਮਹਿਸੂਸ ਕਰਦਾ । ਅੱਥਰੂਆਂ ਭਰਿਆ ਚਿਹਰਾ ਸ਼ੁਕਰ ਵਿੱਚ ਉੱਠਿਆ, ਇਸ ਸੋਚ ਵਿੱਚ—ਕੀ ਇਹ ਸਭ ਕੁਝ ਸੱਚ ਹੈ, ਕੀ ਮੈਂ ਹੁਣ ਦੁਖੀ ਨਹੀਂ ਕਿ ਗੁਰੂ ਚਰਨਾਂ ਵਿੱਚ ਮੇਰੇ ਸਭ ਦੁੱਖ ਕੱਟੇ ਗਏ ਹਨ ।

ਸਾਹਿਬਾ ਦਸ ਸਾਲ ਹੋ ਗਏ ਹਨ, ਉਸ ਘੜੀ ਦੇ ਬਾਅਦ ਇਕ ਛਿੰਨ ਵੀ ਮੈਂ ਕਦੇ ਦੁੱਖ ਨਹੀਂ ਤੱਕਿਆ, ਉਹ ਕੋਨੇ ਵਿੱਚ ਖੜ੍ਹਾ ਸਿੱਖ ਮੈਂ ਹੀ ਹਾਂ, ਤੇਰਾ ਨੌਕਰ, ਤੇਰਾ ਕੂਕਰ, ਤੇਰਾ ਭਿਖਾਰੀ । ਪਰ ਮੈਂ ਤੇਰੀ ਕ੍ਰਿਪਾ ਨਾਲ ਆਪਣੇ ਆਪ ਨੂੰ ਤੇਰਾ ਮਿੱਤਰ ਵੀ ਸਮਝਦਾ ਹਾਂ, ਕਿਉਂ?

੧੦-੧੦-੭੦ ਤੋਂ ਬਾਅਦ ਤੂੰ ਇਕ ਛਿੰਨ ਵੀ ਮੈਨੂੰ ਵੱਖ ਨਹੀਂ ਕੀਤਾ। ਸਵੇਰੇ, ਸ਼ਾਮ, ਦੁਪਹਿਰ, ਰਾਤੀਂ, ਅੱਠੇ ਪਹਿਰ ਦਿੱਲੀ ਸਾਧ-ਸੰਗਤ ਵਿੱਚ ਬੰਬਈ ਕੰਮ-ਕਾਰ ਵਿੱਚ, ਪੈਰਿਸ **paris (Finance)** ਜਿੱਥੇ ਸਤਿਸੰਗਤ ਬਿਲਕੁਲ ਨਹੀਂ ਸੀ, ਵੈਲੂਰ ਮਦਰਾਸ ਵਿੱਚ ਤਪੋਵਨ ਕੁਸ਼ਟ ਰੋਗੀਆਂ ਦੇ

ਆਸ਼ਰਮ ਵਿੱਚ ਤੂੰ ਐਸਾ ਮੇਰਾ ਸਾਥ ਦਿੱਤਾ । ਸਗੋਂ **Permanently** ਮੈਨੂੰ ਦੋ ਬੱਚਿਆਂ ਦਾ ਸਾਥ, (ਇਕ ਸਿੱਖ ਬੱਚੀ ਦਾ ਦਸ ਸਾਲ ਤੋਂ ਤੇ ਇਕ ਮਦਰਾਸੀ ਬੱਚੀ ਦਾ ਚਾਰ ਸਾਲ ਤੋਂ ਦੇ ਦਿੱਤਾ । ਪਿਛਲੇ ਸਾਲ ਤੋਂ ਤਾਂ ਤੂੰ ਤਰੁੱਠ ਕੇ ਕਈ ਬੱਚੇ ਛੋਟੇ-ਛੋਟੇ ਜਵਾਨ ਇਕ ਮਨ ਚਿੱਤ ਹੋ ਕੇ ਗੁਰੂ ਨੂੰ ਯਾਦ ਕਰਨ ਵਾਲੇ ਬਖ਼ਸ਼ੇ। ਇਕ ਮਰਾਠੀ ਬੱਚੀ ਬਖ਼ਸ਼ੀ । ਇਕ ਯੂ.ਪੀ. ਦਾ ਬੇਟਾ ਬਖ਼ਸ਼ਿਆ, ਦੋ ਮਹੀਨੇ ਪਹਿਲਾਂ ਇਨ੍ਹਾਂ ਸਭ ਬੱਚਿਆਂ ਨਾਲ ਮੈਂ ਰੱਜ-ਰੱਜ ਕੇ ਗੁਣ ਗਾਏ ।

ਤੂੰ ਆਪ ਕਿਰਪਾ ਕੀਤੀ, ਮੈਨੂੰ ਆਪਣੇ ਪਿਆਰ ਦਾ ਮਤਲਬ ਸਮਝਾਇਆ । ਮੇਰੀ ਨੌਕਰੀ ਛੁਡਵਾ ਕੇ ਮੈਨੂੰ ਇਕ ਕੰਮ ਲਾਇਆ, ਹਰਿ ਕਾ ਨਾਮ ਜੱਪਣ ਲਈ ਤੇ ਸ੍ਰੇਸ਼ਟ ਕੰਮ ਕਰਨ ਲਈ ਤਪੋਵਨ ਮਹਾਂਰਾਸ਼ਟਰ ਵਿੱਚ ਭੇਜ ਦਿੱਤਾ, ਜਿੱਥੇ ਕੁਸ਼ਟ ਰੋਗੀਆਂ ਨਾਲ ਉਹੀ ਪਿਆਰ ਵੰਡਾਂ ਜਿਹੜਾ ਤੂੰ ਮੈਨੂੰ ਦਿੱਤਾ ਹੈ । ਮੈਂ ਇੰਵ ਮਹਿਸੂਸ ਕਰਦਾ ਹਾਂ ਜਿਵੇਂ ਮੈਨੂੰ ਤੂੰ ਸੀਗਾਰਿਆ ਹੈ । ਰੂਪ ਰੰਗ ਬਖ਼ਸ਼ਿਆ ਹੈ ਤੇ ਕਿਰਪਾ ਦੇ ਸਦਕੇ ਸੋਹਣੇ-ਸੋਹਣੇ ਕੱਪੜੇ ਤੇ ਸ਼ਿੰਗਾਰ ਬਖ਼ਸ਼ ਕੇ ਮੇਰੇ ਲਈ ਤਿਆਰੀ ਕਰਵਾ ਰਿਹਾ ਹੈਂ ਤਾਂ ਜੋ ਮੈਂ ਆਪਣੇ ਵੀਰਾਂ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨਾਲ ਜਾ ਮਿਲਾਂ ਸ਼ਹੀਦ ਹੋ ਕੇ । ਬੱਸ, ਮੇਰੀ ਇਹੋ ਰੀਝ ਹੈ ਕਿ ਜੇ ਹੁਣ ਆਪਣਾ ਬਣਾਇਆ ਹੈ ਤਾਂ ਤੋੜ ਤਕ ਆਪਣਾ ਹੀ ਬਣਾਈ ਰੱਖੀਂ ! ਤੂੰ ਬੇਸ਼ੱਕ ਮਿੱਤਰ ਬਣਾਵੇਂ ਪਰ ਮੈਂ ਤਾਂ ਨੌਕਰ ਹੀ ਰਹਾਂਗਾ । ਪੁੱਤਰ ਬਣਨ ਦਾ ਚਾਹਵਾਨ ਹਾਂ ਕੇਵਲ ਸ਼ਹੀਦ ਹੋਣ ਲਈ । ਸ਼ਹੀਦ ਹੋਣ ਤਕ ਮੇਰੇ 'ਤੇ ਕਿਰਪਾ ਕਰ ਇਕ ਲੜਾਈ ਵਿੱਚ ਸ਼ਾਮਲ ਹੋ ਜਾਵਾਂ ।

ਉਹ War ਹੈ ਗ਼ਰੀਬੀ, ਅਨਿਆਇ, ਕੁਸ਼ਟ ਰੋਗ ਤੇ ਹੋਰ ਅੰਧਿਆਰੇ ਵਿਰੁੱਧ । ਕਿਰਪਾ ਕਰ ਮੈਂ ਕਦੇ ਨਾ ਡਰਾਂ, ਕਦੇ ਨਾ ਟਰਾਂ ਤੇ ਕਦੇ ਨਾ ਪਿੱਛੇ ਹਟਾਂ ।

ਮਹਾਂਰਾਸ਼ਟਰਾ ਦੇ ਇਕ ਮਹਾਂਪੁਰਸ਼ ਡਾਕਟਰ ਪਟਵਰਧਨ ਸਾਹਿਬ ਕਹਿੰਦੇ ਹਨ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਮਹਾਰਾਜ, ਨੇ ਸਿੱਖਾਂ ਦੀਆਂ ਦੋ Duties ਲਾਈਆਂ ਹਨ । ਕੋਈ ਭੁੱਖਾ ਨੰਗਾ ਮਨੁੱਖ ਪਗੜੀ ਦਾੜ੍ਹੀ ਵਾਲੇ ਸਿੰਘ ਦੇ ਮੋਢੇ 'ਤੇ ਹੱਥ ਰੱਖ ਕੇ ਕਹਿ ਸਕੇ ਕਿ ਪਿਆਰਿਆ ਗੁਰੂ ਦੇ ਨਾਂ ਮੇਰੀ ਭੁੱਖ ਦੂਰ ਕਰ ਇਹ ਤੇਰਾ ਫ਼ਰਜ਼ ਹੈ ਤੇ ਦੂਜਾ ਕੋਈ ਅਨਿਆਇ ਦਾ ਸ਼ਿਕਾਰ ਕੋਈ ਅਬਲਾ ਜ਼ੁਲਮ ਦੀ ਮਾਰੀ ਹੋਈ ਕਿਸੇ ਸਿੰਘ ਨੂੰ ਦਾਹਵੇ ਨਾਲ



ਕਹਿ ਸਕੇ—ਵੀਰ ਜੀ, ਆਓ, ਮੇਰੀ ਮਦਦ ਕਰੋ ।

ਸੱਚੇ ਪਾਤਿਸ਼ਾਹ ਇਹੋ ਜਿਹਾ ਸਿੱਖ ਮੈਨੂੰ ਬਣਾ ਦਿਉ। ਕੋਈ ਭੁੱਖਾ ਮੇਰੇ 'ਤੇ ਉਸ ਦੀ ਭੁੱਖ ਦੂਰ ਕਰਨ ਦਾ ਦਾਹਵਾ ਰੱਖ ਸਕੇ ਤੇ ਕੋਈ ਮਜ਼ਲੂਮ ਮੇਰੇ 'ਤੇ ਉਸ ਦੀ ਮਦਦ ਕਰਨ ਦਾ ਹੱਕ ਰੱਖ ਸਕੇ । ਜਿਤਨਾ ਚਿਰ ਜੀਵਾਂ ਦੂਜਿਆਂ ਲਈ ਜੀਵਾਂ ਤੇਰੇ ਚਰਨਾਂ ਦੀ ਯਾਦ ਵਿੱਚ; ਮਰਾਂ ਤਾਂ ਤੇਰੇ ਚਰਨਾਂ ਨੂੰ ਗਲਵੱਕੜੀ ਪਾ ਕੇ ਸ਼ਹੀਦ ਹੋ ਜਾਵਾਂ ਸੱਚ ਲਈ ਦੁੱਖ ਤੇ ਗ਼ਰੀਬੀ ਵਿਰੁੱਧ ਲੜਾਈ ਕਰਦਾ ਹੋਇਆ ।

ਇਕ ਹੋਰ ਲੜਾਈ ਹੈ ਹਉਮੈਂ ਵਿਰੁੱਧ, "ਮੈਂ" ਤੇ "ਮੇਰੀ" ਵਿਰੁੱਧ । ਮੈਂ ਕੁੱਤੇ ਦੀ ਪੂਛ ਵਾਂਗ ਅਜੇ ਤਕ ਸਿੱਧਾ ਨਹੀਂ ਹੋਇਆ, ਕਿਰਪਾ ਕਰ—ਹੁਣ ਤਾਂ ਮੇਰਾ ਦਸਵਾਂ **Birthday** ਹੈ । ਤੂੰ ਮੇਰਾ ਪਿਤਾ ਹੈਂ, ਮਾਤਾ ਹੈਂ, ਬੰਧਪ ਹੈਂ, ਸਭ ਕੁਝ ਹੈਂ । ਜੋ ਚਾਹੇ ਮੰਗ ਸਕਦਾ ਹਾਂ ਕਿਉਂਕਿ ਤੂੰ ਆਪ ਕਿਹਾ ਸੀ, '**ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥**' **(ਅੰਗ ੫੨)** ਹੁਣ ਕਿਰਪਾ ਕਰ ਦਾਨ ਦੇਹ।

— — — — — — —

ਮੈਂ ਆਪ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰ ਹੀ ਰਿਹਾ ਸੀ ਕਿ ਡਾਕਟਰ ਪਟਵਰਧਨ, ੮੯ ਸਾਲਾਂ ਦੇ ਦੇਸ਼ ਭਗਤ ਤੇ ਕੋਹੜਿਆਂ ਦੇ ਸੇਵਾਦਾਰ, ਆਣ ਬੈਠੇ ਹਨ ਕੋਲ। ਕਹਿ ਰਹੇ ਹਨ ਕਿ ਪ੍ਰਭੂ ਦੀ ਕਿਰਪਾ ਨੂੰ ਅਸੀਂ ਭੁੱਲ ਗਏ ਹਾਂ । ਦੁਨਿਆਵੀ ਮੰਗਾਂ ਮੰਗ ਕੇ ਆਪਣਾ ਜੀਵਨ ਖ਼ਰਾਬ ਕਰਦੇ ਹਾਂ ।

ਉਨ੍ਹਾਂ ਦੀ ਜ਼ਬਾਨੀ—ਆਪ ਕੇ ਦਸ ਗੁਰੂ ਸਾਹਿਬਾਨ ਖੜ੍ਹੇ ਹੈਂ, ਕੁਰਬਾਨੀ ਸਿਖਾਨੇ ਕੇ ਲੀਏ । ਹਮ ਮੂਰਖੋਂ ਕੀ ਤਰ੍ਹਾਂ ਕਹਿਤੇ ਹੈਂ ਹਮਕੋ ਬੱਚਾ ਦੇ ਦੋ; ਵੁਹ ਕਹਿਤੇ ਹੈਂ: ਅਰੇ ਮੈਂ ਨੇ ਤੋ ਅਪਨੇ ਚਾਰ ਬੱਚੋਂ ਕੋ ਨੀਂਹੋਂ ਮੇਂ ਔਰ ਚਮਕੌਰ ਕੇ ਮੈਦਾਨ ਮੇਂ ਕੁਰਬਾਨ ਕੀਆ ਔਰ ਤੂੰ ਮੇਰੇ ਸੇ ਬੱਚੇ ਮਾਂਗਤਾ ਹੈਂ । ਫਿਰ ਕੋਈ ਕਹਿਤਾ ਹੈ ਹਮਾਰੇ ਕੋ ਪੈਸਾ ਚਾਹੀਏ ਤੇ ਗੁਰੂ ਗੋਬਿੰਦ ਸਿੰਘ ਕਹਿਤੇ ਹੈਂ ਅਰੇ ਹਮ ਦਸ ਕੇ ਦਸ ਗੁਰੂਆਂ ਕਾ ਜੀਵਨ ਦੇਖਨੇ ਕੇ ਬਾਅਦ ਤੁਮੇਂ ਪੈਸੇ ਕੀ ਜ਼ਰੂਰਤ ਹੈ, ਹਮ ਪੈਸੋਂ ਕਾ ਵਿਉਪਾਰ ਨਹੀਂ ਕਰਤੇ, ਹਮ ਤੋ ਸੱਚ ਕੇ ਲੀਏ ਕੁਰਬਾਨੀ ਔਰ ਅਨਿਆਇ ਕੇ ਵਿਰੁੱਧ ਲੜਾਈ ਕਾ ਦਾਨ ਦੇਤੇ ਹੈਂ ।

ਹਾਂ, ਹਮ ਸੇ ਕੁਛ ਲੈਨਾ ਹੈ ਤੋ ਵੁਹ ਹੈ ਸ਼ਹੀਦੀ—ਸ਼ਹੀਦੀ ਦੇ ਸਕਤੇ ਹੋ, ਤਿਆਰ ਹੈਂ?

ਕਿਆ ਕਮਾਲ ਹੈ ਐਨ ਉਸ ਵੇਲੇ ਜਦ ਮੈਂ ਆਪਣਾ ਠੂਠਾ ਲੈ ਕੇ ਭਿਖਿਆ ਮੰਗਣ ਲੱਗਾ ਸੀ ਤਾਂ ਕਿਸੇ ਆਣ ਦੱਸਿਆ ਕੀ ਮੰਗਣਾ ਹੈ । ਹੁਣ ਕਿਰਪਾ ਕਰ ਮੇਰੇ ਠੂਠੇ ਵਿੱਚ ਪੰਜ ਦਾਤਾਂ ਪਾ ਦੇ । ਨਾਂਹ ਬਿਲਕੁਲ ਨਾ ਕਰੀਂ, ਮੇਰਾ ਦਿਲ ਟੁੱਟ ਜਾਏਗਾ ਅੱਜ ਹੀ ਸਵੇਰੇ ਪੜ੍ਹ ਰਿਹਾ ਸਾਂ ।

**—ਆਪੇ ਲਾਇਓ ਅਪਨਾ ਪਿਆਰੁ॥ (ਅੰਗ ੮੨੬)**

**—ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ॥ (ਅੰਗ ੨੪੦)**

**ਜਿਸ ਪ੍ਰੀਤ ਲਾਈ ਸੋ ਜਾਣਦਾ**

**ਹਮਰੇ ਮਨ ਚਿਤ ਹਰਿ ਬਹੁਤ ਪਿਆਰ ॥**

ਤੂੰ ਮੇਰਾ ਪਿਤਾ ਸਮਰੱਥ ਪਿਤਾ ਹੋਵੇਂ, ਦਸ ਸਾਲ ਹੱਥ ਦੇ ਕੇ ਰੱਖ ਕੇ ਮੇਰੀ ਪੜ੍ਹਾਈ ਕਰਾ ਰਿਹਾ ਹੋਵੇਂ । ਮੇਰਾ ਦਸਵਾਂ ਜਨਮ ਦਿਨ ਹੋਵੇ ਤੇ ਤੂੰ ਦਇਆਲ ਕਿਰਪਾਲ ਹੋਣ ਦਾ ਐਲਾਨ ਕੀਤਾ ਹੋਵੇ ਤਾਂ ਮੈਨੂੰ "ਨਾਂਹ" ਤੇ ਤੂੰ ਕਰ ਹੀ ਨਹੀਂ ਸਕਦਾ । ਲੈ ਠੂਠਾ ਸਾਹਮਣੇ ਹੈ ਭਰ ਦੇ ਦਾਨ ਨਾਲ—

੧. ਮੈਨੂੰ ਕਦੇ ਵੀ ਨਾ ਵਿਛੋੜੀਂ। ਜਦ ਸਾਰੇ ਦੁੱਖ ਤੈਂ ਕੱਟ ਦਿੱਤੇ ਸਨ, ਇਕ ਵੱਡਾ ਦੁੱਖ ਦਿਖਾਇਆ ਵੀ ਸੀ—ਹਰਿ ਕੇ ਨਾਮ ਬਿਨਾਂ ਦੁੱਖ, ਬਿਨ ਨਾਵੈ ਮਰ ਜਾਣ ਦਾ ਦੁੱਖ, ਬਾਣੀ ਬਿਨਾਂ ਪੱਕੇ ਰੋਗੀ ਬਣਨ ਦਾ ਦੁੱਖ, ਵਿਸਰਨ ਦਾ ਦੁੱਖ । ਤੂੰ ਕਦੇ ਨਾ ਵਿੱਸਰੀਂ ਨਾ ਵਿਸਾਰੀਂ । ਮੇਰੇ ਗੁਨਾਹਾਂ ਦਾ ਅੰਤ ਨਹੀਂ, ਅਜੇ ਵੀ ਅਕ੍ਰਿਤਘਣਤਾ ਵਿੱਚ ਹੀ ਹਾਂ; ਪਰ ਜਿਉਂ ਜਾਣਦਾ ਹੈਂ ਰੱਖ ਲਵੀਂ। ਦਿਨ-ਰਾਤ, ਅੱਠੇ ਪਹਿਰ ਊਠਤ ਬੈਠਤ ਸਾਥ ਦੇਵੀਂ।

੨. ਇਹ ਯਾਦ ਰਹੇ ਕਿ ਸਭ ਕੁਝ ਤੂੰ ਹੀ ਤੂੰ ਹੈਂ ਮੈਂ ਹੈ ਹੀ ਨਹੀਂ । ਇਹ ਯਾਦ ਰਹੇ ਕਿ ਹਮਰੇ ਵੱਸ ਕਿਛ ਨਹੀਂ । ਕਦੇ ਵੀ ਇਹ ਰਾਤ ਨਾ ਭੁੱਲੇ, ਕਦੇ ਤੇਰੇ ਪਿਆਰ ਦੇ ਮਾਣ ਵਿੱਚ ਤੈਨੂੰ **Taken for Granted** ਨਾ ਸਮਝ ਬੈਠਾਂ । ਇਹ ਜਾਣਦਾ ਰਹਾਂ ਕਿ ਮੈਂ ਕੁਝ ਵੀ ਨਹੀਂ ਕਰ ਸਕਦਾ । ਕਦੇ ਵੀ ਕੁਝ ਨਹੀਂ ਕਰ ਸਕਦਾ । ਬੱਸ ਤੇਰੀ ਸਮਰੱਥ ਕਹਾਣੀ ਵਿੱਚ ਇਕ ਲਾਚਾਰ ਭਿਖਾਰੀ ਬਣਿਆ ਰਹਾਂ ।

੩. ਇਹ ਚੇਤਾ ਰਹੇ ਕਿ ਮੇਰਾ ਕਦੇ ਵੀ ਕੋਈ ਹੱਠ ਨਹੀਂ । ਕੇਵਲ ਤੇਰੀ **Grace** ਹੀ **Grace** ਹੈ । ਤੇਰੀ ਕਿਰਪਾ ਹੀ ਕਿਰਪਾ ਮੇਰੀ ਇਕੋ ਇਕ



ਉਮੀਦ ਰਹੇ । ਕਦੇ ਇਹ ਨਾ ਸਮਝ ਬੈਠਾਂ ਕਿ ਹੁਣ ਤੇਰੇ ਚਰਨਾਂ ਵਿੱਚ ਜਾਣ 'ਤੇ ਭਰੋਸੇ ਮੇਰੇ ਕੁਝ **Rights** ਬਣ ਗਏ ਹਨ । ਮੇਰਾ ਇਕੋ ਇਕ **Right** ਰਹਿਣ ਦੇਵੀਂ: ਉਹ ਵੀ ਤੇ ਆਪ **Sanction** ਕਰੇਂਗਾ ਤਾਂ ਹੀ ਰਹੇਗਾ—

ਉਹ ਹੈ "ਬੈਖ਼ਰੀਦ ਗ਼ੁਲਾਮ" ਬਣੇ ਰਹਿਣ ਦਾ। ਇਸ ਗ਼ੁਲਾਮੀ ਵਿੱਚ ਮੇਰੇ ਲਈ ਸਾਰੀ ਦੁਨੀਆਂ ਦੀ ਬਾਦਸ਼ਾਹੀ ਹੈ ।

ਇਸ ਲਾਚਾਰੀ ਵਿੱਚੋਂ ਇਹ ਦਾਤ ਬਖ਼ਸ਼ੀਂ ਕਿ ਸਭ ਲਈ ਤੇਰੀ ਮਿਹਰ ਮੰਗਾਂ । ਕਦੇ ਕਿਸੇ ਦੇ ਨੁਕਸ ਨਾ ਕੱਢਾਂ । ਹਮੇਸ਼ਾਂ ਸਮਝਾਂ ਕਿ ਜਦ ਸਭ ਕੁਝ ਹੀ ਤਾਂ ਤੇਰੇ ਹੁਕਮ ਵਿੱਚ ਹੈ । ਕਿਸੇ ਦੇ ਕੁਝ ਹੱਥ ਹੈ ਹੀ ਨਹੀਂ । ਇਸ ਲਈ ਕਦੇ ਵੀ ਕਿਸੇ ਨੂੰ ਭੈੜਾ ਨਾ ਆਖਾਂ । ਸਭ ਲਈ ਤੇਰੀ ਮਿਹਰ ਮੰਗਾਂ ਤੇ ਆਪਣੇ ਆਪ ਨੂੰ ਹਮੇਸ਼ਾਂ ਲਈ ਸਭ ਤੋਂ ਨੀਵਾਂ ਸਮਝਾਂ ।

੪. ਕੁਸ਼ਟ ਰੋਗ ਦੇ ਵਿਰੁੱਧ ਤੇ ਕੁਸ਼ਟ ਰੋਗ ਦੀ ਸੇਵਾ ਵਿੱਚ ਛਿੰਨ-ਛਿੰਨ ਲਗਾ ਦੇਵਾਂ ਤੈਨੂੰ ਹਿਰਦੇ ਵਿੱਚ ਵਸਾ ਕੇ । ਕਿਰਪਾ ਕਰ ਕਿ ਮੈਂ ਇਸ ਇਨਸਾਨੀਅਤ ਤੋਂ ਇਨਕਾਰ ਕੀਤੇ ਜਾਣ ਵਰਗੇ ਇਨਸਾਨ ਲਈ ਤੇਰੀ ਮਿਹਰ ਦਾ ਸਦਕਾ ਮੁੜ ਇਨਸਾਨੀਅਤ ਦਾ ਹੱਕ ਜਮਾ ਦੇਵਾਂ । ਮੇਰਾ ਖਾਣਾ, ਪੀਣਾ, ਸੌਣਾ, ਹੱਸਣਾ, ਨਾਮ ਜੱਪਣ ਵਿੱਚ ਤੇ ਕੁਸ਼ਟ ਰੋਗੀ ਤੇ ਹੋਰ ਦੁਖੀ ਜਨਤਾ ਲਈ ਹੋਵੇ । ਮੇਰੇ ਮਨ ਵਿੱਚ ਹਮੇਸ਼ਾਂ ਤੇਰੀ ਮਿਹਰ ਦੀ ਰਹਿਮਤ ਤੇ ਮੇਰੀਆਂ ਅੱਖਾਂ ਤੇਰੀ ਕਿਰਪਾ ਦਾ ਸਬੂਤ—ਮੇਰੇ ਕੁਸ਼ਟ ਰੋਗੀ ਵੀਰ, ਭੈਣ, ਬੱਚੇ ਜਾਂ ਮਾਤਾ-ਪਿਤਾ ਦੀ ਭਲਾਈ ਲਈ ਤੜਪ ਹੋਵੇ । ਆਪਣੇ ਅਖ਼ੀਰੀ ਸਵਾਸ ਤਕ ਇਹ ਤੜਪ ਰਹੇ ।

੫. ਜਿਹੜੀ ਸਭ ਤੋਂ ਵੱਡੀ ਦਾਤ ਤੇਰੇ ਕੋਲ ਹੈ, ਉਹ ਸ਼ਹੀਦੀ । ਸਭ ਨੂੰ ਪਤਾ ਹੈ, ਗ਼ੈਰ-ਸਿੱਖਾਂ ਨੂੰ ਵੀ ਪਤਾ ਹੈ, ਮੈਨੂੰ ਚਾਅ ਵੀ ਤੂੰ ਹੀ ਦਿੱਤਾ ਹੈ ਤੇ ਹੁਣ ਅੱਜ ਭਰਦੇ ਝੋਲੀਆਂ । ਮੇਰੇ ਦਸਵੇਂ **birthday** ਦਾ **present** ਸ਼ਹੀਦੀ ਬਖ਼ਸ਼ ਦੇ । ਕੇਵਲ ਜ਼ੁਲਮ ਵਿਰੁੱਧ ਲੜਦਿਆਂ ਤੇ ਸੱਚ ਦੀ ਓਟ ਲੈ ਕੇ ਕਮਜ਼ੋਰ ਦੀ ਸੇਵਾ ਵਿੱਚ ਸ਼ਹੀਦ ਹੋਵਾਂ । ਮੇਰੀ ਸਾਰੀ ਜ਼ਿੰਦਗੀ ਤੇ ਜਿਸਮ ਦਾ ਇਕ-ਇਕ ਅੰਗ ਇਸ ਆਸ ਦੀ ਪੂਰਤੀ ਲਈ ਗੁਜ਼ਰੇ ।

ਜਿਤਨੀ ਦੇਰ ਜੀਵਾਂ, ਸੇਵਾ ਸਿਮਰਨ, ਨਾਮ ਵਿੱਚ ਰਹਿੰਦਿਆਂ, ਸਾਰੀ ਦੁਨੀਆਂ ਵਿੱਚ ਤੇਰੇ ਪੈਰਾਂ ਦਾ ਸਦਕਾ ਇਹੋ ਪੈਗ਼ਾਮ ਦਿੰਦਾ ਜਾਵਾਂ । ਇਕ ਅਨੋਖੀ ਭੀਖ ਮੰਗਦਾ ਹਾਂ—ਉਹ ਬੱਚੇ ਉਹ ਸਾਥੀ, ਉਹ ਭੈਣਾਂ-ਭਰਾ,

ਉਹ ਯਾਰ-ਦੋਸਤ ਜਿਹੜੇ ਤੂੰ ਮੇਰੇ ਨਾਲ ਜੋੜ ਦਿੱਤੇ ਹਨ । ਛੋਟੇ-ਛੋਟੇ ਜਵਾਨ ਬੱਚੇ ਸਿੱਖ, ਹਿੰਦੂ, ਮਰਾਠੀ, ਮਦਰਾਸੀ, ਸਿੰਧੀ, ਪੰਜਾਬੀ, ਬੁੱਢੇ, ਜਵਾਨ ਸਭ, ਸਭ, ਸਭ, ਸਭ, ਸਭ ਲੋਕਾਂ 'ਤੇ ਇਹ ਕਿਰਪਾ ਕਰੀਂ ਕਿ ਜੋ ਕੁਝ ਮੈਨੂੰ ਦੇਵੇਂ ਐਨ ਉਹੀ ਕੁਝ ਉਨ੍ਹਾਂ ਨੂੰ ਦੇਵੀਂ । ਐਸੀ ਰਹਿਮਤ ਕਰ ਦੇ ਕਿ ਅਸੀਂ ਸਾਰੇ ਇਕ ਜਥਾ ਬਣ ਜਾਈਏ । (**Band of Workers**) ਸਿਪਾਹੀ ਬਣ ਜਾਈਏ । ਉਸ ਲੜਾਈ ਵਿੱਚ ਲੜਨ ਲਈ ਜਿਹੜੀ ਤੂੰ ਆਪ ਸਾਡੇ ਕੋਲੋਂ ਅਨਿਆਇ, ਭੁੱਖ, ਗ਼ਰੀਬੀ ਤੇ ਬਿਮਾਰੀ ਖ਼ਾਸ ਕਰਕੇ ਕੁਸ਼ਟ ਰੋਗ ਵਿਰੁੱਧ ਕਰਾਵੇਂ । ਸਾਡੇ ਸਾਰਿਆਂ ਦੀ **Battle cry** ਹੋਵੇ ਸਤਿ ਸ੍ਰੀ ਅਕਾਲ ਤੇ ਸਾਡਾ ਅਗਾਂਹਵਧੂ ਨਾਅਰਾ ਹੋਵੇ, ਇਹ ਅਰਦਾਸ:—

**ਦੇਹ ਸਿਵਾ ਬਰੁ ਮੋਹਿ ਇਹੈ,**
**ਸੁਭ ਕਰਮਨ ਤੇ ਕਬਹੂੰ ਨ ਟਰੋਂ।**
**ਨ ਡਰੋ ਅਰਿ ਸੋ ਜਬ ਜਾਇ ਲਰੋ,**
**ਨਿਸਚੈ ਕਰਿ ਅਪੁਨੀ ਜੀਤ ਕਰੋਂ।**
**ਅਰੁ ਸਿਖਹੋਂ ਆਪਨੇ ਹੀ ਮਨ ਕੋ,**
**ਇਹ ਲਾਲਚ ਹਉ ਗੁਨ ਤਉ ਉਚਰੋਂ।**
**ਜਬ ਆਵ ਕੀ ਅਉਧ ਨਿਦਾਨ ਬਨੈ,**
**ਅਤਿ ਹੀ ਰਨ ਮੈ ਤਬ ਜੂਝ ਮਰੋਂ। (੨੩੩)**

ਇਹੋ ਵਾਕ ਮੇਰੀ ਬੇਨਤੀ ਹੈ ਕਿ ਜੇ ਮੇਰੇ ਤਨ ਦੇ ਟੁਕੜੇ-ਟੁਕੜੇ ਵੀ ਹੋ ਜਾਣ, ਫ਼ਾਂਸੀ 'ਤੇ ਵੀ ਚੜ੍ਹ ਜਾਵਾਂ, ਕੋਹੜ ਦਾ ਮਰੀਜ਼ ਵੀ ਹੋ ਜਾਵਾਂ, ਦੁੱਖਾਂ ਮੁਸੀਬਤਾਂ ਦਾ ਪਹਾੜ ਵੀ ਮੇਰੇ ਸਿਰ 'ਤੇ ਹੋਵੇ ਤਾਂ ਵੀ ਮੇਰਾ ਪਿਆਰ ਕਦੇ ਨਾ ਟੁੱਟੇ । ਮੈਨੂੰ ਡਰ ਉਤਲੀਆਂ ਗੱਲਾਂ ਦਾ ਨਹੀਂ, ਡਰ ਇਹੋ ਹੈ ਕਿ ਪ੍ਰੇਮ ਨਾ ਟੁੱਟ ਜਾਏ, ਕਿਉਂਕਿ ਸਭ ਤੋਂ ਵੱਡਾ ਦੁੱਖ ਪ੍ਰੇਮ ਟੁੱਟਣ ਦਾ ਹੀ ਹੈ । ਜੋ ਕੁਝ ਮੰਗਣਾ ਭੁੱਲ ਗਿਆ ਹਾਂ ਉਹ ਆਪੇ ਬਖ਼ਸ਼ ਦੇਵੀਂ । ਆਖ ਤੂੰ ਹੀ ਤੂੰ ਤਾਂ ਹੈਂ। ਮੈਂ ਹੈ ਹੀ ਨਹੀਂ, ਤੂੰ ਸਮਰੱਥ ਹੈਂ, ਜੇ ਤੂੰ ਆਪ ਪ੍ਰੇਮ ਨਹੀਂ ਤੋੜੇਂਗਾ ਤਾਂ ਮੈਂ ਕੰਗਾਲ ਤਾਂ ਤੋੜ ਨਹੀਂ ਸਕਦਾ; ਪਰ ਲਾਜ ਰੱਖਣ ਵਾਲਾ ਤੂੰ ਹੈਂ, ਜਿਹੋ ਜਿਹਾ ਹਾਂ ਹੁਣ ਨਿਭਾ ਲਵੀਂ ।



# ਹਮਰੋ ਸੁਹਾਉ ਸਦਾ ਸਦਾ ਸਦ ਭੂਲਨ

ਅੱਜ ਆਪਣੀ ਜਲਾਲਤ ਨੂੰ ਲੈ ਕੇ ਹਾਜ਼ਰ ਹੋਇਆ ਸਾਂ, ਸ਼ਰਮ ਨਾਲ ਕਬੂਲਣ ਲਈ ਕਿ ਤੂੰ ਇਤਨਾ ਵੱਡਾ ਕਿਰਪਾਲੂ ਤੇ ਦਇਆਲੂ ਹੈਂ; ਮੈਂ ਉਤਨਾ ਹੀ ਵੱਡਾ ਗੁਨਾਹਗਾਰ ਹਾਂ । ਇਹ ਤਾਂ ਅੱਗੇ ਵੀ ਮੰਨਦੇ ਸਾਂ ਪਰ ਸੋਚਣ ਲੱਗ ਪਿਆ ਸਾਂ ਕਿ, ਕਿਉਂਕਿ ਹੁਣ ਤੇਰੇ ਚਰਨਾਂ ਦੀ ਖਿੱਚ ਹੈ, ਹੁਣ ਮੈਂ ਗ਼ਲਤੀਆਂ ਕਰਨ ਤੋਂ ਆਪਣੇ ਆਪ ਹੀ ਰੁਕ ਜਾਵਾਂਗਾ ਤੇ ਜਦ ਤਕ ਤੇਰੀ ਨਜ਼ਰ ਮੇਰੇ ਉੱਤੇ ਪਹਿਰਾ ਦਿੰਦੀ ਹੈ ਬਚਿਆ ਵੀ ਰਹਿੰਦਾ ਹਾਂ; ਪਰ ਇਸ ਨਖਰੇ ਵਿੱਚ ਤੇ ਨਾ ਚਾਹੁੰਦਿਆਂ ਹੋਇਆਂ ਵੀ ਇਸ ਮਾਣ ਵਿੱਚ ਆ ਜਾਂਦਾ ਹਾਂ ਕਿ ਹੁਣ ਮੈਂ ਗ਼ਲਤੀਆਂ ਨਹੀਂ ਕਰਦਾ । ਮੈਂ ਇਹ ਵੀ ਭੁੱਲ ਜਾਂਦਾ ਹਾਂ ਕਿ ਤੂੰ ਮੇਰਾ ਸੁਭਾਅ ਜਾਣ ਬੁੱਝ ਕੇ ਲਿਖ ਦਿੱਤਾ ਸੀ ਕਿ ਇਹ ਹੈ ਹੀ ਗ਼ਲਤੀਆਂ ਕਰਨ ਵਾਲਾ ।

ਕਿਵੇਂ ਮੈਂ ਕੱਖਾਂ ਤੋਂ ਹੌਲਾ ਹਾਂ, ਕਿਵੇਂ ਗ਼ਲਤੀਆਂ ਕਰਦਾ ਹਾਂ, ਕਿਵੇਂ ਆਪਣਾ ਆਪ ਵਿਕਾਰਾਂ ਤੋਂ ਨਹੀਂ ਬਚਾ ਸਕਦਾ, ਕਿਵੇਂ ਬੇਸਹਾਰਾ ਤੇ ਲਾਚਾਰ ਹਾਂ, ਇਹ ਸਾਬਤ ਹੁੰਦਾ ਹੈ ਹੇਠਲੀਆਂ ਗੱਲਾਂ ਤੋਂ ।

੧. ਕਈ ਵਾਰੀ ਕਰੋਧ ਕਰ ਬੈਠਦਾ ਹਾਂ ਤੇ ਰੋ-ਰੋ ਕੇ ਚੀਕਾਂ ਮਾਰ ਕੇ ਮਾਫ਼ੀ ਮੰਗਦਾ ਹਾਂ ਤੇਰੇ ਕੋਲੋਂ, ਮੁੜ ਉਸ ਕੋਲੋਂ ਜਿਸ ਨਾਲ ਕਰੋਧ ਕੀਤਾ ਸੀ । ਬਹੁਤ ਦੇਰ ਬਾਅਦ **Normal** ਹੁੰਦਾ ਹਾਂ ਤੇ ਤੋਬਾ-ਤੋਬਾ ਕਰਦਾ ਹਾਂ ਕਿ ਅੱਗੋਂ ਕਦੇ ਨਹੀਂ ਕਰਾਂਗਾ । ਕਰੋਧ 'ਤੇ ਖ਼ਿਆਲ ਵੀ ਆਉਂਦਾ ਹੈ ਕਿ ਇਤਨੀ ਖ਼ੁਆਰੀ ਕੀਤੀ ਹੈ ਸਾਹਿਬਾਂ ਨੇ, ਸਹਿਜ ਗਵਾ ਦਿੱਤਾ, ਮਨ ਅਸ਼ਾਂਤ ਕਰ ਦਿੱਤਾ—ਤੇ ਹੁਣ ਤੇ ਖ਼ਿਆਲ ਰੱਖਾਂਗਾ; ਪਰ ਕੁਝ ਦਿਨ ਹੀ ਲੰਘਦੇ ਹਨ ਤੇ ਫਿਰ ਉਸੇ ਤਰ੍ਹਾਂ ਕਰੋਧ ਕਰ ਬੈਠਦਾ ਹਾਂ, ਦੁਖੀ ਹੁੰਦਾ ਹਾਂ । ਚੀਕਾਂ ਮਾਰਦਾ ਹਾਂ—ਪਤਾ ਲੱਗਦਾ ਹੈ ਕਿ ਦੋਸ਼ ਕਿਸੇ ਦਾ ਨਹੀਂ, ਜੋ ਮੈਂ ਕੀਆ ਸੋ ਮੈਂ ਪਾਇਆ । ਪਰ ਸਾਹਿਬਾ! ਮੇਰੇ ਅਖ਼ਤਿਆਰ ਕੁਝ ਨਹੀਂ । ਆਪੇ ਬਖ਼ਸ਼ ਲੈ ।

੨. ਤੇਰਾ ਸਬਕ '**ਭਾਉ ਭਗਤਿ ਕਰ ਨੀਚ ਸਦਾਇ**', ਕਲੇਜੇ ਨਾਲ ਲਾ ਕੇ ਰੱਖਦਾ ਹਾਂ, ਪਰ ਘੜੀ-ਘੜੀ ਸੂਖ਼ਸ਼ਮ ਤੌਰ 'ਤੇ ਆਕੜ ਆਣ ਸਿਰ ਕੱਢਦੀ ਹੈ ਤੇ ਪਤਾ ਹੀ ਨਹੀਂ ਲੱਗਣ ਦਿੰਦੀ । ਜਦ ਬਹੁਤ ਦੇਰ ਅਸ਼ਾਂਤ ਹੁੰਦਾ ਹਾਂ ਤੇ ਵਜ੍ਹਾ ਵੀ ਨਹੀਂ ਪਤਾ ਲੱਗਦੀ; ਤਾਂ ਨਾਲੇ ਲਿਲ੍ਹਕਾਂ ਲੈਂਦਾ ਹਾਂ, ਨਾਲੇ ਖੋਜ ਕਰਦਾ ਹਾਂ ਕਿ ਮੇਰਾ ਮਨ ਕਿਉਂ ਬੇਚੈਨ ਹੈ । ਕਈ ਦਿਨਾਂ ਦੀ ਪ੍ਰੇਸ਼ਾਨੀ ਮਗਰੋਂ ਖ਼ਿਆਲ ਆਉਂਦਾ ਹੈ ਕਿ ਭਾਵੇਂ:

ੳ) ਚੰਗੇ ਰਸਤੇ ਵੱਲ ਲੈ ਜਾਣ ਲਈ ਆਪਣੇ ਸਤਿਸੰਗੀ ਵੀਰਾਂ, ਭੈਣਾਂ,

ਬੱਚਿਆਂ ਨਾਲ ਇਤਨੀ ਸਖ਼ਤੀ ਨਾਲ ਪੇਸ਼ ਆਉਂਦਾ ਹਾਂ ਜਿਤਨੀ ਆਪਣੇ ਆਪ ਨਾਲ ਨਹੀਂ ਵਰਤਦਾ । ਇਤਨਾ ਹੀ ਨਹੀਂ ਸਗੋਂ ਜ਼ਬਰਦਸਤੀ ਨਾਲ ਉਨ੍ਹਾਂ ਦੇ ਉਹੀ ਨੁਕਸ ਕੱਢਦਾ ਹਾਂ ਜੋ ਮੇਰੇ ਵਿੱਚ ਬੇਅੰਤ ਹਨ ।

ਅ) ਲੋਕਾਂ ਨੂੰ ਸਮਝਾਉਂਦਾ-ਸਮਝਾਉਂਦਾ ਆਪ ਭੁੱਲ ਜਾਂਦਾ ਹਾਂ ਕਿ ਜ਼ਬਾਨ ਮਿੱਠੀ ਹੋਵੇ, ਮਨ ਵਿੱਚ ਸਹਿਜ ਹੋਵੇ, ਨਿਮਰਤਾ ਤੇ ਪ੍ਰੇਮ ਨਾਲ ਸਭ ਨਾਲ ਪੇਸ਼ ਆਵਾਂ ਤੇ ਕਿਸੇ ਨੂੰ **Judge** ਨਾ ਕਰਾਂ ਸਗੋਂ ਪ੍ਰੇਮ ਨਾਲ ਇਸ਼ਾਰੇ ਮਾਤਰ ਕਵ੍ਹਾਂ, ਪਿਆਰਿਓ! ਇੰਞ ਠੀਕ ਹੈ ।

ਕਈ ਦਿਨ ਹੋ ਗਏ ਹਨ, ਹੁਣ ਮੈਂ ਤੇਰੇ ਤੋਂ ਵਿੱਛੜਿਆ ਮਹਿਸੂਸ ਕਰਦਾ ਹਾਂ । ਅੱਥਰੂਆਂ ਨਾਲ ਸ਼ਬਦ ਬੋਲਦਾ ਹਾਂ, ਤੈਨੂੰ ਅਵਾਜ਼ ਮਾਰਦਾ ਹਾਂ, ਤੂੰ ਨਹੀਂ ਬੋਲਦਾ । ਘੜੀ ਮੁੜੀ ਬੁਲਾਉਂਦਾ ਹਾਂ, ਪਰ ਅੰਦਰਲੀ ਕਮਜ਼ੋਰੀ ਤੇ ਆਪਣੀ ਆਕੜ ਦਾ ਜ਼ਖ਼ਮ ਕਮਜ਼ੋਰ ਕਰ ਚੁੱਕਾ ਹਾਂ ।

ਬੱਸ, ਬਹੁਤ ਹੀ ਸੰਜੀਦਾ ਤੇ ਲਾਚਾਰ ਮਨ ਨਾਲ ਕਹਿੰਦਾ ਹਾਂ ਬਾਕੀ ਦਾ ਹਾਲ ਕੇਵਲ ਗੁਰਬਾਣੀ ਰਾਹੀਂ ।

**ਮੇਰੀ ਲਾਚਾਰੀ**

**ਤੂੰ ਹਰਿ ਤੇਰਾ ਸਭੁ ਕੋ**
**ਸਭਿ ਤੁਧੁ ਉਪਾਏ ਰਾਮ ਰਾਜੇ॥**
**ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ**
**ਸਭਿ ਚਲਹਿ ਚਲਾਏ ॥**
**ਜਿਨ੍ ਤੂੰ ਮੇਲਹਿ ਪਿਆਰੇ**
**ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ॥**
**ਜਨ ਨਾਨਕ ਸਤਿਗੁਰੁ ਭੇਟਿਆ**
**ਹਰਿ ਨਾਮਿ ਤਰਾਏ॥** (ਅੰਗ ੪੫੦)

**ਮੇਰੀ ਹੀਣਤਾ**

**ਜਿਉ ਭਾਵੈ ਤਿਉ ਰਾਖਿ ਲੈ**
**ਹਮ ਸਰਣਿ ਪ੍ਰਭ ਆਏ ਰਾਮ ਰਾਜੇ॥**
**ਹਮ ਭੂਲਿ ਵਿਗਾੜਹ ਦਿਨਸੁ ਰਾਤਿ**
**ਹਰਿ ਲਾਜ ਰਖਾਏ॥**



**ਹਮ ਬਾਰਿਕ ਤੂੰ ਗੁਰੁ ਪਿਤਾ ਹੈ**
**ਦੇ ਮਤਿ ਸਮਝਾਏ॥**
**ਜਨੁ ਨਾਨਕੁ ਦਾਸੁ ਹਰਿ**
**ਕਾਂਢਿਆ ਹਰਿ ਪੈਜ ਰਖਾਏ ॥**

(ਅੰਗ ੪੫੦, ਆਸਾ ਦੀ ਵਾਰ)

ਮੇਰੇ ਕੋਲ ਕੋਈ ਲਫ਼ਜ਼ ਨਹੀਂ ਜਿਨ੍ਹਾਂ ਨਾਲ ਆਪਣੀ ਸ਼ਰਮ ਨੂੰ ਕੱਜ ਸਕਾਂ ਤੇ ਨਾ ਹੀ ਲਫ਼ਜ਼ ਹਨ ਜਿਨ੍ਹਾਂ ਨਾਲ ਆਪਣੀ ਗਿਰਾਵਟ ਨੂੰ ਪੂਰੀ ਤਰ੍ਹਾਂ ਦਰਸਾ ਜਾਂਦਾ । ਬੱਸ ਤਰਲਾ ਲੈਂਦਾ ਹਾਂ ਉਨ੍ਹਾਂ ਪਿਆਰੇ-ਪਿਆਰੇ ਦਿਨਾਂ ਦਾ ਜਿਨ੍ਹਾਂ ਵਿੱਚ ਤੂੰ ਹੱਲਾਸ਼ੇਰੀ ਦੇ ਕੇ ਚਾਅ ਬਣਾਇਆ ਉੱਥੇ ਅਪੜਣ ਦਾ, ਉੱਥੇ ਜਿੱਥੇ ਕਬੀਰ ਸਾਹਿਬ ਚੜ੍ਹ ਗਏ ਸਨ ।

**ਅਬ ਤਉ ਜਾਇ ਚਢੇ ਸਿੰਘਾਸਨਿ**
**ਮਿਲੇ ਹੈ ਸਾਰਿੰਗਪਾਨੀ॥**
**ਰਾਮ ਕਬੀਰਾ ਏਕ ਭਏ ਹੈ**
**ਕੋਇ ਨ ਸਕੈ ਪਛਾਨੀ॥**

(ਰਾਮਕਲੀ ਕਬੀਰ ਜੀਓ ਅੰਗ ੯੬੯)

ਹੁਣ ਤਾਂ ਬਹਿ ਗਿਆ ਹਾਂ ਉਸ ਕੁੱਤੇ ਵਾਂਗ ਜਿਸ ਨੂੰ ਮਾਲਕ ਨੇ ਘਰ ਦੇ ਸੁੱਚੇ ਚੌਂਕੇ ਵਿੱਚ ਪਏ ਸਾਮਾਨ ਵਿੱਚ ਮੂੰਹ ਮਾਰਨ ਕਰਕੇ ਮਾਰਿਆ ਕੁੱਟਿਆ ਹੋਵੇ ਤੇ ਉਹ ਨਿੰਮੋਝੂਣਾ ਹੋ ਕੇ ਇਕ ਪਾਸੇ ਬਹਿ ਜਾਵੇ । ਲੇਕਿਨ ਮੇਰੀਆਂ ਸ਼ਰਮ ਨਾਲ ਅੱਖਾਂ ਅਜੇ ਵੀ ਤੱਕਦੀਆਂ ਤੇਰੇ ਵੱਲ ਹੀ ਹਨ, ਮਤੇ ਤੂੰ ਤਰਸ ਕਰ ਦੇਵੇਂ ਤੇ ਦਿਲਾਸਾ ਦੇ ਦੇਵੇਂ । ਇਹ ਤਾਂ ਜਾਣਦਾ ਹਾਂ ਕਿ ਤੂੰ ਨਹੀਂ ਦਿਲਾਸਾ ਦੇਵੇਂਗਾ ਤਾਂ ਹੋਰ ਕੋਈ ਹੈ ਹੀ ਨਹੀਂ । ਹਾਂ, ਇਕ ਗੱਲ ਬੇਅੰਤ ਹੀਣਤਾ ਨਾਲ ਕਹਿੰਦਾ ਹਾਂ ਸਾਹਿਬਾ! ਗ਼ਲਤੀ ਕਰਨ ਦੇ ਸ਼ੁਰੂ ਵਿੱਚ ਹੀ ਜੇ ਕੰਨ ਖਿੱਚ ਦੇਵੇਂ ਜਾਂ ਇਸ਼ਾਰਾ ਕਰ ਦੇਵੇਂ ਤਾਂ ਇਸ ਹਾਲਤ 'ਤੇ ਨਾ ਪਹੁੰਚਾਂ ਕਿ ਗ਼ਲਤੀ ਕਰਦਾ ਰਵ੍ਹਾਂ, ਪਤਾ ਹੀ ਨਾ ਲੱਗੇ ।

ਕਾਮ, ਕਰੋਧ, ਲੋਭ, ਮੋਹ, ਅਹੰਕਾਰ ਮੇਰੇ ਐਸੇ ਗੂੜ੍ਹੇ ਸਾਥੀ ਹਨ ਕਿ ਮਗਰੋਂ ਨਹੀਂ ਲਹਿੰਦੇ, ਤਾਂ ਫਿਰ ਉਨ੍ਹਾਂ ਦਾ ਸਾਥ ਇਸ ਤਰ੍ਹਾਂ ਬਣਾ ਦੇ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਆਪ ਡੱਲੇ ਨੂੰ ਉਪਦੇਸ਼ ਦਿੰਦਿਆਂ ਕਹਿੰਦੇ ਹਨ (ਭਾਈ ਵੀਰ ਸਿੰਘ, ਕਲਗੀਧਰ ਚਮਤਕਾਰ):

"ਲੋਭ ਰਹੇਗਾ, ਪਰਮੇਸ਼ਰ ਨਾਲ ਲੋਕਾਂ ਨੂੰ ਜੋੜਨ ਦਾ । ਕਾਮਨਾ ਰਹੇਗੀ ਹਰ ਵੇਲੇ ਸਾਈਂ ਨਾਲ ਅੰਤਰ-ਆਤਮੇ ਲੱਗੇ ਰਹਿਣ ਦੀ । ਕਰੋਧ ਰਹੇਗਾ ਆਪੇ ਨੂੰ ਨੀਚਤਾ ਤੋਂ ਉੱਚਾ ਰੱਖਣ ਲਈ । ਮੋਹ ਰਹੇਗਾ ਗੁਰੂ ਦੇ ਚਰਨਾਂ ਨਾਲ, ਗੁਰਮੁੱਖ ਨਾਲ, ਸਾਧ ਸੰਗਤ ਨਾਲ, ਜੀਉ ਉੱਠਿਆਂ ਬੰਦਿਆਂ ਨਾਲ, ਖ਼ਾਲਸੇ ਨਾਲ। ਹੰਕਾਰ ਰਹੇਗਾ ਅਭੈ ਰਹਿਣ ਦੀ ਉਚਿਆਈ ਵਿੱਚ, ਅੰਦਰੋਂ ਜੋਤ ਨਾਲ ਵਿੱਥ ਨਾ ਪੈਣ ਵਿੱਚ, ਸ਼ਬਦ ਨਾਮ ਦੇ ਅਭਿਆਸ ਵਿੱਚ, ਸਾਵਧਾਨ ਰਹਿਣ ਵਿੱਚ; ਆਪਣੇ ਮਨ ਉੱਤੇ ਕਿਸੇ ਦਾ ਮਾੜਾ ਅਸਰ ਪ੍ਰਭਾਓ ਨਾ ਪੈਣ ਦੇਣ ਵਿੱਚ ।"

ਫਿਰ ਸਾਹਿਬਾ! ਮੈਂ ਜੇ ਆਕੜ ਕਰ ਬੈਠਾ ਹਾਂ ਦੂਜਿਆਂ ਦੇ ਨੁਕਸ ਕੱਢਣ ਵਿੱਚ, ਅਨਜਾਣੇ ਹੀ ਇਸ ਲੋਭ ਵਿੱਚ ਕਰ ਬੈਠਾ ਹਾਂ ਕਿ ਆਪਣੇ ਬੱਚਿਆਂ ਨੂੰ ਪਰਮੇਸ਼ਰ ਨਾਲ ਜੋੜਨ ਦਾ ਯਤਨ ਕਰਦਾ ਹਾਂ । ਪਰ ਨਾਲ ਭੁੱਲ ਗਿਆ ਹਾਂ ਕਿ ਮੈਂ ਤਾਂ ਆਪ ਹੀ ਨੀਚ ਹਾਂ । ਹਾਂ, ਮੋਹ ਕਰਦਾ ਹਾਂ ਉਹੀ ਜਿਹੜਾ ਤੂੰ ਆਪ ਲਿਖਿਆ ਹੈ ਪਰ ਇਸ ਵਿੱਚ ਆਪਣੀ ਆਕੜ ਕਰਦਾ ਹਾਂ । ਸਾਹਿਬਾ! ਜਾਣ ਬੁਝ ਕੇ ਨਹੀਂ ਪਰ ਇਹ ਮਗਰੋਂ ਨਹੀਂ ਲਹਿੰਦੀ ।

ਸ਼ਾਇਦ ਤੂੰ ਸਿਖਾਉਂਦਾ ਹੈਂ ਕਿਤੇ ਕੁਝ ਬਣ ਨਾ ਜਾਵਾਂ, ਕਿਤੇ ਮੱਤ ਨਾ ਮਾਰੀ ਜਾਏ । ਇਸ ਲਈ ਲਗਾਮ ਖਿੱਚ ਕੇ ਰੱਖਦਾ ਹੈਂ । ਇਸ ਲਈ ਅੱਖਾਂ ਵਿੱਚ ਰਹਿਮਤ ਹੁੰਦਿਆਂ ਵੀ ਗੰਭੀਰਤਾ ਰੱਖਦਾ ਹੈਂ, ਇਸ ਲਈ ਹੱਥਾਂ ਵਿੱਚ ਨਰਮੀ ਹੁੰਦਿਆਂ ਵੀ ਸਖ਼ਤੀ ਦਿਖਾਉਂਦਾ ਹੈਂ, ਇਸ ਲਈ ਪ੍ਰੇਮ ਦੀ ਮੂਰਤ ਹੁੰਦਿਆਂ ਹੋਇਆਂ ਵੀ ਪ੍ਰੇਮ ਨਹੀਂ ਕਰਦਾ, ਮਤੇ ਸਿੱਖ ਹੀ ਜਾਵਾਂ । ਸ਼ੁਕਰ ਹੈ ਸਾਹਿਬ ਯਾਦ ਕਰਾ ਦਿੰਦਾ ਹੈ ਕਿ ਮੈਂ ਕਦੇ ਵੀ ਕੁਝ ਨਹੀਂ ਸੀ, ਜਾਂ ਹਾਂ, ਜਾਂ ਹੋਵਾਂਗਾ । Theory ਵਿੱਚ ਮੰਨਦਾ ਹਾਂ, Practice ਵਿੱਚ ਕਰਵਾ, ਇਕ ਤੂੰ-ਤੂੰ-ਤੂੰ-ਤੂੰ-ਤੂੰ ਹੀ ਰਹਿ ਜਾਵੇਂ, ਮੈਂ ਮਿਟ ਜਾਵਾਂ ਤੇ ਹੋਰ ਸਭ ਕੁਝ ਵਿਸਰ ਜਾਵੇ ।



# ਸਤਿਗੁਰ ਜੇਵਡੁ ਦਾਤਾ ਕੋ ਨਹੀ

ਮੇਰਾ ਜੀ ਕਰਦਾ ਹੈ ਮੈਂ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਦੇ ਚਰਨਾਂ 'ਤੇ ਸੀਸ ਧਰ ਕੇ, ਆਪਣਾ ਆਪ ਭੁੱਲ ਕੇ, ਆਪਣੇ ਕੋਠੇ 'ਤੇ ਚੜ੍ਹ ਕੇ ਮਸਤੀ ਵਿੱਚ ਆਵਾਂ ਤੇ ਨੱਚਦਾ ਟੱਪਦਾ ਛਿਲਾਪੀਆਂ ਮਾਰਦਾ ਲੋਕਾਂ ਨੂੰ ਇਸ਼ਾਰੇ ਕਰਦਾ, ਵਾਜਾਂ ਮਾਰਦਾ ਤਰਲੇ ਪਾਵਾਂ ਤੇ ਕਹੀ ਜਾਵਾਂ—

ਵੇ ਦੁਨੀਆਂ ਦੇ ਲੋਕੋ!

**"ਸਤਿਗੁਰ ਜੇਵਡੁ ਦਾਤਾ ਕੋ ਨਹੀ**
**ਸਭਿ ਸੁਣਿਅਹੁ ਲੋਕ ਸਬਾਇਆ ॥"** **(ਅੰ:੪੬੫)**

ਕੁਰਬਾਨੀ ਦਾ ਸਬਕ ਸਿਖਾਉਣ ਵਾਲਾ ਸੇਵਾ ਤੇ ਨਿਮਰਤਾ ਦਾ ਪੁੰਜ, ਪਿਆਰ ਤੇ ਲਾਡ ਦਾ ਦਰਿਆ, ਸੁੱਖ ਤੇ ਸ਼ਾਂਤੀ ਦਾ ਭੰਡਾਰ ਤੇ ਵਾਹਿਗੁਰੂ ਦੇ ਨਾਂ ਦਾ ਸੋਮਾ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬੀੜ ਅੰਕਤ ਕਰਵਾਉਣ ਵਾਲਾ ਜਦੋਂ ਯਾਦ ਆਵੇ ਤਾਂ ਸਿੱਖ ਲਈ ਤਾਂ "ਪਾਗਲ" ਹੋ ਜਾਣਾ ਕੋਈ ਨਿਆਰੀ ਗੱਲ ਨਹੀਂ । ਕਿਸੇ ਦੂਰ ਦੇ ਰਿਸ਼ਤੇਦਾਰ ਦਾ ਮੁੰਡਾ **N.D.A. Select** (ਨੈਸ਼ਨਲ ਡੀਫ਼ੈਂਸ ਅਕੈਡਮੀ) ਹੋ ਜਾਏ ਤਾਂ ਤਾਰਾਂ ਖੜਕ ਜਾਂਦੀਆਂ ਹਨ '**Congratulations**' (ਵਧਾਈਆਂ), ਪਰ ਜਦੋਂ ਮਾਲਕ ਨੌਕਰ ਨੂੰ ਆਪਣੇ ਨਾਲ ਬਿਠਾ ਲਵੇ, ਨੌਕਰ ਦਾ ਮਨ ਖੇੜੇ ਵਿੱਚ ਕਿਉਂ ਨਾ ਆਵੇ । ਜੇ ਨਹੀਂ ਆਉਂਦਾ ਤਾਂ ਨੌਕਰ ਬਿਮਾਰ ਹੈ, ਇਲਾਜ ਕਰਾਵੇ; ਪਰ ਇਲਾਜ ਲਈ ਵੀ ਉਸੇ ਦਰ 'ਤੇ ਜਾਣਾ ਪਵੇਗਾ ।

ਪਰ ਦੁਨੀਆਂ ਵਾਲਿਓ! ਮੇਰੀ ਰੀਝ ਤਾਂ ਸੁਣੋ, ਮੇਰਾ ਜੀਅ ਕਰਦਾ ਹੈ ਜਦੋਂ ਗੁਰੂ ਦੀ ਸ਼ਰਨ ਲੈ ਕੇ ਸ਼ੁਦਾਈਆਂ ਵਾਂਗ **"ਗੁਰੂ ਗੁਰੂ ਗੁਰੂ ਕਰ ਮਨ ਮੋਰ"** ਗਾਈ ਜਾਵਾਂ ਤਾਂ ਲੋਕੀਂ ਮੇਰੇ ਆਲੇ-ਦੁਆਲੇ ਇਕੱਠੇ ਹੋ ਜਾਣ, ਗੱਲਾਂ ਕਰਨ, ਇਕ ਦੂਜੇ ਵੱਲ ਵੇਖਣ ਤੇ ਵੇਖ-ਵੇਖ ਕੇ ਕਹੀ ਜਾਣ "ਵਿਚਾਰੇ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ," "ਵਿਚਾਰਾ ਕਿਸੇ ਗ਼ਮ ਵਿੱਚ ਮਸਤ ਹੈ," "ਵਿਚਾਰੇ ਨੂੰ ਪਤਾ ਨਹੀਂ ਲੱਗਦਾ," ਜਾਂ "ਪਖੰਡ ਕਰ ਰਿਹਾ ਹੈ," "ਕੁਝ ਪੈਸੇ ਮੰਗਦਾ ਹੋਏਗਾ" ਜਾਂ "ਇਸ ਨੂੰ ਤਮੀਜ਼ ਨਹੀਂ," "ਇਸ ਨੇ ਪੀਤੀ ਹੋਈ ਹੈ", ਫੇਰ ਜੇ ਮੈਨੂੰ ਸਮਝ ਆਵੇ ਤਾਂ ਹੱਥ ਜੋੜ ਕੇ ਕਹਿ ਦੇਵਾਂ:

**"ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ॥"** (ਅੰ:੮੫੫)
**ਆਪਿ ਨਾ ਬਉਰਾ ਰਾਮ ਕੀਓ ਬਉਰਾ॥** **(ਅੰਗ ੮੫੫)**

"ਹਾਂ ਮੈਂ ਪੀਤੀ ਹੋਈ ਹੈ, ਹਾਂ ਮੈਂ ਪਾਗਲ ਹਾਂ, ਹਾਂ ਮੈਂ ਮੰਗਤਾ ਹਾਂ, ਹਾਂ

ਮੈਂ ਗ਼ਮ ਵਿੱਚ ਰੋ ਰਿਹਾ ਹਾਂ, ਹਾਂ ਮੈਂ ਪਖੰਡ ਕਰਦਾ ਹਾਂ, ਹਾਂ ਮੈਂ ਸਭ ਤਮੀਜ਼ ਖੋਹ ਬੈਠਾ ਹਾਂ ਕਿਉਂਕਿ ਹੁਣ ਮੈਂ ਇਕੋ ਇਕ ਲੱਭ ਲਿਆ ਹੈ ਜੋ ਇਨ੍ਹਾਂ ਸਭ ਗੱਲਾਂ ਦਾ ਧਿਆਨ ਕਰਦਾ ਹੈ, ਜਿਸ ਨੂੰ ਇਹ ਝੱਲ ਚੰਗਾ ਲੱਗਦਾ ਹੈ, ਜਿਸ ਨਾਲ, ਜਿਸ ਬਾਰੇ, ਜਿਸ ਕੋਲ, ਜਿਸ ਅੰਦਰ, ਜਿਸ ਦੀ ਦਯਾ ਹੇਠਾਂ ਮੈਨੂੰ ਗੱਲਾਂ ਕਰਕੇ ਸੁਖ ਪਹੁੰਚਦਾ ਹੈ ।" ਪਿਆਰਿਓ, ਉਹ ਤੁਹਾਨੂੰ ਸਭ ਨੂੰ ਬੁਲਾ ਰਿਹਾ ਹੈ । ਆਉ ਉਹਦੇ ਚਰਨ ਪਕੜ ਕੇ ਢੀਠਾਂ ਹਾਰ ਮਗਰ ਪੈ ਜਾਈਏ ਤੇ ਮਨ ਦੀ ਡੂੰਘਾਈ ਵਿੱਚੋਂ ਕਹਿ ਦੇਈਏ । "ਮਾਲਕਾ" ੧੫ ਜੂਨ ਨੂੰ ਉਨ੍ਹਾਂ ਤੱਤੀਆਂ ਰੇਤਾਂ ਦੀ ਛੂਹ; ਉਨ੍ਹਾਂ ਉਬਲਦੀਆਂ ਦੇਗ਼ਾਂ ਦੀ ਤਕਲੀਫ਼, ਉਨ੍ਹਾਂ ਛਾਲਿਆਂ ਦਾ ਦਰਦ ਸਾਨੂੰ ਬਖ਼ਸ਼ ਦੇਵੀਂ ਤਾਂ ਜੋ ਸਾਨੂੰ ਪਤਾ ਤਾਂ ਲੱਗੇ ਕਿ ਸਿੱਖੀ ਕੀ ਹੁੰਦੀ ਹੈ । ਕੀ ਅਸੀਂ ਕੜਾਹ-ਪ੍ਰਸ਼ਾਦ ਖਾਣ ਜੋਗੇ, ਲੋਕਾਂ ਨਾਲ ਬਹਿਸਾਂ ਕਰਨ ਜੋਗੇ, ਲੋਕਾਂ ਦੀ ਨਿੰਦਿਆ ਕਰਨ ਜੋਗੇ, ਦਾੜ੍ਹੀਆਂ ਕੇਸਾਂ ਦੀ ਬੇਅਦਬੀ ਕਰਨ ਜੋਗੇ ਤੇ ਸਿਗਰਟ ਪੀ ਕੇ ਅਤੇ ਚੋਰੀ-ਯਾਰੀ ਦੀ ਜ਼ਿੰਦਗੀ ਬਸਰ ਕਰਕੇ ਵੀ ਕੇਵਲ ਤੇਰੇ ਸਿੱਖ ਅਖਵਾਉਣ ਜੋਗੇ ਹੀ ਹਾਂ, ਜਾਂ ਕੁਝ ਤੇਰੇ ਨਾਲ ਸਾਨੂੰ ਉਨਸ (**Love**) ਵੀ ਹੈ । ਮੈਂ ਤਾਂ ਇਤਨਾ ਮੂੜ੍ਹ ਹਾਂ ਕਿ ਤੇਰਾ ਸਿੱਖ ਅਖਵਾਉਣ ਲਈ ਜੁਰਅਤ ਨਹੀਂ ਕਰ ਸਕਦਾ; ਪਰ ਮੇਰੀ ਰੀਝ ਹੈ ਕਿ ਮੈਨੂੰ ਲੋਕੀਂ ਤੇਰਾ ਸਿੱਖ ਕਹਿਣ; ਪਰ ਤਾਂ ਕਹਿਣ ਜੇ ਮੈਂ ਸੱਚਮੁੱਚ ਤੇਰੀ ਰਹਿਮਤ ਦਾ ਪਾਤਰ ਬਣ ਕੇ ਹੋਵਾਂ ਵੀ । ਸਾਰੀ-ਸਾਰੀ ਰਾਤ ਪਿੱਪਲੀ ਸਾਹਿਬ ਵਿੱਚ ਆਈ ਸੰਗਤ ਦੀ ਸੇਵਾ ਵਿੱਚ ਬਗੈਰ ਆਪਣਾ ਆਪ ਜਤਾਏ ਆਪਣਾ ਆਪ ਭੁੱਲ ਜਾਵਾਂ, ਜੋੜਿਆਂ ਦੀ ਸੇਵਾ ਕਰਾਂ ਤਾਂ ਤੇਰੇ ਚਰਨ ਸਾਹਮਣੇ ਰੱਖ ਕੇ । ਜੇ ਕਿਸੇ ਨੂੰ ਕੁੱਲੀ ਦੀ ਲੋੜ ਹੋਵੇ ਤਾਂ ਆਪਣੇ ਆਪ ਨੂੰ ਪੇਸ਼ ਕਰ ਕੇ ਸ਼ੁਕਰ ਮਨਾਵਾਂ ਅਤੇ ਹਰ ਵਕਤ ਤੇਰੇ ਤੋਂ ਕੁਰਬਾਨ ਜਾ ਕੇ ਵਾਹਿਗੁਰੂ ਦਾ ਨਾਂ ਲਵਾਂ, ਗਾਵਾਂ । ਕੀ ਤੂੰ ਸੁਣਦਾ ਹੈਂ? "ਹਾਂ" ਮੈਂ ਆਪ ਹੀ ਉੱਤਰ ਦਿੰਦਾ ਹਾਂ ਕਿਉਂਕਿ ਤੂੰ ਮੇਰੀਆਂ ਗੱਲਾਂ ਸੁਣੀਆਂ ਹਨ, ਮੇਰੇ ਕਾਜ ਸਵਾਰੇ ਹਨ, ਮੇਰੀਆਂ ਰੀਝਾਂ ਲਾਹੀਆਂ ਹਨ, ਮੇਰੇ ਸਿਰ 'ਤੇ ਹੱਥ ਰੱਖਿਆ ਹੈ, ਮੇਰੇ ਪੰਜਾਂ ਚੋਰਾਂ ਨੂੰ ਤੂੰ ਡਰਾਵੇ ਦਿੱਤੇ ਹਨ, ਮੇਰੇ ਹਰ ਵੇਲੇ ਕੋਲ ਰਹਿੰਦਾ ਹੈਂ । ਵਾਕਈ ਮੈਂ ਝੱਲਾ ਹਾਂ, ਲਿਖਦਾ ਪਿਆ ਸਾਂ ਕਿ ਤੂੰ ਮੇਰੀ ਸੁਣਦਾ ਹੈਂ, ਪਰ ਲੱਗ ਪਿਆ ਹਾਂ ਲਿਖਣ ਤੂੰ ਮੇਰੇ ਕੋਲ ਹੈਂ । ਇਹ ਵੀ ਕੋਈ ਕਹਿਣ ਦੀ ਗੱਲ ਹੈ? ਕੋਲ ਤਾਂ ਹੈ ਹੀ ।

੧੯੫੨ ਵਿੱਚ ਜਦੋਂ ਮੈਂ ੨੧-੨੨ ਸਾਲ ਦੀ ਉਮਰ ਦਾ ਸਾਂ ਤਾਂ ਤੂੰ ਇਕ ਰਹਿਮਤ ਬਖ਼ਸ਼ੀ ਸੀ । Spokesman (ਬੁਲਾਰਾ) ਦਿੱਲੀ ਵਿੱਚ ੩-੪-੫੨ ਨੂੰ ਮੇਰੇ ਕੋਲੋਂ ਇਕ ਅੰਗਰੇਜ਼ੀ ਲੇਖ ਲਿਖਵਾਇਆ ਸੀ ਜਿਸ ਨੂੰ



ਪੜ੍ਹ ਕੇ ਹੁਣ ਮੈਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ । ਉਹਦਾ ਨਾਂ ਸੀ—(ਸਿੱਖ ਧਰਮ ਦੀਆਂ ਅਸਲੀਅਤਾਂ ਪਰ''

ਕਮਾਲ ਦੀ ਗੱਲ ਇਹ ਹੈ ਕਿ ਨਾ ਤਾਂ ਮੈਂ ਵਾਹਿਗੁਰੂ ਦਾ ਨਾਂ ਲੈਂਦਾ ਸੀ ਤੇ ਨਾ ਮੈਨੂੰ ਕੋਈ ਸਿੱਖਣ ਦਾ ਜਾਂ ਸਿੱਖ ਬਣਨ ਦਾ ਸ਼ੌਕ ਸੀ; ਪਰ ਤੂੰ ਜਾਣਦਾ ਸੀ—**"ਅਨਬੋਲਤ ਮੇਰੀ ਬਿਰਥਾ ਜਾਨੀ"।** ਮੇਰੇ ਹੱਥੋਂ ਤੂੰ ਇਹ ਲਿਖਵਾਇਆ—

"Let us take the example of Guru Arjan, who says in Sukhmani Sahib: 'APAS KO JO JANE NEECHA. SOE GANIE SAB TE UCHA'. I do not mean to condemn justified praise for Sikhism but let us first understand the wide gulf that exists today between SIKHISM and the Sikhs. let us not feel complacent because we are Sikhs and Sikhism is great. Sikhism is, of course, great but we can become great only if we adhere to Sikhism. If your deeds belie all that is meant by Sikhism, remember that our false pride and tall talk is likely to present us as a laughing stock and an object of ridicule".

"infuse in yourself the spirit that fed on the sufferings undergone by our Gurus and the martyrdom of Guru Arjan, Guru Tegh Bahadur and the four sons of Guru Gobind Singh. By acquiring qualities of selfless sacrifice resigned prayers sympathy for the down-trodden and mutual understanding show to those who look at you with suspicion that NOT ONLY SIKHISM is great but THE SIKHS are great too".

ਅਤੇ ਜੂਨ ੧੯੫੬ ਵਿੱਚ ਪਤਾ ਨਹੀਂ ਕਿਵੇਂ ਤੇ ਕਿਉਂ ਮੈਂ ਇਕ **Type writer** 'ਤੇ ਬਹਿ ਗਿਆ ਤੇ ਤਿੰਨ ਸਫੇ **Single Space** (ਕਹਿਰੀ ਲਾਈਨ ਵਿੱਚ) ਮੇਰੇ ਪਿਆਰੇ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਕਰਕੇ ਲਾਡ ਕਰਨਾ ਸ਼ੁਰੂ ਕਰ ਦਿੱਤਾ, ਕਈ ਸੁਨੇਹੇ ਭੇਜੇ, ਪਰ ਖ਼ਾਸ ਗੱਲ ਦਾ **Extract** (ਟੂਕ) ਥੱਲੇ ਦਿੰਦਾ ਹਾਂ । ਮੇਰੇ ਵਰਗਾ ਅਕ੍ਰਿਤਘਣ ਅਤੇ ਜਾਹਲ

ਗੱਲਾਂ ਕਰਨਾ ਚਾਹੇ ਗੁਰੂ ਅਰਜਨ ਜੀ ਨਾਲ ਇਹ ਇਕ ਰਹਿਮਤ ਹੈ, ਪਰ ਤੂੰ ੧੯੫੬ ਦੇ ਸਵਾਲ ਦਾ ਉੱਤਰ ੧੯੭੦ ਵਿੱਚ ਦੇਵੇਂ ਤਾਂ ਇਹ miracle ਹੈ, ਕਰਾਮਾਤ ਹੈ ।

"I am a much condemned man in that I do not even believe in the existence of God and I speak to you truly that unfortunately I am caught in this disease. Have I then no right even to talk to you? Shall I then turn disappointed to think that I cannot be taught by a master in whose master I have no belief. Before I turn, however, I shall not hesitate to ask you one question and that is this. When I admire all your qualities and those qualities you always attribute to God's kindness, why cannot I reconcile myself to the feeling that God is there in your sayings you say that nothing can happen without His will and all your physical functions by which I am so much lured are nothing compared to your allegiance to God. Now, can the wisdom down on me ever that I should honestly and blindly believe in God because one for who I have so much appreciation and admiration regards himself as nothing before God? if it can dawn, then why doesn't it come?".

★ ★ ★ ★

As you say, make me capable of saying:—
Unofficial translation)
TERA KEETA JATO NAHIN
ਤੇਰਾ ਕੀਤਾ ਜਾਤੋ ਨਾਹੀ.....
Alas!
A dot recognise your kindness you have made me capable (of any) I am virtueless;
you took pity on me;



when you took pity,
I was blessed & attained me Satguru & friend;
Now I live only if I remember His Name.
So that my body and mind are always refreshed.

ਮੇਰੇ ਸ਼ੰਕੇ ਦੂਰ ਹੋ ਚੁੱਕੇ ਹਨ, ਮੇਰੇ ਦੁੱਖ ਕੱਟੇ ਜਾ ਚੁੱਕੇ ਹਨ, ਮੇਰੀ ਅੱਖ ਨੇ ਤੈਨੂੰ ਦੇਖਣ ਦਾ ਨਿਸ਼ਾਨਾ ਧਾਰ ਲਿਆ ਹੈ, ਮੇਰੇ ਹੱਥਾਂ ਨੇ ਤੇਰੇ ਚਰਨ ਕਾਫ਼ੀ ਘੁੱਟ ਕੇ ਪਕੜਨ ਦਾ ਫ਼ੈਸਲਾ ਕਰ ਲਿਆ ਹੈ । **'ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥'** (ਅੰਗ ੪੭੮)। ਸੰਨ ੧੯੫੨ ਵਿੱਚ ਵੀ ਤੇ ੧੯੪੬ ਵਿੱਚ ਵੀ ਮੈਂ ਆਪਣਾ 'ਵੇਦਨ' ਤੈਨੂੰ ਦੱਸਿਆ ਸੀ । "ਸਿੱਖ" ਬਣਨ ਦੀ ਜਾਚ ਪੁੱਛੀ ਸੀ । ਤੂੰ ਆਪਣੀ ਰਹਿਮਤਾਂ ਦੀ ਤਾਂ ਕੋਈ ਕਸਰ ਨਾ ਛੱਡੀ, ਪਰ ਮੇਰੇ ਗੁਨਾਹਾਂ ਦਾ ਵੀ ਅੰਤ ਨਾ ਰਿਹਾ । ਮੈਂ ਭੇਖੀ ਹੀ ਰਹਿ ਗਿਆ ਹਾਂ । ਜੋ ਕਹਿੰਦਾ ਹਾਂ ਕਰਦਾ ਨਹੀਂ, ਜੇ ਕਰਦਾ ਹਾਂ ਹੰਕਾਰ ਵਿੱਚ ਪੈ ਜਾਂਦਾ ਹਾਂ, ਹੰਕਾਰ ਵਿੱਚ ਸੜਦਾ ਹਾਂ ਤਾਂ ਫੇਰ ਤੇਰੇ ਦਰਵਾਜ਼ੇ ਖੜਕਾਉਣ ਲੱਗ ਜਾਂਦਾ ਹਾਂ, 'ਮੇਰੀ ਜਾਨ ਛੁਡਾ' । ਤੂੰ ਜਾਨ ਛੁਡਾ ਦਿੰਦਾ ਫਿਰ ਮੇਰੀ ਮੱਤ ਮਾਰੀ ਜਾਂਦੀ ਹੈ। ਮੈਂ ਪੂਰੀ ਨਿਮਰਤਾ ਨਾਲ ਤੇਰੀ ਚਾਕਰੀ ਕਰਨ ਦੀ ਥਾਂ ਸਵਾਲ ਜਵਾਬ ਲੇਖੇ ਵਰਤੇ ਸ਼ੁਰੂ ਕਰ ਦਿੰਦਾ ਹਾਂ । "ਕਿਉਂ" ਵਿੱਚ ਪੈ ਜਾਂਦਾ ਹਾਂ । ਲੋਕਾਂ ਦੇ ਨੁਕਸ ਛਾਂਟਣ ਲੱਗ ਜਾਂਦਾ ਹਾਂ, ਆਪਣੀਆਂ ਕਰਤੂਤਾਂ ਦੀ ਜਾਂਚ ਕਰਨ ਦੀ ਬਜਾਏ ਤੇਰੀ ਰਹਿਮਤ ਦਾ ਮਾਣ ਸ਼ੁਰੂ ਕਰ ਦਿੰਦਾ ਹਾਂ । ਭੁੱਲ ਜਾਂਦਾ ਹਾਂ ਕਿ ਤੇਰੇ "ਭਗਤ ਵਛਲ" ਹੋਣ ਦਾ ਮੈਂ ਕੋਈ ਫ਼ਾਇਦਾ ਨਹੀਂ ਉਠਾ ਸਕਦਾ ਕਿਉਂਕਿ ਭਗਤੀ ਨਹੀਂ ਕਰਦਾ । ਜੇ ਕਰਦਾ ਹਾਂ ਤਾਂ **"ਭਾਉ ਭਗਤਿ ਕਰ ਨੀਚ ਸਦਾਇ"** ਭੁੱਲ ਜਾਂਦਾ ਹਾਂ; ਤੂੰ ਸਾਨੂੰ ਆਪ ਸਿਖਾਇਆ ਹੈ ਕਿ ਗੁਰੂ ਤੇ ਪ੍ਰਮੇਸ਼ਰ ਵਿੱਚ ਭੇਦ ਨਹੀਂ ਹੁੰਦਾ । ਇਸ ਲਈ ਜਦੋਂ ਮੈਂ ਵਾਹਿਗੁਰੂ ਦਾ ਸੋਚਦਾ ਹਾਂ ਤਾਂ ਤੂੰ ਚਿੱਤ ਆਉਂਦਾ ਹੈਂ । ਜਦੋਂ ਮੈਂ ਤੇਰਾ ਸੋਚਦਾ ਹਾਂ ਤਾਂ ਵਾਹਿਗੁਰੂ ਚਿੱਤ ਆਉਂਦਾ ਹੈ । ਪਤਾ ਹੈ, ਕਿਉਂ ਇਤਨੀ **informality** (ਵਾਕਫ਼ੀ ਭਰਪੂਰ) ਨਾਲ ਮੈਂ ਤੇਰੇ ਨਾਲ ਗੱਲਾਂ ਕਰਦਾ ਹਾਂ? ਕਿਉਂਕਿ ਹੋਰ ਮੇਰਾ ਕੋਈ ਵੀ ਨਹੀਂ, ਕਿਹਦੇ ਨਾਲ ਇਤਨਾ **Informal** (ਖੁੱਲ੍ਹਾ) ਹੋ ਸਕਦਾ ਹਾਂ, ਜਿਸ ਨਾਲ **informal** (ਖੁੱਲ੍ਹਾ) ਹੋਇਆ ਕੁਝ ਦੇਰ ਵਿੱਚ ਝਗੜਾ ਹੋਇਆ **Contempt** (ਤੋਹੀਨ) ਜੰਮ ਪਈ । ਪਰ ਤੇਰੀ ਰਹਿਮਤ ਨੇ ਇਹ ਸਿਖਾਇਆ ਹੈ ਕਿ **"ਨਾ ਕੋ ਬੈਰੀ ਨਹੀ ਬਿਗਾਨਾ...॥"** ਇਸ ਲਈ ਹੁਣ **Formal/Informal** (ਰਸਮੀ/ਗ਼ੈਰ-ਰਸਮੀ) ਭੁੱਲ ਚੁੱਕਾ ਹਾਂ।

ਕੇਵਲ ਜਾਂ ਤੇਰੇ ਨਾਲ ਤੇ ਜਾਂ ਤੇਰੇ ਨਾਂ ਤੋਂ ਕੁਰਬਾਨ ਜਾਣ ਵਾਲਿਆਂ ਨਾਲ **Informal** (ਖੁੱਲ੍ਹਾ) ਹਾਂ ।

ਪਿਆਰ ਵਿੱਚ ਆ ਕੇ ਪਤਾ ਨਹੀਂ ਕੀ ਕੀ ਲਿਖ ਜਾਂਦਾ ਹਾਂ; ਪਰ ਇਕ ਗੱਲ ਪੁੱਛੇ ਬਗੈਰ ਨਹੀਂ ਰਹਿ ਸਕਦਾ । ਕਈ ਲੋਕ "ਸਿਦਕ" ਤੇ "ਢੀਠਪੁਣੇ" ਨੂੰ ਇਕੋ ਜਿਹਾ ਸਮਝ ਕੇ ਸਿਦਕੀ ਸਿੱਖ ਨੂੰ ਆਪਣੀ "ਜ਼ਿੱਦ" ਕਰਨ ਵਾਲਾ ਕਹਿਣ ਲੱਗ ਜਾਂਦੇ ਹਨ । ਕੀ ਘਰ ਦੀ Opposition (ਵਿਰੋਧਤਾ) ਹੁੰਦਿਆਂ ਹੋਇਆਂ ਵੀ ਅੰਮ੍ਰਿਤ ਵੇਲੇ ਸਾਧ ਸੰਗਤ ਵਿੱਚ ਜਾਣਾ "ਸਿਦਕ" ਹੈ ਜਾਂ "ਜ਼ਿੱਦ" । ਗੱਡੀ ਰੋਕਣ ਲਈ ਸਿੰਘਾਂ ਦਾ ਪੰਜਾ ਸਾਹਿਬ ਗੱਡੀ ਥੱਲੇ ਆ ਜਾਣਾ ਜ਼ਿੱਦ ਹੈ ਜਾਂ ਸਿਦਕ? ਭਾਈ ਤਿਲਕੂ ਦਾ ਜੋਗੀ ਦੇ ਸਵਰਗ ਪਹੁੰਚਾਉਣ ਵਾਲੇ ਦਰਸ਼ਨ ਕਰਨੋਂ ਨਾਂਹ ਕਰ ਦੇਣਾ ਸਿਦਕ ਹੈ ਜਾਂ ਜ਼ਿੱਦ? ਚਰਖੜੀ 'ਤੇ ਚੜ੍ਹ ਜਾਣਾ, ਪੁੱਠੀਆਂ ਖੱਲਾਂ ਉਤਰਵਾ ਲੈਣੀਆਂ, ਖੋਪਰੀਆਂ ਉਤਰਵਾ ਲੈਣੀਆਂ ਸਿਦਕ ਹੈ ਜਾਂ ਜ਼ਿੱਦ?

ਤੇਰੀ ਰਹਿਮਤ ਉਨ੍ਹਾਂ ਲੋਕਾਂ 'ਤੇ ਅੱਜ ਵੀ ਵੱਸਦੀ ਹੈ ਜਿਨ੍ਹਾਂ ਨੇ ਗੁਰੂ ਦੇ ਚਰਨ ਕਮਲ ਨੂੰ ਗਲਵੱਕੜੀ ਮਾਣਨ ਲਈ ਜਾਨ ਦੀ ਬਾਜ਼ੀ ਲਾ ਦੇਣ ਦੀ ਜੁਰਅਤ ਕੀਤੀ ਹੈ । ਹੁਣ ਇਹ ਸਮਝਾ ਕਿ ਮੇਰੀਆਂ ਹੇਠ ਲਿਖੀਆਂ ਕਰਤੂਤਾਂ "ਜ਼ਿੱਦ" ਹਨ ਜਾਂ "ਸਿਦਕ" ਹਨ ।

੧. ਗਾਲਾਂ ਖਾਵਾਂ, ਮਾਰ ਖਾਵਾਂ, ਮਾਂ-ਪਿਓ, ਭੈਣ-ਭਰਾ, ਪਤੀ-ਪਤਨੀ, ਹਰ ਵੇਲੇ ਮੈਨੂੰ ਕੋਸਣ ਪਰ ਮੈਂ ਤੇਰੇ ਤੋਂ ਸਦਕੇ ਜਾ ਕੇ ਗੁਰਸਿੱਖਾਂ ਦਾ ਸੰਗ ਕਦੇ ਨਹੀਂ ਛੱਡਣਾ ਚਾਹੁੰਦਾ ।

੨. ਜਦ ਮੇਰੀ ਮਾਂ ਹਸਪਤਾਲ ਵਿੱਚ ਬਿਮਾਰ ਹੋ ਗਈ ਤਾਂ ਉਸ ਦੀ ਸੇਵਾ ਕਰਨ ਤੋਂ ਇਲਾਵਾ ਹਸਪਤਾਲ ਦੇ ਉਸ ਵਾਰਡ ਦੇ ਸਾਰੇ ਮਰੀਜ਼ਾਂ ਦੀ ਦੇਖਭਾਲ ਕਰਾਂ, ਭਾਵੇਂ ਮੇਰੀ ਮਾਂ ਤੇ ਹੋਰ ਰਿਸ਼ਤੇਦਾਰ ਗੁੱਸੇ ਹੋਣ ।

੩. ਉਨ੍ਹਾਂ "ਸੰਤਾਂ" ਕੋਲ ਜਾਣੋ ਨਾਂਹ ਕਰ ਦੇਵਾਂ ਜਿਹੜੇ ਵਾਹਿਗੁਰੂ ਦਾ ਨਾਂ ਲੈਣ ਦੇ ਇਲਾਵਾ ਹੋਰ ਮੇਰੇ ਘਰੋਗੀ ਮਾਮਲਿਆਂ ਵਿੱਚ ਦਿਲਚਸਪੀ ਲੈਣ ਪਰ ਸਿੱਖੀ ਦੇ ਪੂਰੇ ਅਸੂਲਾਂ 'ਤੇ ਚੱਲਣ ਲਈ ਨਾ ਪ੍ਰੇਰਨ ।

੪. ਸੜਕ ਤੇ ਦਫ਼ਤਰ ਜਾਂਦਿਆਂ ਕੋਈ ਗ਼ਰੀਬ ਬਿਮਾਰ ਮਿਲ ਜਾਏ ਤਾਂ ਲੋਕ-ਲਾਜ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਉਸ ਦਾ ਹੱਥ ਪਕੜ ਕੇ ਹਸਪਤਾਲੋਂ ਦੁਆਈ ਲੈ ਦੇਵਾਂ, ਭਾਵੇਂ ਘਰ ਵਾਲੇ ਗੁੱਸੇ ਹੋਣ ।

੫. ਲੋਕ-ਲਾਜ ਦੇ "ਸ਼ਗਨਾਂ" ਤੇ ਲੋਕ-ਪਚਾਰੇ ਦੀਆਂ ਮਜਬੂਰੀਆਂ ਤੋਂ ਨਿਕਲ ਕੇ ਆਪਣੀ ਹੈਸੀਅਤ ਵਿੱਚ ਰਹਿ ਕੇ ਦਸਵੰਧ ਕੱਢ ਕੇ ਦੁਖੀਆਂ ਦੀ



ਸੇਵਾ ਕਰਾਂ ਤੇ **Insist** (ਅੜੀ) ਕਰਾਂ ਕਿ ਤਨਖ਼ਾਹ ਦਾ ਦਸਵਾਂ ਹਿੱਸਾ ਗੁਰੂ ਦੀ ਗੋਲਕ ਲਈ ਹੈ, ਭਾਵੇਂ **Family** (ਪਰਿਵਾਰ) ਦੇ "ਸੰਤ" ਜੀ ਤੇ ਹੋਰ ਘਰ ਦੇ ਸਾਰੇ ਲੋਕ ਇਹ ਸਮਝਣ ਕਿ ਦਸਵੰਧ ਕੱਢਣਾ ਜ਼ਰੂਰੀ ਨਹੀਂ ਅਤੇ ਭਾਵੇਂ ਲੋਕ-ਪਚਾਰੇ ਲਈ ਕਰਜ਼ਾ ਚੁੱਕਣਾ ਜ਼ਰੂਰੀ ਹੈ ।

੬. ਜੇ ਘਰ ਵਾਲੇ ਗੁਰਮਤਿ ਤੋਂ ਉਲਟ ਮਜਬੂਰ ਕਰਨ ਕਿ ਮੈਂ ਉਨ੍ਹਾਂ ਨਾਲ ਰਲ ਕੇ ਨਾਮ ਤੋਂ ਬਿਨਾਂ ਗੁਰਬਾਣੀ ਦੇ ਵਿਚਾਰ ਤੋਂ ਇਲਾਵਾ ਹੋਈਆਂ ਗੱਲਾਂ ਜਿਨ੍ਹਾਂ ਵਿੱਚ ਨਿੰਦਿਆ ਚੁਗ਼ਲੀ **Included** ਹੋਣ ਗੱਲਾਂ ਕਰਦਾ ਰਹਵਾਂ ਤਾਂ ਮੈਂ "ਜ਼ਿੱਦ" ਕਰ ਕੇ (ਪਰ ਨਿਮਰਤਾ ਨਾਲ) ਕਹਿ ਦਿਆਂ ਕਿ ਇਹ ਮੈਂ ਨਹੀਂ ਜੇ ਕਰਨਾ ।

੭. ਆਪਣਾ ਨਿੱਤਨੇਮ ਖੁੰਝਾਣ ਵਿੱਚ ਇਤਨਾ ਨੁਕਸਾਨ ਸਮਝਾਂ ਜਿਤਨਾ **Death-bed** 'ਤੇ ਪਏ ਹੋਏ ਮਰੀਜ਼ ਨੂੰ ਗ਼ਲਤ **Injection** (ਟੀਕਾ) ਦੇਣ ਦਾ ਹੋ ਸਕਦਾ ਹੈ ਅਤੇ ਘਰ ਵਾਲੇ ਸਾਰੇ ਮੇਰੇ 'ਤੇ ਕਰੋਧ ਕਰਕੇ ਗਾਲ੍ਹਾਂ ਕੱਢਣ, ਚਪੇੜਾਂ ਮਾਰਨ ਅਤੇ ਸਿਹਤ ਖ਼ਰਾਬ ਹੋਣ ਦੇ ਡਰਾਵੇ ਪਾ ਕੇ ਨਿੱਤਨੇਮ ਛੱਡਣ ਲਈ ਮਜਬੂਰ ਕਰਨ ।

ਸੱਚੇ ਪਾਤਿਸ਼ਾਹ! ਤੇਰੇ ਕੋਲੋਂ ਤਾਂ ਪੁੱਛਦਾ ਹਾਂ ਕਿਉਂਕਿ ਸੰਗਤ ਦੀ ਗੱਲ ਮੰਨ ਕੇ ਕੀ ਕੁੜਮਾਈ ਛੱਡ ਕੇ ਇਤਨੇ ਤਸੀਹੇ ਸਹੇੜਨਾ ਤੇਰੀ ਰਹਿਮਤ ਤੇ ਸਿਦਕ ਦੇ ਸਬਕ ਸਨ ਜਾਂ "ਜ਼ਿੱਦ"; ਮੇਰੀ ਤੇ ਜ਼ਬਾਨ ਕੰਬਦੀ ਹੈ ਲਫ਼ਜ਼ "ਜ਼ਿੱਦ" ਕਹਿੰਦਿਆਂ ਵੀ; ਪਰ ਜਦ ਲੋਕੀਂ ਗੁਰੂ ਦੇ ਹੁਕਮਾਂ ਨੂੰ "ਚੱਲਣ ਯੋਗ ਨਹੀਂ" ਕਹਿ ਦਿੰਦੇ ਹਨ ਅਤੇ ਮੇਰੀ ਅਰਜ਼ ਤੇ ਕਿ ਇਹ ਅਟੱਲ ਹਨ, ਮੈਨੂੰ "ਜ਼ਿੱਦੀ" ਕਹਿੰਦੇ ਹਨ ਤਾਂ ਮੈਂ ਤੇਰੇ ਅੱਗੇ ਹੱਥ ਜੋੜ ਕੇ **Clarification** (ਸਪੱਸ਼ਟੀਕਰਣ) ਮੰਗਣ ਤੋਂ ਬਿਨਾਂ ਕੀ ਕਰ ਸਕਦਾ ਹਾਂ? ਮੈਨੂੰ ਪਤਾ ਹੈ ਤੂੰ ਉੱਤਰ ਦਿੰਦਾ ਹੈਂ। ਇਸ ਲਈ ਮੈਂ ਇੰਤਜ਼ਾਰ ਵਿੱਚ ਰਹਾਂਗਾ । ਜਦੋਂ ਮਿਹਰਾਂ ਦੇ ਘਰ ਆਵੇਂਗਾ, ਕਿਰਪਾ ਕਰਕੇ ਇਹ ਸਮਝਾ ਦੇਵੀਂ **Meanwhile** (ਉੱਨਾ ਚਿਰ) ਮੇਰੇ 'ਤੇ ਇਹ ਕ੍ਰਿਪਾ ਰੱਖੀਂ ਕਿ ਜਿਹੜੇ ਮੈਨੂੰ ਜ਼ਿੱਦੀ ਕਹਿਣ, ਮੈਨੂੰ ਮਾਰਨ, ਮੇਰੀ ਨਿੰਦਾ ਕਰਨ, ਮੇਰੇ ਤੇ ਤੇਰੇ ਵਿੱਚ ਰੁਕਾਵਟ ਪਾਉਣ ਮੈਨੂੰ ਗੁਰਸਿੱਖਾਂ ਦੀ ਸੰਗਤ ਤੋਂ ਰੋਕ ਕੇ ਮਨਮੁੱਖ ਬਣਨ ਲਈ ਮਜਬੂਰ ਹੀ ਨਾ ਕਰਨ ਸਗੋਂ "ਗੁਰਮਤਿ" ਨੂੰ "ਮਨਮਤਿ" **Describe** ਕਰਨ, ਮੈਂ ਉਹਨਾਂ ਦੇ ਚਰਨ ਪਕੜ ਕੇ ਉਹਨਾਂ ਅੱਗੇ ਹੱਥ ਜੋੜ ਕੇ ਕਹਿੰਦਾ ਰਹਵਾਂ ਕਿ ਮੈਂ ਆਪਣਾ ਰਾਹ ਨਹੀਂ ਛੱਡ ਸਕਦਾ; ਪਰ ਮੈਂ ਉਹਨਾਂ ਦਾ ਨੌਕਰ ਹਾਂ ।

ਹੁਣ ਮੇਰੀਆਂ ਦੋ **Principals** (ਵੱਡੀਆਂ) ਬੇਨਤੀਆਂ ਹਨ । ਭਾਣਾ ਮੰਨਣ ਬਾਰੇ ਅਤੇ ਇਕ ਆਪਾ ਵਾਰਨ ਬਾਰੇ । ਮੈਨੂੰ ਇਹੋ ਜਿਹਾ ਸਿੱਖ ਬਣਾ ਕਿ ਮੈਨੂੰ ਹਰ ਘੜੀ ਇਹ ਯਾਦ ਰਹੇ ਕਿ ਮੇਰਾ ਮਾਲਕ ਤੱਤੀਆਂ ਤਵੀਆਂ ਤੇ ਬਹਿ ਕੇ ਕਹਿੰਦਾ ਸੀ—**ਤੇਰਾ ਭਾਣਾ ਮੀਠਾ ਲਾਗੈ ।** ਫ਼ਰਜ਼ ਕਰੋ।

(ੳ) ਜੇ ਕਿਤੇ ਸੜਕ 'ਤੇ ਜਾਂਦਿਆਂ ਇਕ ਟਰੱਕ ਹੇਠਾਂ ਆ ਜਾਵਾਂ ਤੇ ਸਾਹ ਨਿਕਲਣ ਵਾਲਾ ਹੋਵੇ ਤਾਂ ਹੱਥ ਜੋੜ ਕੇ ਪੋਲੀਸ ਨੂੰ ਤੇ ਹੋਰਨਾਂ ਨੂੰ ਇਹ ਕਹਵਾਂ ਟਰੱਕ ਡਰਾਈਵਰ ਨੂੰ ਛੱਡ ਦਿਓ, ਇਹਦਾ ਕੋਈ ਕਸੂਰ ਨਹੀਂ, ਮੇਰੀ ਮੌਤ ਮੇਰੇ ਮਾਲਕ ਦੀ ਮਰਜ਼ੀ ਹੈ ।

(ਅ) ਜਿਸ ਦਿਨ ਘਰ ਜਾਵਾਂ ਅਤੇ ਭੁੱਖ ਨਾਲ ਬਿਹਬਲ ਹੋ ਕੇ ਰੋਟੀ ਖਾਣ ਲਈ ਉਤਾਵਲਾ ਹੋਵਾਂ ਤਾਂ ਪਤਾ ਲੱਗੇ ਕਿ ਜਵਾਨ ਬੱਚਾ ਮਰ ਚੁੱਕਾ ਹੈ ਤਾਂ ਤੇਰੇ ਚਰਨਾਂ 'ਤੇ ਸਿਰ ਧਰ ਕੇ ਅਤੇ ਤੇਰੀ ਬਾਣੀ ਜ਼ਬਾਨ ਤੇ ਹਿਰਦੇ ਵਿੱਚ ਵਸਾ ਕੇ ਇਹ ਕਹਿ ਦੇਵਾਂ "ਚਲੋ ਵਾਹ ਵਾਹ, ਰੋਟੀ ਤਾਂ ਦਿਉ ਫੇਰ **Cremation** (ਸਸਕਾਰ) ਦਾ ਬੰਦੋਬਸਤ ਕਰੀਏ॥"

(ੲ) ਜੇ ਕੋਈ ਨਿੰਦਕ ਜਾਂ ਮੇਰੇ ਅਉਗੁਣਾਂ ਦੇ ਬਦਲੇ ਮੈਨੂੰ ਸੜਕਾਂ 'ਤੇ ਮਾਰਨ ਲਈ ਗ਼ਲਤ ਫ਼ਹਿਮੀ ਵਿੱਚ ਜਾਂ ਜਾਣ ਬੁੱਝ ਕੇ ਮੇਰੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਤਿਆਰ ਹੋ ਜਾਏ ਤਾਂ ਮੈਂ ਉਸ ਨਾਲ ਨਫ਼ਰਤ ਕਦੇ ਨਾ ਕਰਾਂ । ਕਿਸੇ ਦੀ ਇੱਜ਼ਤ ਬਚਾਉਣ ਲਈ ਆਪਣੀ ਜਾਨ ਲਾ ਦੇਵਾਂ; ਪਰ ਆਪਣੀ ਇੱਜ਼ਤ ਹਮੇਸ਼ਾਂ ਲਈ ਤੇਰੇ ਭਾਣੇ ਵਿੱਚ ਗਵਾ ਦਿਆਂ ।

(ਸ) ਜੇ ਮੇਰਾ ਮਾਲਕ ਇਹ ਫ਼ੈਸਲਾ ਕਰ ਲਵੇ ਕਿ ਮੇਰੀਆਂ ਅੱਖਾਂ ਚਲੀਆਂ ਜਾਣ ਤੇ ਸਿਵਾਏ ਵਾਹ-ਵਾਹ ਕਰਨ ਦੇ ਕੁਝ ਨਾ ਬੋਲਾਂ! ਸੁਰਤ ਸ਼ਬਦ ਨਾਲ ਅਗਿਆਨ ਅੰਧੇਰਾ ਕੱਟ ਕੇ ਸਭ ਕੁਝ ਦੇਖ ਸਕਾਂ । ਲੋਕੀਂ ਤਰਸ ਕਰਨ, ਮੈਂ ਤੇਰੀ ਰਜ਼ਾ ਵਿੱਚ ਰਾਜ਼ੀ ਰਹਾਂ ।

(ਹ) ਕੈਂਸਰ ਨਾਲ ਮਰਨ ਕੰਢੇ ਪਹੁੰਚ ਜਾਵਾਂ ਪਰ ਇਹ ਨਾ ਆਖਾਂ "ਮੈਨੂੰ" ਵੱਲ ਕਰਦੇ, ਕਿਉਂਕਿ ਤੇਰੀ ਮਰਜ਼ੀ ਵਿੱਚ ਦਖ਼ਲ ਉਸੇ ਤਰ੍ਹਾਂ ਹੀ ਨਾ ਦੇਵਾਂ ਜਿਵੇਂ ਮੀਆਂ-ਮੀਰ ਨੂੰ ਤੂੰ ਕਿਹਾ ਸੀ ਕਿ ਕਰਤਾਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ । ਕੇਵਲ ਤੇਰੇ ਨਾਮ ਦੇ ਬਗੈਰ ਕੁਝ ਨਾ ਮੰਗਾਂ ।

## ਅਤੇ ਆਪਾ ਵਾਰਨ ਲਈ ਦਾਨ ਦੇ ਕੇ

(ੳ) ਉਸ ਚੰਬੇਲੀ ਦੇ ਫੁੱਲ ਵਰਗਾ ਬਣ ਜਾਵਾਂ (ਹੌਲਾ ਨਿਮਾਣਾ) ਤੇ ਅਤਿ ਨਿਮਾਣਾ) ਜਿਹੜਾ ਗੁਰੂ ਨਾਨਕ ਸਾਹਿਬ ਨੇ ਭਰੇ ਹੋਏ ਦੁੱਧ ਦੇ ਕਟੋਰੇ ਵਿੱਚ



ਪਾ ਕੇ ਮੁਲਤਾਨ ਦੇ ਇਕ ਪੀਰ ਨੂੰ ਸਿੱਖਿਆ ਦਿੱਤੀ ਸੀ ।

(ਅ) ਇਸ, ਤਰ੍ਹਾਂ ਮਿਟ ਜਾਵਾਂ ਕਿ ਮੈਨੂੰ ਕੋਈ ਨਾ ਜਾਣੇ; ਪਰ ਜਿੱਥੋਂ ਲੰਘ ਜਾਵਾਂ ਉਸੇ ਫੁੱਲ ਵਾਂਗ ਜਦੋਂ ਮੈਨੂੰ ਨਿੰਦਿਆ ਜਾਏ ਤਾਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੀ ਚਮਕ ਤੇ ਖ਼ੁਸ਼ਬੂ ਆਵੇ । (ਮੈਂ ਮਰ ਜਾਵਾਂ ਪਰ ਤੇਰੀ ਸ਼ਾਨ ਚਮਕ ਉੱਠੇ ।

(ੲ) ਜਦੋਂ ਤੇਰੀ ਰਹਿਮਤ ਨਾਲ ਤੈਨੂੰ ਯਾਦ ਕਰਾਂ ਤਾਂ ਨਿਮਰਤਾ ਨਾਲ "ਨਾਮ" ਇਸ ਤਰ੍ਹਾਂ ਜੱਪਾਂ ਕਿ **"ਅਬ ਤੂੰ ਹੀ ਮੈ ਨਾਹੀਂ"** 'ਤੇ ਪਹੁੰਚ ਜਾਵਾਂ ਕਦੇ ਯਾਦ ਨਾ ਕਰਾਂ ਤੇ ਨਾ ਪਛਤਾਵਾਂ ਕਿ ਮੈਂ ਇਹ ਕਰ ਲੈਂਦਾ, ਉਹ ਕਰ ਲੈਂਦਾ । "ਮੈਂ" ਦੇ ਟੁਕੜੇ ਕਰ ਕਰ ਕੇ "ਤੂੰ" ਦੇ ਧਾਗੇ ਨਾਲ ਸਦਾ ਲਈ ਸਿਊ ਦਿਆਂ ।

ਮੇਰੇ ਪ੍ਰੀਤਮ, ਕਿਤੇ ਨਰਾਜ਼ ਤਾਂ ਨਹੀਂ ਹੋ ਗਿਆ ਕਿ ਅਤਿ ਨੀਚ ਹੁੰਦਿਆਂ ਹੋਇਆਂ ਵੀ ਖਾਬਾਂ ਲੈਂਦਾ ਹਾਂ ਸੁਨਹਿਰੀ ਮਹੱਲਾਂ ਦੀਆਂ; ਲਾਲਚੀ ਕੁੱਤੇ ਵਰਗੀ ਹਾਲਤ ਹੋਵੇ ਚਿੱਟੀ ਚਾਦਰ 'ਤੇ ਬਹਿਣ ਦੇ ਯਤਨਾਂ ਵਿੱਚ, ਪਰ ਭਾਈ ਮਨੀ ਸਿੰਘ, ਭਾਈ ਭਿਖਾਰੀ, ਭਾਈ ਤਿਲਕੂ ਦੇ ਮੁਕਾਬਲੇ ਕਰਾਂ । ਮੋਹ, ਮਾਇਆ, ਝੂਠ, ਵਿਕਾਰ ਵਿੱਚ ਗਰਦਨ ਤਕ ਡੁੱਬਿਆ ਹੋਵਾਂ ਪਰ ਸੁਪਨੇ ਲਵਾਂ ਉਹਨਾਂ ਗੁਰਸਿੱਖਾਂ ਦੇ ਜਿਨ੍ਹਾਂ ਕਮਾਈਆਂ ਕੀਤੀਆਂ ਤੇ ਮੁੱਕ ਗਏ ।

## ਪਰ ਕੀ ਹੋਇਆ?

ਇਹ ਤਾਂ ਤੇਰੀ ਸ਼ਾਨ ਹੈ ਕਿ ਤੂੰ ਕੁੱਤੇ ਤੋਂ ਆਦਮੀ ਤੇ ਆਦਮੀ ਤੋਂ ਦੇਵਤਾ ਬਣਾ ਸਕਦਾ ਹੈਂ । ਸੌ ਚੰਨ ਤੇ ਹਜ਼ਾਰ ਸੂਰਜ ਤੋਂ ਵੱਧ ਰੋਸ਼ਨੀ ਦਿੰਦਾ ਹੈਂ, ਇਕ ਛੂਹ ਨਾਲ ਪਾਰਸ ਬਣਾ ਦਿੰਦਾ ਹੈਂ । ਅਉਗਣ ਨਹੀਂ ਚਿਤਾਰਦਾ, ਢੱਠੇ ਹੋਏ ਨੂੰ ਉਠਾਉਂਦਾ ਹੈਂ ਅਤੇ ਸੇਵਾ ਸਿਖਾ ਕੇ ਆਪਣੇ ਨਾਲ ਬੈਠਾਉਂਦਾ ਹੈਂ ਅਤੇ ਮੈਂ ਕੋਈ Impossible ਥੋੜ੍ਹੀ ਮੰਗਿਆ ਹੈ? ਦੇਵੇਂਗਾ ਨਾ?

# 'ਸੱਚ' ਦੀ ਦੇਹ-ਗੁਰੂ ਗ੍ਰੰਥ ਸਾਹਿਬ ਮਹਾਰਾਜ

## ਪਹਿਲੇ ਪ੍ਰਕਾਸ਼ ਦੀ ਯਾਦ ਵਿੱਚ

ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ, ਨਵੀਆਂ-ਨਵੀਆਂ ਰੀਝਾਂ ਉਪਜਾਉਂਦੇ ਹਨ। ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਨੇ ਗੁਰੂ ਨਾਨਕ ਜੀ ਦੇ ਇਲਾਹੀ ਰੰਗ ਵਿੱਚ ਵਾਹਿਗੁਰੂ ਦੀ 'ਰੂਪ-ਰਹਿਤ, ਰੰਗ-ਰਹਿਤ' ਹੋਂਦ ਨੂੰ ਪੂਰੀ ਤਰ੍ਹਾਂ ਦ੍ਰਿਸ਼ਟਮਾਨ ਕਰਨ ਲਈ ਗੁਰੂ ਨੂੰ ਵੀ 'ਰੂਪ-ਰੰਗ ਰਹਿਤ' ਕਰਕੇ ਤੇ ਦੇਹ ਨੂੰ ਖ਼ਤਮ ਕਰਕੇ 'ਸੱਚ' ਦੀ ਦੇਹ ਨੂੰ ਸਾਡਾ ਗੁਰੂ ਬਣਾਇਆ ਤੇ ਜਦੋਂ ਨਾਲ ਦ੍ਰਿੜ੍ਹ ਕਰਾਇਆ ਕਿ ਗੁਰੂ ਤੇ ਪ੍ਰਮੇਸ਼ਰ ਵਿੱਚ ਕੋਈ ਭੇਦ ਨਹੀਂ ਹੁੰਦਾ ਤਾਂ ਪਿਆਰਿਓ, ਚੰਗੀ ਤਰ੍ਹਾਂ ਨੋਟ ਕਰ ਲਓ, ਜਿਹੜਾ ਵੀ ਮੌਜ ਵਿੱਚ ਨਿਮਾਣਾ ਬਣ ਕੇ ਗੁਰ ਸ਼ਬਦ ਦੀ ਜੋਤ ਗੁਰੂ ਗ੍ਰੰਥ ਸਾਹਿਬ ਮਹਾਰਾਜ ਅੱਗੇ ਢਹਿ ਕੇ ਗਾਏਗਾ **'ਦਰਸਨੁ ਪੇਖਤ ਮੈ ਜੀਓ'॥ 'ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥'** ਉਸਦੇ ਅੰਦਰ **Certainly** ਤੇ **permanently** ਪ੍ਰਕਾਸ਼ ਹੋ ਜਾਏਗਾ, ਜੋਤ ਜਗ ਜਾਏਗੀ, ਵਾਹਿਗੁਰੂ ਦੇ ਦਰਸ਼ਨ ਹੋਣਗੇ। ਸਾਰੇ ਦੁੱਖ ਮਿਟ ਜਾਣਗੇ ਉਸੇ ਪਲ ਵਿੱਚ।

ਜੇ ਕਿਤੇ ਭੁਲੇਖਾ ਪੈ ਜਾਏ ਕਿ ਇਹ 'ਮੈਂ' ਕਹਿੰਦਾ ਹਾਂ ਅਤਿ ਨਿਮਰਤਾ ਨਾਲ ਸਭ ਦੇ ਚਰਨ ਪਕੜ ਕੇ ਕਹਿੰਦਾ ਹਾਂ, 'ਮੈਂ' ਤਾਂ ਕੁੱਤਾ ਹਾਂ ਮਾਲਕ ਦਾ, ਇਹ ਜੋ ਕੁਝ ਵੀ ਕਹਿੰਦਾ ਹਾਂ ਕੇਵਲ ਮਾਲਕ ਦੇ ਦਰ 'ਤੇ ਖ਼ੈਰ ਦੀ ਸ਼ਕਲ ਵਿੱਚ ਸੁੱਟੇ ਹੋਏ ਟੁਕੜੇ ਖਾ ਕੇ ਕਹਿੰਦਾ ਹਾਂ। ਨਾ ਤਾਂ ਮੈਨੂੰ ਪ੍ਰਕਾਸ਼ ਦੀ ਸਮਝ, ਨਾ ਗੁਰੂ ਦੀ, ਨਾ ਵਾਹਿਗੁਰੂ ਦੀ; ਪਰ ਮਾਲਕ ਨੇ ਮੇਰੇ ਕੋਲੋਂ ਜੋ ਅਖਵਾਇਆ ਹੈ ਆਖ ਦਿੱਤਾ ਹੈ। ਇਹ ਮਾਲਕ ਦੀ ਆਪਣੀ ਅਵਾਜ਼ ਹੈ ਜੋ ਕਠਪੁਤਲੀ ਵਿੱਚੋਂ ਬੋਲੀ ਹੈ।

ਆਪਣੀ ਗੁਰਸਿੱਖੀ ਮਾਰਗ 'ਤੇ ਚੱਲ ਰਹੀ ਸੱਚੀ ਭੈਣ ਲਈ ਗੁਰ ਚਰਨਾਂ ਦੇ ਰਿਸ਼ਤੇ ਨਾਲ ਇਹ ਲੇਖ ਭੇਟਾ ਹੈ :—

ਇਕ ਵਾਰ ਅਮਰੀਕਾ ਦੇ ਦੌਰੇ 'ਤੇ ਗਿਆ ਤੇ ਬੱਸ ਵਿੱਚ ਬੈਠਾ ਸਾਂ, ਇਕ ਸੂਟ-ਬੂਟ ਪਾਈ ਸਿੱਖ ਮਿਲ ਪਏ, ਕਿਉਂਕਿ ਪਹਿਲੇ ਪ੍ਰਕਾਸ਼ ਦੀ **ANNIVERSARY** ਮੇਰੇ ਮਨ ਵਿੱਚ ਘੁੰਮ ਰਹੀ ਸੀ ਤਾਂ ਮੈਂ ਝੱਟ ਉਨ੍ਹਾਂ ਨੂੰ ਫ਼ਤਹਿ ਕਹਿ ਕੇ ਉਨ੍ਹਾਂ ਦੇ ਨੇੜੇ ਜਾ ਬੈਠਾ। ਮੇਰੀ ਸੂਰਤ, ਦਾੜ੍ਹਾ ਖੁੱਲ੍ਹਾ, ਮੋਟਾ ਤਕੜਾ, ਚੰਗੀ ਭਾਰੀ ਕਿਰਪਾਨ ਦੇਖ ਕੇ ਮੇਰੇ ਨਾਲ ਉਨ੍ਹਾਂ ਬਹੁਤ ਹੀ ਪਿਆਰ ਕੀਤਾ। ਜਦੋਂ ਪ੍ਰਕਾਸ਼ ਦੀ ਗੱਲ ਛੇੜੀ ਤਾਂ ਉਨ੍ਹਾਂ ਕਿਹਾ ਆਪ ਕਿਰਪਾ ਕਰੋ



ਤਾਂ ਉੱਤਰ ਕੇ ਕਿਤੇ ਬਹਿ ਕੇ ਵਿਚਾਰ ਕਰਦੇ ਹਾਂ। ਮੈਂ ਵੀ ਵਿਹਲਾ ਸਾਂ ਮੰਨ ਗਿਆ, ਕਿਸੇ ਪਾਰਕ ਵਿੱਚ ਚਲੇ ਗਏ। ਜਾਂਦਿਆਂ ਸਾਰ ਬੈਂਚ 'ਤੇ ਬਹਿ ਗਏ। ਉਹ ਕਹਿਣ ਲੱਗੇ ਕਦੋਂ ਹੋਇਆ ਸੀ ਪ੍ਰਕਾਸ਼ ਤੇ ਕਿਸ ਪ੍ਰਕਾਸ਼ ਦੀ ਗੱਲ ਕਰਦੇ ਹੋ? ਮੈਨੂੰ ਬੜਾ ਅਫ਼ਸੋਸ ਲੱਗਾ ਕਿ ਇਹ ਪੱਛਮੀ ਵਿੱਦਿਆ ਵਿੱਚ ਰੁੜ੍ਹ ਰਹੇ ਮਾਦਾ-ਪ੍ਰਸਤੀ ਦੀ ਧੁਨ ਵਿੱਚ ਪੈਸੇ ਕਮਾਉਣ ਵਾਲੇ ਸਿੱਖ ਬਾਹਰਲੇ ਮੁਲਕਾਂ ਵਿੱਚ ਆ ਕੇ ਇਹ ਵੀ ਭੁੱਲ ਜਾਂਦੇ ਹਨ ਕਿ ਸਤੰਬਰ ਦੇ ਮਹੀਨੇ ਵਿੱਚ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੀ ਸਾਲਗ੍ਰਹਿ ਹੈ। ਮੈਂ ਆਪਣੀ ਦਾੜ੍ਹੀ 'ਤੇ ਹੱਥ ਫੇਰ ਕੇ ਆਖਿਆ—ਤੁਹਾਨੂੰ ਇਤਨਾ ਵੀ ਨਹੀਂ ਪਤਾ। ਉਨ੍ਹਾਂ ਨਾ ਗੁੱਸਾ ਕੀਤਾ ਨਾ ਹੈਰਾਨੀ ਜ਼ਾਹਰ ਕੀਤੀ। 'ਕੁਝ ਸਮਝਾਓ' ਕਹਿ ਕੇ ਚੁੱਪ ਕਰਕੇ ਸੁਣਦੇ ਰਹੇ। ਜਦੋਂ ਮੈਂ ਇਕ ਘੰਟੇ ਦਾ ਲੈਕਚਰ ਕਰ ਹਟਿਆ ਤਾਂ ਕਹਿਣ ਲੱਗੇ-ਮੇਰੇ ਮਤਿ ਹੀਣ, ਪਖੰਡੀ, ਨਾਲਾਇਕ, ਮੂਰਖ ਨੂੰ ਕੀ ਸਮਝ ਪ੍ਰਕਾਸ਼ ਦੀ। ਆਪ ਤਾਂ ਵਿਦਵਾਨ ਹੋ, ਗਿਆਨੀ ਹੋ, ਜੇ ਆਪ ਖ਼ਾਲੀ ਹੋ ਤਾਂ ਆਪ ਘਰ ਆਓ, ਕੁਝ ਹੋਰ ਕਿਰਪਾ ਕਰੋ। ਮੈਂ ਕਿਹਾ, ਹੁਣ ਤਾਂ ਮੈਂ ਦੇਖਣ ਯੋਗ ਥਾਵਾਂ 'ਤੇ ਜਾਣਾ ਹੈ, ਰਾਤ ਨੂੰ ਕਿਤੇ ਰੋਟੀ ਹੈ, ਸਵੇਰੇ ਕਿਤੇ ਰਿਸ਼ਤੇਦਾਰ ਨਾਲ ਜਾਣਾ ਹੈ, ਪਰ ਕੱਲ੍ਹ ਸ਼ਾਮ ਨੂੰ ਹਾਜ਼ਰ ਹੋ ਸਕਦਾ ਹਾਂ। ਉਨ੍ਹਾਂ ਕਿਹਾ ਫਿਰ ਰਹਿਰਾਸ ਸਾਹਿਬ ਦੇ ਪਾਠ ਵੇਲੇ ਆਉਣਾ। ਜਾਣ ਲੱਗਿਆਂ ਕਹਿ ਗਏ ਮੈਨੂੰ ਨਾ ਤਾਂ ਸਤਿਕਾਰ ਕਰਨਾ ਆਉਂਦਾ ਹੈ ਗੁਰੂ ਦਾ ਤੇ ਨਾ ਹੀ ਪ੍ਰਕਾਸ਼ ਦੀ ਸਮਝ ਆਉਂਦੀ ਹੈ। ਸ਼ਾਇਦ ਬੁੱਧੀ ਬਹੁਤ ਹੀ ਮਲੀਨ ਹੈ ਤੇ ਮਾਇਆ ਵਿੱਚ ਰਚਿਆ ਹੋਇਆ ਹਾਂ। ਮੈਂ ਕਿਹਾ ਬਾਕੀ ਵਿਚਾਰ ਕੱਲ੍ਹ ਕਰਾਂਗੇ। ਮਨ ਵਿੱਚ ਖ਼ਿਆਲ ਆਇਆ ਅੱਜ ਦੇ ਪ੍ਰਚਾਰ ਦਾ ਤਾਂ ਅਸਰ ਪਿਆ ਹੈ ਤੇ ਕੱਲ੍ਹ 'ਭੇਟਾ' ਤਕੜੀ ਮਿਲੇਗੀ। ਸੂਟਾਂ-ਬੂਟਾਂ ਵਾਲੇ ਅਮੀਰ ਸਿੱਖ ਜਾਣਦੇ ਕੁਝ ਨਹੀਂ ਪਰ ਪੈਸੇ ਨਾਲ ਗੁਰੂ ਦੀ ਮਿਹਰ ਖ਼ਰੀਦਣਾ ਚਾਹੁੰਦੇ ਹਨ—ਤੇ ਮੈਨੂੰ ਵੀ ਇਹ ਫ਼ਾਇਦੇਮੰਦ ਹੈ। ਇਸ ਵਿੱਚ ਮੇਰਾ ਨਫ਼ਾ—

ਰਹਿਰਾਸ ਸਾਹਿਬ ਦੇ ਵਕਤ ਦੂਜੇ ਦਿਨ ਹਾਜ਼ਰ ਹੋਇਆ। ਘਰ ਵਿੱਚ ਇਕ **Drawing-Dinning Room,** ਦੋ **Bedroom,** ਸਨ। ਇਕ **Bedroom** ਵਿੱਚ ਉਹ ਮੈਨੂੰ ਲੈ ਗਏ ਜਿੱਥੇ ਸਾਹਮਣੇ ਵੱਡਾ ਭਾਰਾ ਪਲੰਘ ਪਿਆ ਸੀ ਤੇ ਨਾਲ ਵੱਡੀ ਭਾਰੀ ਅਲਮਾਰੀ। ਇਸ ਅਲਮਾਰੀ ਦੇ ਪਰਲੇ ਪਾਸੇ ਗੁਰੂ ਮਹਾਰਾਜ ਦਾ ਪ੍ਰਕਾਸ਼ ਸੀ। ਪਲੰਘ ਦੀ ਸਿੱਧੇ ਪਾਸੇ ਦੀ ਦੀਵਾਰ 'ਤੇ ਬਹੁਤ ਮੋਟੇ ਅੱਖਰਾਂ ਵਿੱਚ ਲਿਖਿਆ ਸੀ—

**GOD IS TRUTH**

ਇਸ ਦੇ ਹੇਠਾਂ ਲਿਖਿਆ ਸੀ—

**LET HUNDREDS LIKE ME PERISH**
**BUT LET TRUTH PREVAIL**
**—GANDHI JI**

(ਮੇਰੇ ਵਰਗੇ ਸੈਂਕੜੇ ਲੋਕ ਭਾਵੇਂ ਖ਼ਤਮ ਹੋ ਜਾਣ ਪਰ ਸੱਚ ਸਦਾ ਕਾਇਮ ਰਹੇ।) ਉਸੇ ਦੀਵਾਰ 'ਤੇ ਸੱਜੇ ਪਾਸੇ ਲਿਖਿਆ ਸੀ

**OUR SINS ARE COUNTLESS**
**YOUR GRACE IS UNLIMITED**
**-KABIR**

(ਸਾਡੇ ਪਾਪ ਅਣਗਿਣਤ ਹਨ ਤੇਰੀ ਕਿਰਪਾ ਅਥਾਹ ਹੈ ।)

ਪਲੰਘ ਦੀ ਸੱਜੀ ਦੀਵਾਰ 'ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਵੱਈਏ **'ਦੇਹ ਸਿਵਾ ਬਰ ਮੋਹਿ ਇਹੈ'** ਦਾ ਅੰਗ੍ਰੇਜ਼ੀ ਅਨੁਵਾਦ ਸੀ । ਪਲੰਘ ਦੀ ਸਾਹਮਣੀ ਦੀਵਾਰ 'ਤੇ ਲਿਖਿਆ ਸੀ:

**ਸਤਿਗੁਰ ਕੈ ਹਉ ਸਦ ਬਲਿ ਜਾਇਆ ॥**
**ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥ (ਅੰ: ੧੧੪੨)**

ਵਾਹਿਗੁਰੂ, ਵਾਹਿਗੁਰੂ,

ਹਜ਼ੂਰ ਦੇ ਪ੍ਰਕਾਸ਼ ਵਾਲੇ ਥਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਚਾਰੇ ਸਾਹਿਬਜ਼ਾਦਿਆਂ ਤੇ ਦਸੇ ਪਾਤਿਸ਼ਾਹੀਆਂ ਦੀਆਂ ਤਸਵੀਰਾਂ ਸਨ। ਸੰਤ ਅਤਰ ਸਿੰਘ ਜੀ ਮਹਾਰਾਜ ਦੀ ਫ਼ੋਟੋ ਸੀ, ਨਾਲੇ ਮੱਕਾ ਮਦੀਨਾ ਤੇ ਹਜ਼ਰਤ ਈਸਾ ਦੀ ਇਕ ਤਸਵੀਰ ਸੀ । ਇਸ ਦੇ ਇਲਾਵਾ ਸਾਰੀ ਅਲਮਾਰੀ ਜੋ ਪੂਰੀ ਦੀਵਾਰ ਦਾ ਕੰਮ ਦੇਂਦੀ ਸੀ ਭਰੀ ਹੋਈ ਸੀ ਬਾਣੀ ਦੇ ਚਾਰਟਾਂ ਨਾਲ ਤੇ ਸ਼ਰਧਾ ਦੇ ਫੁੱਲਾਂ ਨਾਲ । ਰਹਿਰਾਸ ਸਾਹਿਬ ਦਾ ਪਾਠ ਕੀਤਾ, ਨਾਲੇ ਨੋਟ ਕੀਤਾ ਕਿ ਪ੍ਰਕਾਸ਼ ਲਈ ਕੋਈ ਤਖ਼ਤਪੋਸ਼ ਵੀ ਨਹੀਂ ਸੀ ।

ਜਦ ਉੱਠੇ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮਹਾਰਾਜ ਦਾ ਪ੍ਰਕਾਸ਼ ਤਾਂ ਹੈ ਪਰ ਨਿਰਾਦਰੀ ਕਰ ਰਹੇ ਹੋ । ਉਨ੍ਹਾਂ ਕਿਹਾ, ਹਾਂ ਹੀ ਭੁੱਲਣਹਾਰ, ਆਪ ਕੁਝ ਮਤਿ ਦਿਓ। ਮੈਂ ਕਿਹਾ ਤੁਸੀਂ ਪਲੰਘ 'ਤੇ ਸੌਂਦੇ ਹੋ, ਭਾਵੇਂ ਅਲਮਾਰੀ ਦਾ ਪਰਦਾ ਹੈ ਪਰ ਆਪ ਤਾਂ ਸਾਹਿਬਾਂ ਦੇ ਸਾਹਮਣੇ ਆਪਣੇ ਆਪ ਨੂੰ ਵੱਡਾ ਬਣਾਈ ਬੈਠੇ ਹੋ । ਉਨ੍ਹਾਂ ਮੇਰੇ ਚਰਨ ਪਕੜ ਲਏ, ਕਹਿਣ ਲੱਗੇ ਹੁਣ ਤਾਂ ਤੁਸੀਂ ਵੇਖ ਲਿਆ ਹੈ ਨਾ, ਕਿਤਨਾ ਅਕ੍ਰਿਤਘਣ ਹਾਂ, ਹੁਣ ਰੱਜ ਕੇ ਸਜ਼ਾ ਦਿਓ, ਜੁੱਤੀਆਂ ਮਾਰੋ । ਰੋਣ ਵੀ ਲੱਗ ਪਏ, ਸੁਟ ਵੀ ਰੁਲਣ ਲੱਗ ਪਿਆ, ਪਰ ਮੇਰੇ ਕਲੇਜੇ ਵਿੱਚ ਧੂਹ ਪੈਣ ਲੱਗ ਪਈ । ਮੈਂ ਤਾਂ ਇਹੋ ਜਿਹਾ ਨਜ਼ਾਰਾ ਕਦੇ ਨਹੀਂ ਸੀ ਤੱਕਿਆ । ਮੈਂ ਪਹਿਲਾਂ ਤਾਂ ਅਮੀਰ ਘਰ ਵਿੱਚ ਬੋਲਦਾ ਹੀ ਨਹੀਂ ਸੀ—ਤੇ ਜੇ ਬੋਲਾਂ ਤੇ



ਘਰ ਵਾਲੇ ਚੁੱਪ ਕਰਾ ਦਿੰਦੇ ਸਨ ਬਹੁਤ ਸਾਰੇ ਨੋਟ ਦੇ ਕੇ । ਮੈਂ ਜ਼ਬਰਦਸਤੀ ਉਨ੍ਹਾਂ ਨੂੰ ਆਪਣੇ ਪੈਰਾਂ ਤੋਂ ਉਠਾ ਕੇ **Drawing room** ਵਿੱਚ ਲੈ ਆਇਆ ਤੇ ਘਬਰਾ ਕੇ ਉਨ੍ਹਾਂ ਤੋਂ ਪਿਆਰ ਨਾਲ ਪੁੱਛਿਆ ਕਿ ਆਪ ਇੰਵ ਕਿਉਂ ਕਰਦੇ ਹੋ । ਉਨ੍ਹਾਂ ਦਾ ਉੱਤਰ ਇਕ ਉਨ੍ਹਾਂ ਦੀ ਜ਼ਬਾਨੀ ਲਿਖ ਦਿੰਦਾ ਹਾਂ ।

'ਕਈ ਵਾਰ ਲਾਹਨਤ ਪਾਈ ਹੈ ਆਪਣੇ ਆਪ ਨੂੰ ਤੇ ਕਈ ਵਾਰੀ ਭੁੰਜੇ ਸੌਣ ਦਾ ਪ੍ਰੋਗਰਾਮ ਬਣਾਇਆ ਹੈ, ਪਰ ਇੱਥੇ ਸਰਦੀ ਬਹੁਤ ਹੁੰਦੀ ਹੈ । ਵੱਡੀਆਂ mattresses (ਗੱਦੇ) ਜਿਹੜੀ ਥਾਂ ਬਚਦੀ ਹੈ ਉਸ ਵਿੱਚ ਨਹੀਂ ਡਾਹ ਸਕਦੇ । ਪਲੰਘ ਰੱਖਣ ਦੀ ਕਿਤੇ ਥਾਂ ਨਹੀਂ । ਨਾਲੇ ਅਲਮਾਰੀ ਦੀਵਾਰ ਵਾਂਗੂੰ ਹੈ, ਕੋਈ ਚਾਰਾ ਨਹੀਂ; ਇਸ ਲਈ ਸਾਹਿਬਾਂ ਅੱਗੇ ਹੱਥ ਜੋੜ ਕੇ ਸ੍ਰੀ ਬੰਗਲਾ ਸਾਹਿਬ ਦੀ ਚਰਨਧੂੜ ਕਈ-ਕਈ ਵਾਰ ਮਸਤਕ 'ਤੇ ਲਾ ਕੇ ਮਨ ਨੂੰ ਗੁਰੂ ਦੇ ਚਰਨਾਂ ਵਿੱਚ ਸੁਵਾ ਦਿੰਦਾ ਹਾਂ ਤੇ ਦੇਹ ਨੂੰ ਪਲੰਘ 'ਤੇ । ਹੁਣ ਬੇਸ਼ੱਕ ਜੁੱਤੀਆਂ ਮਾਰੋ ਪਰ ਮੇਰਾ ਸਹੀ ਹਾਲ ਇਹੋ ਜੇ । ਪ੍ਰਕਾਸ਼ **Anniversary** ਦੇ ਨੇੜੇ ਘੜੀ-ਘੜੀ ਇਹ ਪ੍ਰਸ਼ਨ ਉੱਠਿਆ ਹੈ ਤੇ ਘੜੀ-ਘੜੀ ਇਹੋ ਉੱਤਰ ਮਿਲਿਆ।'

ਇਹ ਗੱਲਾਂ ਸੁਣ ਕੇ ਮੈਨੂੰ ਇਹ ਤਾਂ ਭੁੱਲ ਗਿਆ ਕਿ ਉਨ੍ਹਾਂ ਦੀ ਖ਼ਬਰ ਲਵਾਂ; ਪਰ ਇਹ ਪੁੱਛਿਆ ਕਿ ਆਪ ਪ੍ਰਕਾਸ਼ ਵਾਲੇ ਦਿਨ ਦਾ ਕੁਝ ਸੋਚਿਆ ਹੈ । ਉਨ੍ਹਾਂ ਕਿਹਾ—

'ਮੇਰੇ ਗੁਰੂ ਦਾ ਪ੍ਰਕਾਸ਼ ਸਭਨਾਂ ਥਾਵਾਂ, ਹਰ ਪਲ, ਹਰ ਘੜੀ ਹੈ, ਹੈ ਸੀ ਤੇ ਰਹੇਗਾ; ਪਰ ਇਕ ਮੈਂ ਐਸਾ ਅਕ੍ਰਿਤਘਣ ਹਾਂ ਕਿ ਮੇਰੇ ਮਨ ਵਿੱਚ ਪ੍ਰਕਾਸ਼ ਨਹੀਂ । ਆਪ ਨੇ ਅਰਦਾਸ ਤਾਂ ਸੁਣੀ ਹੈ—'ਵਾਹਿਗੁਰੂ ਜੀ ਮੇਰੇ ਮਨ ਵਿੱਚ ਪ੍ਰਕਾਸ਼ ਕਰੋ'। ਅਸੀਂ ਪ੍ਰਕਾਸ਼ ਨੂੰ ਗੁਰੂ ਸਾਹਿਬ ਦੇ ਪੰਨੇ ਖੋਲ੍ਹ ਕੇ ਉੱਤੇ ਰੁਮਾਲਾ ਦੇ ਕੇ ਕਹਿੰਦੇ ਹਾਂ, ਪ੍ਰਕਾਸ਼ ਕਰ ਦਿੱਤਾ ਹੈ । ਮੇਰੇ ਲਈ ਕੇਵਲ ਇਹ ਪ੍ਰਕਾਸ਼ ਨਹੀਂ, ਇਹ ਤਾਂ ਰਿਵਾਜ ਹੈ । ਗੁਰੂ ਸਾਹਿਬ ਸੁਖ-ਆਸਣ ਹੋਣ ਜਾਂ ਪ੍ਰਕਾਸ਼ ਘਰ ਹੋਣ, ਜਾਂ ਨਾ ਹੋਣ; ਹਰ ਘੜੀ ਹਰ ਪਲ ਗੁਰੂ ਦੀ ਬਾਣੀ ਮਨ ਵਿੱਚ ਵੱਸ ਕੇ ਜੋ ਆਪ ਨਹੀਂ ਬੋਲਦੀ ਕਿ ਮੈਂ ਹੀ ਜੋਤ ਹਾਂ ਦਸਾਂ ਪਾਤਿਸ਼ਾਹੀਆਂ ਦੀ, ਮੈਂ ਹੀ ਹਾਂ ਵਾਹਿਗੁਰੂ ਦੀ ਹੋਂਦ ਦਾ ਸਬੂਤ, ਮੈਂ ਹੀ ਤਾਂ ਤੈਨੂੰ ਠੰਢ ਪਾਉਣ ਵਾਲੀ, ਹੁਣ ਤੂੰ ਕਦੇ ਵੀ ਕੁਝ ਵੀ ਐਸਾ ਕੰਮ ਨਹੀਂ ਕਰ ਸਕਦਾ ਜੋ ਮੇਰੇ ਹੁਕਮ ਵਿਰੁੱਧ ਹੈ, ਹੁਣ ਤੂੰ ਕਦੇ ਨਹੀਂ ਕਹਿ ਸਕਦਾ ਕਿ ਤੇਰੇ ਮੇਰੇ ਵਿੱਚ ਵਖੇਵਾਂ ਹੈ, ਕਦੇ ਨਹੀਂ ਕਹਿ ਸਕਦਾ ਕਿ ਤੂੰ ਹਜ਼ੂਰੀ ਵਿੱਚ ਨਹੀਂ । ਇਹ 'ਪ੍ਰਕਾਸ਼' ਹੈ । ਮੇਰੇ ਲਈ ਬਾਹਰਲੇ ਸਤਿਕਾਰ ਤਾਂ ਹੀ ਮਤਲਬ ਰੱਖਦੇ ਹਨ ਜੇ ਅੰਦਰੋਂ ਗੁਰੂ ਨੂੰ ਮਨ ਵੇਚ ਦਿੱਤਾ ਗਿਆ ਹੈ, ਗੁਰੂ ਨਾਨਕ ਦੇ ਨਾਂ 'ਤੇ

ਅਸੀਂ ਗ਼ਰੀਬ ਦੁਆਰੇ ਢਹਿ ਪਏ ਹਾਂ।'

ਹੁਣ ਮੇਰੇ ਅੰਦਰ ਕੰਬਣੀ ਛਿੜ ਪਈ ਸੀ । ਇਸ ਸੂਟ ਬੂਟ ਵਾਲੇ ਪੱਛਮੀ ਵਿੱਦਿਆ ਦੇ ਸ਼ਿਕਾਰ ਸਿੱਖ ਨੂੰ ਮੈਂ ਮੂਰਖ ਜਾਣ ਰਿਹਾ ਸੀ ਪਰ ਉਨ੍ਹਾਂ ਝੱਟ ਹੀ ਮੈਨੂੰ ਸ਼ਾਂਤ ਕਰ ਦਿੱਤਾ । ਕਹਿਣ ਲੱਗੇ ਮੇਰੇ ਅੰਦਰ ਵੀ ਪ੍ਰਕਾਸ਼ ਨਹੀਂ ਤੇ ਮੈਨੂੰ ਝੂਠੇ ਦੀ ਲੋੜ ਵੀ ਨਹੀਂ, ਮਾਇਆ ਦੇ ਪਸਾਰੇ ਹੇਠ ੧੦੧ ਰੁਪਏ ਦਾ ਅਖੰਡ ਪਾਠ, ੨੭੪ ਰੁਪਏ ਦਾ ਅਖੰਡ ਪਾਠ, ੨੫ ਰੁਪਏ ਦਾ ਸਿਰੋਪਾ, ਕੜਾਹ-ਪ੍ਰਸ਼ਾਦ ਦਾ ਸਿਰੋਪਾ ਆਦਿ । ਮੇਰਾ ਗੁਰੂ ਤਾਂ ਕੇਵਲ ਸ਼ਬਦ ਹੈ । ਉਹੋ ਇਕੋ ਗੱਲ ਕਹਿੰਦਾ ਹੈ—ਨਾਮ ਜੱਪੋ ਸੁਖੀ ਹੋਵੋਗੇ, ਨਹੀਂ ਤਾਂ ਦੁਖੀ ਹੋਵੋਗੇ—ਬਾਕੀ ਸਭ ਕੁਝ ਝੂਠ ਦਾ ਪਸਾਰਾ ਹੈ । ਬਾਬਾ ਜੀ ਦੇ ਕਮਰੇ ਵਿੱਚ **AIR-CONDITIONER** (ਵਾਯੂ-ਅਨੁਕੂਲਿਤ) ਲਗਵਾਉਣਾ ਪਰ ਬਲੈਕ ਕਮਾਈ ਕਰਨੀ, ਵੱਡੇ-ਵੱਡੇ ਗੁਰਦੁਆਰੇ ਬਣਾਉਣੇ ਪਰ ਮਨ ਵਿੱਚ ਸ਼ਰਧਾ ਨਾ ਹੋਣੀ, ਪੂਜਾ ਦਾ ਧਨ ਖਾਣ ਲਈ **Elections** (ਚੋਣਾਂ) ਲੜਨੀਆਂ ਪਰ ਸੇਵਾ ਵਿੱਚ ਆਕੜ ਹੋਣੀ, ਇਹ ਵੱਡਾ ਪ੍ਰਕਾਸ਼ ਨਹੀਂ । ਪ੍ਰਕਾਸ਼ ਕਰਨ ਦਾ ਢੰਗ ਸਿੱਖਣਾ ਹੈ ਤਾਂ ਉਹ ਹੈ ਰਵਿਦਾਸ ਚਮਾਰ ਕੋਲ, ਕਬੀਰ ਜੁਲਾਹੇ ਕੋਲ, ਫ਼ਰੀਦ ਸ਼ੇਖ਼ ਕੋਲ ਜਾਂ ਨਾਮਦੇਵ ਛੀਂਬੇ ਕੋਲ । ਕਹਿਣ ਲੱਗੇ ਕਿ ਗੁਰੂ ਗ੍ਰੰਥ ਸਾਹਿਬ ਨਾਲ ਜੇ ਕਿਸੇ ਨੂੰ ਪਿਆਰ ਆ ਗਿਆ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਰਿਵਾਜਾਂ ਨੂੰ ਛੱਡ ਕੇ ਮਨ ਦੀ ਸੁੱਚਤਾ ਧਾਰਨ ਕਰਨੀ ਪਵੇਗੀ । ਫਿਰ ਜੇ ਸੁੱਚਤਾ ਤੇ ਸੱਚਾਈ ਦਾ ਧਾਰਨੀ ਹੋ ਗਿਆ ਹੈ, ਤਾਂ ਉਹ ਸੱਚੇ ਸਿੱਖ ਵਰਗਾ ਹੈ; ਭਾਵੇਂ ਈਸਾਈ ਹੈ, ਭਾਵੇਂ ਮੁਸਲਮਾਨ ਹੈ, ਭਾਵੇਂ ਹਿੰਦੂ! ਸੁਖਮਨੀ ਸਾਹਿਬ, ਵੈਸ਼ਨੋ ਬ੍ਰਾਹਮਣ ਪੰਡਤ ਦੇ ਲੱਛਣ ਦੱਸਦੇ ਹਨ । ਜੇ ਉਨ੍ਹਾਂ 'ਤੇ ਕੋਈ ਪੂਰਾ ਉੱਤਰੇ ਤਾਂ ਉਹ ਮੇਰਾ ਸਕਾ ਵੀਰ ਹੈ 'ਸਿੱਖ' ਭਾਵੇਂ ਕਿਸੇ ਧਰਮ ਦਾ ਵੀ ਹੋਵੇ ।

ਮੈਨੂੰ 'ਭੇਟਾ' ਭੁੱਲ ਚੁੱਕੀ ਸੀ । ਮੈਂ ਇੱਥੋਂ ਨੱਸਣਾ ਚਾਹੁੰਦਾ ਸੀ । ਹੋਰ 'ਸੱਚ' ਸੁਣਨ ਨਹੀਂ ਸੀ ਹੁੰਦਾ ਤੇ ਕਹਿਣ ਜੋਗੀ ਹਿੰਮਤ ਹੀ ਟੁੱਟ ਗਈ ਸੀ । ਮਨ ਵਿੱਚ ਮੈਲ ਦਿੱਸਦੀ ਸੀ, ਕੁਝ ਬੋਲਣ ਨਹੀਂ ਸੀ ਦਿੰਦੀ । ਜਿਵੇਂ ਤਾੜ ਗਏ ਹੋਣ, ਕਹਿਣ ਲੱਗੇ—ਭਾਈ ਸਾਹਿਬ ਜੀ, ਮੁਸੀਬਤ ਇਹ ਕਿ ਲੋਕੀਂ ਸਮਝਦੇ ਹਨ ਕਿ ਗੁਰੂ ਵੀ ਵੱਸ ਆ ਜਾਏ, ਦੁਨੀਆਂ ਵੀ ਵੱਸ ਆ ਜਾਵੇ, ਬੇਈਮਾਨੀ ਵੀ ਕਰੀਏ, ਈਮਾਨ ਦਾ ਪਰਦਾ ਵੀ ਬਣਿਆ ਰਹੇ । ਉਨ੍ਹਾਂ ਕਿਹਾ ਆਪਣੇ ਘਰ ਵਿੱਚ ਵੀ ਪ੍ਰਕਾਸ਼ ਵਾਲਾ ਬੰਦਾ ਦੁਰਕਾਰਿਆ ਜਾਂਦਾ ਹੈ, ਕਿਉਂਕਿ—

੧. ਉਹ ਸੁੱਤੇ ਹੀ ਘਰ ਵਾਲਿਆਂ ਨੂੰ ਵੀ ਬਾਣੀ ਦੀ ਕਸੌਟੀ 'ਤੇ ਤੋਲਦਾ



ਹੈ ਤੇ ਉਨ੍ਹਾਂ ਨਾਲ ਉਸ ਤਰ੍ਹਾਂ ਵਰਤਦਾ ਹੈ, ਪਰ ਘਰ ਵਾਲੇ ਵੱਖਰੇ 'ਆਪਣੇ' ਹੋਣ ਕਰਕੇ ਝੂਠਾ ਵਤੀਰਾ ਮੰਗਦੇ ਹਨ ।

੨. ਘਰ ਵਾਲਿਆਂ ਦਾ ਕੋਈ ਕਸੂਰ ਨਹੀਂ ਤੇ ਨਾ ਪ੍ਰਕਾਸ਼ ਵਾਲੇ ਦਾ, ਕਿਉਂਕਿ ਉਹ ਪ੍ਰਕਾਸ਼ ਦੇ ਬਾਅਦ ਸਾਰੀ ਦੁਨੀਆਂ ਨੂੰ ਆਪਣਾ ਸਮਝਦਾ ਹੈ ।

੩. ਜਦ ਬਾਣੀ ਸੁਣ ਕੇ ਕਹਿੰਦਾ ਹੈ ਕਿ ਬਾਣੀ ਦੀ ਉਲੰਘਣਾ ਦੁੱਖ ਲਿਆਏਗੀ ਤਾਂ ਘਰ ਵਾਲੇ ਕਹਿੰਦੇ ਹਨ, ਤਾਹਨੇ ਮਾਰਦਾ ਹੈਂ ਬਦਸੀਸਾਂ ਦੇਂਦਾ ਹੈਂ ।

੪. ਜਦ ਗੁਰੂ ਦੀ ਸ਼ਰਨ ਵਿੱਚ ਆਈਏ ਤਾਂ ਕਸੌਟੀ ਗੁਰੂ ਦੀ ਹੁੰਦੀ ਹੈ ਪਰ ਘਰ ਵਾਲੇ ਕਸੌਟੀ ਦੁਨੀਆਂ ਦੀ 'ਤੇ ਮਜਬੂਰ ਕਰਦੇ ਹਨ ਤੇ ਆਪਣੇ ਆਪ ਔਖੇ ਹੁੰਦੇ ਹਨ । ਫੇਰ ਕਹਿੰਦੇ ਹਨ ਇਹ ਪ੍ਰਕਾਸ਼ ਕੀ ਹੋਇਆ ਜਿਹੜਾ ਘਰ ਵਿੱਚ ਕਲਪਣਾ ਪਾਏ ।

੫. ਪ੍ਰਕਾਸ਼ ਵਾਲੇ ਨੂੰ ਹਰ ਇਕ ਨਾਲ ਪਿਆਰ, ਨਫ਼ਰਤ ਦਾ ਬੂਟਾ ਪੁੱਟ ਕੇ ਦੂਰ ਕਰਨਾ ਪਵੇਗਾ; ਪਰ ਘਰ ਵਾਲੇ ਰੁੱਝੇ ਧਨ ਧੰਦਿਆਂ ਵਿੱਚ । ਉਹ ਪਿਆਰ ਨੂੰ ਵੀ ਨਫ਼ਰਤ ਸਮਝਦੇ ਹਨ ।

ਇਸ ਲਈ ਗੁਰੂ ਦੀ ਕਿਰਪਾ ਹੋ ਜਾਣ 'ਤੇ ਵੀ ਲੋਕੀਂ ਇਹ ਜ਼ਰੂਰੀ ਸਮਝਦੇ ਹਨ ਕਿ ਘਰ ਵਾਲਿਆਂ, ਮੁਹੱਲੇ ਵਾਲਿਆਂ, ਰਿਸ਼ਤੇਦਾਰਾਂ ਤੇ ਹੋਰ ਸੰਬੰਧੀਆਂ ਦੀ ਰਾਏ ਪਹਿਲਾਂ ਰੱਖੀ ਜਾਏ । ਸੋ ਇਕ ਪਾਸੇ ਗੁਰੂ ਨਾਲ ਬਾਹਰਲਾ ਦਿਖਾਵਾ ਕਾਇਮ ਰੱਖਦੇ ਹਨ ਤੇ ਦੂਜੇ ਪਾਸੇ ਦੁਨੀਆਂ ਵਿੱਚ ਪੂਰੇ ਉੱਤਰਦੇ ਹਨ ।

**RESULT** ਨਤੀਜਾ ਦੋਨੋਂ ਪਾਸੇ ਗਵਾ ਬਹਿੰਦੇ ਹਨ ਕਿਉਂਕਿ ਸਾਹਿਬ ਸਾਫ਼ ਆਖਦੇ ਹਨ: **ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ॥.....ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥ ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥**

ਉਹ ਤਾਂ ਚੁੱਪ ਕਰ ਗਏ ਪਰ ਮੈਂ ਰੋਂਦਾ-ਰੋਂਦਾ ਉੱਥੋਂ ਨੱਸ ਆਇਆ, ਸਾਧਸੰਗਤ ਨੂੰ ਅਰਜ਼ ਕਰਨ ਮੈਨੂੰ ਬਖ਼ਸ਼ ਲਓ, ਬਖ਼ਸ਼ਵਾ ਲਓ ਤੇ ਗੁਰੂ ਦੇ ਸੱਚੇ ਪ੍ਰਕਾਸ਼ ਦਾ ਆਸਰਾ ਦਿਓ। ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖਾਂ ਦਾ ਨਹੀਂ, ਸਗੋਂ ਸਭ ਦਾ ਸਾਂਝਾ ਹੈ । ਕਿਉਂਕਿ 'ਸੱਚ' ਹਮੇਸ਼ਾਂ ਸਾਡਾ ਹੈ ।